


ਭਾਈ ਅਰਜਨ ਸਿੰਘ 'ਚੰਦ' ਦੀ

ਇਤਿਹਾਸਕ ਡਾਇਰੀ

ਸੰਪਾਦਕ:
ਡਾਕਟਰ ਪੂਰਨ ਸਿੰਘ

With Best
Compliments -
The Brar
Family.

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਕੈਨੇਡਾ ਦੇ ਸਿੱਖ :

ਭਾਈ ਅਰਜਨ ਸਿੰਘ 'ਚੰਦ' ਦੀ ਇਤਿਹਾਸਕ ਡਾਇਰੀ

(1908 - 1947)

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਕੈਨੇਡਾ ਦੇ ਸਿੱਖ :

ਭਾਈ ਅਰਜਨ ਸਿੰਘ 'ਚੰਦ' ਦੀ ਇਤਿਹਾਸਕ ਡਾਇਰੀ

(1908 - 1947)

ਸੰਪਾਦਕ

ਡਾਕਟਰ ਪੂਰਨ ਸਿੰਘ

(ਵੈਨਕੂਵਰ)

2008

KHALSA DIWAN SOCIETY VANCOUVER ATE CANADA DE SIKH :

BHAI ARJAN SINGH 'CHAND' DI ITIHASIK DIARY

(1908 - 1947)

Edited by

Dr. PURAN SINGH (VANCOUVER)
334 EAST 48th AVE
VANCOUVER, B.C. V5W 2E3 CANADA
Ph. 604-325-3784
E-mail : drpsgill@telus.net

© ਪ੍ਰਕਾਸ਼ਕ

ਪਹਿਲੀ ਵਾਰ ਦਸੰਬਰ 2008

ਪ੍ਰਕਾਸ਼ਕ :

ਅਮਰਜੀਤ ਸਿੰਘ ਬਰਾੜ
1035, STAYTE ROAD,
WHITE ROCK, B.C. V4B 4Y8
Tele : 604-535-6281
E-mail : p-brar@hotmail.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਗੁਰਮੁਖ ਹਸਤੀ ਤੇ ਦੇਸ਼-ਭਗਤ (ਗ਼ਦਰੀ)

ਭਾਈ ਕਰਤਾਰ ਸਿੰਘ ਜੀ 'ਚੰਦ ਨਵਾਂ' (ਜ਼ਿਲ੍ਹਾ ਮੋਗਾ)

(ਤੀਜੇ ਸਾਜ਼ਿਸ਼ ਕੇਸ 'ਚ ਉਮਰ ਕੈਦ ਹੋਈ)

ਤੇ

ਗੁਰਮੁਖ ਤੇ ਪਰਉਪਕਾਰੀ ਹਸਤੀ

ਭਾਈ ਅਰਜਨ ਸਿੰਘ ਜੀ ਮਲਕ

ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ (ਜੋ 1904 ਵਿਚ ਕੈਨੇਡਾ ਆਏ)

ਜਿਨ੍ਹਾਂ ਦੀ ਯੋਗ ਅਗਵਾਈ ਤੇ ਜੱਥੇਦਾਰੀ ਸਦਕਾ

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ (1906) ਸਥਾਪਿਤ ਹੋਈ ਅਤੇ

ਗੁਰਦੁਆਰਾ ਸਾਹਿਬ ਵੈਨਕੂਵਰ ਬਣਾਉਣ ਦਾ ਫ਼ੈਸਲਾ ਹੋਇਆ।

ਆਪ ਜੀ ਗੁਰਦੁਆਰਾ ਸਾਹਿਬ ਦੀ ਇਮਾਰਤ ਸੰਪੂਰਨ ਹੋਣ ਤੋਂ

ਪਹਿਲਾਂ 1907 'ਚ ਚੜ੍ਹਾਈ ਕਰ ਗਏ।

ਨਾਰਥ ਅਮਰੀਕਾ 'ਚ ਸ੍ਰੀ ਗੁਰੂ ਗ੍ਰੰਥ.ਸਾਹਿਬ ਜੀ ਦਾ ਪਹਿਲਾ ਸਰੂਪ

ਭਾਈ ਅਰਜਨ ਸਿੰਘ ਜੀ ਹੀ ਲੈ ਕੇ ਆਏ ਸਨ।

ਭਾਈ ਅਰਜਨ ਸਿੰਘ 'ਚੰਦ' ਦੀ ਲਿਖਤ ਬਾਰੇ

ਭਾਵੇਂ ਪੰਜਾਬੀ ਤੇ ਸਿੱਖ ਬਹੁ-ਗਿਣਤੀ ਵਿਚ ਵਿਦੇਸ਼ਾਂ ਅੰਦਰ ਵਸ ਗਏ, ਪਰ ਜ਼ਿਆਦਾਤਰ ਲੋਕਾਂ ਅੰਦਰ ਆਪਣੇ ਸਭਿਆਚਾਰ, ਬੋਲੀ ਜਾਂ ਇਤਿਹਾਸ ਪ੍ਰਤਿ ਘੱਟ ਹੀ ਦਿਲਚਸਪੀ ਹੁੰਦੀ ਹੈ। ਪੰਜਾਬੀਆਂ ਅੰਦਰ ਆਪਣੀ ਆਰਥਿਕ ਤਰੱਕੀ ਲਈ ਦੌੜਾਂ ਲੱਗੀਆਂ ਹੋਈਆਂ ਹਨ, ਜਿਸ ਦਾ ਪ੍ਰਭਾਵ ਬੱਚਿਆਂ ਉੱਤੇ ਵੀ ਪੈਣਾ ਸੀ। ਉਨ੍ਹਾਂ ਅੰਦਰ ਛੇਤੀ ਤੋਂ ਛੇਤੀ ਪੈਸਾ ਕਮਾਉਣ ਦੀ ਲਾਲਸਾ ਨੇ, ਉਨ੍ਹਾਂ ਨੂੰ ਨਸ਼ਿਆਂ ਦੇ ਨਜਾਇਜ਼ ਧੰਦੇ ਵੱਲ ਧੱਕ ਦਿੱਤਾ। ਉਪਰੋਕਤ ਸੋਚ ਦੇ ਹਾਵੀ ਹੋਣ ਕਾਰਨ ਪੰਜਾਬੀ ਭਾਈਚਾਰੇ ਦੇ ਇਕੱਲੇ ਬੀ.ਸੀ. ਪ੍ਰਾਂਤ ਵਿਚ ਸੌ ਤੋਂ ਵੱਧ ਨੌਜਵਾਨ ਆਪਸੀ ਖਿੱਚੋਤਾਣ ਵਿਚ ਗੋਲੀਆਂ ਨਾਲ ਮਰੇ।

ਕੈਨੇਡਾ ਦੇ ਸਿੱਖਾਂ ਦਾ ਇਤਿਹਾਸ ਬਹੁਤ ਦੁਖਾਂਤ ਭਰਪੂਰ ਹੈ। ਸਾਡੇ ਬਜ਼ੁਰਗਾਂ ਨੂੰ ਕੈਨੇਡਾ ਵਿਚ ਵੱਸਣ ਲਈ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਬਜ਼ੁਰਗ ਪਰਵਾਸੀਆਂ ਦੀ ਦ੍ਰਿੜ੍ਹਤਾ, ਕੁਰਬਾਨੀ ਤੇ ਸੂਝ-ਬੂਝ ਤੇ ਦੂਰ ਅੰਦੇਸ਼ੀ ਸਦਕਾ ਅੱਜ ਸਾਨੂੰ ਸਾਰੇ ਥਾਂਵਾਂ 'ਤੇ ਪੰਜਾਬੀ ਤੇ ਸਿੱਖ ਲੋਕ ਖ਼ੁਸ਼ਹਾਲ ਨਜ਼ਰ ਆਉਂਦੇ ਹਨ। ਇਕੱਲੇ ਕੈਨੇਡਾ ਵਿਚ ਹੀ ਸੌ ਤੋਂ ਉਪਰ ਗੁਰ-ਅਸਥਾਨ ਹਨ, ਜਿਥੇ ਕੇਸਰੀ ਨਿਸ਼ਾਨ ਸਾਹਿਬ ਝੂਲਦੇ ਹਨ। ਖ਼ਾਲਸਾ ਸਕੂਲ ਤੇ ਖ਼ਾਲਸਾ ਬੈਂਕਾਂ ਹਨ। ਪਰ ਜਿਵੇਂ ਸ਼ੁਰੂ ਵਿਚ ਉਲੇਖ ਕੀਤਾ ਸੀ ਕਿ ਸਾਡੇ ਪੰਜਾਬੀ ਲੋਕਾਂ ਵਿਚ ਆਪਣੇ ਇਤਿਹਾਸ ਬਾਰੇ ਬਹੁਤ ਘੱਟ ਜਾਣਕਾਰੀ ਹੈ। ਕੈਨੇਡਾ ਦੀ ਧਰਤੀ 'ਤੇ ਸਿੱਖਾਂ ਨੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਘੋਲ ਕੀਤਾ। ਉਸ ਧਰਤੀ ਤੋਂ ਭਾਰਤ ਦੀ ਆਜ਼ਾਦੀ ਲਈ ਲਹਿਰ ਚਲਾਈ। ਇਹ ਵੀ ਬਹੁਤ ਗੌਰਵ ਦੀ ਗੱਲ ਹੈ ਕਿ ਭਾਰਤ ਦੀ ਆਜ਼ਾਦੀ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਤਕਰੀਬਨ ਅੱਧੇ ਸ਼ਹੀਦ ਨਾਰਥ ਅਮਰੀਕਾ ਦੇ ਪਰਵਾਸੀ ਸਨ। ਵੈਨਕੂਵਰ ਬੀ.ਸੀ. ਦੀ ਖ਼ਾਲਸਾ ਦੀਵਾਨ ਸੁਸਾਇਟੀ ਨਾਲ ਸੰਬੰਧਿਤ 14 ਸਿੱਖ ਸ਼ਹੀਦ ਹੋਏ।

ਹੁਣ ਇਹ ਵੀ ਮਹਾਨ ਦੁਖਾਂਤ ਹੈ ਕਿ ਕੈਨੇਡਾ ਦੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਭਾਰਤ ਸਰਕਾਰ ਨੇ ਕੋਈ ਪਰਵਾਹ ਨਹੀਂ ਕੀਤੀ। ਦੂਜੇ ਪਾਸੇ ਅਸੀਂ ਖ਼ੁਦ ਵੀ ਆਪਣੇ ਕੈਨੇਡਾ ਦੇ ਸੁਨਹਿਰੀ ਇਤਿਹਾਸ ਨੂੰ ਸਾਂਭਣ ਦਾ ਕਦੀ ਜਤਨ ਨਹੀਂ ਕੀਤਾ। ਫਿਰ ਵੀ ਪਰਮਾਤਮਾ ਦੀ ਮਿਹਰ ਸਦਕਾ ਕਈ ਹਸਤੀਆਂ ਅੰਦਰ ਆਪਣੇ ਕੌਮ ਤੇ ਭਾਈਚਾਰੇ ਨਾਲ ਅਥਾਹ ਪਿਆਰ ਤੇ ਕੌਮ ਨਾਲ ਸੰਬੰਧਿਤ ਘਟਨਾਵਾਂ ਨੂੰ ਕਲਮਬੰਧ ਕਰਨ ਦੇ ਗੁਣ ਹੁੰਦੇ ਹਨ। ਉਨ੍ਹਾਂ ਮਹਾਨ ਹਸਤੀਆਂ ਵਿੱਚੋਂ ਇਕ ਮਹਾਨ ਹਸਤੀ ਭਾਈ ਅਰਜਨ ਸਿੰਘ 'ਚੰਦ' ਹੋਏ ਹਨ, ਜਿਨ੍ਹਾਂ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਉਪਰੰਤ ਬੀ.ਸੀ. ਦੇ ਸਿੱਖਾਂ ਨਾਲ ਸੰਬੰਧਿਤ ਸਮੂਹ ਘਟਨਾਵਾਂ ਨੂੰ ਕਲਮਬੰਧ ਕੀਤਾ ਹੈ। ਚਾਹੀਦਾ ਤਾਂ ਇਹ ਸੀ ਕਿ ਸਮੂਹ ਸਿੱਖ ਸੰਸਥਾਵਾਂ ਇਨ੍ਹਾਂ ਦੀ ਹਸਤੀ ਨੂੰ ਉਜਾਗਰ ਕਰਦੀਆਂ, ਪਰ ਕਿਸੇ ਨੇ ਅਜਿਹੀ

ਸੋਚ ਨੂੰ ਸਾਕਾਰ ਨਾ ਕੀਤਾ। ਇਸ ਦੇ ਉਲਟ ਅਨੇਕਾਂ ਚੁਸਤ ਲੋਕਾਂ ਨੇ ਇਨ੍ਹਾਂ ਦੀ ਸਾਂਭੀ ਇਤਿਹਾਸਕ ਸਾਮੱਗਰੀ ਨੂੰ ਧੱਕੇ ਨਾਲ ਅੱਠ ਜਾਂ ਦਸ ਸਾਲ ਘਰ ਲਿਆ ਕੇ ਰੱਖੀ ਰੱਖਿਆ। ਗੁਰਦੁਆਰਾ ਸੁਸਾਇਟੀ ਵਿਚ ਬਹੁਤ ਘੱਟ ਅਜਿਹੇ ਵਿਅਕਤੀ ਹੋਏ ਹਨ, ਜਿਨ੍ਹਾਂ ਨੂੰ ਆਪਣੇ ਗੌਰਵਮਈ ਇਤਿਹਾਸ ਲਿਖਾਉਣ ਜਾਂ ਸਾਂਭਣ ਦਾ ਚਾਉ ਹੋਵੇ। ਸੰਖੇਪ ਵਿਚ ਆਖ ਸਕਦੇ ਹਾਂ, ਭਾਵੇਂ ਅਰਦਾਸ ਵਿਚ ਨਿੱਤ ਜਾਚਨਾ ਕਰਦੇ ਹਾਂ : "ਜਿਨ੍ਹਾਂ ਗੁਰਦੁਆਰਿਆਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਤਿਨ੍ਹਾਂ ਦੀ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।" ਵਾਹਿਗੁਰੂ ਅਜੇ ਸਾਡੇ 'ਤੇ ਤਰੁੱਠਿਆ ਨਹੀਂ। ਇਸ ਕਰਕੇ ਗੁਰੂ ਘਰਾਂ ਦਾ ਪ੍ਰਬੰਧ ਕੁਰਬਾਨੀ ਵਾਲੇ ਜਾਂ ਉੱਚ ਜੀਵਨੀਏ ਗੁਰਸਿੱਖਾਂ ਪਾਸ ਨਹੀਂ ਹੈ।

ਕੁਝ ਕੁ ਲਿਖਾਰੀਆਂ ਨੇ ਕੈਨੇਡਾ ਦੇ ਸਿੱਖਾਂ ਦਾ ਇਤਿਹਾਸ ਲਿਖਿਆ ਜਾਂ ਲਿਖਣ ਦਾ ਜਤਨ ਕਰ ਰਹੇ ਹਨ, ਸਭਨਾਂ ਭਾਈ ਅਰਜਨ ਸਿੰਘ 'ਚੰਦ' ਜੀ ਦੀ ਲਿਖੀ ਇਤਿਹਾਸਕ ਡਾਇਰੀ ਤੇ ਹੋਰ ਹੱਥ-ਲਿਖਤ ਦਸਤਾਵੇਜ਼ਾਂ ਨੂੰ ਹੀ ਆਧਾਰ ਬਣਾਇਆ। ਆਖ਼ਰ ਭਾਈ ਅਰਜਨ ਸਿੰਘ ਜੀ ਦੇ ਇਕਲੌਤੇ ਸਪੁੱਤ੍ਰ ਭਾਈ ਅਮਰਜੀਤ ਸਿੰਘ ਬਰਾੜ ਨੇ ਦਾਸ (ਪੂਰਨ ਸਿੰਘ) ਨਾਲ ਆਪਣੇ ਪਿਤਾ ਜੀ ਵੱਲੋਂ ਲਿਖੀ ਉਪਰੰਤ ਸਾਂਭੀ ਇਤਿਹਾਸਕ ਸਾਮੱਗਰੀ ਬਾਰੇ ਗੱਲਬਾਤ ਕੀਤੀ। ਮੈਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸਾਰੀ ਉਪਲਬਧ ਸਾਮੱਗਰੀ ਨੂੰ ਦੇਖਿਆ ਜਾਵੇਗਾ। ਉਨ੍ਹਾਂ ਦੇ ਘਰ ਜਾ ਕੇ ਸਾਰੀਆਂ ਲਿਖਤਾਂ ਨੂੰ ਦੇਖਿਆ ਅਤੇ ਘੋਖ ਕੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਘਾਲਣਾ ਨੂੰ ਜੱਗ ਜ਼ਾਹਿਰ ਕਰਨਾ ਸਾਡਾ ਫ਼ਰਜ਼ ਹੈ। ਮੈਂ ਪਰਿਵਾਰ ਨੂੰ ਸੁਝਾਅ ਦਿੱਤਾ ਕਿ ਭਾਈ ਅਰਜਨ ਸਿੰਘ 'ਚੰਦ' ਵੱਲੋਂ ਲਿਖੀ ਇਤਿਹਾਸਕ ਡਾਇਰੀ (1908-1947) ਨੂੰ ਹੂ-ਬ-ਹੂ ਛਪਵਾ ਦਿੱਤਾ ਜਾਵੇ ਤਾਂ ਜੋ ਕੈਨੇਡਾ ਦੇ ਸਿੱਖਾਂ ਨਾਲ ਸੰਬੰਧਿਤ ਇਤਿਹਾਸਕ ਲਿਖਤਾਂ ਨੂੰ ਖੋਜਾਰਥੀਆਂ ਲਈ ਨਵੇਂ ਸਰੋਤ ਉਪਲਬਧ ਹੋ ਸਕਣ। ਪਰਿਵਾਰ ਨੇ ਮੇਰੇ ਵੱਲੋਂ ਦਿੱਤੇ ਸੁਝਾਅ ਨੂੰ ਬੇਝਿਜਕ ਪ੍ਰਵਾਨ ਕੀਤਾ।

ਕੈਨੇਡਾ ਵਿਚ ਮੇਰੇ ਖ਼ਿਆਲ ਅਨੁਸਾਰ ਭਾਈ ਅਰਜਨ ਸਿੰਘ 'ਚੰਦ' ਹੀ ਇਕੱਲੇ ਵਿਅਕਤੀ ਹੋਏ ਹਨ, ਜਿਨ੍ਹਾਂ ਨੇ ਬਹੁਤ ਹੀ ਦੂਰ-ਅੰਦੇਸ਼ੀ ਨਾਲ 1908 ਤੋਂ 1947 ਤਕ ਸਿੱਖਾਂ ਦੀ ਇਤਿਹਾਸਕ ਡਾਇਰੀ ਲਿਖੀ, ਉਪਰੰਤ ਅਨੇਕਾਂ ਅਖ਼ਬਾਰਾਂ ਦੀਆਂ ਖ਼ਬਰਾਂ ਨੂੰ ਕੱਟ ਕੱਟ ਕੇ ਵਿਸ਼ੇਸ਼ ਰਜਿਸਟਰਾਂ ਵਿਚ ਤਰਤੀਬ ਨਾਲ ਸਾਂਭਿਆ ਹੋਇਆ ਹੈ। ਕਈ ਵਾਰ ਭੁਲੇਖਾ ਪੈ ਜਾਂਦਾ ਹੈ ਕਿ ਉਹ ਕੀਮਤੀ ਕਾਗ਼ਜ਼ਾਂ ਦੀ ਸਾਂਭ ਇਸ ਤਰ੍ਹਾਂ ਕਰਦੇ ਸਨ, ਜਿਵੇਂ ਕਿਸੇ ਸਪੈਸ਼ਲ ਕੁਲੈਕਸ਼ਨਜ਼ ਦੇ ਲਾਇਬ੍ਰੇਰੀਅਨ ਹੋਣ। ਜੇਕਰ ਭਾਈ ਅਰਜਨ ਸਿੰਘ ਜੀ ਅੰਦਰ ਅਜਿਹੀ ਲਿਖਤਾਂ ਲਿਖਣ ਜਾਂ ਸਾਂਭਣ ਦੀ ਰੁਚੀ ਨਾ ਹੁੰਦੀ ਤਾਂ ਕੈਨੇਡਾ ਦੇ ਸਿੱਖਾਂ ਅਤੇ ਖ਼ਾਲਸਾ ਦੀਵਾਨ ਸੁਸਾਇਟੀ ਨਾਲ ਸੰਬੰਧਿਤ ਕੋਈ ਵੀ ਇਤਿਹਾਸਕ ਸਾਮੱਗਰੀ ਉਪਲਬਧ ਨਹੀਂ ਹੋਣੀ ਸੀ। ਖ਼ਾਲਸਾ ਦੀਵਾਨ ਦੇ ਕੁਝ ਪ੍ਰਬੰਧਕਾਂ ਨੇ ਖ਼ਾਲਸਾ ਦੀਵਾਨ ਨਾਲ ਸੰਬੰਧਿਤ ਸਾਰੀ ਸਾਮੱਗਰੀ ਤੇ ਮਿਨਟ ਬੁੱਕਸ ਨੂੰ ਸਾਂਭਣਾ ਕੋਈ ਜ਼ਰੂਰੀ ਨਹੀਂ ਸਮਝਿਆ। ਹਾਂ, ਜੇਕਰ ਮੰਨ ਵੀ ਲਈਏ ਕਿ ਕਿਸੇ ਪੁਰਾਣੇ ਖ਼ਾਲਸਾ ਦੀਵਾਨ ਦੇ ਮੈਂਬਰ, ਸਕੱਤਰ ਜਾਂ ਪ੍ਰਧਾਨ ਪਾਸ ਖ਼ਾਲਸਾ ਦੀਵਾਨ ਦੇ ਦਸਤਾਵੇਜ਼ ਜਾਂ ਮਿਨਟ ਬੁੱਕ ਹੈ, ਤਾਂ ਉਸ ਕੌਮੀ ਸਰਮਾਇਆ ਜਾਂ ਇਤਿਹਾਸਕ ਸਾਮੱਗਰੀ ਨੂੰ ਲੁਕੋ ਕੇ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ। ਸਗੋਂ ਉਸ ਨੂੰ ਅਜਿਹੀ ਸੁਸਾਇਟੀ ਜਾਂ ਕੌਮੀ ਵਸਤੂ ਨੂੰ ਵਾਪਸ ਸੁਸਾਇਟੀ ਨੂੰ ਦੇਣੀ ਚਾਹੀਦੀ ਹੈ ਤੇ ਅੱਗੋਂ ਸੁਸਾਇਟੀ ਉਸ ਹੱਥ-ਲਿਖਤ ਨੂੰ ਕਿਸੇ ਯੂਨੀਵਰਸਿਟੀ ਦੀ

ਸਪੈਸ਼ਲ ਕੁਲੈਕਸ਼ਨ ਲਾਇਬ੍ਰੇਰੀ ਨੂੰ ਦੇਵੇ, ਜਿਥੇ ਪੁਰਾਤਨ ਲਿਖਤਾਂ ਦੀ ਮਾਈਕਰੋ ਫ਼ਿਲਮ ਬਣਾ ਕੇ ਖੋਜੀਆਂ ਲਈ ਖੋਜ ਦਾ ਸਰੋਤ ਬਣੇ। ਸਾਡੇ ਲਈ ਤਾਂ ਇਹ ਪ੍ਰਸ਼ਨ ਚਿੰਨ੍ਹ ਹੀ ਰਹੇਗਾ, ਜਦ ਕਿ ਕਿਸੇ ਨੂੰ ਵੀ ਨਹੀਂ ਪਤਾ ਕਿ ਸੁਸਾਇਟੀ ਦੇ ਪੁਰਾਤਨ ਮਿਨਟ ਬੁੱਕਸ ਕਿਸ ਪਾਸ ਹਨ ? ਸਾਡੀ ਕੌਮ ਵਿਚ ਉਹ ਲੋਕ ਵੀ ਸਨ, ਜਿਨ੍ਹਾਂ ਨੇ ਸਰੀਰਕ ਅਹੂਤੀਆਂ ਦੇ ਦਿੱਤੀਆਂ ਤੇ ਆਪਣੇ ਪਰਿਵਾਰ ਵੀ ਕੁਰਬਾਨ ਕਰ ਦਿੱਤੇ। ਦੂਜੇ ਪਾਸੇ ਉਹ ਲੋਕ ਵੀ ਹਨ, ਜਿਨ੍ਹਾਂ ਨੇ ਕੌਮ ਲਈ ਕੋਈ ਕੁਰਬਾਨੀ ਤਾਂ ਕੀ ਕਰਨੀ ਸੀ, ਸਗੋਂ ਕੌਮੀ ਲਿਖਤਾਂ ਨੂੰ ਵੀ ਚੋਰੀ ਕਰ ਲਿਆ।

ਮੈਂ ਸਮੂਹ ਬਰਾੜ ਪਰਿਵਾਰ (ਭਾਈ ਅਮਰਜੀਤ ਸਿੰਘ ਬਰਾੜ, ਉਨ੍ਹਾਂ ਦੀ ਧਰਮ-ਪਤਨੀ ਸ੍ਰਦਾਰਨੀ ਪ੍ਰਕਾਸ਼ ਕੌਰ ਬਰਾੜ), ਜੋ ਪਹਿਲਾਂ ਵੈਨਕੂਵਰ ਸ਼ਹਿਰ ਦੇ ਵਾਸੀ ਸਨ, ਹੁਣ ਵਾਈਟ ਰੌਕ ਰਹਿੰਦੇ ਹਨ, ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਪਿਤਾ (ਭਾਈ ਅਰਜਨ ਸਿੰਘ 'ਚੰਦ'[1]) ਜੀ ਦੀ ਹੱਥ-ਲਿਖਤ ਡਾਇਰੀ ਨੂੰ ਛਾਪਣ ਅਤੇ ਉਸ ਦੀ ਸੰਪਾਦਨਾ ਕਰਨ ਲਈ ਦਾਸ ਨੂੰ ਸੇਵਾ ਬਖ਼ਸ਼ੀ। ਇਸ ਇਤਿਹਾਸਕ ਲਿਖਤ ਦੀ ਛਪਾਈ ਦਾ ਖ਼ਰਚ ਵੀ ਬਰਾੜ ਪਰਿਵਾਰ ਵੱਲੋਂ ਕੀਤਾ ਗਿਆ ਹੈ।

ਭਾਵੇਂ ਭਾਈ ਅਰਜਨ ਸਿੰਘ 'ਚੰਦ' 53 ਸਾਲ ਦੀ ਉਮਰ ਭੋਗ ਕੇ ਕਾਲ ਵਸ ਹੋ ਗਏ, ਫਿਰ ਵੀ ਉਨ੍ਹਾਂ ਵੱਲੋਂ ਕੈਨੇਡਾ ਦੇ ਸਿੱਖਾਂ ਨਾਲ ਸੰਬੰਧਿਤ ਇਤਿਹਾਸਕ ਸਾਮੱਗਰੀ ਨੂੰ ਸਾਂਭਣਾ ਜਾਂ ਇਤਿਹਾਸਕ ਘਟਨਾਵਾਂ ਨੂੰ ਲਿਖਣਾ ਇਕ ਮਹਾਨ ਸੇਵਾ ਹੈ। ਮੇਰਾ ਖ਼ਿਆਲ ਹੈ, ਪਰਿਵਾਰ ਵੱਲੋਂ ਆਪਣੇ ਬਜ਼ੁਰਗਾਂ ਦੇ ਸ਼ੁਭ ਕਰਮਨਾਂ ਨੂੰ ਪ੍ਰਗਟ ਕਰਨਾ ਅਤੇ ਕੌਮੀ ਇਤਿਹਾਸ ਨੂੰ ਕੌਮ ਦੀ ਝੋਲੀ ਪਾਉਣਾ, ਜਿਥੇ ਇਕ ਮਹਾਨ ਸ਼ਰਧਾਂਜਲੀ ਹੈ, ਉਥੇ ਇਕ ਵਡਮੁੱਲੀ ਦੇਣ ਵੀ ਹੈ।

ਦਾਸਰਾ—

ਡਾਕਟਰ ਪੂਰਨ ਸਿੰਘ

ਵੈਨਕੂਵਰ

ਨੋਟ : ਇਸ ਇਤਿਹਾਸਕ ਡਾਇਰੀ ਵਿਚ ਸ਼ਬਦ-ਜੋੜਾਂ ਨੂੰ ਮੂਲ ਰੂਪ ਵਿਚ ਹੀ ਰੱਖਿਆ ਗਿਆ ਹੈ।

---

1. 'ਚੰਦ' ਇਹ ਮੋਗੇ ਜ਼ਿਲ੍ਹੇ ਦਾ ਇਕ ਪਿੰਡ ਦਾ ਨਾਂ ਹੈ। ਇਸੇ ਨਾਂ ਦੇ ਦੋ ਪਿੰਡ ਹਨ : ਇਕ ਚੰਦ ਵੱਡਾ ਤੇ ਦੂਸਰਾ ਚੰਦ ਨਵਾਂ। ਇਸ ਪਿੰਡ ਦੇ ਵਾਸੀ ਭਾਈ ਕਰਤਾਰ ਸਿੰਘ ਹੋਏ ਹਨ, ਜਿਨ੍ਹਾਂ ਨੇ ਗ਼ਦਰ ਲਹਿਰ ਵਿਚ ਹਿੱਸਾ ਲਿਆ।

ਭਾਈ ਅਰਜਨ ਸਿੰਘ 'ਚੰਦ' : ਸੰਖੇਪ ਜੀਵਨੀ

(30 ਅਗਸਤ, 1909 — 30 ਅਗਸਤ, 1962)

ਇਹ ਪ੍ਰਚਲਿਤ ਮੁਹਾਵਰਾ ਹੀ ਬਣ ਗਿਆ ਹੈ ਕਿ ਸਿੱਖ ਕੌਮ ਨੇ ਆਪਣਾ ਗੌਰਵਮਈ ਇਤਿਹਾਸ ਸਿਰਜਿਆ, ਪਰ ਇਤਿਹਾਸ ਨੂੰ ਨਾ ਹੀ ਲਿਖਿਆ ਅਤੇ ਨਾ ਹੀ ਕਦੀ ਆਪਣੇ ਸੁਨਹਿਰੀ ਇਤਿਹਾਸ ਪ੍ਰਤਿ ਗੌਰਵ ਕੀਤਾ। ਕੈਨੇਡਾ ਦੇ ਮੁੱਢਲੇ ਪਰਵਾਸੀਆਂ ਅੰਦਰ ਬਹੁਤ ਹੀ ਘੱਟ ਪੜ੍ਹੇ-ਲਿਖੇ ਸੱਜਣ ਸਨ ਜਾਂ ਜੇਕਰ ਉਨ੍ਹਾਂ ਨੂੰ ਪੰਜਾਬੀ ਬੋਲੀ ਲਿਖਣ ਪੜ੍ਹਨ ਦਾ ਗਿਆਨ ਸੀ, ਤਾਂ ਉਨ੍ਹਾਂ ਅੰਦਰ ਇਤਿਹਾਸ ਘਟਨਾਵਾਂ ਜਾਂ ਇਤਿਹਾਸਕ ਡਾਇਰੀ ਲਿਖਣ ਦਾ ਸ਼ੌਕ ਨਹੀਂ ਸੀ। ਇਸ ਸੱਚਾਈ ਤੋਂ ਹਰ ਕੋਈ ਜਾਣੂ ਹੈ ਕਿ ਕੈਨੇਡਾ ਸਰਕਾਰ (ਬਰਤਾਨਵੀ ਬਸਤੀ) ਵੱਲੋਂ ਸਮੂਹ ਏਸ਼ੀਅਨ ਲੋਕਾਂ ਨਾਲ ਨਸਲੀ ਵਿਤਕਰਾ ਕੀਤਾ ਗਿਆ। ਭਾਰਤੀ ਲੋਕਾਂ ਨਾਲ ਜਾਪਾਨੀ ਤੇ ਚੀਨੇ ਲੋਕਾਂ ਨਾਲੋਂ ਵੀ ਵੱਧ ਦੁਰ-ਵਿਵਹਾਰ ਹੁੰਦਾ ਸੀ। ਭਾਰਤੀ ਲੋਕਾਂ ਦਾ ਕੈਨੇਡਾ ਅੰਦਰ ਦਾਖ਼ਲਾ ਰੋਕਣ ਲਈ ਵਿਸ਼ੇਸ਼ ਕਾਨੂੰਨ ਘੜੇ ਗਏ। ਹਾਲਾਂਕਿ ਭਾਰਤੀ ਲੋਕ ਵੀ ਬਰਤਾਨਵੀ ਪਰਜਾ ਸੀ, ਪਰ ਸਰਕਾਰ ਵੱਲੋਂ ਕਦੀ ਰਹਿਮ ਨਹੀਂ ਕੀਤਾ ਗਿਆ, ਸਗੋਂ ਸਖ਼ਤ ਤੋਂ ਸਖ਼ਤ ਕਾਨੂੰਨ ਬਣਾ ਕੇ ਤੰਗ ਕੀਤਾ ਜਾਂਦਾ ਸੀ।

ਸਿੱਖਾਂ ਨੇ ਕੈਨੇਡਾ ਸਰਕਾਰ ਦੀਆਂ ਨੀਤੀਆਂ ਵਿਰੁੱਧ ਸੰਘਰਸ਼ ਕੀਤੇ। ਦੇਸ਼ ਪਿਆਰ ਅੰਦਰ ਆਜ਼ਾਦੀ ਲਈ ਕੁਰਬਾਨੀਆਂ ਦਿੰਦੇ ਰਹੇ, ਪਰ ਸਿੱਖਾਂ ਵੱਲੋਂ ਮਨੁੱਖੀ ਅਧਿਕਾਰਾਂ ਲਈ ਕੀਤੇ ਸੰਘਰਸ਼ ਨੂੰ ਕਲਮਬੰਧ ਕਰਨ ਵਾਲੇ ਜ਼ਿਆਦਾ ਨਹੀਂ ਸਨ। ਬਹੁਤ ਲਿਖਾਰੀਆਂ ਨੂੰ ਅੰਗਰੇਜ਼ੀ ਅਖ਼ਬਾਰਾਂ 'ਤੇ ਨਿਰਭਰ ਕਰਨਾ ਪਿਆ ਜਾਂ ਕੁਝ ਗ਼ਦਰੀ ਬਾਬਿਆਂ ਦੇ ਬਿਆਨਾਂ ਤੋਂ ਸੰਤੁਸ਼ਟ ਹੋਏ। ਅਸੀਂ ਇਸ ਨੂੰ ਵੀ ਦੁਖਾਂਤ ਹੀ ਕਹਾਂਗੇ, ਜਦੋਂ ਕੌਮੀ ਪਰਵਾਨਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਲਿਖਣ ਵੱਲੋਂ ਅਣਗਹਿਲੀ ਹੋਈ। ਫਿਰ ਵੀ ਸਾਨੂੰ ਇਹ ਜਾਣ ਕੇ ਖ਼ੁਸ਼ੀ ਹੁੰਦੀ ਹੈ ਕਿ ਪਹਿਲੇ ਪਰਵਾਸੀਆਂ ਵਿੱਚੋਂ ਇਕ ਸ਼ਖ਼ਸੀਅਤ ਭਾਈ ਅਰਜਨ ਸਿੰਘ 'ਚੰਦ' ਹੋਏ ਹਨ, ਜਿਨ੍ਹਾਂ ਨੇ ਕੈਨੇਡਾ ਦੇ ਸਿੱਖਾਂ ਦੀ ਇਤਿਹਾਸਕ ਡਾਇਰੀ ਲਿਖੀ ਹੈ।

ਭਾਈ ਅਰਜਨ ਸਿੰਘ ਜੀ ਦਾ ਜਨਮ 30 ਅਗਸਤ, 1909 ਈ: ਨੂੰ ਮਾਤਾ ਰਾਮ ਕੌਰ ਜੀ ਦੀ ਕੁੱਖ ਤੋਂ ਪਿੰਡ ਨਵਾਂ ਚੰਦ ਵਿਖੇ ਹੋਇਆ। ਇਹ ਪਿੰਡ ਪਹਿਲਾਂ ਜ਼ਿਲ੍ਹਾ ਫ਼ਰੀਦਕੋਟ ਦੀ ਹਦਬੰਦੀ ਵਿਚ ਸੀ, ਹੁਣ ਜ਼ਿਲ੍ਹਾ ਮੋਗਾ ਵਿਚ ਆਉਂਦਾ ਹੈ। ਭਾਈ ਅਰਜਨ ਸਿੰਘ ਜੀ ਦੇ ਪਿਤਾ ਦਾ ਨਾਂਵ ਸ: ਸੰਤਾ ਸਿੰਘ ਜੀ ਸੀ। ਆਪ ਮਾਲਵੇ ਦੀਆਂ ਪ੍ਰਸਿੱਧ ਗੋਤਾਂ ਵਿੱਚੋਂ 'ਬਰਾੜ' ਜੱਟ ਖ਼ਾਨਦਾਨ ਨਾਲ ਸੰਬੰਧ ਰੱਖਦੇ ਸਨ। ਕਈ ਵਾਰ ਪਰਿਵਾਰ ਗੋਤ ਦਾ ਗੌਰਵ ਪ੍ਰਗਟਾਉਣ ਲਈ ਸਿੱਧੂ-ਬਰਾੜ ਦੇ ਸਾਂਝੇ ਪਰਿਵਾਰ ਦਾ ਨਾਂਵ ਪ੍ਰਯੋਗ ਕਰਦੇ ਹਨ।

ਭਾਈ ਅਰਜਨ ਸਿੰਘ ਜੀ ਆਪਣੇ ਨਾਂਵ ਨਾਲ ਆਪਣੇ ਪਿੰਡ ਦਾ ਨਾਂਵ 'ਚੰਦ' ਹੀ ਲਿਖਦੇ ਸਨ। ਪਹਿਲੇ ਪਰਵਾਸੀ ਲੋਕਾਂ ਅੰਦਰ ਗੋਤਰ ਨਾਂਵ ਲਿਖਣ ਦਾ ਰਿਵਾਜ

ਨਹੀਂ ਸੀ। ਉਦਾਹਰਣ ਦੇ ਤੌਰ 'ਤੇ ਈਸ਼ਰ ਸਿੰਘ ਢੁੱਡੀਕੇ, ਕਰਤਾਰ ਸਿੰਘ ਸਰਾਭਾ, ਬਲਵੰਤ ਸਿੰਘ ਖ਼ੁਰਦਪੁਰ, ਜਗਤ ਸਿੰਘ ਸੁਰਸਿੰਘ ਆਦਿ ਗ਼ਦਰੀ ਲੋਕਾਂ ਦੇ ਨਾਵਾਂ ਨਾਲ ਉਨ੍ਹਾਂ ਦੇ ਪਿੰਡਾਂ ਦਾ ਨਾਂਵ ਹੀ ਜੁੜਿਆ ਹੁੰਦਾ ਸੀ। ਹੁਣ ਨੇਤਾ ਲੋਕ ਹੀ ਆਪਣੇ ਨਾਵਾਂ ਨਾਲ ਆਪਣੇ ਪਿੰਡਾਂ ਦਾ ਨਾਂਵ ਪ੍ਰਯੋਗ ਕਰਦੇ ਹਨ। ਆਪ ਜੀ ਨੇ ਆਪਣੀ ਪੜ੍ਹਾਈ ਅੱਧਵਾਟੇ ਛੱਡ ਕੇ ਆਪਣੇ ਪਿਤਾ ਸ: ਸੰਤਾ ਸਿੰਘ ਜੀ ਪਾਸ 17 ਸਾਲ ਦੀ ਉਮਰ ਵਿਚ ਹੀ ਕੈਨੇਡਾ ਜਾਣ ਦੀ ਇੱਛਾ ਧਾਰੀ ਤੇ 15 ਨਵੰਬਰ, 1926 ਈ: ਨੂੰ ਕੈਨੇਡਾ ਪਹੁੰਚ ਗਏ। ਸ: ਸੰਤਾ ਸਿੰਘ ਜੀ ਵੀ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀਆਂ ਮਹਾਨ ਹਸਤੀਆਂ ਵਿੱਚੋਂ ਇਕ ਹਸਤੀ ਸਨ ਤੇ ਧਾਰਮਿਕ ਖ਼ਿਆਲਾਂ ਦੇ ਧਾਰਨੀ ਸਨ। ਉਹ ਖ਼ਾਲਸਾ ਦੀਵਾਨ ਦੇ ਮੈਂਬਰ ਤੇ ਦੋ ਵਾਰੀ ਖ਼ਜ਼ਾਨਚੀ ਵੀ ਰਹੇ।

ਭਾਵੇਂ ਭਾਈ ਅਰਜਨ ਸਿੰਘ ਚੰਦ ਕਿਸ਼ੋਰ ਅਵਸਥਾ ਵਿਚ ਹੀ ਸਨ, ਪਰ ਉਨ੍ਹਾਂ ਦੀ ਸੂਝ-ਬੂਝ ਤੇ ਪੜ੍ਹਨ-ਲਿਖਣ ਦੀ ਆਦਤ ਤੋਂ ਹਰ ਕੋਈ ਪ੍ਰਭਾਵਿਤ ਸੀ। ਸਭ ਤੋਂ ਪਹਿਲਾਂ ਭਾਈ ਅਰਜਨ ਸਿੰਘ ਜੀ ਕੈਨੇਡਾ 'ਚ ਕੈਨੇਡੀਅਨ ਕਾਂਗਰਸ ਦੇ ਐਕਟਿਵ ਮੈਂਬਰ ਬਣੇ। ਉਸ ਪਿੱਛੋਂ 24 ਸਾਲ ਦੀ ਉਮਰ ਵਿਚ ਖ਼ਾਲਸਾ ਦੀਵਾਨ ਸੁਸਾਇਟੀ ਦੇ ਵਾਈਸ ਸਕੱਤਰ ਬਣੇ। ਸਾਲ 1936 ਵਿਚ ਜਨਰਲ ਸਕੱਤਰ ਬਣੇ ਅਤੇ 27 ਨਵੰਬਰ, 1937 ਨੂੰ ਵਾਪਸ ਦੇਸ਼ ਪਰਤ ਗਏ।

ਜਨਵਰੀ 24, 1940 ਨੂੰ ਭਾਈ ਅਰਜਨ ਸਿੰਘ ਜੀ ਦਾ ਅਨੰਦ ਕਾਰਜ ਮਾਲਵੇ ਦੇ ਪ੍ਰਸਿੱਧ ਖ਼ਾਨਦਾਨ ਸ: ਬਚਨ ਸਿੰਘ ਜ਼ੈਲਦਾਰ, ਪਿੰਡ ਬਧਨੀ ਕਲਾਂ ਦੀ ਸਪੁੱਤ੍ਰੀ ਬੀਬੀ ਚੰਦ ਕੌਰ ਨਾਲ ਹੋਇਆ। ਕੁਝ ਸਮਾਂ ਪੰਜਾਬ ਹੀ ਟਿਕੇ ਰਹੇ। ਜਦੋਂ ਆਪ ਪੰਜਾਬ ਅੰਦਰ ਸਨ, ਉਸ ਸਮੇਂ ਆਪ ਜੀ ਨੇ ਵਿਸ਼ੇਸ਼ ਤੌਰ 'ਤੇ ਇਕ ਮਾਲਵਾ ਕਾਨਫ਼ਰੰਸ (1941-42), ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਕੀਤੀ। ਸਾਲ 1945 ਤੋਂ 1950 ਤਕ ਮੋਗਾ ਮਾਲਵਾ ਬਸ ਸਰਵਿਸ ਦੀ ਕੰਪਨੀ ਵਿਚ ਬੁਕਿੰਗ ਕਲਰਕ ਲੱਗੇ ਰਹੇ। 18 ਨਵੰਬਰ, 1950 ਨੂੰ ਸਮੁੰਦਰੀ ਜਹਾਜ਼ ਰਾਹੀਂ 22 ਦਸੰਬਰ, 1950 ਨੂੰ ਵਾਪਸ ਕੈਨੇਡਾ ਪਹੁੰਚ ਗਏ। ਛੇਤੀ ਹੀ ਖ਼ਾਲਸਾ ਦੀਵਾਨ ਨੇ ਆਪ ਜੀ ਦੀ ਸੇਵਾ ਲਈ। 27 ਮਈ, 1951 ਤੋਂ 6 ਫ਼ਰਵਰੀ, 1952 ਤਕ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਬਣੇ। ਉਸ ਪਿੱਛੋਂ ਮੈਂਬਰ ਰਹੇ ਅਤੇ ਦੁਬਾਰਾ 1953, 1957, 1958 ਤੇ 1961 ਵਿਚ ਖ਼ਾਲਸਾ ਦੀਵਾਨ ਦੇ ਜਨਰਲ ਸਕੱਤਰ ਬਣੇ ਰਹੇ।

ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਹੈ ਕਿ ਆਪ ਜੀ ਨੂੰ ਲਿਖਣ ਪੜ੍ਹਨ ਦਾ ਬਹੁਤ ਸ਼ੌਕ ਸੀ, ਉਪਰੰਤ ਆਪ ਜੀ ਦੀ ਲਿਖਾਈ ਵੀ ਬਹੁਤ ਸੁੰਦਰ ਸੀ। ਇਹ ਵੀ ਸੰਭਵ ਹੈ ਕਿ ਕਈ ਵਿਅਕਤੀਆਂ ਨੂੰ ਸ਼ੰਕਾ ਹੋਵੇ ਕਿ ਭਾਈ ਅਰਜਨ ਸਿੰਘ ਜੀ ਖ਼ਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰ 1933 ਵਿਚ ਬਣੇ, ਤਾਂ ਫਿਰ ਉਨ੍ਹਾਂ ਤੋਂ ਪਹਿਲੇ ਸਮੇਂ ਦੀ ਇਤਿਹਾਸਕ ਡਾਇਰੀ ਲਿਖਣੀ ਕਿਵੇਂ ਸੰਭਵ ਹੋਈ। ਜਿਥੋਂ ਤਕ ਇਤਿਹਾਸ ਇਕੱਠਾ ਕਰਨ ਦੀ ਗੱਲ ਹੈ, ਉਸ ਸਮੇਂ ਬਹੁਤ ਹੀ ਸੰਭਵ ਸੀ। ਉਸ ਸਮੇਂ ਉਹ ਲੋਕ ਹਾਜ਼ਰ ਸਨ, ਜਿਨ੍ਹਾਂ ਨੇ ਕੌਮ ਨਾਲ ਵਾਪਰੀਆਂ ਘਟਨਾਵਾਂ ਨੂੰ ਆਪਣੀ ਅੱਖੀਂ ਡਿੱਠਾ। ਦੂਸਰਾ, ਇਨ੍ਹਾਂ ਦੇ ਪਿਤਾ ਜੀ ਸ: ਸੰਤਾ ਸਿੰਘ ਖ਼ਾਲਸਾ ਦੀਵਾਨ ਸੁਸਾਇਟੀ ਦੇ ਸਰਗਰਮ ਮੈਂਬਰ ਸਨ ਅਤੇ 1909 ਤੋਂ ਸੁਸਾਇਟੀ ਨਾਲ ਜੁੜੇ ਹੋਏ ਸਨ। ਇਸ ਦੇ ਨਾਲ ਹੀ 1914 ਵਿਚ ਗ਼ਦਰ ਲਹਿਰ

ਸਮੇਂ ਵਾਪਸ ਦੇਸ਼ ਪਰਤੇ, ਭਾਵੇਂ ਉਹ ਪੂਰੀ ਤਰ੍ਹਾਂ ਗ਼ਦਰ ਲਹਿਰ ਵਿਚ ਨਾ ਕੁੱਦੇ, ਪਰ ਮਨ, ਤਨ ਤੇ ਧਨ ਕਰਕੇ ਗ਼ਦਰ ਲਹਿਰ ਦੇ ਸਮਰਥਕ ਸਨ। ਭਾਈ ਅਰਜਨ ਸਿੰਘ ਜੀ ਨੇ ਸਿੱਖਾਂ ਨਾਲ ਸੰਬੰਧਿਤ ਘਟਨਾਵਾਂ ਦਾ ਵੇਰਵਾ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤਾ।

ਭਾਈ ਅਰਜਨ ਸਿੰਘ ਜੀ ਚੰਦ ਬਹੁਤ ਹੀ ਨੇਕ ਇਨਸਾਨ ਸਨ ਤੇ ਉਨ੍ਹਾਂ ਅੰਦਰ ਅਤਿ ਦਰਜੇ ਦੀ ਸਹਿਨਸ਼ੀਲਤਾ ਸੀ। ਇਕੇਰਾਂ ਕਿਸੇ ਬੀਬੀ ਨੇ ਇਨ੍ਹਾਂ ਨੂੰ ਫ਼ੋਨ ਕੀਤਾ, ਜਦੋਂ ਇਹ ਵਾਪਸ ਦੇਸ਼ ਤੋਂ ਆ ਕੇ ਜਨਰਲ ਸਕੱਤਰ ਬਣੇ। ਉਸ ਬੀਬੀ ਨੂੰ ਇਨ੍ਹਾਂ ਦੀ ਨਿਯੁਕਤੀ 'ਤੇ ਈਰਖਾ ਸੀ, ਉਸ ਨੇ ਫ਼ੋਨ 'ਤੇ ਬਹੁਤ ਬੁਰਾ ਭਲਾ ਕਿਹਾ ਤੇ ਤਾਂ ਵੀ ਭਾਈ ਅਰਜਨ ਸਿੰਘ ਜੀ ਨੂੰ ਕੋਈ ਗ਼ੁੱਸਾ ਨਾ ਆਇਆ। ਜਦੋਂ ਬੀਬੀ ਬੁਰਾ ਭਲਾ ਆਖ ਥੱਕ ਗਈ ਤਾਂ ਇਨ੍ਹਾਂ ਕਿਹਾ, "ਬੀਬੀ ਜੀ, ਜੋ ਕੁਝ ਹੋਰ ਦਿਲ 'ਚ ਹੈ, ਉਹ ਵੀ ਕਹਿ ਦਿਓ।" ਭਾਵ, ਜੇਕਰ ਕੋਈ ਇਨ੍ਹਾਂ ਨੂੰ ਗਾਹਲੀ ਵੀ ਦਿੰਦਾ, ਤਾਂ ਵੀ ਕਦੀ ਗ਼ੁੱਸਾ ਨਾ ਕਰਦੇ। ਉਨ੍ਹਾਂ ਅੰਦਰ ਸਿੱਖ ਕੌਮ ਲਈ ਅਥਾਹ ਸ਼ਰਧਾ ਸੀ ਅਤੇ ਕੌਮੀ ਇਤਿਹਾਸ ਲਿਖਣਾ ਤੇ ਸਾਂਭਣਾ ਉਨ੍ਹਾਂ ਦੀ ਕੌਮ ਪ੍ਰਤਿ ਮਹਾਨ ਦੇਣ ਹੈ। ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚ ਕੁਝ ਮਹੱਤਵਪੂਰਨ ਦਸਤਾਵੇਜ਼ ਇਸ ਤਰ੍ਹਾਂ ਹਨ:

1. 1908 ਤੋਂ 1947 ਤਕ ਖ਼ਾਲਸਾ ਦੀਵਾਨ ਸੁਸਾਇਟੀ ਤੇ ਕੈਨੇਡਾ ਦੇ ਸਿੱਖਾਂ ਬਾਰੇ ਇਤਿਹਾਸਕ ਡਾਇਰੀ।
2. ਯੂਨਾਈਟਿਡ ਇੰਡੀਆ ਲੀਗ ਵੱਲੋਂ ਛਾਪੇ *ਹਿੰਦੋਸਤਾਨੀ* ਦੇ ਅੰਕ, ਜਿਸ ਦੇ ਸੰਪਾਦਕ ਹਸਨ ਰਹੀਮ ਸਨ।
3. ਕਾਮਾਗਾਟਾਮਾਰੂ ਦੁਖਾਂਤ ਨਾਲ ਸੰਬੰਧਿਤ ਲੋਕਲ ਅਖ਼ਬਾਰਾਂ ਦੀਆਂ ਖ਼ਬਰਾਂ ਮਈ 1914 ਤੋਂ ਜੁਲਾਈ 24, 1914 ਤਕ।
4. *ਗ਼ਦਰ* ਪੇਪਰ ਦੇ ਕੁਝ ਅੰਕ।
5. ਖ਼ਾਲਸਾ ਦੀਵਾਨ ਵੱਲੋਂ ਵੋਟ ਦੇ ਅਧਿਕਾਰ ਲਈ ਕੀਤੇ ਗਏ ਸੰਘਰਸ਼ ਤੇ ਉਨ੍ਹਾਂ ਨਾਲ ਸੰਬੰਧਿਤ ਚਿੱਠੀ-ਪੱਤਰ।
6. *ਪੰਜਾਬੀ ਰਤਨ* ਦੇ ਕੁਝ ਵਿਸ਼ੇਸ਼ ਅੰਕ, ਜਿਨ੍ਹਾਂ ਦੀ ਸੰਪਾਦਕੀ ਗਿਆਨੀ ਨਾਹਰ ਸਿੰਘ ਗੁਜਰਵਾਲ ਕਰਦੇ ਸਨ।

ਉਪਰੋਕਤ ਲਿਖਤਾਂ ਤੋਂ ਬਿਨਾਂ ਇਹ ਵੀ ਸੰਭਵ ਹੈ ਕਿ ਉਨ੍ਹਾਂ ਨੇ ਬਹੁਤ ਹੀ ਇਤਿਹਾਸਕ ਸਮੱਗਰੀ ਇਕੱਤਰ ਕੀਤੀ ਹੋਵੇ, ਪਰ ਕਈ ਵਿਅਕਤੀਆਂ ਨੇ ਉਨ੍ਹਾਂ ਦਸਤਾਵੇਜ਼ਾਂ ਦੀ ਖੁੱਲ੍ਹੀ ਵਰਤੋਂ ਕਰਨ ਉਪਰੰਤ ਗੁਆ ਦਿੱਤੀ ਹੋਵੇ ਜਾਂ ਲੁਕਾ ਲਿਆ ਹੋਵੇ। ਇਕ ਗੱਲ ਤਾਂ ਸਪੱਸ਼ਟ ਹੈ ਕਿ ਇਸ ਹੱਥਲੀ ਇਤਿਹਾਸਕ ਡਾਇਰੀ ਦੀਆਂ ਬਹੁਤ ਫ਼ੋਟੋ ਕਾਪੀਆਂ ਕਰ ਕੇ 1980-81 ਵਿਚ ਵੰਡੀਆਂ ਗਈਆਂ, ਪਰ ਬਰਾੜ ਪਰਿਵਾਰ ਦੀ ਆਗਿਆ ਵੀ ਨਹੀਂ ਲਈ ਗਈ। ਇਹ ਸੰਭਵ ਹੈ ਕਿ ਆਪ 1961 ਤਕ ਖ਼ਾਲਸਾ ਦੀਵਾਨ ਦੇ ਅਹੁਦੇਦਾਰ ਰਹੇ ਅਤੇ ਉਸ ਸਮੇਂ ਤਕ ਜ਼ਰੂਰ ਡਾਇਰੀ ਲਿਖੀ ਹੋਵੇਗੀ, ਪਰ ਜੋ ਸਾਨੂੰ ਪ੍ਰਾਪਤ ਹੋਇਆ, ਉਹ ਸਿਰਫ਼ ਸਾਲ 1947 ਤਕ ਦੀਆਂ ਘਟਨਾਵਾਂ ਹੀ ਹਨ। ਕਿਸੇ ਵਿਅਕਤੀ ਦੀ ਹੱਥ-ਲਿਖਤ ਦੀਆਂ ਬਿਨਾਂ ਆਗਿਆ ਫ਼ੋਟੋ ਕਾਪੀ ਕਰਨਾ, ਇਕ ਅਨੈਤਿਕ ਕਰਮ ਸੀ। ਵਾਹਿਗੁਰੂ ਦਾ ਸ਼ੁਕਰ ਹੈ ਕਿ ਉਨ੍ਹਾਂ ਦੀ ਹੱਥ-ਲਿਖਤ ਨੂੰ ਖੋਜੀਆਂ ਦੀ ਸਹੂਲਤ ਲਈ ਛਾਪ ਦਿੱਤਾ ਹੈ।

ਸੰਪਾਦਕ

ਸਿੱਧੂ-ਬਰਾੜਾਂ ਦਾ ਪਿਛੋਕੜ ਉਪਰੰਤ ਭਾਈ ਅਰਜਨ ਸਿੰਘ ਜੀ ਚੰਦ ਦੇ ਪ੍ਰਵਾਰ ਦੀ ਬੰਸਾਵਲੀ

ਇਹ ਸ਼ਜਰਾ ਨਸਬ ਜੋ ਦਰਜ ਕੀਤਾ ਜਾਂਦਾ ਹੈ, ਦਰਬਾਰ ਜੈਸਲਮੇਰ ਦੇ ਵੱਡੇ ਬਿਆਸਾਂ ਦੀ ਬੰਸਾਵਲੀ ਵਿਚੋਂ ਦਿੱਤਾ ਜਾਂਦਾ ਹੈ। ਇਸ ਤੋਂ ਵਧ ਕੋਈ ਹੋਰ ਬੰਸਾਵਲੀ ਬਹੁਤ ਇਤਬਾਰ ਵਾਲੀ ਨਹੀਂ ਮਿਲ ਸਕਦੀ। ਇਸ ਦੀ ਪ੍ਰੌੜਤਾ ਤਵਾਰੀਖ਼ ਪਟਿਆਲਾ ਕਰਦੀ ਹੈ। 'ਟਾਡ ਰਾਜਸਤਾਨ' ਨੇ ਵੀ ਇਸ ਨੂੰ ਮੁਅਤਬਰ ਮੰਨਿਆ ਹੈ ਤੇ ਆਈਨਾ-ਏ-ਬਰਾੜ ਬੰਸ ਫਰੀਦਕੋਟ ਦੇ ਲਿਖਾਰੀ 'ਵਲੀ ਉਲਾ ਸਦੀਕੀ' ਸਾਹਿਬ ਨੇ ਵੀ ਇਸੇ ਬੰਸਾਵਲੀ ਨੂੰ ਸਭ ਤੋਂ ਵਧ ਯਕੀਨ ਵਾਲੀ ਮੰਨਿਆ ਹੈ ਅਤੇ 'ਸਰ ਲੇਪਲ ਗਰੇਫਨ' ਸਾਹਿਬ ਪੰਜਾਬ ਚੀਫਜ਼ ਦੇ ਲਿਖਾਰੀ ਨੇ ਵੀ ਇਸੇ ਬੰਸਾਵਲੀ ਨੂੰ ਸਹੀ ਤੇ ਠੀਕ ਮੰਨਿਆ ਹੈ।

ਸੁਰਗਵਾਸੀ ਮਹਾਂਰਾਜਾ ਮੁਹਿੰਦਰ ਸਿੰਘ ਸਾਹਿਬ ਪਟਿਆਲਾ ਪਤੀ ਜੀ ਨੇ ਆਪਣੇ ਵੇਲੇ ਵਿਚ ਆਪਣੇ ਵਜ਼ੀਰ ਮੌਲਾਨਾ ਖਲੀਫਾ ਸਯਦ ਮੁਹੰਮਦ ਹਸਨ ਨੂੰ ਬੰਸਾਵਲੀ ਦੇ ਖੋਜ ਤੇ ਲਗਾਇਆ, ਉਸ ਨੇ ਵੀ ਇਸੇ ਬੰਸਾਵਲੀ ਨੂੰ ਸਭ ਤੋਂ ਵਧੀਕ ਸਹੀ ਤੇ ਜ਼ਿਆਦਾ ਤੋਂ ਜ਼ਿਆਦਾ ਹੱਦ ਤੱਕ ਮਾਣਨੀਕ ਕਰਾਰ ਦਿੱਤਾ ਹੈ, ਤੇ ਏਹ ਬੰਸਾਵਲੀ ਬਿਆਸ ਜੀ 'ਚੂਨੀ ਲਾਲ' ਜੈਸਲਮੇਰੀ ਤੋਂ ਫਰੀਦਕੋਟ ਪੁਜੀ ਜੋ ਦਰਬਾਰ ਪਟਿਆਲਾ ਦਾ ਵਜ਼ੀਫਾਖਾਰ ਸੀ।

ਦਰਬਾਰ ਧੌਲਪੁਰ ਦੇ ਬਿਆਸ ਜੀ ਦੀ ਬੰਸਾਵਲੀ ਵੀ ਇਸੇ ਦੀ ਪਿਠ ਪੂਰਦੀ ਹੈ ਤੇ ਸ਼ੰਕਾ ਕਰਨ ਦੀ ਗੁੰਜੈਸ਼ ਬਾਕੀ ਨਹੀਂ ਰੈਹ ਜਾਂਦੀ, ਕਿਉਂਕੇ ਪੁਰਾਤਨ ਸਿੰਦੂ, ਆਰੀਯਾ, ਗਰੰਥ ਵੀ ਇਸ ਬੰਸਾਵਲੀ ਨਾਲ ਮੇਲ ਖਾਂਦੇ ਨੇ, ਇਹ ਚੀਜ਼ ਪੁਰਾਣੇ ਸੈਹੰਸੀਆਂ, ਭੱਟਾਂ ਤੇ ਮਰਾਸੀਆਂ ਦੀ ਛਾਤੀ ਵਿਚ ਮੌਜੂਦ ਸੀ, ਜੋ ਗੁੰਮ ਹੋ ਰਹੀ ਹੈ, ਇਸ ਕਰਕੇ ਲਿਖਤ ਵਿਚ ਲੈ ਆਉਣਾ ਮੁਨਾਸਬ ਤੇ ਜ਼ਰੂਰੀ ਹੈ।

ਅਰਜਨ ਸਿੰਘ 'ਚੰਦ'

ਸ਼ਜਰਾ ਨਸਬ [ਬੰਸਾਲੀ] ਮੁਢ ਕਦੀਮ ਤੋਂ
ਸ਼੍ਰੀ ਕ੍ਰਿਸ਼ਨ ਜੀ

ਨੰਬਰ ਪੀਹੜੀ	ਨਾਮ	ਰੀਮਾਰਕ
1.	ਸ਼੍ਰੀ ਨਰੈਣ ਜੀ	
2.	ਕੰਵਲ	
3.	ਬ੍ਰਹਮਾ	
4.	ਉਤ੍ਰ ਰਖਸ਼ੀ	ਉਤ੍ਰ ਰਖਸ਼ੀ ਮਰੀਚ ਕਤਸਬ ਸੂਰਜ ← ਏਥੋਂ ਸੂਰਜ ਬੰਸੀ ਸ਼੍ਰੀ ਰਾਮ ਚੰਦਰ ਜੀ ਦੀ ਬੰਸਾਵਲੀ ਚਲਦੀ ਹੈ।
5.	ਸੋਮ	ਸੋਮ 'ਚੰਦਰ' ਨੂੰ ਕਹਿੰਦੇ ਨੇ ਤੇ ਏਥੋਂ ਚੰਦਰ ਬੰਸੀ ਖ਼ਾਨਦਾਨ ਬਣਿਆ, ਜਿਸ ਵਿਚ ਸ਼੍ਰੀ ਕ੍ਰਿਸ਼ਨ ਜੀ ਮਹਾਰਾਜ ਹੋਏ।
6.	ਬੁਧ	
7.	ਪਰਵਰਦਾ	
8.	ਆਯੂ	
9.	ਨਰੋਖ	
10.	ਜਜਾਤੀ	ਇਸ ਰਾਜੇ ਜਜਾਤੀ ਤੋਂ ਜਟ ਬੰਸ ਚਲਦੀ ਹੈ।
11.	ਜਦੋ	ਜਾਦੋ ਬੰਸ ਹੋਈ।
12.	ਕਰੋਸ਼ਟਾ	
13.	ਬਜਰ ਨਾਭ	
14.	ਸਵਾਤੀ	
15.	ਉਸੰਕ	
16.	ਚਤਰਥ	
17.	ਸਸੀ ਬੰਧੂ	
18.	ਪ੍ਰਿਥੂ ਸਰਦਾ	
19.	ਧਰਮ	
20.	ਉਸਨਾ	
21.	ਰਚੇਕ	
22.	ਜਮੋਘ	
23.	ਬਦਰ ਬੈਹ	
24.	ਕਰਿਥ	
25.	ਕਰਵੰਤ	

ਨੰਬਰ ਪੀਹੜੀ	ਨਾਮ	ਰੀਮਾਰਕ
26.	ਧਸ਼ਟ	
27.	ਨਬਰਤ	
28.	ਦਸਹਰ	
29.	ਬਿਯੋਮ	
30.	ਜੈ ਮੂਤ	
31.	ਬਿਕਰਤ	
32.	ਭੀਮ ਰਥ	
33.	ਨੌਰਥ	
34.	ਦਸਰਥ	
35.	ਸਕਨ	
36.	ਕਾਰਮ ਬੈਹ	
37.	ਦੇਵ ਰਾਤ	
38.	ਦੇਵ ਕਸ਼ੱਤ੍ਰ	
39.	ਮਧੂ	
40.	ਕੌਰ ਬੰਸ	
41.	ਅੱਨੂ	
42.	ਪਰ ਵਹਿਤ੍ਰ	
43.	ਆਯੂ	ਸ਼ਾਨੀ
44.	ਸਾਤ ਵਤ	
45.	ਅੰਧਕ	
46.	ਭਜਮਾਨ	
47.	ਬਦੌਰਥ	
48.	ਸੁਵਰ	
49.	ਸਮੀ	
50.	ਪ੍ਰਿਤੀ ਖੇਤ੍ਰ	
51.	ਸਵੇਮ ਭਜ	
52.	ਹਰਦੇਕ	
53.	ਦੇਵ ਮੇਂਢ	
54.	ਸੂਰ ਸੈਣ	
55.	ਬਸਵਦੇਵ	ਬਲਦੇਵ ਜੀ ਉਰਫ ਬਲ ਭੱਦਰ
56.	ਸ਼੍ਰੀ ਕ੍ਰਿਸ਼ਨ ਜੀ ਮਹਾਰਾਜ	

ਬੰਸਾਵਲੀ ਸ਼੍ਰੀ ਕ੍ਰਿਸ਼ਨ ਜੀ ਤੋਂ ਲੈ ਕੇ ਮਹਾਂਰਾਜ ਸੰਘਰ ਤਕ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
1.	ਸ਼੍ਰੀ ਕ੍ਰਿਸ਼ਨ ਜੀ	ਕ੍ਰਿਸ਼ਨਾ ਅਵਤਾਰ	
2.	ਪਰ ਦੇਵਮਣ	——	
3.	ਅਨਰੋਦਾ	——	
4.	ਬਜਰ ਨਾਭ	——	ਕੱਛ ਭੋਜ ਦੇ ਰਾਈਸ ਰਾਜਾ ਕੇਹਰ ਦੀ ਉਲਾਦ, ਮਥਰਾ ਵਿਚ ਹੈੱਡ-ਕੁਆਟਰ ਸੀ।
5.	ਅਸ਼ਮੀ ਕੁਮਾਰ	——	
6.	ਪਰਤ ਬਾਹੂ	ਸੋਬਾਹੂ	ਭੇਰੇ ਵਿਚ ਖੁਰਾਸਨ ਕਾ ਰਾਜ ਹੁਆ, ਸਾਂਦਰ ਬਾਰ ਦੇ ਸਾਂਦਰ ਮਾਣਸ ਖੋਰ ਨੂੰ ਮਾਰਿਆ।
7.	ਪਦ ਬਾਹੂ	ਉਗਰ ਸੈਨ	ਛਤ੍ਰੀ ਦਾ ਕੰਮ ਛਡ ਕੇ ਬਿਉਪਾਰ ਕਰ ਲਿਆ ਤੇ ਅਗਰਵਾਲ ਸ਼ਾਖ ਦਾ ਮੋਢੀ।
8.	ਸੋਬਾਹੂ	ਸੂਰ ਸੈਨ	
9.	ਰੂਪ ਸੈਨ	ਸੂਰ ਬੈਨ	
10.	ਸੂਰਤ ਸੈਨ	ਸੋਬਾਹੂ	ਤੁਰਕਸਤਾਨ ਤੱਕ ਰਾਜ ਵਧਾਇਆ।
11.	ਤਲੋਕ ਚੰਦ	——	
12.	ਬਿਕਰਮ ਚੰਦ	ਗਜ ਬਾਹੂ	ਤਾਤਾਰ, ਤਿਬਤ, ਖੁਰਾਸਨ ਫਤੇ ਕੀਤਾ। ਸ਼ੈਹਰ ਗਜ਼ਨੀ ਆਬਾਦ ਕੀਤਾ। ਦੇਵੀ ਦਾ ਪੁਜਾਰੀ।
13.	ਕੋਤਕ ਚੰਦ	ਰਜ ਸੈਨ	
14.	ਰਾਮ ਚੰਦ	ਪ੍ਰਤ ਬਾਹੂ	ਇਸ ਕੋਲੋਂ ਤੁਰਕਾਂ ਨੇ ਗਜ਼ਨੀ ਖੋਹ ਲਈ।
15.	ਸ੍ਰੱਧਰ ਚੰਦ	——	
16.	ਕਲਿਆਨ ਚੰਦ	——	
17.	ਭੀਮ ਚੰਦ	——	
18.	ਲੱਧਰ ਚੰਦ	——	
19.	ਮਾਣਕ ਚੰਦ	——	
20.	ਅਭੈ ਚੰਦ	——	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
21.	ਸੋਭਾ ਚੰਦ	——	
22.	ਗੋਮਨ ਚੰਦ	——	
23.	ਹਰੀ ਰਾਮ ਚੰਦ	——	ਹਰਾਤ ਕਿਲਾ ਬਣਾਇਆ, ਅਫ਼ਗਾਨਸਤਾਨ, ਖੁਰਾਸਨ 'ਤੇ ਕਬਜ਼ਾ ਕੀਤਾ। 'ਭਰਾ ਗੋਰੇ' ਨਾਮ ਨੇ 'ਗੋਰ ਆਬਾਦ' ਕਿਲਾ ਤੇ ਸ਼ੈਹਰ ਆਬਾਦ ਕੀਤਾ।
24.	ਕਵੀ ਚੰਦ	——	
25.	ਅੱਤਰ ਚੰਦ	——	
26.	ਕੇਸਨ ਚੰਦ	——	
27.	ਸੁਮੰਦ ਪਾਲ	——	
28.	ਬਿਕਰਮ ਪਾਲ	——	
29.	ਚੰਦਰ ਪਾਲ	——	
30.	ਨਰਿੰਦਰ ਪਾਲ	——	
31.	ਦਿਵਿਸ਼ ਪਾਲ	——	
32.	ਸਾਹਨ ਪਾਲ	——	
33.	ਛੱਤਰ ਮਨ ਪਾਲ	——	
34.	ਗੋਂਦ ਪਾਲ	——	
35.	ਅਨੰਦ ਪਾਲ	——	
36.	ਬਰਦ ਬਲ	——	
37.	ਮੋਹਨ ਪਾਲ	——	
38.	ਭੀਮ ਪਾਲ	——	
39.	ਮਦਨ ਪਾਲ	——	
40.	ਕਰਮ ਪਾਲ	——	
41.	ਮਿੱਤ੍ਰ ਪਾਲ	——	
42.	ਉਦਰ ਪ੍ਰਕਾਸ਼	——	
43.	ਮਹਾਂ ਪ੍ਰਕਾਸ਼	——	
44.	ਸੋਬਲ ਪ੍ਰਕਾਸ਼	——	
45.	ਜੀਤ ਪ੍ਰਕਾਸ਼	——	
46.	ਅਤਸੈਨ ਪ੍ਰਕਾਸ਼	——	
47.	ਸੈਹਜ ਬਲ ਪ੍ਰਕਾਸ਼	——	
48.	ਉੜਦ ਬਾਹੂ ਪ੍ਰਕਾਸ਼	——	
49.	ਗੋਬਲ ਪ੍ਰਕਾਸ਼	——	
50.	ਸਾਥ ਪੱਤ ਪ੍ਰਕਾਸ਼	——	
51.	ਚੰਦਰ ਪ੍ਰਕਾਸ਼	——	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
52.	ਸਾਹਿਬ ਪ੍ਰਕਾਸ਼	——	
53.	ਰੂਪ ਚੰਦ	——	
54.	ਕੇਸਨ ਚਰਨ	——	
55.	ਪ੍ਰਿਥੀ ਪੱਤ	——	
56.	ਸੋਚਰ ਮਨ	——	
57.	ਸੁਘਰ ਨਰੇਸ਼	——	
58.	ਬੱਜਰ ਬੱਲ	——	
59.	ਸੁਰਤ ਦੇਵ	——	
60.	ਗੁਪਤ ਚਰ	——	
61.	ਭੱਦਰ ਚਰਭ	——	
62.	ਚਾਰੂ ਚੰਦਰ	——	
63.	ਚਿਤ੍ਰ ਪਰਤ	——	
64.	ਚੱਰਰ ਰਾਜ	——	
65.	ਭਾਨ ਦੇਵ	——	
66.	ਸ਼ੁਭ ਭਿਯਾਮ	——	
67.	ਸਭਾ ਦੇਵ	——	
68.	ਪ੍ਰਭਾਨ ਪਾਲ	——	
69.	ਭਵਨੋ ਮਨ	——	
70.	ਚੰਦਰ ਮਨ	——	
71.	ਬ੍ਰਦ ਭਾਨ	——	
72.	ਰਤਨ ਭਾਨ	——	
73.	ਸੁਵਰ ਭਾਨ	——	
74.	ਪ੍ਰਤ ਭਾਨ	——	
75.	ਸਮੰਤ੍ਰ ਸੁਧ	——	
76.	ਅਪ੍ਰੀਜੱਤ	——	
77.	ਸੱਤ ਜੱਤ	——	
78.	ਸੱਤਰੂ ਜੱਤ	——	
79.	ਚਤਰ ਅੰਗਦ	——	
80.	ਬਿਜੈ ਪਾਲ	——	
81.	ਚਤਰ ਕਰਤ	——	
82.	ਬਸੂ ਮਨ	——	
83.	ਇੰਦਰ ਸੈਨ	ਬਰਤ ਬਾਹੂ	
84.	ਬਰਤ ਸੈਨ	ਦੱਤ ਬਾਹੂ	
85.	ਦੋ ਸਾਸਨ	ਬਾਹੂ ਬਲ	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
86.	ਚਤਰੰਗ ਭਾਨ	ਸੋਭਾਏ	
87.	ਬਾਗ ਭਾਨ	ਦੇਵ ਦੱਤ	
88.	ਬ੍ਰਿਖ ਭਾਨ	ਪਿਰਥੀ ਸਹਾਏ	
89.	ਐਦੱਤ	ਮਹੇ ਪਤ	
90.	ਸੁਕਰਤ ਦੇਵ	ਮਰਜਾਦ ਪਤ	ਪੰਜਾਬ, ਖੁਰਾਸਾਨ, ਗੰਜਨੀ, ਗੌਰ, ਹਰਾਤ ਤੇ ਨਵੇਂ ਸਿਰੇ ਕਬਜ਼ਾ ਕੀਤਾ। ਮਰਜਾਦਾ 'ਨਿਯਮ' ਕਾਨੂੰਨ ਬਣਾ ਕੇ ਮਰਜਾਦਾ ਪਤ ਨਾਮ ਪਾਇਆ।
91.	ਬਸਵ ਦੱਤ	ਸਵਾਤ ਸੈਨ	ਕਿਲਾ ਸਵਾਤ ਬਣਾਇਆ ਅਫ਼ਗਾਨਸਤਾਨ ਵਿਚ।
92.	ਸੋਮਨ ਪਾਲ	ਸੂਰ ਸੈਨ	
93.	ਕਰਦੱਤ ਪਾਲ	ਅਵਦੀਪ ਸੈਨ	
94.	ਕਵੀ ਪਾਲ	ਅਪਰਾਜੱਤ	ਗਜਨੀ ਤੇ ਪੰਜਾਬ ਤੇ ਕਬਜ਼ਾ ਕੀਤਾ।
95.	ਬ੍ਰਿਖੂ ਧੱਜ	ਕਨਕ ਸੈਨ	ਵਡਾ ਸਖੀ
96.	ਸੱਤ ਬਰਤ	ਸੋਗਨ ਸੈਨ	ਗੁਣੀਆਂ ਦਾ ਕਦਰ ਦਾਨ
97.	ਹਰ ਕਰਨ	ਮਘਵਾਨ ਜੀਤ	ਪੁਨ ਬਹੁਤ ਕੀਤਾ
98.	ਅੱਨਲ	ਕ੍ਰਿਤ ਸੈਨ	
99.	ਗਵਰਧਨ	ਭਗਵਾਨ ਸੈਨ	
100.	ਬੀਰਧਨ	ਬਦਹੂ ਰਥ	
101.	ਉਂਦ ਪਾਲ	ਬਿਕਰਮ ਸੈਨ	ਲਾਹੌਰ ਰਾਜਧਾਨੀ ਬਣਾਈ।
102.	ਮਹਾਂ ਸੈਨ	ਕਮੋਦ ਸੈਨ	
103.	ਪਾਉਂ	ਬ੍ਰਿਜ ਪਾਲ	ਕਿਲਾ ਭੰਬੋਰਗੜ ਬਣਾਇਆ।
104.	ਬਾਹਨ ਪਾਲ	ਬਜਤ ਜੈ	27 ਪੁਤ੍ਰ, 27 ਮੂਹੀਆਂ
105.	ਸੁੱਧਾ ਸੁਲੱਜ	ਮੂਰਤ ਪਾਲ	
106.	ਸੰਗਰਾਮ ਜਿਤ	ਰਕਮ ਸੈਨ	
107.	ਬ੍ਰੈਹਤ ਸੈਨ	ਕਨਕ ਸੈਨ	
108.	ਸੁਰਪਰਵਾਹ	ਉਤਰਾ ਸੈਨ	ਗਜਨੀ ਮੁੜ ਰਾਜਧਾਨੀ ਬਣਾਈ, ਪੰਜਾਬ ਵੀ ਕਾਬੂ ਰੱਖਿਆ।
109.	ਅਜਿਤ	ਸਵੈਤ ਸੈਨ	
110.	ਜੋਰੂਪ	ਬ੍ਰਤ ਸੈਨ	
111.	ਸੁਭਦਰ ਦੇਵ	ਰਾਮ ਸੈਨ	
112.	ਸੁਹਾ ਰੂਪ	ਸ਼ੈਹ ਦੇਵ	
113.	ਕਨਕ ਪਾਲ	ਦੇਵ ਸਹਾਏ	
114.	ਰਤਨ ਪਾਲ	ਸ਼ੰਕਰ ਦੇਵ	
115.	ਅਹੰਗ ਪਾਲ ਦੇਵ	ਸੂਰਜ ਦੇਵ	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
116.	ਸੰਤੋਖ ਦੇਵ	ਪ੍ਰਤਾਪ ਸੈਨ	
117.	ਗੋਵਿੰਦ ਦੇਵ	ਪ੍ਰਤ ਸੈਨ	
118.	ਪ੍ਰਬਲ ਸੈਨ	ਭੀਮ ਸੈਨ	ਗਜਨੀ ਖੁਹਾ ਬੈਠਾ, ਮਥਰਾ ਤੇ ਫਰਖਾਬਾਦ ਤੇ ਰਾਜ ਰਿਹਾ, ਤੁਰਕ-ਸਤਾਨੀਆਂ ਦੇ ਹਮਲੇ ਵਿਚ ਦਰਿਯਾਏ ਸਤਲੁਜ ਦੀ ਲੜਾਈ ਵਿਚ ਮਾਰਿਆ ਗਿਆ।
119.	ਅਰਦ ਦੇਵ	——	
120.	ਸੰਗਤ ਦੇਵ	ਜਗਤ ਸਵਾਤ	ਲਾਹੌਰ ਰਾਜਧਾਨੀ।
121.	ਮਿਤ੍ਰ ਦੇਵ	ਬੈਣ	
122.	ਬ੍ਰਤ ਦੇਵ	ਦੇਵ ਜੱਸ	ਬੇਉਲਾਦ, ਪ੍ਰਬਲ ਭਤੀਜਾ ਮੁਤਬਨਾ ਬਨਾਇਆ।
123.	ਪ੍ਰਬਲ	ਮੂਲ ਰਾਜ	
124.	ਸਤ ਬਲ	ਰਾਏ ਦੇਵ	
125.	ਮਹਾਂ ਬਲ	ਸਤੋ ਰਾਉ	ਸੁਬਲ ਨੂੰ ਮੁਤਬਨਾ ਕੀਤਾ।
126.	ਸੁਬਲ	ਦੇਵਾ ਨੰਦ	
127.	ਜੀਤ ਬਲ	ਜਗ ਭੂਪ	
128.	ਪ੍ਰਿਥੀ ਬਲ	ਬੁਧ	
129.	ਸੋਚ ਰੰਗ	ਰੁਹਤਾਸ	ਰੁਹਤਾਸ ਆਬਾਦ ਕੀਤਾ ਤੇ ਕਿਲਾ ਬਨਾਇਆ, ਜ਼ਿਲਾ ਪੂਰਬ।
130.	ਸ਼ਮਰੀਕ	ਪ੍ਰਤ ਸੈਨ	
131.	ਐਤ ਬਲ	ਮੋਹ ਤਨ	
132.	ਸੈਹਜ ਬਲ	ਬਾਸੂ ਦੇਵ	
133.	ਅਰਦ ਪੂਰਨ	ਅਭਿਆਨ	
134.	ਪ੍ਰਿਥੀ ਪੱਤ	ਬੀਰ ਸੈਨ	
135.	ਗੋਵਿੰਦ ਦੱਤ	ਸੁਬੀਹੋ	
136.	ਸਾਥ ਪੱਤ	ਸੂਰਤ ਸੈਨ	
137.	ਚੰਦਰ ਪਾਲ	ਗੁਣ ਪਿਹੋਦਾ	ਮਥਰਾ ਤੋਂ ਲਾਹੌਰ ਰਾਜਧਾਨੀ ਬਣਾਈ।
138.	ਅੱਜ ਦੇਵ	ਜਗ ਪਾਲ	
139.	ਸੁਖ ਚੰਦ	ਭੀਮ ਸੈਨ	
140.	ਸੁਭਦਰ ਦੇਵ	ਤੇਜ ਪਾਲ	
141.	ਬਿਰਜ ਬਲ	ਭੂਪਤ ਸੈਨ	
142.	ਅੱਮੇ ਬਲ	ਰਸਾਂਪ	ਗਜਨੀ ਫੇਰ ਫਤੇ ਕੀਤੀ।
143.	ਕੀ ਪਾਲ	ਚੰਦਰ ਸੈਨ	
144.	ਭੋਜ ਦੇਵ	ਮੂਲ ਮੁਨ	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
145.	ਲੋਧਰ ਪਾਲ	ਲਾਲ ਮੁਨ	
146.	ਨੋਤ ਪਾਲ	ਸਾਰੰਗ ਦੇਵ	
147.	ਅਨੰਦ ਪਾਲ	ਦੇਵ ਦੱਤ	
148.	ਮੱਥਰਾ ਪਾਲ	ਜੀਤ	
149.	ਝੰਜ ਪਾਲ	ਜੱਗ ਪੱਤ	
150.	ਮਹਾਂ ਬਲ	ਹੰਸ ਪੱਤ	ਰਾਜਾ ਬਿਕਰਮਾਂ ਜੀਤ ਦੇ ਵੇਲੇ ਹਿਸਾਰ ਕਿਲਾ ਬਨਾਇਆ, ਸੰਮਤ 346 ਬਿਕਰਮੀ ਵਿਚ ਮਰ ਗਿਆ।
151.	ਜੋਗੀਸਰ	ਦੇਵਾਗਿਰ	
152.	ਬਸੂ ਬਲ	ਬਹਾਰ ਬਲ	
153.	ਨੋਹਨ ਪਾਲ	ਖੋਮਾਂ	
154.	ਖੇਵ ਪਾਲ	ਅਰਜਨ	
155.	ਰਜ ਸੈਨ	ਝੁਜਸੈਨ	ਹੋਰ ਦੇਸ ਫਤੇ ਕੀਤੇ।
156.	ਗੱਜ ਸੈਨ	——	ਖੁਰਾਸਾਨ, ਅਫ਼ਗਾਨਸਤਾਨ ਪੂਰੇ ਕਾਬੂ ਵਿਚ ਕੀਤੇ, ਗਜਨੀ ਦੀ ਲੜਾਈ ਵਿਚ ਮਰ ਗਿਆ।
157.	ਸਾਲਬਾਹਨ	——	ਕਸ਼ਮੀਰ ਦੇ ਰਾਜਾ ਗਿਉ ਕਸੇਲ ਦੀ ਰਾਜ ਕੰਨਿਆਂ ਦੇ ਪੇਟ ਚੋਂ ਪੈਦਾ ਹੋਇਆ। ਦੱਖਣ ਤਕ ਫਤੇ ਪਾਈ। ਸੰਮਤ ਚਲਿਆ। ਸਿਆਲਕੋਟ ਕਿਲਾ ਬਨਾਇਆ। ਸੰਮਤ 259 ਬਿਕਰਮੀ ਵਿਚ ਗੱਦੀ ਤੇ ਬੈਠਾ। ਉਨ੍ਹੀਂ ਦਿਨੀ ਦਿੱਲੀ ਵਿਚ ਰਾਜਾ ਭੋਜ ਦਾ ਰਾਜ ਸੀ। 1485 ਰਾਣੀਆਂ ਤੇ 15 ਪੁੱਤ੍ਰ ਦਸੇ ਜਾਂਦੇ ਨੇ। ਰਾਜਾ ਭੋਜ ਦੀ ਰਾਜ ਕੰਨਿਆਂ 'ਸਾਂਗਾ ਦੇਵੀ' ਨਾਲ ਸ਼ਾਦੀ ਹੋਈ। 69 ਸਾਲ ਨੌਂ ਮਹੀਨੇ ਸਤਾਰਾਂ ਦਿਨ ਉਮਰ ਪਾ ਕੇ ਸਿਆਲਕੋਟ ਵਿਚ ਗੁਜਰ ਗਿਆ।
158.	ਬਲਬੰਦ	——	
159.	ਭਾਟੀ ਰਾਉ	——	ਭੱਟੀ ਰਾਜਪੂਤ ਇਸ ਤੋਂ ਚਲੇ। ਦੱਸ ਭਾਈ ਸੀ। ਹਰ ਇਕ ਦੇ ਨਾਮ ਗੋਤ ਦੀ ਮੂੰਹੀ ਚਲੀ। 336 ਬਿਕਰਮੀ ਵਿਚ ਗੱਦੀ ਬੈਠਾ। ਭਟਨੇਰ ਕਿਲਾ ਬਣਾਇਆ। ਲਾਹੌਰ ਦਾ ਭਾਟੀ ਦਰਵਾਜ਼ਾ ਇਸ ਦੇ ਨਾਮ ਤੇ ਹੈ।

ਨੰਬਰ ਪੀਹੜੀ	ਨਾਮ	ਦੂਜਾ ਨਾਮ	ਗੀਮਾਰਕ (ਹਾਲ ਚਾਲ)
			24 ਚੌਵੀ ਹਜ਼ਾਰ ਖਚਰਾਂ ਦਾ ਭਾਰ ਖ਼ਜ਼ਾਨਾ, 60 ਹਜ਼ਾਰ ਸਵਾਰ, 'ਬਲ ਬੰਦ' ਦੇ ਪੋੜ੍ਹੇ ਚਗਤੂ ਨੇ ਗਜਨੀ ਵਿਚ ਮੂੰਹੀ ਚਲਾਈ, ਜੋ ਚੁਗਤੇ ਮੁਗਲ ਕਰਕੇ ਮਸ਼ਹੂਰ ਹੋਏ।
160.	ਅਹੇ ਰਾਉ	ਅਭੈ ਰਾਉ	ਆਪਣੇ ਨਾਮ ਤੇ ਅਬੋਹਰ ਕਿਲਾ ਬਣਾਇਆ, ਸਾਲਬਾਹਨ ਦੀ ਸਾਰੀ ਉਲਾਦ ਭੱਟੀ ਅਖਵਾਣ ਲੱਗ ਪਈ, ਰਾਉ ਭਟੀ ਦੀ ਮਸ਼ਹੂਰੀ ਕਰਕੇ।
161.	ਕਰਨ	ਭੀਮ ਰਾਉ	ਸੂਰਮਾਂ, ਭਟਨੇਰ ਰਾਜਧਾਨੀ ਬਣਾਈ।
162.	ਕੇਹਰ ਪਾਲ	ਸਤੋ ਰਾਉ	ਮੁਲਤਾਨ ਦੋ ਮੰਦਰ ਬਣਾਏ, ਲਾਹੌਰ ਮੰਦਰ ਬਣਾਇਆ, ਸਦਾ ਬਰਤ ਲਾਏ, ਦੇਵੀ ਦਾ ਪੁਜਾਰੀ ਸੀ, ਸੱਚ ਬੋਲਣ ਕਰਕੇ 'ਸਤੋ ਰਾਉ' ਮਸ਼ਹੂਰ ਸੀ।
163.	ਕਮੱਦ	ਖੇਮ ਕਰਨ	ਖੇਮਕਰਨ ਕਸਬਾ ਇਸ ਦੇ ਨਾਮ ਪਰ ਮੌਜੂਦ ਹੈ।
164.	ਰੰਧੀਰ ਰਾਉ	ਨਿਰਪਤ ਰਾਉ	ਰਾਜਧਾਨੀ ਲਾਹੌਰ ਬਣਾਈ।
165.	ਰਤਨ ਸੈਨ	ਗਜੋ ਰਾਉ	ਫ਼ਰਖਾਬਾਦ ਤੋਂ ਬੁਖਾਰਾ ਤਕ ਰਾਜ ਕੀਤਾ, ਗਜਨੀ ਦੇ ਜੰਗ ਵਿਚ ਕਤਲ ਹੋਇਆ।
166.	ਸਾਹਰ ਰਾਉ	ਲੋਮਨ ਰਾਉ	ਸ਼ੈਹਰ ਸਰਹੰਦ ਆਬਾਦ ਕੀਤਾ, ਖੁਰਾਸਾਨ, ਅਫ਼ਗਾਨ, ਤਾਤਾਰੀਅਨ ਤੇ ਬੁਖਾਰਾ ਦੇ ਰਾਜਿਆਂ ਨੇ ਰਲ ਕੇ ਚੜਾਈ ਕੀਤੀ, ਜੰਗ ਵਿਚ ਕਤਲ ਹੋ ਗਿਆ, ਭਟੀਆਂ ਦੇ ਬੁਰੇ ਦਿਨ ਆ ਗਏ।
167.	ਸੈਹਜ ਦੇਵ	ਰੈਂਸੀ	
168.	ਸਾਹਿਬ ਦੇਵ	ਭੋਜਸੀ	ਲਾਹੌਰ ਛਡ ਕੇ ਮਾਲਵੇ ਆ ਰਿਹਾ।
169.	ਅਨੰਤ ਬੱਝ	ਮੰਗਲ ਰਾਉ	ਛੇਵੀਂ ਸਦੀ ਬਿਕਰਮੀ ਵਿਚ ਕਿਲਾ ਲੋਮਨਵਾਹਨ ਬਣਾਇਆ, ਲਾਹੌਰ ਭੀ ਲੈ ਲੀਆ।
170.	ਅਭਿਆਸ ਰਾਉ	ਮੰਢੁਮ ਰਾਉ	ਕੌਮ ਸੋਢਾ ਸੋਢੀ ਦੇ ਘਰ ਸ਼ਾਦੀ ਹੋਈ, ਕਿਲਾ ਮਰੋਟ ਬਨਾਇਆ, ਜਿਸ ਨੂੰ ਅੱਜ ਕੱਲ ਮਲੋਟ ਬੋਲਦੇ ਹਨ, ਸਿੰਧ ਵਿਚ ਮਾਰਿਆ ਗਿਆ।

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
171.	ਬਨੈ ਰਾਉ	ਸੂਰ ਸੈਨ	
172.	ਮੂੰਧ ਰਾਉ	ਰਘੋ ਰਾਉ	
173.	ਮਾਣਕ ਰਾਉ	ਮੂਲ ਰਾਜ	
174.	ਮੰਗਲ ਰਾਉ	ਦੋਦੇਰਾਉ	ਕਸ਼ਮੀਰ ਫਤੇ ਕੀਤਾ, ਮਲੋਂਟ ਵਾਪਸ ਆ ਕੇ ਮਰ ਗਿਆ।
175.	ਮੰਝਮ ਰਾਉ	——	
176.	ਕੇਹਰ ਰਾਉ	——	ਕਿਲਾ ਤਨੋਟ ਬਨਾਇਆ।
177.	ਤਨੋ ਰਾਉ	——	ਬਿਜਨੋਟ ਕਿਲਾ ਉਸਾਰਿਆ, ਇਸੇ ਦੇ ਪੁਤ੍ ਬੀਮਰਾਉ ਨੇ ਕੋਟ ਕਰੋੜ ਬਨਾਇਆ।
178.	ਬਿਜੈ ਰਾਉ	ਚੁੜਾਲਾ	ਦੇਵੀ ਦਾ ਉਪਾਸ਼ਕ, ਇਸ ਦੇ ਘੋੜੇ ਦੇ ਕਨਾਂਤਰਾਂ ਵਿਚ ਦੇਵੀ ਦਾ ਪਰਕਾਸ਼ ਰਹਿੰਦਾ, ਭੱਟੀ ਰਾਜਪੂਤ ਹੁਣ ਤਕ ਘੋੜੇ ਦੇ ਮੱਥੇ ਤੇ ਚੰਦ ਤੇ ਤਰਸੂਲ ਦਾ ਨਿਸ਼ਾਨ ਲਗਾਂਦੇ ਨੇ, ਦੇਵੀ ਨੇ ਖ਼ੁਸ਼ ਹੋ ਕੇ ਆਪਣੀ ਚੂੜੀ ਪਹਿਨਾਈ, ਇਸ ਵਾਸਤੇ 'ਚੁੜਾਲਾ' ਨਾਮ ਪਿਆ, ਨੌਵੀਂ ਸਦੀ ਵਿਚ ਬਠਿੰਡੇ ਕਿਲੇ ਵਿਚ 'ਬਰਾਹ' ਸ੍ਦਾਰ ਨੇ ਇਸ ਦੇ ਲੜਕੇ ਦੇਵ ਰਾਜ ਨੂੰ ਆਪਣੀ ਲੜਕੀ ਦਾ ਨਾਤਾ ਦੇ ਕੇ ਘਰ ਆਈ ਜੰਞ ਕਤਲ ਕੀਤੀ, ਇਸ ਦੇ ਪੁੱਤ੍ ਦੇਵ ਰਾਜ ਬਚਿਆ, ਜਿਸ ਨੂੰ ਇਕ ਬਰੈਹਮਣ ਨੇ ਪਾਲਿਆ, ਬਠਿੰਡੇ ਦੇ ਕਿਲੇ ਨੂੰ ਉਸ ਵਕਤ ਬਿਕਰਮ ਗੜ੍ਹ ਆਖਦੇ ਸਨ।
179.	ਦੇਵ ਰਾਜ	ਮਹਾਂ ਰਾਵਲ 'ਸਿਧ'	ਦਸਵੀਂ ਸਦੀ ਵਿਚ ਦੇਵ ਰਾਵਲ ਗ਼ਜ਼ ਕਿਲਾ ਬਨਾਇਆ, ਭੱਟੀ ਖ਼ਾਨਦਾਨ ਨੂੰ ਮੁੜ ਸੁਰਜੀਤ ਕੀਤਾ, ਅਗੋਂ ਰਾਵਲ ਤੇ ਮਹਾਂ ਰਾਵਲ ਨਾਮ ਸਦਾਇਆ।
180.	ਮੰਦ ਰਾਉ	ਮਹਾਂ ਰਾਵਲ	
181.	ਬਾਛੋ ਰਾਉ	ਮਹਾਂ ਰਾਵਲ	
182.	ਰਾਉ ਦੁਸਾਂਝ	ਮਹਾਂ ਰਾਵਲ	
183.	ਬਿਜੈ ਰਾਉ ਸ਼ਾਨੀ	ਲਾਂਝਾ ਮਹਾਂ ਰਾਵਲ	ਸੁਲਤਾਨ ਮਹਿਮੂਦ ਗਜ਼ਨਵੀ ਦੇ ਵੇਲੇ।
184.	ਭੋਜਲ ਦੇਵ	ਮਹਾਂ ਰਾਵਲ	

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
185.	ਮਹਾਂ ਰਾਵਲ ਜੈਸਲ	——	ਭਤੀਜੇ ਦੇ ਥਾਂ ਗੱਦੀ ਤੇ ਬੈਠਾ, ਰਾਜਾ ਜੈਪਾਲ ਸਿੰਘ ਮੰਡੂਰ ਰਾਵਲ ਦਾ ਰਾਜਾ ਇਸ ਨਾਲ ਨੌਂਹ ਲੈਂਦਾ ਸੀ ਤੇ ਸਾੜਾ ਕਰਦਾ ਸੀ, ਜੈਸਲ ਨੇ ਮਹਿਮੂਦ ਗਜ਼ਨਵੀ ਦੀ ਮਦਦ ਨਾਲ ਇਸ ਰਾਜੇ ਨੂੰ ਨੀਵਾਂ ਕੀਤਾ। (ਨੋਟ: ਭੋਜਲ ਦੇਵ ਨੇ ਖ਼ੁਸ਼ੀ ਨਾਲ ਚਾਚੇ ਨੂੰ ਗੱਦੀ ਦੇ ਦਿੱਤੀ, ਸੰਮਤ 1212 ਵਿਚ ਜੈਸਲਮੇਰ ਕਿਲਾ ਉਸਾਰਿਆ ਤੇ ਰਾਜਧਾਨੀ ਬਨਾਈ, ਜੈਸਲਮੇਰ ਦਾ ਰਾਜ ਏਸ ਦੇ ਨਾਮ ਤੇ ਹੈ; ਸ੍ਰੀ ਕ੍ਰਿਸ਼ਨ ਜੀ ਮਹਾਂਰਾਜ ਦੇ ਵਾਕ ਮੂਜਬ ਇਹ ਕਿਲਾ ਬਣਾਇਆ।)
186.	ਰਾਉ ਹੇਮ	——	ਹਰਿਆਣਾ, ਭਟਿਆਣਾ, ਲੱਖੀ ਜੰਗਲ, ਹਿਸਾਰ, ਹਾਂਸੀ, ਬਠਿੰਡਾ, ਭਟਨੇਰ, ਦਿੱਲੀ ਤੇ ਕਬਜ਼ਾ ਕੀਤਾ, ਸ਼ੁਹਾਬਦੀਨ ਗੌਰੀ ਨਾਲ ਮਿੜ੍ਹਤਾਈ ਗੰਢੀ ਤੇ ਰਿਆਸਤ ਪੱਕੀ ਬਣਾਈ।
187.	ਰਾਉ ਜੋਂਧਰ	——	ਪਨਵਾਰ ਕਬੀਲ ਤੇ ਸ਼ਾਹੀ ਫ਼ੌਜ ਨਾਲ ਲੜਦਾ ਰਿਹਾ, 21 ਪੁੜ੍ 21 ਮੂੰਹੀਆਂ ਇਸ ਤੋਂ ਚਲੀਆਂ।
188.	ਬਟੇ ਰਾਉ	——	ਸੰਮਤ 1324 ਵਿਚ ਗੱਦੀ ਤੇ ਬੈਠਾ ਮਸ਼ਹੂਰ ਸੂਦਾਰ ਸੀ।
189.	ਮੰਗਲ ਰਾਉ	——	1411 ਬਿਕ੍ਰਮੀ ਵਿਚ ਸ਼ਾਹੀ ਫ਼ੌਜ ਨਾਲ ਲੜਦਾ ਮਾਰਿਆ ਗਿਆ।
190.	ਅਨੰਦ ਰਾਉ	——	ਹਿਸਾਰ ਤੇ ਕਬਜ਼ਾ ਕੀਤਾ, 1422 ਬਿਕ੍ਰਮੀ ਵਿਚ ਜੰਗ ਵਿਚ ਕਤਲ ਹੋਇਆ।
191.	ਰਾਉ ਖੀਵਾ	ਖੋਟ ਸਿੰਘ	ਬਠਿੰਡਾ ਦੇ ਇਲਾਕੇ ਦੇ ਪਿੰਡ 'ਨੀਲੇ' ਦੇ ਇਕ ਜ਼ਿੰਮੀਦਾਰ ਦੇ ਘਰ ਸ਼ਾਦੀ ਹੋਣ ਕਰਕੇ ਰਾਜਪੂਤਾਂ ਨਾਲੋਂ ਤੋੜ ਵਿਛੋੜ ਹੋ ਗਈ, ਨਾਮ ਖੋਟ ਸਿੰਘ ਮਸ਼ਹੂਰ ਹੋਇਆ, ਇਸ ਕਹਾਣੀ ਦੇ ਸਹੀ ਹੋਣ ਦੀ ਤੇ ਜੱਟ ਬਣਨ ਬਾਬਤ ਅਜੇ ਪੜਤਾਲ ਦੀ ਲੋੜ ਹੈ। [ਨੋਟ: ਰਾਜਪੂਤਾਂ ਤੇ ਜੱਟਾਂ ਵਿਚ ਕਿਸ ਤਰਾਂ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
			ਫ਼ਰਕ ਹੋਇਆ, ਇਸ ਬਾਰੇ ਇਕ ਇਹ ਵੀ ਕਹਾਣੀ ਹੈ, ਕੇ ਰਾਜਪੂਤਾਂ ਵਿਚ ਵਿਧਵਾ ਵਿਵਾਹ ਨਹੀਂ ਹੋ ਸਕਦਾ ਸੀ, ਸੱਤੀ ਹੋਣ ਦਾ ਰਵਾਜ ਸੀ, ਕੁਛ ਸਿਆਣੇ ਦਰਦੀਆਂ ਨੇ ਚਾਦਰ ਅੰਦਾਜ਼ੀ ਕਰਕੇ ਸੱਤੀ ਦੀ ਰਸਮ ਬੰਦ ਕੀਤੀ, ਉਨ੍ਹਾਂ ਦੀ ਸ਼ਾਖ ਜਾਟ (ਜੱਟ) ਅਖਵਾਈ ਤੇ ਰਾਜਪੂਤਾਂ ਤੋਂ ਅੱਡ ਹੋ ਗਈ, ਤਵਾਰੀ ਜੱਟਾਂ ਦੇ ਲਿਖਾਰੀ ਰਾਜਾ ਯੁਜਾਤੀ ਨੂੰ ਮੁਢ ਕਦੀਮ ਤੋਂ ਜੱਟਾਂ ਦਾ ਵਡ ਵਡੇਰਾ ਮੰਨ ਕੇ ਇਕ ਵੱਖਰੀ ਕੌਮ ਗਿਣਦੇ ਹਨ, ਇਸ ਬਾਬਤ ਵਧੇਰੇ ਖੋਜ ਦੀ ਲੋੜ ਹੈ। *—ਅਰਜਨ ਸਿੰਘ ਚੰਦ*]
192.	ਰਾਉ ਸਿਧੂ	——	ਇਸ ਦੇ ਨਾਮ ਤੋਂ ਸਿਧੂ ਗੋਤ ਸ਼ੁਰੂ ਹੋਇਆ, ਸਿਧੂ ਗੋਤ ਦਾ ਬਾਨੀ, ਰਿਸ਼ਤਾ ਰਾਜਪੂਤਾਂ ਵਿੱਚੋਂ ਮਿਲਿਆ, ਪਰ ਜੱਟਾਂ ਵਿਚ ਚੰਗੀ ਇੱਜ਼ਤ ਪਾਈ ਤੇ ਨਵੇਂ ਸਰੇ ਸ੍ਰਦਾਰੀ ਕਾਇਮ ਕੀਤੀ।
193.	ਰਾਉ ਭੂਰਾ ਸਿੰਘ	——	
194.	ਰਾਉ ਬੀਹਾ ਸਿੰਘ	——	'ਬੀਰ' ਦਾ ਖਤਾਬ ਪੁਤ੍ਰ 'ਤਿਲਕ ਰਾਉ' ਸਾਧੂ ਹੋ ਗਿਆ ਤੇ ਲੱਖੀ ਜੰਗਲ ਵਿਚ ਰਿਹਾ।
195.	ਰਾਉ ਸੇਤਰ ਸਿੰਘ	ਸੱਤ ਰਾਜ	ਸੱਚ ਬੋਲਣ ਵਿਚ ਮਸ਼ਹੂਰ ਤੇ ਬਹਾਦਰ।
196.	ਰਾਉ ਗੋਲ ਸਿੰਘ	——	
197.	ਰਾਉ ਮਹਾਂ ਚੰਦ	——	
198.	ਰਾਉ ਹਮੀਰ ਸਿੰਘ	——	
199.	ਰਾਉ ਬਰਾੜ	——	'ਬਾਨੀ' ਸਿਧੂ ਬਰਾੜ ਗੋਤ, ਏਸ ਦੇ ਪੁੱਤ੍ਰਾਂ ਵਿੱਚੋਂ 'ਰਾਉ ਪੁਰੀ' ਦੀ ਉਲਾਦ ਮਹਾਂਰਾਜਾ ਪਟਿਆਲਾ, ਜੀਂਦ, ਨਾਭਾ ਨੇ ਤੇ ਦੂਜੇ ਪੁੱਤ੍ਰ 'ਰਾਉ ਦੁਲ' ਦੀ ਉਲਾਦ ਮਹਾਂਰਾਜਾ ਫ਼ਰੀਦ ਕੋਟ ਤੇ ਇਲਾਕਾ ਤਹਿਸੀਲ ਮੋਗਾ ਦੇ ਬਰਾੜ ਨੇ। ਇਸ ਦੀ ਕੁਛ ਉਲਾਦ ਜਮਨਾ ਪਾਰ ਦੇ ਜੱਟ ਬਰਾੜ ਨੇ, ਜ਼ਿਲਾ ਮਿੰਟਗੁਮਰੀ ਦੇ 200 ਪਿੰਡ ਵਟੂਆਂ ਦੇ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
			ਇਨਾਂ ਵਿੱਚੋਂ ਨਿਕਲ ਕੇ ਸਤਲੁਜ ਪਾਰ ਜਾ ਬੈਠੇ।
200.	ਰਾਉ ਦੁਲ	——	ਆਪਣੇ ਭਰਾ ਕੰਵਰ ਪੌੜ ਸਿੰਘ ਨਾਲ ਦੰਗਾ ਫਸਾਦ ਰਿਹਾ।
201.	ਰਾਉ ਬਿਨੇ ਪਾਲ	——	ਕਿਲਾ ਬਠਿੰਡਾ ਲਿਆ।
202.	ਮਹਾਂਰਾਜ ਅਜਿਤ ਸਿੰਘ	——	
203.	ਮਹਾਂਰਾਜ ਮਾਣਕ ਸਿੰਘ	——	
204.	ਮਹਾਂਰਾਜ ਟੀਡਾ ਸਿੰਘ	——	
205.	ਮਹਾਂਰਾਜ ਆਸੀ ਸਿੰਘ	——	
206.	ਮਹਾਂਰਾਜ ਫਤੂ ਸਿੰਘ	——	
207.	ਮਹਾਂਰਾਜ ਸੰਘਰ ਸਿੰਘ	——	ਇਨਾਂ ਨੇ ਸ਼ਾਹਜਹਾਂ ਬਾਦਸ਼ਾਹ ਦੇ ਵੇਲੇ ਰਸੂਖ ਨਾਲ ਆਪਣੀ ਵਿਗੜੀ ਚੌਧਰ ਕਾਇਮ ਕੀਤੀ ਤੇ ਰਾਜਗੱਦੀ ਫੇਰ ਬਣਾਈ। ਇਨ੍ਹਾਂ ਦੇ ਚੌਦਾਂ ਪੁੱਤ੍ਰ ਸਨ। ਮਹਾਂਰਾਜ ਸੰਘਰ ਸਿੰਘ ਦੇ ਦੋ ਰਾਣੀਆਂ ਸਨ। ਵਿਆਹੁਤਾ ਰਾਣੀ ਜਿਸ ਮੇਂ ਸੇ ਅੱਠ ਲੜਕੇ ਹੋਏ: 1. ਭੱਲਣ, 2. ਲਾਲ ਸਿੰਘ ਉਰਫ਼ ਲਾਲਾ, 3. ਜੋਧਾ, 4. ਚੀਦਾ, 5. ਧੁਨੀ, 6. ਉਗਰਾ, 7. ਗਿਆਨਾ, 8. ਵਰਿਆਮ। ਦੂਸਰੀ ਰਾਣੀ ਇਨ ਕੇ ਭਾਈ 'ਲੰਗਰ' ਕੀ ਬੇਵਾ ਥੀ। ਮਹਾਂਰਾਜ 'ਸੰਘਰ ਸਿੰਘ' ਨੇ ਉਸ ਕੋ ਕਰੇਵਾ ਕਰ ਲਿਆ। ਉਸ ਰਾਣੀ ਮੇਂ ਸੇ ਛੇ ਲੜਕੇ ਹੋਏ: 1. ਸੂਰਤੀਆ, 2. ਰਜ਼ਾਦਾ, 3. ਯਕੋ, 4. ਪੀਰੋ, 5. ਰਾਮਲ, 6. ਨੰਦ। ਰਾਜਾ ਸੰਘਰ ਦੇ ਲੜਕਿਆਂ ਦੀ ਉਲਾਦ ਜਿਨ੍ਹਾਂ 2 ਪਿੰਡਾਂ ਵਿਚ ਆਬਾਦ ਹੈ, ਉਹਨਾਂ ਪਿੰਡਾਂ ਦਾ ਵੇਰਵਾ ਇਸ ਪ੍ਰਕਾਰ ਹੈ: 1. ਭੱਲਣ—ਮਹਾਂਰਾਜ ਭੱਲਣ ਨੇ ਖ਼ੁਦ ਮੁਖ਼ਤਿਆਰ ਰਿਆਸਤ ਕਾਇਮ ਕੀਤੀ ਤੇ ਮੁਸਲਮਾਨ ਭੱਟੀਆਂ ਤੋਂ ਅੜ ਕੇ ਘਗਰ ਨਦੀ ਤੋਂ ਜਮਨਾ ਤਕ ਚੌਧਰ ਮਨਵਾਈ। 'ਭਲਣ ਚੀਰਾ ਫੜਿਆ ਅਕਬਰ ਦੇ ਦਰਬਾਰ।' 1634 ਇਸਵੀ ਵਿਚ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
			ਬੰਧੇਲ ਖੰਡ ਦੀ ਜੰਗ ਵਿਚ ਬਾਦਸ਼ਾਹ ਸ਼ਾਹ ਜਹਾਨ ਦੀ ਮਦਦ ਕਰਦੇ ਹੋਏ ਸਣੇ ਆਪਣੇ ਭਾਈ ਸ੍ਰਦਾਰ ਲਾਲ ਸਿੰਘ ਜੰਗ ਵਿਚ ਸ਼ਹੀਦ ਹੋਏ। ਆਪ ਦੇ ਕੋਈ ਉਲਾਦ ਨਾ ਸੀ। 2. ਲਾਲ ਸਿੰਘ ਉਰਫ਼ ਲਾਲਾ—ਆਪ ਦੀ ਉਲਾਦ ਰਿਆਸਤ ਫ਼ਰੀਦ ਕੋਟ ਦੀ ਮਾਲਕ ਬਨੀ, ਜਿਸ ਦਾ ਸ਼ਜਰਾ ਪਾਰਟ ਅਲੈਹਦਾ ਦਿਤਾ ਜਾਵੇਗਾ। *—ਅਰਜਨ ਸਿੰਘ ਚੰਦ* 3. ਜੋਧਾ—ਜੋਧਾ ਦੀ ਉਲਾਦ ਇਨ੍ਹਾਂ ਪਿੰਡਾਂ ਵਿਚ ਰਹਿੰਦੀ ਹੈ। ਰੋਡੇ, ਰਾਜਿਆਣਾ, ਲੰਡੇ, ਸਮਾਲਸਰ, ਕੋਟਲਾ, ਚਨੂੰ ਵਾਲਾ, ਬੁਧ ਸਿੰਘ ਵਾਲਾ, ਛੋਟੀ ਪੰਜ ਗਰਾਈਂ, ਚੱਕ ਚਿਮਨਾ, ਰਿਆਸਤ ਬਹਾਵਲਪੁਰ ਦੇ ਚੱਕ ਸੋਭਾ ਸਿੰਘ ਮੇਂ ਆਬਾਦ ਹੈਂ। 4. ਚੀਦਾ—ਸੁਖਾਨੰਦ, ਲਧਾਈ ਕੇ, ਕੋਟਲਾ ਰਾਏ ਕਾ, ਥਰਾਜ, ਦਲੂ ਵਾਲਾ, ਬੁਰਜ ਲੱਧੇ ਵਾਲਾ, ਬਹਿਬਲ ਕਲਾਂ, ਭਗਤਾ, ਚੌਧਰੀ ਵਾਲਾ, ਮਾੜੀ, ਮੋਗਾ, ਜਲਾਲੇ-ਆਣਾ, ਬਾਜ਼ਾ, ਗੋਲੇ ਵਾਲਾ, ਕਾਬਲ ਵਾਲਾ, ਡਲੇ ਵਾਲਾ, ਭੂਪ ਸਿੰਘ ਵਾਲਾ, ਹਰੀਏ ਵਾਲਾ, ਚੱਕ ਤੋਤਿਆਂ ਵਾਲਾ, ਚੱਕ ਮਹਿੰਮਦੀ ਵਾਲਾ, ਚੱਕ ਕੂੰਡਿਆਂ ਵਾਲਾ, ਚੱਕ ਬੰਦੇ ਵਾਲਾ ਹੋਰ ਵੀ ਕਈ ਪਿੰਡਾਂ ਵਿਚ ਰਹਿੰਦੇ ਹਨ। 5. ਧੁਨੀ—ਮਾਹਲਾ, ਦਾਰਾਪੁਰ ਜ਼ਿਲਾ ਫ਼ਿਰੋਜ਼ਪੁਰ। 6. ਉਗਰਾ—ਚੰਦ ਪੁਰਾਣਾ, ਚੰਦ ਨਵਾਂ, ਗਜਨ ਵਾਲਾ, ਜੈਮ ਵਾਲਾ, ਭੇਖਾ, ਦਦਾਊਰ, ਨਥੂ ਵਾਲਾ, ਲੰਗੇਆਣਾ ਵਡਾ, ਲੰਗੇਆਣਾ ਛੋਟਾ, ਆਲਮ ਵਾਲਾ ਵੱਡਾ,

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
			ਆਲਮ ਵਾਲਾ ਛੋਟਾ, ਬਾਘਾ ਪੁਰਾਣਾ, ਚੋਟੀਆਂ, ਜ਼ਿਲਾ ਫ਼ਿਰੋਜ਼ਪੁਰ। ਕੁਛ ਰਿਆਸਤ ਫ਼ਰੀਦਕੋਟ ਵਿਚ ਆਬਾਦ ਹੈ। 7. ਗਿਆਨਾ—ਭਲੂਰ, ਜਿਉਣ ਵਾਲਾ, ਹਰੀਏ ਵਾਲਾ, ਨਾਥੇ ਵਾਲਾ, ਹਸਨ ਭੱਟੀ, ਚੱਕ ਕੜਿਆਂ ਵਾਲਾ, ਜ਼ਿਲਾ ਫੀਰੋਜ਼ਪੁਰ ਤੇ ਰਿਆਸਤ ਫ਼ਰੀਦਕੋਟ ਅਤੇ ਚੱਕ ਹਰਨਾਂ ਵਾਲਾ, ਚੱਕ ਚੋਪਾਲੀਆ, ਰਿਆਸਤ ਬਹਾਵਲਪੁਰ ਮੇਂ ਆਬਾਦ ਹੈਂ। 8. ਵਰਿਆਮ—ਇਸ ਦੀ ਉਲਾਦ ਦਾ ਪਤਾ ਨਹੀਂ ਲੱਗਾ। ਪੜਤਾਲ ਜਾਰੀ ਹੈ। *—ਅਰਜਨ ਸਿੰਘ ਚੰਦ* 9. ਸੂਰਤੀਆ—ਮੰਗੇਵਾਲਾ ਬੜਾ ਘਰ, ਬਘੇਲੇ ਵਾਲਾ ਮੇਂ ਆਬਾਦ ਹੈਂ। 10. ਰਜ਼ਾਦਾ—ਇਸ ਦੀ ਵੀ ਉਲਾਦ ਦਾ ਪਤਾ ਨਹੀਂ ਲੱਗਾ, ਖੋਜ ਜਾਰੀ ਹੈ। *—ਅਰਜਨ ਸਿੰਘ ਚੰਦ* 11. ਯੱਕੋ—ਇਨ੍ਹਾਂ ਦੀ ਉਲਾਦ ਜ਼ਿਲਾ ਕਰਨਾਲ ਜਮਨਾ ਦੇ ਕਿਨਾਰੇ ਰਹਿੰਦੀ ਹੈ। 12. ਪੀਰੋ—ਇਨ੍ਹਾਂ ਦੀ ਉਲਾਦ ਜ਼ਿਲਾ ਕਰਨਾਲ ਜਮਨਾ ਦੇ ਕਿਨਾਰੇ ਰਹਿੰਦੀ ਹੈ। 13. ਰਾਮਲ—ਖਾਰਾ, ਮਾਨੀ ਵਾਲਾ, ਘੁਦੂਵਾਲਾ, ਮੈਹਿਮੂਆਣਾ, ਚੱਕ ਮੱਲਣਵਾਲਾ, ਉਦੇ ਕਰਨ, ਕੋਟਲੀ, ਸੋਭਾ ਸਿੰਘ ਕੁਛ ਰਿਆਸਤ ਬੀਕਾਨੇਰ ਵਿਚ ਹੈ। 14. ਨੰਦ—ਨਿਆਮੀ ਵਾਲਾ, ਰਿਆਸਤ ਫ਼ਰੀਦਕੋਟ ਅਤੇ ਕੁਛ ਬੜੇ ਘਰ ਮੇਂ ਆਬਾਦ ਹੈ।
208.	ਉਗਰਾ	——	
209.	ਸ਼ਈਆ	——	
210.	ਮੱਤਾ	——	

ਨੰਬਰ ਪੀਹੜੀ	ਨਾਮ	ਦੂਸਰਾ ਨਾਮ
211.	ਬੋਹਨ	—
212.	ਕੰਪਾਰੀ	—
213.	ਹਾਕਮ ਸਿੰਘ	—
214.	ਗੁਲਾਬ ਸਿੰਘ	—
215.	ਪ੍ਰਤਾਪ ਸਿੰਘ	—

ਸ਼ਾਖ ਅਤੇ ਸ਼ਾਖਾਵਾਂ

ਜਵਾਹ ਸਿੰਘ

ਗੁਲਾਬ ਸਿੰਘ — ਨਾਥਾ ਸਿੰਘ

ਮੁਹੰਮਦ ਸਿੰਘ — ਸਾਹਿਬ ਸਿੰਘ — ਸੁਜਾਨ ਸਿੰਘ — ਸੁਰਤਾ ਸਿੰਘ — ਹਰਦੇ ਸਿੰਘ

ਜੀਵਾ ਸਿੰਘ — ਦੇਵਾ ਸਿੰਘ — ਗੁਰਦਿੱਤ ਸਿੰਘ — ਮਰੋੜ ਸਿੰਘ

ਹੀਰਾ ਸਿੰਘ — ਨੰਦਾ ਸਿੰਘ

ਮਹਾਨੰਦ ਸਿੰਘ — ਮੁਕੰਦਾ ਸਿੰਘ — ਮਹਾਨੰਦ ਸਿੰਘ

ਰਾਮਾ ਸਿੰਘ — ਰਤਨਾ ਸਿੰਘ — ਮਦਨਾ ਸਿੰਘ — ਰਤਨ ਸਿੰਘ — ਨਰੈਂਜਣ ਸਿੰਘ

ਰਾਮਾ ਸਿੰਘ — ਨਿਹਾਲ ਸਿੰਘ — ਸੁਖਾ ਸਿੰਘ — ਗੁਰਮੁਖ ਸਿੰਘ — ਹਰਨਾਮ ਸਿੰਘ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
216.	ਸੰਤਾ ਸਿੰਘ	——	ਜਨਵਰੀ 1909 ਵਿਚ ਕੈਨੇਡਾ ਵਿਖੇ ਆਇਆ। 1914 ਦੀ ਗ਼ਦਰ ਲਹਿਰ ਦੇ ਮੌਕੇ ਦੇਸ ਨੂੰ ਚਲਾ ਗਿਆ। 1920 ਵਿਚ ਦੁਬਾਰਾ ਕੈਨੇਡਾ ਵਿਚ ਆ ਗਿਆ। ਮਾਲਵਾ ਸੁਧਾਰ ਕਮੇਟੀ ਔਫ਼ ਕੈਨੇਡਾ ਦਾ ਕਈ ਵਾਰ ਪ੍ਰੇਜੀਡੈਂਟ ਰਿਹਾ। 1929 ਨੂੰ ਮਾਲਵਾ ਸੁਧਾਰ ਵਲੋਂ ਡੈਲੀਗੇਟ ਬਣ ਕੇ ਅਮਰੀਕਾ ਗਿਆ। ਗੁਰਦੁਆਰਾ ਵੈਨਕੋਵਰ ਦਾ ਕਈ ਵਾਰ ਖ਼ਜ਼ਾਨਚੀ ਅਤੇ ਮੈਂਬਰ ਰਿਹਾ ਅਤੇ 28 ਦਸੰਬਰ 1955 ਨੂੰ ਕੈਨੇਡਾ ਵਿਖੇ ਹੀ ਚਲਾਣਾ ਕਰ ਗਿਆ।
217.	ਅਰਜਨ ਸਿੰਘ	——	ਜਨਮ 30 ਅਗਸਤ 1909 ਨੂੰ ਪਿੰਡ ਚੰਦ ਨਵੇਂ ਮਾਤਾ ਰਾਮ ਕੌਰ ਦੀ ਕੁਖੋਂ ਹੋਇਆ। ਪੜ੍ਹਾਈ ਤੋਂ ਬਾਦ 15 ਨਵੰਬਰ 1926 ਨੂੰ ਕੈਨੇਡਾ ਵਿਚ ਆਪਣੇ ਬਾਪ ਪਾਸ ਗਿਆ। ਕੈਨੇਡਾ ਵਿਚ ਹਿੰਦੋਸਤਾਨੀ ਕੈਨੇਡੀਅਨ ਕਾਂਗਰਸ ਦਾ ਐਗਜ਼ੈਕਟਿਵ ਮੈਂਬਰ ਰਿਹਾ। ਖ਼ਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ 1933 ਵਿਚ ਵਾਇਸ ਸਕੱਤ੍ਰ, 1936 ਵਿਚ ਜਨਰਲ ਸਕੱਤ੍ਰ ਰਹੇ। 27 ਨਵੰਬਰ 1937 ਨੂੰ ਦੇਸ ਨੂੰ ਚਲੇ ਗਏ। ਜਨਵਰੀ 24, 1940 ਨੂੰ ਸ੍ਰਦਾਰ ਬਚਨ ਸਿੰਘ ਜ਼ੈਲਦਾਰ ਪਿੰਡ ਵਧਣੀ ਕਲਾਂ ਦੀ ਸੁਪਤ੍ਰੀ ਚੰਦ ਕੌਰ ਨਾਲ ਸ਼ਾਦੀ ਹੋਈ। 1945 ਮਈ ਨੂੰ ਮੋਗੇ ਮਾਲਵਾ ਬੱਸ ਸਰਵਿਸ ਦੇ ਬੁਕਿੰਗ ਕਲਰਕ 1950 ਤਕ ਰਹੇ। ਨਵੰਬਰ 18, 1950 ਨੂੰ ਦੇਸ ਤੋਂ ਕੈਨੇਡਾ ਨੂੰ ਰਵਾਨਾ ਹੋ ਕੇ 22 ਦਸੰਬਰ 1950 ਨੂੰ ਕੈਨੇਡਾ ਵਿਚ ਪੁੱਜ ਗਏ। ਖ਼ਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ 1951 ਵਿਚ ਪ੍ਰਧਾਨ, 1952 ਮੈਂਬਰ, 1953, 1957, 1958, 1961 ਵਿਚ ਜਨਰਲ ਸਕੱਤ੍ਰ ਰਹੇ ਹਨ। ਕੈਨੇਡਾ ਦੇ ਸਿੱਖਾਂ ਦੀ ਹਿਸਟਰੀ ਦਾ

ਨੰਬਰ ਪੀਹੜੀ	ਨਾਮ	ਦੂਜਾ ਨਾਮ	ਰੀਮਾਰਕ (ਹਾਲ ਚਾਲ)
			ਮਸਾਲਾ ਅਥਵਾ 1904 ਤੋਂ ਲੈ ਕੇ 1961 ਤਕ ਆਪ ਦੇ ਪਾਸ ਮੌਜੂਦ ਹੈ। *—ਅਰਜਨ ਸਿੰਘ ਚੰਦ*
218.	ਅਮਰਜੀਤ ਸਿੰਘ	——	ਜਨਮ 6 ਸਤੰਬਰ, 1947 ਨੂੰ ਮੋਗੇ ਹਸਪਤਾਲ ਵਿਖੇ ਹੋਇਆ। ਅਗਸਤ 1951 ਨੂੰ ਕੈਨੇਡਾ ਵਿਚ ਆ ਗਿਆ।
219.	ਬਰਇੰਦਰ ਜੀਤ ਸਿੰਘ	——	ਜਨਮ 7 ਅਗਸਤ 1972 ਨੂੰ ਮੋਗੇ ਮਧੇਵਾਲੇ ਹਸਪਤਾਲ ਵਿਚ ਹੋਇਆ।
	ਸੁਖਪਾਲਜੀਤ ਸਿੰਘ	——	ਜਨਮ 14 ਨਵੰਬਰ, 1974 ਨੂੰ ਵੈਨਕੁਵਰ ਜਰਨਲ ਹਸਪਤਾਲ ਵਿਚ ਹੋਇਆ।
	ਗੁਰਇੰਦਰਪਾਲ ਜੀਤ ਸਿੰਘ	——	ਜਨਮ 31 ਮਾਰਚ, 1981 ਨੂੰ ਵੈਨਕੁਵਰ ਜਰਨਲ ਹਸਪਤਾਲ ਵਿਚ ਹੋਇਆ।

ਨੋਟ : ਬੰਸਾਵਲੀ ਦੇ ਲਿਖਾਰੀ ਬਿਆਸ ਜੀ ਨੇ ਬਰ੍ਹਮਾਂ ਦੀ ਉਤਪਤੀ ਕੰਵਲ ਤੋਂ ਤੇ ਕੰਵਲ ਦੀ ਉਤਪਤੀ ਸ਼੍ਰੀ ਵਾਹਿਗੁਰੂ ਜੀ ਤੋਂ ਹੋਣੀ ਦੱਸੀ ਹੈ। ਇਸ ਵਾਸਤੇ ਏਥੇ ਵੀ ਉਸੇ ਪ੍ਰਕਾਰ ਹੀ ਨਕਲ ਕੀਤੀ ਜਾਂਦੀ ਹੈ। ਵਾਹਿਗੁਰੂ ਨੇ ਇਹ ਸ੍ਰਿਸ਼ਟੀ ਕੰਵਲ ਦੇ ਰਾਹੀਂ ਸਾਜੀ, ਜਾਂ ਕਿਸੇ ਹੋਰ ਤਰਾਂ ਸੱਜ ਗਈ ਜਾਂ ਇਸ ਤੋਂ ਉਪਰ ਵੀ ਆਦਮੀ ਸਨ, ਜਿਨ੍ਹਾਂ ਦੇ ਨਾਮ ਦਾ ਪਤਾ ਨਹੀਂ ਲੱਗ ਸਕਿਆ। ਏਹ ਐਸੇ ਸਵਾਲ ਨੇ ਜਿਨ੍ਹਾਂ ਦਾ ਉੱਤਰ ਬੰਦੇ ਦੀ ਅਕਲ ਅੱਜ ਤਕ ਦੇ ਨਹੀਂ ਸਕੀ। ਹਾਂ, ਇਸ ਡੂੰਘੇ ਸਮੁੰਦਰ ਵਿਚ ਅਕਲ ਦੇ ਗੋਤੇ ਬਹੁਤ ਮਾਰੇ ਜਾ ਰਹੇ ਨੇ। ਸੋ ਪਾਠਕ ਭੀ ਅਕਲ ਮੂਜਬ ਅੱਗੇ ਅਨਮਾਨ ਲਾ ਸਕਦੇ ਨੇ। ਹਾਂ, ਜੇਕਰ ਹਰ ਆਦਮੀ ਦਾ ਉਮਰ 25 ਸਾਲ ਔਸਤ ਲਾਈਏ ਤਾਂ ਲੱਗ ਭੱਗ ਸਤ ਕੁ ਹਜ਼ਾਰ ਵਰਹੇ ਬਨਦੇ ਨੇ, ਪਰ ਪਿਛਲੇ ਬਜ਼ੁਰਗਾਂ ਦੀ ਉਮਰ ਔਸਤ ਮੂਜਬ ਅੱਜ ਨਾਲੋਂ ਕਿਤੇ ਜ਼ਿਆਦਾ ਸੀ। ਇਸ ਕਰਕੇ ਅਸਲ ਅਤੇ ਪੂਰੇ ਸਾਲਾਂ ਦਾ ਵੇਰਵਾ ਕਢਣਾ ਮੁਸ਼ਕਲ ਹੈ।

ਪਿਤਾ ਕਾ ਜਨਮ ਕਿਆ ਜਾਨੇ ਪੂਤ

ਅਰਜਨ ਸਿੰਘ ਚੰਦ 'ਲੇਖਕ'

ਗੁਰਦੁਆਰਾ ਵਿਕਟੋਰੀਆ ਵਾਸਤੇ 1908 ਵਿਚ 1210 Topaz Ave ਵਾਲੀਆਂ ਲਾਟਾਂ ਖ਼ਰੀਦੀਆਂ, ਜਿਥੇ ਹੁਣ ਗੁਰਦੁਆਰਾ ਬਣਿਆ ਹੈ।

1908 ਵਿਚ ਜਿਥੇ ਗੁਰਦੁਆਰਾ ਵਿਕਟੋਰੀਆ ਬਨਣ ਤੋਂ ਪਹਿਲਾਂ ਗੁਰੂ ਗਰੰਥ ਸਾਹਿਬ ਦੀ ਬੀੜ ਪ੍ਰਕਾਸ਼ ਕਰਦੇ ਰਹੇ, ਉਹ ਜਗ੍ਹਾ Johnson Street ਤੇ ਕਰਾਏ ਪਰ ਲਈ ਸੀ। ਗੁਰਦੁਆਰਾ ਵਿਕਟੋਰੀਆ ਦੇ ਪਹਿਲੇ ਉਹਦੇਦਾਰ ਏਹ ਸੱਜਣ ਸਨ: 'ਭਾਈ ਹੀਰਾ ਸਿੰਘ, ਪਿੰਡ ਨੰਗਲ, ਪ੍ਰੈਜ਼ੀਡੰਟ'; 'ਭਾਈ ਬਚਨ ਸਿੰਘ, ਪਿੰਡ ਸੁਰ ਸਿੰਘ, ਸਕੱਤ੍ਰ'; 'ਭਾਈ ਸ੍ਦਾਰਾ ਸਿੰਘ, ਪਿੰਡ ਖੇੜੀ ਖ਼ਜ਼ਾਨਚੀ'; 'ਭਾਈ ਬਿਸ਼ਨ ਸਿੰਘ, ਪਿੰਡ ਟੱਲੇਵਾਲ, ਮੈਂਬਰ'; 'ਭਾਈ ਮੇਹਰ ਸਿੰਘ, ਪਿੰਡ ਭੁਲੇਰ, ਮੈਂਬਰ'। ਭਾਈ ਸ੍ਦਾਰਾ ਸਿੰਘ ਖੇੜੀ 1908 ਤੋਂ ਲੈ ਕੇ 1913 ਤਕ ਖ਼ਜ਼ਾਨਚੀ ਰਹੇ। 1913 ਤੋਂ ਭਾਈ ਜੁਵਾਲਾ ਸਿੰਘ, ਪਿੰਡ ਸਮਰਾੜੀ ਗੁਰਦੁਆਰੇ ਦੇ ਖ਼ਜ਼ਾਨਚੀ ਬਣੇ। ਜੁਵਾਲਾ ਸਿੰਘ $ 700-00 ਸੱਤ ਸੌ ਡਾਲਰ ਖਾ ਗਿਆ। ਫਿਰ ਭਾਈ ਕਰਤਾਰ ਸਿੰਘ 'ਚੰਦ' ਨੇ ਹਸਾਬ ਕਰਕੇ ਕੱਢਿਆ ਅਤੇ ਜੁਵਾਲਾ ਸਿੰਘ ਤੋਂ $ 700-00 ਡਾਲਾ ਵਾਪਸ ਲਿਆ।

1908 ਨੂੰ ਵੈਨਕੋਵਰ ਤੋਂ ਭਾਈ ਸੁੰਦਰ ਸਿੰਘ ਨਥੋ ਕੇ, ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਸ੍ਦਾਰ ਤੇਜਾ ਸਿੰਘ, ਭਾਈ ਸ੍ਦਾਰਾ ਸਿੰਘ ਮਲਕ ਵਿਕਟੋਰੀਏ ਆ ਕੇ ਸੰਗਤਾਂ ਦੇ ਉਦਮ ਦੀ ਪ੍ਸੰਸਾ ਕੀਤੀ ਅਤੇ ਨਵੇਂ ਗੁਰਦੁਆਰੇ ਲਈ ਪ੍ਰੇਰਨਾ ਕੀਤੀ।

[ਜ਼ਬਾਨੀ ਸ੍ਦਾਰਾ ਸਿੰਘ ਖੇੜੀ]

ਗੁਰਦੁਆਰਾ ਐਬਟਸਫੋਰਡ ਦੇ ਬਨਣ ਦੇ ਮੁਤੱਅਲਕ 20 ਨਵੰਬਰ 1911 ਦੇ 'ਖਾਲਸਾ ਹੈਰਲਡ' ਵੈਨਕੋਵਰ ਬੀ.ਸੀ. ਦੇ ਪੰਜਾਬੀ ਅਖਬਾਰ ਵਿਚ ਇਉਂ ਛਪਿਆ ਹੈ: ਐਬਸਰਫੋਰਡ ਅਪਨੀ ਏਕੜ ਵਿਚ ਗੁਰਦੁਆਰਾ ਤਿਆਰ ਹੋ ਰਿਹਾ ਹੈ। ਵੀਰ ਹਰੀ ਸਿੰਘ (ਸ੍ਦਾਰਾ ਸਿੰਘ) ਹੋਰਾਂ ਤੋਂ ਸਤਿਗੁਰੂ ਜੀ ਅਪਨੀ ਕਿਰਪਾਲਤਾ ਦੁਆਰਾ ਨਿਰਮਾਣ ਸੇਵਾ ਲੈ ਰਹੇ ਹਨ। ਵੀਰ ਹੋਰੀ ਗੁਰਦੁਆਰੇ ਦੀ ਪੂਰਨਤਾ ਵਿਚ ਜੁਟੇ ਹੋਏ ਹਨ। ਇਸ ਲਈ ਦੇਸ ਜਾਂਦੇ ਅੱਟਕ ਗਏ ਹਨ। ਐਬਟਸਫੋਰਡ ਦੀ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਖਾਸ ਪ੍ਰੇਰਨਾ ਹੈ। $ 415-00 ਡਾਲਰ ਨਕਦ ਹੋ ਚੁਕੇ ਹਨ। 'ਖਾਲਸਾ ਹੈਰਲਡ' ਅਖਬਾਰ ਮੇਰੀ ਫਾਇਲ ਦੇ ਵਿਚ ਮੌਜੂਦ ਹੈ। ਲੇਖਕ ਅਰਜਨ ਸਿੰਘ 'ਚੰਦ'


[ਭਾਈ ਸ੍ਦਾਰਾ ਸਿੰਘ ਮਲਕ ਵਾਲੇ ਨੇ ਗੁਰਦੁਆਰਾ ਐਬਟਸਫੋਰਡ $ 2600-00 ਡਾਲਰ ਖਰਚ ਕੇ ਬਣਵਾਇਆ ਸੀ। ਜ਼ਬਾਨੀ ਇੰਦਰ ਸਿੰਘ ਅਖਾੜਾ]



ਭਾਈ ਅਰਜਨ ਸਿੰਘ



ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ
ਕੈਨੇਡਾ ਦਾ ਪਹਿਲਾ ਗੁਰਦੁਆਰਾ ਜੋ ਜਨਵਰੀ 1908 ਵਿਚ ਸਥਾਪਿਤ ਹੋਇਆ।
ਇਹ ਫੋਟੋ 11 ਅਕਤੂਬਰ, 1936 ਨੂੰ ਲਈ ਗਈ।



ਭਾਈ ਅਰਜਨ ਸਿੰਘ ਉਨ੍ਹਾਂ ਦੇ ਪਿਤਾ ਸ: ਸੰਤਾ ਸਿੰਘ ਤੇ ਸਪੁੱਤਰ ਅਮਰਜੀਤ ਸਿੰਘ



ਭਾਈ ਅਰਜਨ ਸਿੰਘ ਤੇ ਬੀਬੀ ਚੰਦ ਕੌਰ




ਭਾਈ ਅਰਜਨ ਸਿੰਘ ਤੇ ਨਾਲ ਇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਿਰ 'ਤੇ
ਚੁੱਕਿਆ ਹੋਇਆ ਤੇ ਨਾਲ ਸਿੰਘ ਸਾਹਿਬ ਗਿ: ਮਨੀ ਸਿੰਘ ਜੀ (ਪੋਰਟ ਅਲਬਰਨੀ, ਬੀ.ਸੀ.)



ਭਾਈ ਅਰਜਨ ਸਿੰਘ, ਉਨ੍ਹਾਂ ਦੀ ਧਰਮ ਪਤਨੀ ਬੀਬੀ ਚੰਦ ਕੌਰ
ਅਤੇ ਬੇਟਾ ਅਮਰਜੀਤ ਸਿੰਘ ਬਰਾੜ



ਸ਼ਹੀਦੀ ਜੱਥਾ—ਜੈਤੋ ਦੇ ਮੋਰਚੇ ਲਈ



ਭਾਈ ਅਮਰਜੀਤ ਸਿੰਘ ਬਰਾੜ, ਉਨ੍ਹਾਂ ਦੀ ਪਤਨੀ ਪ੍ਰਕਾਸ਼ ਕੌਰ ਤੇ ਸਪੁੱਤਰ, ਨੂੰਹ ਤੇ ਪੋਤਰੇ ਨਾਲ

ਕੈਨੇਡਾ ਦੇ ਸਿੱਖਾਂ ਦੇ ਇਤਿਹਾਸ ਵਿਚ ਕੁਝ ਮਹੱਤਵਪੂਰਨ ਘਟਨਾਵਾਂ ਤੇ ਸਮਾਂ

ਵਿਸ਼ੇਸ਼ ਨੋਟ : ਭਾਈ ਅਰਜਨ ਸਿੰਘ ਚੰਦ ਦੀ ਇਹ ਇਤਿਹਾਸਕ ਡਾਇਰੀ ਵਿਚ ਬਿਰਤਾਂਤ 6 ਅਕਤੂਬਰ, 1908 ਤੋਂ ਲਿਖਣੇ ਸ਼ੁਰੂ ਕੀਤੇ ਗਏ ਹਨ। ਖ਼ਾਲਸਾ ਦੀਵਾਨ ਸੁਸਾਇਟੀ 22 ਅਕਤੂਬਰ, 1906 ਵਿਚ ਬਣੀ ਅਤੇ ਮਾਰਚ 1909 ਵਿਚ ਬੀ.ਸੀ. ਦੇ ਸੁਸਾਇਟੀ ਐਕਟ ਅਨੁਸਾਰ ਵਿਕਟੋਰੀਆ ਵਿਖੇ ਰਜਿਸਟਰਡ ਕਰਾਈ ਗਈ। ਇਸ ਦਾ ਪਹਿਲਾ ਸੰਵਿਧਾਨ ਪ੍ਰੋਫ਼ੈਸਰ (ਸੰਤ) ਤੇਜਾ ਸਿੰਘ ਜੀ ਨੇ ਲਿਖਿਆ ਸੀ। ਵੈਨਕੂਵਰ ਦਾ ਗੁਰਦੁਆਰਾ ਸਾਹਿਬ ਦਾ ਉਦਘਾਟਨ 19 ਜਨਵਰੀ, 1908 ਨੂੰ ਹੋਇਆ। ਇਸ ਤੋਂ ਪਹਿਲਾਂ ਸੰਗਤਾਂ ਵੱਲੋਂ ਹਫ਼ਤਾਵਾਰੀ ਦੀਵਾਨ ਸਜਾਏ ਜਾਂਦੇ ਸਨ, ਪਰ ਗੁਰਦੁਆਰਾ ਸਾਹਿਬ ਦੀ ਅਣਹੋਂਦ ਕਾਰਨ ਦੀਵਾਨ ਵੱਖ ਵੱਖ ਥਾਵਾਂ 'ਤੇ ਸਜਾਏ ਜਾਂਦੇ ਹੋਣਗੇ। ਗੁਰਦੁਆਰਾ ਸਾਹਿਬ ਬਨਾਉਣ ਲਈ ਅਸਲ ਮੋਢੀ ਭਾਈ ਅਰਜਨ ਸਿੰਘ, ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ ਸਨ, ਜੋ ਗੁਰਦੁਆਰਾ ਸਾਹਿਬ ਦੀ ਇਮਾਰਤ ਪੂਰੀ ਹੋਣ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ। ਭਾਈ ਕਰਤਾਰ ਸਿੰਘ, ਨਵਾਂ ਚੰਦ ਅਨੁਸਾਰ ਉਹ 22 ਅਕਤੂਬਰ, 1907 ਨੂੰ ਚੜ੍ਹਾਈ ਕਰ ਗਏ, ਪਰ ਭਾਈ ਮਿੱਤ ਸਿੰਘ ਪੰਡੋਰੀ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਦੀ ਪਹਿਲੀ ਰਿਪੋਰਟ ਅਨੁਸਾਰ ਉਨ੍ਹਾਂ ਦੀ ਮ੍ਰਿਤੂ 22 ਅਪ੍ਰੈਲ, 1907 ਨੂੰ ਹੋਈ। ਆਪ ਜੀ 1904 ਵਿਚ ਵੈਨਕੂਵਰ ਆਏ ਤੇ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਲਿਆਏ। ਕਾਫ਼ੀ ਸਿੱਖ 1907 ਵਿਚ ਆਏ, ਜਿਨ੍ਹਾਂ 'ਚ ਵਿਸ਼ੇਸ਼ ਨਾਂਵ ਭਾਈ ਕਰਤਾਰ ਸਿੰਘ ਨਵਾਂ ਚੰਦ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਭਾਈ ਕਪੂਰ ਸਿੰਘ ਮੋਹੀ ਤੇ ਹੋਰ ਜੋ ਗ਼ਦਰ ਲਹਿਰ ਵਿਚ ਪੂਰੇ ਸਰਗਰਮ ਰਹੇ ਤੇ ਕੌਮ ਦੇ ਯੋਗ ਨੇਤਾ ਬਣੇ। *—ਸੰਪਾਦਕ*

1904 ਵਿਚ ਸਭ ਤੋਂ ਪਹਿਲਾਂ ਕੈਨੇਡਾ ਵਿਚ ਹੇਠ ਲਿਖੇ ਸਜਣ ਆਏ :

1. ਸੰਤਾ ਸਿੰਘ ਗੁਦੇ, 2. ਭਗਤ ਸਿੰਘ ਗੁਦੇ, 3. ਸੰਧੀ ਤੇਲੀ ਗੁਦੇ,
4. ਇੰਦਰ ਸਿੰਘ ਸੁਰਸਿੰਘ, 5. ਮੇਲਾ ਸੱਕਾ ਗੁੱਦੇ, 6. ਜਵਾਲਾ ਸਿੰਘ ਖੜੌਦੀ,
7. ਮੌਲਾ ਹਲਵਾਰਾ।

ਸ਼ਹੀਦ ਭਾਈ ਮੇਵਾ ਸਿੰਘ ਦੇ ਪਿਤਾ ਦਾ ਨਾਮ ਭਾਈ ਨੰਦ ਸਿੰਘ ਪਿੰਡ ਲੌਪੋਕੇ।

ਭਾਈ ਮੇਵਾ ਸਿੰਘ ਜੀ ਦੇ ਭਰਾਤਾ ਭਾਈ ਦੇਵਾ ਸਿੰਘ, ਤਾਇਆ ਭਾਈ ਚੰਦਾ ਸਿੰਘ, ਪੋਤਰੇ ਠਾਕਰ ਸਿੰਘ, ਸਵਰਨ ਸਿੰਘ।

ਨਾਗਰ ਸਿੰਘ ਪਿੰਡ ਨੌਰੰਗਪੁਰ, ਕੁਲਾਰ, ਜ਼ਿਲਾ ਜਲੰਧਰ, ਜੋ ਹਾਂਡੋ ਰਾਸ ਨੂੰ ਗਏ ਸਨ।

ਸ਼ਾਮ ਸਿੰਘ ਰਜਪੂਤ, ਪਿੰਡ ਜਗਰਾਉਂ, ਜਿਲਾ ਲੁਧੇਆਣਾ, ਜੋ ਹਾਂਡੋ ਰਾਸ ਨੂੰ ਗਏ ਸਨ।

ਅਕਤੂਬਰ 16-1908 ਦਿਨ ਬੁਧਵਾਰ ਨੂੰ ਹਾਰਕਨ ਪਾਦਰੀ ਰਾਈਟ ਤੇ ਹਾਪਕੰਸਨ ਅਤੇ ਸਿੱਖਾਂ ਦੇ ਆਗੂਆਂ ਦੀ ਇਕ ਗਿਰਜੇ ਵਿਚ ਵੈਨਕੋਵਰ ਕਾਨਫਰੰਸ ਹੋਈ, ਜਿਸ ਵਿਚ

ਫੈਸਲਾ ਹੋਇਆ ਕਿ ਹਾਂਡੂ ਰਾਸ ਨੂੰ ਦੇਖਣ ਲਈ ਸਿਖਾਂ ਵਿਚੋਂ ਡੈਪੂਟੇਸ਼ਨ ਭੇਜਿਆ ਜਾਵੇ।

ਅਕਤੂਬਰ 25-1908 ਨੂੰ ਭਾਈ ਨਾਗਰ ਸਿੰਘ ਅਤੇ ਸ਼ਾਮ ਸਿੰਘ ਹੋਰੀ ਹਾਂਡੋ ਰਾਸ ਪੁਹੰਚੇ।

ਨਵੰਬਰ 7-1908 ਨੂੰ ਭਾਈ ਨਾਗਰ ਸਿੰਘ ਸ਼ਾਮ ਸਿੰਘ ਹੋਰੀ ਵਾਪਸ ਵੈਨਕੋਵਰ ਆ ਗਏ।

ਨਵੰਬਰ 22-1908 ਨੂੰ ਗੁਰਦੁਆਰਾ ਵੈਨਕੋਵਰ ਵਿਚ ਭਾਈ ਨਾਗਰ ਸਿੰਘ ਹੋਰੀਂ ਹਾਂਡੂ ਰਾਸ ਦੇ ਸਭ ਹਾਲਾਤ ਸੰਗਤਾਂ ਨੂੰ ਸੁਣਾਏ।

ਦਸੰਬਰ 6-1908 ਨੂੰ ਗੁਰਦੁਆਰਾ ਵੈਨਕੋਵਰ ਵਿਚ ਮੀਟੰਗ ਹੋਈ ਜਿਸ ਵਿਚ ਕੈਨੇਡਾ ਗੌਰਮਿੰਟ ਵਲੋਂ ਸਕਤ੍ਰ ਅਟਾਵਾ, ਡਾਕਟਰ ਮਨਰੋ, ਦੋ ਪਾਦਰੀ, ਤਿਨ ਪੰਜਾਬੀ ਬਾਤ ਕਰਨ ਵਾਲੇ ਗੋਰੇ ਹਾਪਕੰਸਨ ਵਗੈਰਾ ਗੁਰਦੁਆਰੇ ਆਏ ਪਰ ਗੁਰਦੁਆਰੇ ਦੇ ਅੰਦਰ ਨਹੀਂ ਗਏ।

ਦਸੰਬਰ 10-1908 ਨੂੰ ਕੈਨੇਡਾ ਦੀ ਸ੍ਕਾਰ ਨੇ ਪਾਸ ਕਰ ਦਿਤਾ ਕਿ ਹਿੰਦੀਆਂ ਨੂੰ ਜ਼ਬਰਦਸਤੀ ਦੇਸ ਨਕਾਲਾ ਦੇਣ ਦੀ ਕੋਈ ਸਲਾਹ ਨਹੀਂ।

ਅਪ੍ਰੈਲ 16-1911 ਨੂੰ ਸਿਖਾਂ ਦੀ ਆਮ ਜਨਤਕ ਮੀਟੰਗ ਨੇ ਮੰਗ ਕੀਤੀ ਕਿ ਹਿੰਦੀਆਂ ਨੂੰ ਟੱਬਰ ਲਿਔਣ ਦੀ ਖੁਲ੍ਹ ਹੋਵੇ।

ਭਾਈ ਭਾਗ ਸਿੰਘ, ਬਲਵੰਤ ਸਿੰਘ, ਹਾਕਮ ਸਿੰਘ ਜਗੀਰਦਾਰ* ਸਮੇਤ ਪ੍ਵਾਰਾਂ **ਜੁਲਾਈ** 1911 ਵਿਚ ਹਾਂਗ ਕਾਂਗ ਚਲੇ ਗਏ। ਅਗਸਤ ਵਿਚ ਸਾਂਨਫਰਾਂਸਿਸਕੋ ਗਏ। ਉਥੋਂ ਵਾਪਸ ਫਿਰ ਹਾਂਗ ਕਾਂਗ ਮੋੜੇ ਗਏ ਅਤੇ ਦੁਬਾਰਾ **ਜਨਵਰੀ** 21-1912 ਨੂੰ ਏਹ ਸਜਣ ਸਮੇਤ ਪ੍ਵਾਰਾਂ ਦੇ ਵੈਨਕੋਵਰ ਪੁੱਜ ਗਏ। ਆਦਮੀਆਂ ਨੂੰ ਜਹਾਜੋਂ ਉਤਾਰ ਦਿੱਤਾ ਗਿਆ। ਇਸਤਰੀਆਂ ਅਤੇ ਬਚਿਆਂ ਨੂੰ ਬੰਦ ਕਰ ਲਿਆ ਗਿਆ ਅਤੇ ਕੈਨੇਡਾ ਵਿਚੋਂ ਕਢੇ ਜਾਣ ਦਾ ਹੁਕਮ ਦਿੱਤਾ ਗਿਆ। ਅਪੀਲ ਕਰਨ ਪਰ ਹੁਕਮ ਹੋਇਆ ਕਿ ਇਸਤ੍ਰੀਆਂ ਅਤੇ ਬਚਿਆਂ ਨੂੰ ਜਮਾਨਤ ਤੇ ਰਿਹਾ ਕੀਤਾ ਜਾਵੇ। **ਫਰਵਰੀ** 6-1912 ਨੂੰ ਹਾਜ਼ਰ ਹੋਣ। **ਅਪ੍ਰੈਲ** 30-1912 ਨੂੰ ਹੁਕਮ ਦਿੱਤਾ ਕਿ ਇਨ੍ਹਾਂ ਇਸਤ੍ਰੀਆਂ ਅਤੇ ਬਚਿਆਂ ਨੂੰ ਕੈਨੇਡਾ ਵਿਚੋਂ ਕਢਿਆ ਜਾਵੇ। ਇਸਤ੍ਰੀਆਂ ਅਤੇ ਬਚਿਆਂ ਨੂੰ ਫੇਰ ਹਵਾਲਾਤ ਵਿਚ ਬੰਦ ਕੀਤਾ ਗਿਆ। 'Habeas Corpus' ਕਾਨੂੰਨ ਦੁਆਰਾ ਰਾਤ ਦੇ ਬਾਰਾਂ ਬਜੇ ਇਸਤ੍ਰੀਆਂ, ਬਚੇ ਰਿਹਾ ਕਰਾਏ ਗਏ। ਮੁਕਦਮਾ **ਮਈ** 10-1912 ਨੂੰ ਸ਼ੁਰੂ ਹੋਇਆ, ਪਰ ਮੁਲਤਵੀ ਕੀਤਾ ਗਿਆ। ਕਾਫ਼ੀ ਦੇਰ ਮਗਰੋਂ ਹਿੰਦੀ ਇਸਤ੍ਰੀਆਂ, ਬਚਿਆਂ ਨੂੰ ਰਹਿਮ ਦੇ ਆਧਾਰ ਉਤੇ ਕੈਨੇਡਾ ਵਿਚ ਰਹਿਣ ਦਿੱਤਾ ਗਿਆ।

'ਅਰਜਨ ਸਿੰਘ ਚੰਦ'

---

* ਭਾਈ ਹਾਕਮ ਸਿੰਘ ਜਗੀਰਦਾਰ ਆਪਣੇ ਕਬੀਲੇ ਨੂੰ ਹਾਂਕ ਕਾਂਗ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਹੋਰਾਂ ਪਾਸ ਛੱਡ ਕੇ ਅਕੱਲੇ ਹੀ 5 ਨਵੰਬਰ 1911 ਨੂੰ ਵੈਨਕੋਵਰ ਪੁਜ ਗਏ।

ਕੈਨਡਾ ਦੀ ਮੁਖਤਸਰ ਡਾਇਰੀ

ੴ ਸਤਿਗੁਰ ਪ੍ਰਸਾਦ

13-12-1911 ਨੂੰ ਪਹਿਲਾ ਡੈਪੂਟੇਸ਼ਨ ਜਿਸ ਵਿਚ ਸ੍ਦਾਰ ਤੇਜਾ ਸਿੰਘ, ਰਾਜਾ ਸਿੰਘ, ਡਾਕਟਰ ਸੁੰਦਰ ਸਿੰਘ, ਡਾਕਟਰ ਹਾਲ ਸ਼ਾਮਲ ਸੀ। ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਅਤੇ ਯੂਨਾਇਟਿਡ ਇੰਡੀਆ ਲੀਗ ਵਲੋਂ ਉਟਾਵਾ ਨੂੰ ਵਜ਼ੀਰ ਆਨਰੇਬਲ ਆਰ ਰਾਜਰਸ ਪਾਸ ਗਿਆ।

22-2-1913 ਨੂੰ ਦੂਜੇ ਡੈਪੂਟੇਸ਼ਨ ਨੂੰ ਹਿੰਦੋਸਤਾਨ ਭੇਜਣ ਵਾਸਤੇ ਡੋਮੀਨੀਅਨ ਹਾਲ ਵਿਚ ਅਕੱਠ ਹੋਇਆ। ਇਸ ਅਕੱਠ ਵਿਚ ਪਾਸ ਹੋਇਆ ਕੇ ਨੰਦ ਸਿੰਘ ਸੇਹਰਾ, ਭਾਈ ਬਲਵੰਤ ਸਿੰਘ ਗਰੰਥੀ ਅਤੇ ਨਰੈਣ ਸਿੰਘ ਚੋਪਦਾਰ ਪਿੰਡ ਠੀਕਰੀ ਵਾਲਾ ਨੂੰ ਗੁਰਦੁਆਰੇ ਦੇ ਖਰਚ ਤੇ ਭੇਜਿਆ ਜਾਵੇ ਪਰ ਨਰੈਣ ਸਿੰਘ ਆਪਣੇ ਖਰਚ ਤੇ ਗਿਆ।

26-9-1913 ਸਿਆਟਲ ਜੇਹੜੇ ਭਾਈ ਦੇਸੋਂ ਆਏ ਸੀ, ਉਨ੍ਹਾਂ ਦੀ ਜਮਾਨਤ ਬਾਬਤ ਭਾਈ ਮਿਤ ਸਿੰਘ ਅਤੇ ਭਾਗ ਸਿੰਘ ਅਮ੍ਰੀਕਨ ਇਮੰਗਰੇਸ਼ਨ ਦੇ ਗਏ ਪਰ ਸਿਆਟਲ ਜਾਣ ਦੀ ਇਜ਼ਾਜਤ ਨ ਦਿਤੀ।

7-10-1913 ਨੂੰ ਭਾਈ ਭਗਵਾਨ ਸਿੰਘ ਜੱਖ ਦਾ ਹੈਪੀਅਸ ਕਾਰਪਸ ਲਿਆ ਸੀ।

21-10-1913 ਨੂੰ ਭਾਈ ਭਗਵਾਨ ਸਿੰਘ ਨੂੰ ਇਮੰਗਰੇਸ਼ਨ ਵੈਨਕੋਵਰ ਨੇ ਵਾਪਸ ਮੋੜਿਆ।

28-11-1913 ਨੂੰ 39 ਆਦਮੀ ਦੇਸੋਂ ਜਹਾਜ਼ ਵਿਚ ਆਏ ਸੀ, ਜਿਨ੍ਹਾਂ ਬਾਬਤ ਇਮੰਗਰੇਸ਼ਨ ਨਾਲ ਜਦੋ ਜਹਿਦ ਕਰਕੇ 35 ਆਦਮੀ ਉਤਾਰੇ ਸਨ ਤੇ ਚਾਰ ਆਦਮੀ ਬੀਮਾਰੀ ਦੀ ਵਜਾ ਕਰਕੇ ਨਹੀਂ ਉਤਰ ਸਕੇ ਸਨ।

18-5-1914 ਰਾਜਾ ਸਿੰਘ ਨੂੰ ਬੋਟ ਤੇ ਭੇਜਿਆ ਕੇ ਕਾਮਾਂਗਾਟਾ ਮਾਰੂ ਨੂੰ ਪੋਰਟ ਅਲਬਰਨੀ ਘਾਟ ਤੇ ਲਾਇਆ ਜਾਵੇ।

20-5-1914 ਨੂੰ ਵਿਕਟੋਰੀਏ ਜਾ ਕੇ ਜਹਾਜ ਕਾਮਾਂਗਾਟਾ ਮਾਰੂ ਪਾਸ ਛੋਟੇ ਬੋਟ ਰਾਹੀਂ ਜਾਣ ਦੀ ਕੋਸ਼ਸ਼ ਕੀਤੀ, ਪਰ ਕੈਨੇਡਾ ਦੀ ਹਕੂਮਤ ਨੇ ਨਾ ਜਾਣ ਦਿੱਤਾ। ਏਹ ਸਜਣ ਗਏ ਸਨ : ਭਾਈ ਭਾਗ ਸਿੰਘ, ਬਲਵੰਤ ਸਿੰਘ, ਮਿਤ ਸਿੰਘ, ਰਹੀਮ, ਬਾਬੂ ਹਰਨਾਮ ਸਿੰਘ, ਰਤਨ ਸਿੰਘ, ਉਤਮ ਸਿੰਘ ਹਾਂਸ।

23-5-1914 ਕਾਮਾਂਗਾਟਾ ਮਾਰੂ ਜਹਾਜ ਵੈਨਕੋਵਰ ਪੁਜਾ ਸੀ, ਸਵੇਰ ਦੇ ਗਿਆਰਾਂ ਬਜੇ।

31-5-1914 ਡੌਮੀਨੀਅਨ ਹਾਲ ਵਿਚ ਜਹਾਜ ਬਾਰੇ ਲੈਕਚਰ ਹੋਏ। ਹਾਜਰ ਭਰਾਵਾਂ ਨੇ ਮਾਇਆ ਦੇ ਖੁਲ੍ਹੇ ਗਫੇ ਦਿਤੇ ਸਨ।

13-6-1914 ਕਾਮਾਂਗਾਟਾ ਮਾਰੂ ਕੋਂਪਨੀ ਦੀ ਤਾਰ ਆਈ ਸੀ ਕੇ ਜਾਂ ਚਾਟਰਡ ਦੀ ਮਾਇਆ ਕਿਸ਼ਤ ਦੇਵੋ, ਨਹੀਂ ਜਹਾਜ ਵਾਪਸ ਕੀਤਾ ਜਾਵੇ।

17-7-1914 ਭਾਈ ਭਾਗ ਸਿੰਘ, ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਨੂੰ ਇਮੀਗਰੇਸ਼ਨ ਨੇ ਬੰਦ ਕਰ ਲਏ। ਜਦ ਉਹ ਬਾਬੂ ਤਾਰਕ ਨਾਥ ਦਾਸ ਨੂੰ ਮਿਲਣ ਗਏ ਸੀ, ਕਿਉਂਕੇ ਕੈਨੇਡਾ ਇਮੀਗਰੇਸ਼ਨ ਨੇ ਵਾਪਸ ਲੈਣ ਤੋਂ ਇਨਕਾਰ ਕਰ ਦਿਤਾ ਤੇ ਭਾਈ ਮੇਵਾ ਸਿੰਘ ਕੈਨੇਡਾ ਦੀ ਹੱਦ ਅੰਦਰ ਆ ਜਾਣ ਕਰਕੇ ਉਸ ਪਰ ਹਥਿਆਰ ਰੱਖਣ ਦਾ ਮੁਕਦਮਾਂ ਚਲਾਇਆ ਗਿਆ ਸੀ।

18-7-1914 ਨੂੰ ਹੁਕਮਾਂ ਸਿੰਘ ਅੱਚਰ ਵਾਲ, ਮਿਸਟਰ ਰਹੀਮ ਨੂੰ ਤਲਵਾਰ ਲੈ ਕੇ ਮਾਰਨ ਪਿਆ ਸੀ। ਦੀਵਾਨ ਸਿੰਘ ਜੌਹਲ ਤੇ ਨੰਦ ਸਿੰਘ ਢੱਟਾਂ ਵਾਲੇ ਹੁਕਮਾਂ ਸਿੰਘ ਨੂੰ ਫੜ ਕੇ ਚੰਗੀ ਸੇਵਾ ਕੀਤੀ, ਪਰ ਉਸੀ ਮੁਕਦਮੇ ਵਿਚ ਨੰਦ ਸਿੰਘ ਨੂੰ ਬੰਦ ਕਰਾਕੇ ਵਾਪਸ ਦੇਸ ਨੂੰ ਮੁੜਾ ਦਿਤਾ ਸੀ।

20-7-1914 ਨੂੰ 'ਰੇਨਬੋ' ਨਾਮ ਦਾ ਜੰਗੀ ਜਹਾਜ਼ ਸਮੇਤ ਫੌਜੀ ਸਪਾਹੀਆਂ ਦੇ ਕਾਮਾਂਗਾਟਾ ਮਾਰੂ ਦੇ ਮੁਸਾਫਰਾਂ ਨੂੰ ਡਰੌਣ ਵਾਸਤੇ ਮੰਗਾਇਆ ਗਿਆ ਸੀ ਅਤੇ ਮਸਾਫਰਾਂ ਨੂੰ ਧਮਕੀ ਦਿਤੀ ਸੀ ਕੇ ਜੇ ਕਾਮਾਗਾਟਾ ਵਾਪਸ ਨ ਲਗਿਏ ਤਾਂ ਤੋਪ ਦਾ ਗੋਲਾ ਮਾਰ ਕੇ ਕਾਮਾਂ ਗਾਟਾ ਮਾਰੂ ਜਹਾਜ ਨੂੰ ਸਮੇਤ ਮਸਾਫਰਾਂ ਦੇ ਡੋਬ ਦਿਤਾ ਜਾਵੇਗਾ।

21-7-1914 ਨੂੰ ਕਾਮਾਂ ਗਾਟਾ ਮਾਰੂ ਜਹਾਜ ਵਿਚ ਗਏ ਮੁਹੰਮਦ ਅਕਬਰ, ਕਰਤਾਰ ਸਿੰਘ ਚੰਦ, ਗੁਰਦਿਤ ਸਿੰਘ ਬਿਲਗਾ, ਮਿਤ ਸਿੰਘ ਪੰਡੋਰੀ, ਨਥਾ ਸਿੰਘ, ਰਤਨ ਸਿੰਘ, ਅਰਜਨ ਸਿੰਘ, ਗੰਗਾ ਸਿੰਘ, ਉਤਮ ਸਿੰਘ ਹਾਂਸ, ਤਾਰਾ ਸਿੰਘ ਕੌਣੀ ਤੇ ਫਿਰ ਮਕਨੀਲ ਵਕੀਲ ਨਾਲ ਗਲਬਾਤ ਕੀਤੀ ਤੇ ਜਹਾਜ ਮੁੜ ਜਾਣ ਦੀ ਸਲਾਹ ਦਿਤੀ।

22-7-1914 ਨੂੰ ਸਾਰਾ ਦਿਨ ਜਹਾਜ ਵਿਚ ਰਾਸ਼ਨ ਪੈਂਦਾ ਰਿਹਾ। ਹੋਰ ਰਾਸ਼ਨ ਮੰਗਣ ਪੁਰ ਬਾਹਰ ਤੋਂ ਫੌਜ ਮੰਗਾਈ ਗਈ ਸੀ।

23-7-1914 ਕਾਮਾਂ ਗਾਟਾ ਮਾਰੂ ਜਹਾਜ ਸਵੇਰ ਦੇ ਸਾਢੇ ਚਾਰ ਬਜੇ ਵਾਪਸ ਮੁੜਿਆ।

31-8-1914 ਹਰਨਾਮ ਸਿੰਘ ਢੁਰਲੋ ਪਿੰਡ ਮੂਮ ਗੈਹਲ ਦੀ ਲੋਥ ਕਿਟਸ ਲੀਨੋ ਦੇ ਜੰਗਲ ਵਿਚੋਂ ਮਿਲੀ। ਸੁਨਣ ਵਿਚ ਆਇਆ ਹੈ ਕੇ ਉਸ ਨੂੰ ਜਗਤ ਸਿੰਘ ਪਿੰਡ ਸੁਰਸਿੰਘ ਹੋਰਾਂ ਨੇ ਮਾਰਿਆ।

3-9-1914 ਅਰਜਨ ਸਿੰਘ ਪਿੰਡ ਸਗਦੌਲਤ ਵਾਲਾ ਰਾਮ ਸਿੰਘ ਟਲੇ ਵਾਲ ਦੇ ਹਥੋਂ ਅਚਾਨਕ ਮਰ ਗਿਆ।

5-9-1914 ਅਰਜਨ ਸਿੰਘ ਸਗਦੌਲਤ ਨੂੰ ਸਸਕਾਰਨ ਗਏ। ਪੈਹਿਲਾਂ ਉਥੇ ਹੀ ਬੇਲਾ ਸਿੰਘ ਪਿੰਡ ਜੈਣ ਜ਼ਿਲਾ ਹੁਸ਼ਿਆਰਪੁਰ ਨੇ ਭਾਈ ਭਾਗ ਸਿੰਘ ਅਤੇ ਮਿਤ ਸਿੰਘ ਪੰਡੋਰੀ ਨੂੰ ਮਾਰਨ ਦੀ ਕੋਸ਼ਸ਼ ਕੀਤੀ, ਪਰ ਪੁਲਸ ਵਾਲਾ ਕੋਲ ਹੋਣ ਕਰਕੇ ਉਥੇ ਦਾ ਨਾ ਲੱਗਾ। ਫੇਰ ਗੁਰਦੁਆਰੇ ਵੈਨਕੋਵਰ ਪੁਜਨ ਪਰ ਬੇਲਾ ਸਿੰਘ ਨੇ ਪਸਤੌਲ ਨਾਲ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਕੁੰਮਬੜ ਵਾਲ ਨੂੰ ਬੁਰੀ ਤਰਾਂ ਘਾਇਲ ਕਰ ਦਿਤੇ। ਬਦਨ ਸਿੰਘ ਦੇ ਸਤ ਗੋਲੀਆਂ ਲਗੀਆਂ ਸਨ ਅਤੇ ਉਤਮ ਸਿੰਘ ਨੂਰਪੁਰ, ਜਵਾਲਾ ਸਿੰਘ ਸਗਦੌਲਤ, ਦਲੀਪ ਸਿੰਘ ਨੰਗਲ, ਲਾਭ ਸਿੰਘ ਢਕੋਂ ਤੇ ਦੋ ਹੋਰਨਾਂ ਨੂੰ ਵੀ ਜ਼ਖ਼ਮੀ ਕੀਤਾ ਤੇ ਸਰਕਾਰੀ ਗਵਾਹਾਂ ਬਲਵੰਤ ਸਿੰਘ, ਮਿਤ ਸਿੰਘ, ਰਾਜਾ ਸਿੰਘ ਆਦ ਨੂੰ ਵੀ ਪੁਲਸ ਨੇ ਬੰਦ ਕਰ ਲਿਆ।

6-9-1914 ਨੂੰ ਭਾਈ ਭਾਗ ਸਿੰਘ ਤੇ ਬਦਨ ਸਿੰਘ ਹਸਪਤਾਲ ਵਿਚ ਸੁਰਗਵਾਸ ਹੋਏ। ਦਿਨ ਐਤਵਾਰ ਸੀ।

7-9-1914 ਨੂੰ ਦੋਹਾਂ ਸ਼ਹੀਦਾਂ ਦਾ ਇਕ ਚਿਤਾ ਵਿਚ ਸਸਕਾਰ ਕੀਤਾ।

3-10-1914 ਸਰਕਾਰੀ ਗਵਾਹ ਰਾਜਾ ਸਿੰਘ, ਮਿਤ ਸਿੰਘ, ਬਲਵੰਤ ਸਿੰਘ ਦੀਆਂ ਜਮਾਨਤਾਂ ਹੋਈਆਂ।

15-10-1914 ਭਾਈ ਉਤਮ ਸਿੰਘ ਹਾਂਸ, ਪੂਰਨ ਸਿੰਘ ਢੁਡੀਕੇ, ਸੰਤਾ ਸਿੰਘ ਚੰਦ, ਡੀ.ਡੀ. ਕੁਮਾਰ 1914-15 ਦੀ ਲੈਹਰ ਦੇ ਕੈਨੇਡਾ ਦੇ ਮੋਢੀ ਦੇਸ ਨੂੰ ਗਏ।

16-10-1914 ਭੋਲਾ ਸਿੰਘ ਚੀਮਨਾ, ਗੁਰਦੁਆਰਾ ਵੈਨਕੋਵਰ ਮੀਤ ਪ੍ਰਧਾਨ ਨੂੰ ਪਰਤਾਪ ਸਿੰਘ ਟਟੂਆਂ ਵਾਲੇ ਨੇ ਦੇਸ ਜਾਣ ਲੱਗੇ ਨੂੰ ਜਹਾਜ ਪਰ ਬੰਦ ਕਰਵਾ ਦਿਤਾ ਸੀ।

19-10-1914 ਭੋਲਾ ਸਿੰਘ ਚੀਮਨਾ ਦੀ ਜਮਾਨਤ ਹੋਈ।

21-10-1914 ਭਾਈ ਮੇਵਾ ਸਿੰਘ ਨੇ ਹਾਪਕੰਸਨ ਦੁਭਾਸੀਏ ਨੂੰ ਕੋਰਟ ਵਿਚ ਗੋਲੀ ਨਾਲ ਮਾਰ ਦਿਤਾ ਸੀ।

23-10-1914 ਮਿਸਟਰ ਰਹੀਮ, ਕਰਤਾਰ ਸਿੰਘ ਚੰਦ, ਮਿਤ ਸਿੰਘ ਪੰਡੋਰੀ, ਬਲਵੰਤ ਸਿੰਘ, ਸੋਹਨ ਲਾਲ ਨੂੰ ਹਾਪਕੰਨਸਨ ਦੇ ਮਰਵੌਣ ਦੇ ਜੁਰਮ ਵਿਚ ਹਵਾਲਾਤ ਵਿਚ ਬੰਦ ਕੀਤਾ ਗਿਆ।

29-10-1914 ਭੋਲਾ ਸਿੰਘ ਚੀਮਨੇ ਦਾ ਮੁਕਦਮਾਂ ਖਾਰਜ ਹੋਇਆ ਤੇ ਚੀਮਨਾ ਬਰੀ ਹੋਇਆ।

30-10-1914 ਨੂੰ ਭਾਈ ਮੇਵਾ ਸਿੰਘ ਨੂੰ ਫਾਂਸੀ ਦਾ ਹੁਕਮ ਹੋਇਆ।

4-11-1914 ਨੂੰ ਮਿਤ ਸਿੰਘ ਹਾਪਕੰਨਸਨ ਦੇ ਮਰਵੌਣ ਦੇ ਇਲਜ਼ਾਮ ਵਿਚ ਪਕੜਿਆ ਗਿਆ, ਕਿਉਂਕੇ ਮਿਲ ਸਾਈਡ ਗਰੰਥੀ ਹੋਣ ਕਰਕੇ ਪੈਹਿਲਾਂ ਪੁਲਸ ਪਕੜ ਨਾ ਸਕੀ।

20-11-1914 ਨੂੰ ਬੇਲਾ ਸਿੰਘ ਬਰੀ ਹੋਇਆ।

4-12-1914 ਸੋਹਨ ਲਾਲ, ਮਿਸਟਰ ਰਹੀਮ ਹਾਪਕੰਨਸਨ ਦੇ ਮੁਕਦਮੇਂ ਵਿਚੋਂ ਬਰੀ ਹੋਏ ਤੇ ਕਰਤਾਰ ਸਿੰਘ ਚੰਦ, ਮਿਤ ਸਿੰਘ ਪੰਡੋਰੀ, ਭਾਈ ਬਲਵੰਤ ਸਿੰਘ ਤੋਂ ਮੁਕਦਮਾਂ ਵਾਪਸ ਲੈ ਲਿਆ।

8-12-1914 ਬੇਲਾ ਸਿੰਘ ਤੇ ਬਾਵਾ ਸਿੰਘ ਨੇ ਪਾਵਲ ਸਟਰੀਟ ਵਿਚ ਮਿਤ ਸਿੰਘ ਪਰ ਹਮਲਾ ਕੀਤਾ, ਪਰ ਮਿਤ ਸਿੰਘ ਬਾਲ 2 ਬਚ ਗਿਆ ਤੇ ਮਕਰਾਸ ਵਕੀਲ ਦੀ ਰਾਹੀਂ ਪੁਲਸ ਨੂੰ ਚਿਠੀ ਲਿਖੀ।

11-12-1914 ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ ਦੇਸ ਨੂੰ ਗਏ। ਜੇਹੜੇ ਕੇ 1914-15 ਦੀ ਲੈਹਰ ਵਿਚ ਕੈਦ ਹੋਏ।

11-1-1915 ਨੂੰ ਸਵੇਰ ਦੇ **ਅੱਠ** 8 ਬਜੇ ਭਾਈ ਮੇਵਾ ਸਿੰਘ ਨੂੰ ਫਾਂਸੀ ਦਿਤਾ ਗਿਆ। ਮਿਤ ਸਿੰਘ ਗਰੰਥੀ ਦੀ ਹੈਸੀਅਤ ਵਿਚ ਉਸ ਸਮੇਂ ਹਾਜ਼ਰ ਸੀ। ਫਾਂਸੀ ਤੋਂ ਪੈਹਿਲਾਂ ਮੇਵਾ ਸਿੰਘ ਨੇ ਏਹ ਸਬਦ ਪੜਿਆ (ਹਰ ਜਸ ਰੇ ਮਨਾ ਗਾ ਲੈ ਪਿਆਰਿਆ)। ਬਹੁਤ ਸਾਰੀਆਂ ਸੰਗਤਾਂ ਨੇ ਮੀਂਹ ਪੈਂਦੇ ਵਿਚ ਜਲੂਸ ਕਢ ਕੇ ਮਿਲ ਸਾਈਡ ਸਸਕਾਰ ਕੀਤਾ। ਪੁਲਸ ਦਾ ਪ੍ਰਬੰਧ ਸ਼ਲਾਘਾਯੋਗ ਸੀ।

18-3-1915 ਜਗਤ ਸਿੰਘ ਮੈਹਰਾ ਭੂਤ ਵਿੰਡ ਜੋ ਬੇਲਾ ਸਿੰਘ ਨੂੰ ਮਾਰਨ ਨੂੰ ਫਿਰਦਾ ਸੀ, ਪਰਤਾਪ ਸਿੰਘ ਕੋਟਲੀ* ਵਾਲੇ ਨੇ ਬੇਲਾ ਸਿੰਘ ਨੂੰ ਬਚੌਣ ਖਾਤਰ ਜਗਤ ਸਿੰਘ ਨੂੰ ਫੜ ਕੇ ਹੇਠਾਂ ਸਿਟ ਲਿਆ। ਜਗਤ ਸਿੰਘ ਨੇ ਹੇਠੋਂ ਪਏ ਨੇ ਗੋਲੀ ਮਾਰ ਕੇ ਪਰਤਾਪ ਸਿੰਘ ਨੂੰ ਮਾਰ ਦਿਤਾ ਤੇ ਬੇਲਾ ਸਿੰਘ ਭੱਜ ਗਿਆ।

13-4-1915 ਮਤਾਬ ਸਿੰਘ ਕਾਠੇ ਅਧਕਾਰੇ ਦੇ ਘਰ ਨੂੰ **ਬੇਲਾ ਸਿੰਘ ਪਾਰਟੀ** ਨੇ ਬਰੂਦ ਲਾ ਕੇ ਉੜਾ ਦਿਤਾ। ਮਤਾਬ ਸਿੰਘ ਮਰ ਗਿਆ। ਹੋਰ ਕਈ ਜ਼ਖਮੀ ਹੋਏ। ਘਰ ਦਾ ਨੰਬਰ 1748, 3rd Ove West Vancouver.

13-4-1915 ਨੂੰ ਜ਼ਖਮੀ ਹੋਏ ਭਾਨ ਸਿੰਘ ਘਲਕਲਾਂ, ਦਲੀਪ ਸਿੰਘ ਪੈਂਸਰਾ।

16-4-1915 ਬੇਲਾ ਸਿੰਘ ਜਿਆਣ, ਭਗਤ ਸਿੰਘ ਹਰੀਪੁਰ, ਸੇਵਾ ਸਿੰਘ ਨੁਮਾਣੇ, ਨੈਣਾ ਸਿੰਘ ਕੰਦੋਲਾ ਨੇ ਲਛਮਨ ਸਿੰਘ ਖੁਰਦਪੁਰ ਤੇ ਹਮਲਾ ਕੀਤਾ। 1668, 2nd Ove West Vancouver.

12-6-1915 ਲਛਮਨ ਸਿੰਘ ਖੁਰਦਪੁਰ ਤੇ ਹਮਲਾ ਕਰਨ ਦੇ ਇਲਜਾਮ ਵਿਚ ਬੇਲਾ ਸਿੰਘ, ਭਗਤ ਸਿੰਘ ਨੂੰ ਇਕ 2 ਸਾਲ ਅਤੇ ਸੇਵਾ ਸਿੰਘ, ਨੈਣਾ ਸਿੰਘ ਨੂੰ ਛੇ ਛੇ ਮਹੀਨੇ ਕੈਦ ਹੋਈ।

12-9-1915 ਮਿਤ ਸਿੰਘ ਐਬਟਸਫੋਰਡ ਗੁਰਦੁਆਰੇ ਦਾ ਗਰੰਥੀ ਮੁਕੱਰਰ ਹੋਇਆ।

1-10-1915 ਜਹਾਜ ਬਾਬਤ ਜੋ ਮਾਇਆ ਖਰਚ ਹੋਈ ਉਸ ਦੀ ਪੇਸ਼ੀ ਹੋਈ।

---

* ਪ੍ਰਤਾਪ ਸਿੰਘ ਕੋਟਲੀ ਦਾ ਦੂਸਰਾ ਨਾਮ ਰਤਨ ਸਿੰਘ ਸੀ, ਜੋ ਕਿ ਅੰਗਰੇਜ਼ੀ ਅਖਬਾਰ ਵਿਚ ਉਸ ਦੇ ਮਾਰਨ ਪੁਰ ਜਗਤ ਸਿੰਘ ਤੇ ਮੁਕਦਮਾ ਚਲਣ ਸਮੇਂ ਛਪਿਆ ਹੈ।

—ਅਰਜਨ ਸਿੰਘ ਚੰਦ

3-10-1915 ਪ੍ਰਤਾਪ ਸਿੰਘ ਟਟੂਆਂ ਵਾਲਾ ਪਿੰਡ ਤਾਜੋ ਕੇ ਨੇ ਮਿਤ ਸਿੰਘ ਪਰ ਐਬਟਸਫੋਰਡ ਗੁਰਦੁਆਰੇ ਵਿਚ ਰਾਤ ਦੇ 9 **ਬਜੇ** ਜਦ ਕੇ ਸੌਣ ਦੀ ਤਿਆਰੀ ਕਰ ਰਿਹਾ ਸੀ, ਟਟੂਆਂ ਵਾਲੇ ਨੇ ਮੂਹਰਲਾ ਬੂਹਾ ਖੋਲ੍ਹ ਕੇ ਦੋ ਗੋਲੀਆਂ ਚਲਾਈਆਂ। ਪਹਿਲੀ ਗੋਲੀ ਸਜੇ ਕੰਨ ਕੋਲ ਦੀ ਦੂਜੀ ਖਬੇ ਮੋਢੇ ਪਰ ਸਿਰਫ ਕੁੜਤੇ ਨੂੰ ਜਾਲ ਕੇ ਲੰਘ ਗਈ। ਮਿਤ ਸਿੰਘ ਨੇ ਹਿੰਮਤ ਕਰਕੇ ਟਟੂਆਂ ਵਾਲੇ ਨੂੰ ਫੜ ਲਿਆ ਤੇ ਪੁਲਸ ਦੇ ਹਵਾਲੇ ਕਰ ਦਿਤਾ। ਪਰੇਮ ਸਿੰਘ ਠੌਲੀ ਜੋ ਟਟੂਆਂ ਵਾਲੇ ਦੇ ਨਾਲ ਅਮਦਾਦ ਵਾਸਤੇ ਗਿਆ ਸੀ, ਭੱਜ ਗਿਆ ਅਤੇ ਸਵੇਰੇ ਪਰੇਮ ਸਿੰਘ ਜੰਗਲ ਵਿਚੋਂ ਨਿਕਲਦਾ ਫੜਿਆ ਗਿਆ।

3-12-1915 ਪਰਤਾਪ ਸਿੰਘ ਟਟੂਆਂ ਵਾਲੇ ਨੂੰ ਚਾਰ ਸਾਲ ਕੈਦ ਹੋਈ। ਪ੍ਰੇਮ ਸਿੰਘ ਠੌਲੀ ਬਰੀ ਹੋ ਗਿਆ।

28-5-1914 ਮਿਲ ਸਾਈਡ ਗੁਰਦੁਆਰੇ ਜਦ ਮਿਤ ਸਿੰਘ ਗਰੰਥੀ ਦੀ ਸੇਵਾ ਕਰਦਾ ਸੀ, ਕਿਸੇ ਨੇ ਹਮਲਾ ਕਰਨ ਦੀ ਕੋਸ਼ਸ਼ ਕੀਤੀ। ਪਤਾ ਲਗ ਜਾਣ ਕਰ ਕੇ ਹਮਲਾਵਰ ਨੱਸ ਗਿਆ।

29-9-1914 ਨੂੰ ਦਿਨ ਦੇ ਗਿਆਰਾਂ ਬਜੇ ਕਾਮਾ ਗਾਟਾ ਮਾਰੂ ਜਹਾਜ ਬੱਜ ਬੱਜ ਦੇ ਸਮੁੰਦਰੀ ਘਾਟ ਕਲਕਤੇ ਜਾ ਕੇ ਲੱਗਾ। ਉਸ ਸਮੇਂ ਮੁਸਾਫਰਾਂ ਦੀ ਕੁਲ ਗਿਣਤੀ 321 ਸੀ ਜਿਨ੍ਹਾਂ ਵਿਚੋਂ 17 ਮੁਸਲਮਾਨ ਸਨ ਅਤੇ ਬਾਕੀ ਸਾਰੇ ਸਿਖ ਸਨ।

31-1-1936 ਨੂੰ ਰਹੀਮ ਮਰਿਆ। ਰਹੀਮ ਦਾ ਸਸਕਾਰ ਕੀਤਾ। ਢੁਕਿਆ ਸੀ, ਦੱਬਿਆ ਨਹੀਂ ਹੈ।

2-4-1959 ਦੋ ਅਪ੍ਰੈਲ 1959 ਨੂੰ ਭਾਈ ਮਿਤ ਸਿੰਘ ਆਪਣੇ ਪਿੰਡ ਪੰਡੋਰੀ ਵਿਚ ਸੁਰਗਵਾਸ ਹੋ ਗਿਆ ਹੈ।

ਨਵੰਬਰ 20, 1911 ਨੂੰ ਗੁਰਮੁਖੀ ਵਿਚ 'ਖਾਲਸਾ ਹੈਰਲਡ' ਮਾਸਕ ਪੱਤ੍ਰ ਵੈਨਕੋਵਰ ਵਿਚੋਂ ਕਰਤਾਰ ਸਿੰਘ ਨੇ ਜਾਰੀ ਕੀਤਾ।

ਜਨਵਰੀ 1-1914 ਨੂੰ 'ਦੀ ਹਿੰਦੂਸਤਾਨੀ' The Hindustanee ਮਾਸਕ ਪੱਤ੍ਰ ਅੰਗਰੇਜ਼ੀ ਵਿਚ ਮਿਸਟਰ 'ਰਹੀਮ' ਨੇ ਚਾਲੂ ਕੀਤਾ ਜੋ ਕਿ ਜੂਨ 1914 ਤੱਕ ਚਲਿਆ।

'ਸੰਸਾਰ' ਅਖਬਾਰ ਗੁਰਮੁਖੀ ਵਿਚ ਭਾਈ ਕਰਤਾਰ ਸਿੰਘ ਅਕਾਲੀ ਨੇ ਚਾਲੂ ਕੀਤਾ। ਸ਼ੁਰੂ ਕਰਨ ਦੀ ਤਾਰੀਖ ਦਾ ਪਤਾ ਨਹੀਂ। ਮਾਲੂਮ ਹੁੰਦਾ ਹੈ ਕਿ 1912 ਵਿਚ ਚਾਲੂ ਕੀਤਾ।

'ਏਰੀਅਨ' ਅੰਗਰੇਜ਼ੀ ਵਿਚ ਡਾਕਟਰ ਸੁੰਦਰ ਨੇ.....

'ਇੰਡੀਆ ਐਂਡ ਕੈਨੇਡਾ' ਗੁਰਮੁਖੀ ਵਿਚ ਭਾਈ ਕਰਤਾਰ ਸਿੰਘ ਅਕਾਲੀ ਨੇ ਤਾਰੀਖ 22 ਮਈ 1930 ਦਿਨ ਵੀਰਵਾਰ ਨੂੰ ਵੈਨਕੋਵਰ ਤੋਂ ਚਾਲੂ ਕੀਤਾ ਅਤੇ ਅਖੀਰਲਾ ਪਰਚਾ 1936 ਵਿਚ ਨਿਕਲ ਕੇ ਬੰਦ ਹੋ ਗਿਆ।

‘ਦੀ ਕੈਨੇਡੀਅਨ ਖਾਲਸਾ’ ਗੁਰਮੁਖੀ ਵਿਚ.....ਮਸ਼ੀਨ ਰਾਹੀਂ ਗਿਆਨੀ ਤਾਰਾ ਸਿੰਘ ‘ਕੋਟ ਫਤੂਹੀ’ ਨੇ.....ਤਾਰੀਖ ਨੂੰ ਪੋਰਟ ਅਲਬਰਨੀ ਤੋਂ ਛਾਇਆ ਕੀਤਾ, ਜੋ ਕਿ ਮਾਹਵਾਰੀ ਸੀ ਅਤੇ ਪੰਜ ਛੇ ਮਹੀਨੇ ਚਲ ਕੇ ਬੰਦ ਹੋ ਗਿਆ।

‘ਦੀ ਕੈਨੇਡੀਅਨ ਸਿਖ’ ਗੁਰਮੁਖੀ, ਅੰਗਰੇਜ਼ੀ ਵਿਚ ਭਾਈ ਗਿਆਨ ਸਿੰਘ ਜੀ ‘ਬਿਧੀ ਪੁਰ’ ਨੇ ਤਾਰੀਖ ਜੂਨ 1961 ਨੂੰ 1025, Gilmor Crescent Richmond B.C. ਤੋਂ ਮਾਹਵਾਰੀ ਰਸਾਲਾ ਜਾਰੀ ਕੀਤਾ।

ਮਈ 31, 1958 ਨੂੰ ਕਰਮ ਸਿੰਘ ਚੁਮਿਆਰੀਆ ਵੈਨਕੋਵਰ ਗੁਜਰਿਆ ਹੈ।

5 ਜੁਲਾਈ, 1920 ਨੂੰ ‘ਯਨਾਇਟਿਡ ਇੰਡੀਆ ਹੋਮ ਰੂਲ ਲੀਗ’ United India Home Rule League ਕਾਇਮ ਹੋਈ ਅਤੇ 21 ਅਗਸਤ 1920 ਤਕ ਕਾਇਮ ਰਹੀ। ਇਸ ਦੇ ਪ੍ਰਧਾਨ ਬਾਬੂ ਕਪੂਰ ਸਿੰਘ ਖੜੌਦੀ, ਸਕਤ੍ਰ ਮੁਨਸ਼ੀ ਰਾਮ ਬਿਲਗਾ, ਖਜਾਨਚੀ ਮਿਤ ਸਿੰਘ ਪੰਡੋਰੀ ਬਣੇ।

14 ਜਨਵਰੀ, 1921 ਨੂੰ ‘ਦੀ ਹਿੰਦੁਸਤਾਨੀ ਸਵਰਾਜ ਸਭਾ ਔਫ ਕੈਨੇਡਾ’ ਕਾਇਮ ਕੀਤੀ ਗਈ ਅਤੇ 23 ਜੁਲਾਈ, 1922 ਤਕ ਕਾਇਮ ਰਹੀ। ਇਸ ਦੇ ਪਹਿਲੇ ਪ੍ਰਧਾਨ ਬਾਬੂ ਕਪੂਰ ਸਿੰਘ ਖੜੌਦੀ, ਸੱਕਤ੍ਰ ਗੁਰਦਿਤ ਸਿੰਘ ਬਿਲਗਾ, ਖਜਾਨਚੀ ਹਰਨਾਮ ਸਿੰਘ ਆਦੇ ਕਾਲੀ ਹੋਏ।

ਦਸੰਬਰ 1926 ਵਿਚ ‘ਯੰਗ ਮੈਨ ਐਸੋਸ਼ੀਏਸ਼ਨ’ ਕਾਇਮ ਕੀਤੀ ਗਈ। 1931 ਤਕ ਕਾਇਮ ਰਹੀ।

17 ਅਗਸਤ 1930 ਨੂੰ ‘ਕੈਨੇਡੀਅਨ ਹਿੰਦੁਸਤਾਨੀ ਕਾਂਗਰਸ’ ਕਾਇਮ ਹੋਈ ਅਤੇ ਸਤੰਬਰ 1936 ਤਕ ਕਾਇਮ ਰਹੀ। ਜਿਸ ਦੇ ਪ੍ਰਧਾਨ ਬਾਬੂ ਕਪੂਰ ਸਿੰਘ ਖੜੌਦੀ, ਸਕੱਤ੍ਰ ਗੁਰਦਿਤ ਸਿੰਘ ਬਿਲਗਾ, ਖਜਾਨਚੀ ਮਿਤ ਸਿੰਘ ਪੰਡੋਰੀ ਮੁਕੱਰਰ ਹੋਏ।

ਭਾਈ ਹਾਕਮ ਸਿੰਘ ਜਗੀਰਦਾਰ ਆਪਣੇ ਕਬੀਲੇ ਨੂੰ ਹਾਂਗ ਕਾਂਗ ਭਾਈ ਭਾਗ ਸਿੰਘ ਭਾਈ ਬਲਵੰਤ ਸਿੰਘ ਹੋਰਾਂ ਪਾਸ ਛਡ ਕੇ ਅਕਲੇ ਹੀ 5 ਨਵੰਬਰ 1911 ਨੂੰ ਵੈਨਕੋਵਰ ਪੁੱਜ ਗਏ ਹਨ। ਏਹ ਖਬਰ 20 ਨਵੰਬਰ 1911 ਦੇ ‘ਖਾਲਸਾ ਹੈਰਲਡ’ ਅਖਬਾਰ ਵਿਚ ਦਰਜ ਹੈ।

ਅਰਜਨ ਸਿੰਘ ‘ਚੰਦ’

ਇਤਿਹਾਸਕ ਡਾਇਰੀ

(6 ਅਕਤੂਬਰ, 1908 ਤੋਂ 1947 ਤਕ)

6-10-1908 ਖਾਲਸਾ ਦੀਵਾਨ ਵੈਨਕੋਵਰ ਜੋੜ ਮੇਲ ਹੂਆ। ਖਾਲਸਾ ਕੁਮੇਟੀ ਔਰ ਦੀਵਾਨ ਕੀ ਰਾਏ ਸੇ ਨੀਚੇ ਲਿਖੇ ਗੁਰਮਤੇ ਔਰ ਬਾਤਾਂ ਪਾਸ ਹੋਈਆਂ। ਪੰਜ ਅਰਜ਼ੀਆਂ ਕੁਮੇਟੀ ਕੀ ਰਾਏ ਪਾਸ ਹੋਨੇ ਉਪਰ ਜ਼ਰੂਰਤ ਕੇ ਮੁਤਾਬਕ ਹਿੰਡੂ ਰਾਂਸ ਕੇ ਨਾਂ ਜਾਨੇ ਕੀ ਬਾਬਤ ਲਿਖੀਆਂ ਜਾਣ। ਜਿਨ ਕੀ ਤਫਸੀਲ ਨੀਚੇ ਲਿਖੀ ਜਾਤੀ ਹੈ :

1. ਅਟਾਵਾ (ਜੋ ਕੇ ਕੈਨੇਡਾ ਕੀ ਗਵਰਨਮਿੰਟ ਕੇ ਰੈਹਿਣੇ ਕਾ ਏਕ ਬੜਾ ਸ਼ੈਹਰ ਹੈ) ਕੋ ਗਵਰਨਮਿੰਟ ਔਫਸ ਮੇਂ ਭੇਜੀ ਜਾਏ।
2. ਸੈਕਰਟਰੀ ਹਿੰਦੋਸਤਾਨ ਲੰਡਨ ਕੋ ਭੇਜੀ ਜਾਵੇ।
3. ਵਾਇਸਰਾਏ ਕਲਕੱਤਾ ਕੋ ਲਿਖੀ ਜਾਵੇ।
4. ਚੀਫ ਖਾਲਸਾ ਦੀਵਾਨ ਸ਼੍ਰੀ ਅੰਮ੍ਰਿਤਸਰ ਕੋ ਲਿਖੀ ਜਾਵੇ।
5. ਟਿੱਕਾ ਸਾਹਿਬ ਨਾਭਾ ਮੈਂਬਰ ਪੰਜਾਬ ਕੌਂਸਲ ਵਾਇਸਰਾਏ ਕੋ ਲਿਖੀ ਜਾਵੇ।

ਪ੍ਰਧਾਨ ਭਾਨ ਸਿੰਘ **ਸਕੱਤ੍ਰ ਭਾਗ ਸਿੰਘ**

26-10-1908 ਸੰਤ ਅਤਰ ਸਿੰਘ ਜੀ ਕੋ ਵੈਨਕੋਵਰ ਮੇਂ ਖਾਲਸਾ ਟੌਨ ਕੀ ਨਿਉਂ ਰਖਨੇ ਕੇ ਵਾਸਤੇ ਹਿੰਦੋਸਤਾਨ ਸੇ ਲੇਆਇਆ ਜਾਵੇ। ਕਿਉਂਕੇ ਸੰਤ ਜੀ ਕਿਰਪਾ ਕਰਕੇ ਆਪ ਹਥੀਂ ਨੀਂਹ ਰੱਖ ਜਾਵੇ।

1-11-1908 ਜੋ ਵਿਦਿਆਰਥੀ ਔਰ ਗੁਰ ਉਪਦੇਸ਼ਕ ਦੀਵਾਨ ਸੇਵਾ ਵਿਚ ਗੁਰਦੁਆਰੇ ਵੈਨਕੋਵਰ ਹਾਜ਼ਰ ਹਿੰਦੋਸਤਾਨ ਸੇ ਹੋਵੇ, ਉਨਕੋ ਗੁਰਦੁਆਰਾ ਮੇਂ ਰੈਹਨੇ ਕੀ ਰਾਏ ਪਾਸ ਹੋਈ। ਅਗੇ ਕੇ ਵਾਸਤੇ ਜੋ ਝਗੜਾ ਫਸਾਦ ਸਾਡੇ ਹਿੰਦੂ, ਮੁਸਲਮਾਨ ਔਰ ਸਿੰਘ ਭਰਾਵਾਂ ਮੇਂ ਹੋਵੇ, ਉਸਕਾ ਫੈਸਲਾ ਦੀਵਾਨ ਵਿਚ ਹੋਣਾ ਚਾਹੀਏ। ਯੇਹ ਰਾਏ ਪਾਸ ਹੋਈ।

15-11-1908 ਖਾਲਸਾ ਦੀਵਾਨ ਵੈਨਕੋਵਰ ਜੋੜ ਮੇਲ ਮੇਂ ਨੀਚੇ ਲਿਖੇ ਗੁਰਮਤੇ ਪਾਸ ਹੂਏ :

1. ਭਾਈ ਤੇਜਾ ਸਿੰਘ* ਜੀ ਕੋ ਖਾਲਸਾ ਦੀਵਾਨ ਕੁਮੇਟੀ ਵੈਨਕੋਵਰ ਰਾਏ ਪਾਸ

---

* ਪ੍ਰੋਫ਼ੈਸਰ (ਸੰਤ) ਤੇਜਾ ਸਿੰਘ, ਪਹਿਲੀ ਵਾਰ ਵੈਨਕੂਵਰ 2 ਅਕਤੂਬਰ, 1908 ਨੂੰ ਆਏ ਅਤੇ ਉਨ੍ਹਾਂ ਦੀ ਇਥੇ ਠਹਿਰ ਇਕ ਹਫ਼ਤੇ ਤੋਂ ਵੀ ਘੱਟ ਸੀ, ਭਾਵ ਉਹ 8 ਅਕਤੂਬਰ, 1908 ਨੂੰ ਵਿਕਟੋਰੀਆ ਅਤੇ ਸੀਆਟਲ ਰਾਹੀਂ ਸਾਨਫ਼ਰਾਂਸਿਸਕੋ ਨੂੰ ਚਲੇ ਗਏ। ਪਰ ਛੇਤੀ ਹੀ 11 ਨਵੰਬਰ, 1908 ਨੂੰ ਵਾਪਸ ਆ ਗਏ। ਉਨ੍ਹਾਂ ਨੇ ਹੀ ਭਾਰਤੀ ਲੋਕਾਂ ਦੀ ਯੋਗ ਅਗਵਾਈ ਕਰ ਕੇ ਹਾਂਡੂਰਸ ਦੀ ਸਾਜ਼ਿਸ਼ ਤੋਂ ਮੁਕਤੀ ਕਰਾਈ। ਕੈਨੇਡਾ ਦੀ ਸਰਕਾਰ ਦੀ ਗੁਪਤ ਸਾਜ਼ਿਸ਼ ਸੀ ਕਿ ਇਥੋਂ ☛

ਕਰਕੇ ਯੇਹ ਆਗਿਆ ਦਿਤੀ ਕਿ ਅਪਨੀ ਸੁਪਤਨੀ ਸਮੇਤ ਦੋ ਬੱਚਿਆਂ ਦੇ ਨਿਊਯਾਰਕ ਸੇ ਗੁਰਦੁਆਰੇ ਮੰਗਵਾ ਲੇਵੇ। ਔਰ ਜੋ ਸੇਵਾ ਸਰਕਾਰੀ ਯਾ ਕਚੈਹਿਰੀ ਯਾਂ ਅੰਗਰੇਜ਼ੀ ਵਗੈਰਾ ਕਾ ਸਮਝਨਾ ਔਰ ਅੰਗਰੇਜ਼ੋਂ ਕੋ ਉਪਦੇਸ਼ ਕਰਨਾ ਸੰਗਤ ਵਾ ਕੁਮੇਟੀ ਨੇ ਮਨਜੂਰ ਕੀਤਾ ਕਿ ਸ੍ਦਾਰ ਸਾਹਿਬ ਉਪਰ ਲਿਖੀ ਬਾਤੇਂ ਇਸ ਜਗ੍ਹਾ ਕਰੇਂ।

2. ਗੁਰੂ ਨਾਨਕ ਮਾਇਨਿੰਗ ਔਰ ਟਰਸਟ ਕੌਪਨੀ ਹਿੰਦੋਸਤਾਨੀ ਭਰਾਵਾਂ (ਯਾਨੇ ਖਾਲਸਾ ਜੀ ਦੀ ਪੱਕੀ ਰਿਹਾਇਸ਼ ਦਾ ਬੰਦੋਬਸਤ ਕਰਨ ਰਜਿਸਟਰੀ ਕਰਾਈ ਜਾਵੇ ਔਰ ਹਿੰਦੂ, ਮੁਸਲਮਾਨ ਤੇ ਸਿੰਘ ਭਰਾਵਾਂ ਅਗੇ ਆਜ਼ਜੀ ਸੇ ਪ੍ਰਾਰਥਨਾਂ ਕੀਤੀ ਜਾਵੇ ਕਿ ਇਸ ਕੰਮ ਨੂੰ ਸਿਰੇ ਚੜ੍ਹਾਨੇ ਵਾਸਤੇ ਦਿਲੋਂ ਜਾਨ ਸੇ ਔਰ ਤਨ ਮਨ ਧਨ ਸਹਿਤ ਮਦਤ ਦੇਵੇ।

ਪ੍ਰਧਾਨ ਭਾਨ ਸਿੰਘ **ਸਕੱਤ੍ ਭਾਗ ਸਿੰਘ**

22-11-1908 ਵੈਨਕੌਵਰ ਜੋੜ ਮੇਲ ਮੇਂ ਗੁਰਮਤੇ ਪਾਸ ਹੂਏ। ਸ਼ਬਦ ਕੀਰਤਨ ਪੜ੍ਹਨੇ ਤੋਂ ਬ੍ਰਾਦ ਭਾਈ ਨਾਗਰ ਸਿੰਘ ਤੇ ਸ਼ਾਮ ਸਿੰਘ (ਜੋ ਕਿ ਬ੍ਰਿਟਸ਼ ਹਿੰਡਰਾਜ ਕੋ ਵਾਸਤੇ ਦੇਖਨੇ ਆਥੋ ਹਵਾ ਔਰ ਦਰਿਆਫਤ ਕਰਨੇ ਤਨਖਾਹ ਕੋ ਗਏ ਥੇ) ਹੁਰਾਂ ਦੀ ਹਿਰਦਾਸ ਯਾਨੇ ਚਿਠੀ ਦੀਵਾਨ ਕੋ ਪੜ੍ਹ ਕਰ ਸੁਨਾਈ ਗਈ। ਜਿਸ ਦੀਵਾਨ ਮੇਂ ਨੀਚੇ ਲਿਖੀ ਜਗੋਂ ਸੇ ਸਿੰਘ ਹਾਜਰ ਗੁਰਦੁਆਰਾ ਵੈਨਕੌਵਰ ਮੇਂ ਥੇ। ਪੋਰਟ ਮੁਡੀ, ਬਾਰਨੱਟ, ਮਿਲ ਸਾਈਡ, ਈਬਰਨ, ਨਿਊਵੈਸਟ ਮਨਿਸਟਰ। ਜਿਸ ਚਿਠੀ ਮੇਂ ਇਸ ਤਰਾਂ ਲਿਖਾ ਹੁਆ ਥਾ। ਉਨ ਕੀ ਜ਼ਬਾਨੀ ਲਿਖਾ ਜਾਤਾ ਹੈ:

ਮੁਲਕ ਮਾਨਿੰਦ ਕਾਲੇ ਪਾਨੀਉਂ ਕੇ ਚਿਠੀ ਮੇਂ ਲਿਖਤੇਂ ਹੈ। ਨਾਗਰ ਸਿੰਘ ਔਰ ਸ਼ਾਮ ਸਿੰਘ ਵਾਪਸ ਮੁਲਕ ਬ੍ਰਟਿਸ਼ ਹਿੰਡ ਰਾਜ਼ ਸੇ ਵੈਨਕੌਵਰ ਆ ਗਏ। ਔਰ ਆ ਕਰ ਦੀਵਾਨ ਮੇਂ ਗੁਰੂ ਮਹਾਂਰਾਜ ਕੇ ਹਜ਼ੂਰ ਖੜੇ ਹੋ ਕਰ ਸ੍ਬਤ ਖਾਲਸਾ ਜੀ ਹਿੰਦੂ, ਮੁਸਲਮਾਨ ਭਰਾਵਾਂ ਕੇ ਅਗੇ ਜੋ ਦੀਵਾਨ ਮੇਂ ਕ੍ਰੀਬਨ ਪੰਜ ਛੇ ਸੌ ਕੇ ਅਕੱਤ੍ ਹੋਏ ਹੂਏ ਸਨ, ਸਭ ਹਾਲ ਉਸ ਮੁਲਕ ਕਾ ਸੁਨਾਇਆ ਜਿਸ ਕਾ ਖੁਲਾਸਾ ਯੇਹ ਹੈ:

☚ਦੇ ਸਮੂਹ ਭਾਰਤੀ ਲੋਕਾਂ ਨੂੰ ਵਰਗਲਾ ਕੇ ਹਾਂਡੂਰਸ ਜਾਣ ਲਈ ਤਿਆਰ ਕੀਤਾ ਜਾਵੇ। ਇਸ ਮਕਸਦ ਦੀ ਪੂਰਤੀ ਲਈ ਉਨ੍ਹਾਂ ਨੇ ਦੋ ਸਰਕਾਰੀ ਕਰਿੰਦੇ ਚੁਣੇ। ਇਕ ਸੀ ਮਿਸਟਰ ਹਾਰਕਿਨ ਤੇ ਦੂਜਾ ਵਿਲੀਅਮ ਹਾਪਕਿਨਸਨ, ਜੋ ਇਮੀਗਰੇਸ਼ਨ ਵਿਭਾਗ ਲਈ ਦੋ-ਭਾਸ਼ੀਆ ਦਾ ਕੰਮ ਕਰਦਾ ਸੀ ਤੇ ਦੂਜੇ ਪਾਸੇ ਭਾਰਤੀ ਲੋਕਾਂ ਦੀ ਜਾਸੂਸੀ ਵੀ ਕਰਦਾ ਸੀ। ਇਨ੍ਹਾਂ ਨੇ ਭਾਰਤੀ ਲੋਕਾਂ ਵੱਲੋਂ ਹਾਂਡੂਰਸ ਵਿਖੇ ਭੇਜੇ ਗਏ ਦੋ ਆਦਮੀਆਂ (ਸ਼ਾਮ ਸਿੰਘ ਤੇ ਨਾਗਰ ਸਿੰਘ) ਨੂੰ ਰਿਸ਼ਵਤ ਦੇਣ ਦਾ ਯਤਨ ਕੀਤਾ ਤਾਂ ਜੋ ਉਹ ਆਪਣੇ ਭਾਈਚਾਰੇ ਨੂੰ ਹਾਂਡੂਰਸ ਇਲਾਕੇ ਦੀ ਖ਼ੂਬ ਪ੍ਰਸੰਸਾ ਕਰਨ, ਪਰ ਉਨ੍ਹਾਂ ਦੋਨਾਂ ਨੁਮਾਇੰਦਿਆਂ ਨੇ ਆਪਣੀ ਕੌਮ ਲਈ ਵਿਸਾਹਘਾਤ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਰਿਸ਼ਵਤ ਠੁਕਰਾ ਦਿੱਤੀ। ਪ੍ਰੋਫੈਸਰ ਤੇਜਾ ਸਿੰਘ ਨੇ ਇਸ ਸੰਕਟ ਕਾਲ ਦੌਰਾਨ ਬਹੁਤ ਕਮਾਲ ਦਾ ਕੰਮ ਕੀਤਾ। ਮੀਡੀਆ ਨੂੰ ਉਪਰੋਕਤ ਸਾਜ਼ਿਸ਼ ਬਾਰੇ ਦੱਸਿਆ ਤੇ ਸਰਬ-ਸੰਮਤੀ ਨਾਲ ਸਮੂਹ ਭਾਈਚਾਰੇ ਨੇ ਹਾਂਡੂਰਸ ਜਾਣ ਤੋਂ ਇਨਕਾਰ ਕਰ ਦਿੱਤਾ। ਸੰਤ ਤੇਜਾ ਸਿੰਘ ਜੀ ਨੇ ਗੁਰੂ ਨਾਨਕ ਮਾਈਨਿੰਗ ਤੇ ਟਰੱਸਟ ਕੰਪਨੀ ਲਿਮਟਿਡ 23 ਨਵੰਬਰ, 1908 ਨੂੰ ਰਜਿਸਟਰ ਕਰਾਈ ਤਾਂ ਜੋ ਸਮੁੱਚੇ ਭਾਈਚਾਰੇ ਦੀ ਤਰੱਕੀ ਬਾਰੇ ਗੋਰੇ ਸਮਾਜ ਨੂੰ ਪਤਾ ਲੱਗੇ। ਉਪਰੰਤ ਮਾਰਚ 1909 ਨੂੰ ਖ਼ਾਲਸਾ ਦੀਵਾਨ ਸੁਸਾਇਟੀ ਨੂੰ ਬੀ.ਸੀ. ਦੇ ਸੁਸਾਇਟੀ ਐਕਟ ਅਧੀਨ ਵੀ ਰਜਿਸਟਰ ਕਰਵਾ ਦਿੱਤਾ।

—ਸੰਪਾਦਕ

6-11-1908 1. ਪਾਣੀ ਔਰ ਹਵਾ ਉਸ ਮੁਲਕ ਕੀ ਐਸੀ ਹੈ, ਜੋ ਕਿ ਹਿੰਦੁਸਤਾਨ ਕੇ ਬਾਸ਼ਿੰਦੋ ਕੋ ਨਾਂ ਮੁਆਫਕ ਹੈ।

2. ਮਜ਼ਦੂਰੀ ਬਿਲਕੁਲ ਘੱਟ ਜੋ ਕਿ ਅੱਠ ਡਾਲਰ ਤੋਂ ਲੈ ਕੇ ਵੱਧ ਤੋਂ ਵੱਧ ਬਾਰਾਂ ਡਾਲਰ ਤਕ ਹੈ, ਜਿਸ ਮੇਂ ਖੁਰਾਕ ਭੀ ਪੂਰੀ ਨਹੀਂ ਹੋ ਸਕਤੀ।

3. ਤਾਜ਼ਾ ਦੁੱਧ ਔਰ ਮਖਣ ਬਿਲਕੁਲ ਨਹੀਂ ਮਿਲਦਾ, ਅਗਰ ਘੀ ਮਿਲਦਾ ਭੀ ਹੈ ਤਾਂ ਬਹੁਤ ਮੈਹਿੰਗਾ।

4. ਤਾਜ਼ਾ ਪਾਣੀ ਕਹੀਂ ਸੁਫਨੇ ਮੇਂ ਦੇਖਨੇ ਕੋ ਨਜ਼ਰ ਨਹੀਂ ਆਤਾ, ਜੋ ਮਿਲਦਾ ਭੀ ਹੈ ਸੋ ਬ੍ਰਸਾਤ ਕੇ ਮਹੀਨੋਂ ਮੇਂ ਜਮਾਂ ਕੀਤਾ ਜਾਤਾ ਹੈ। ਕਭੀ 2 ਜਬ ਬਰਸਾਤ ਨਹੀਂ ਹੁੰਦੀ ਤਾਂ ਪਾਣੀ ਬਿੱਲਕੁੱਲ ਖੁਸ਼ਕ ਹੋ ਜਾਤਾ ਹੈ ਯਾ ਸੁਕ ਜਾਂਦਾ ਹੈ। ਤਾਂ ਏਕ ਕੌਂਪਨੀ ਬੋਟ ਦੁਆਰਾ ਪਾਣੀ ਏਕ ਦੂਸਰੀ ਨਦੀ ਸੇ ਲਿਆਉਂਦੀ ਹੈ ਔਰ ਪਾਣੀ ਕੋ ਬਹੁਤ ਮੈਹਿਗੇ ਨਿਰਖ ਸੇ ਘਰਾਂ ਵਾਲੋਂ ਕੋ ਬੇਚਦੀ ਹੈ। ਜਿਸ ਕੀ ਕੀਮਤ ਕਰੀਬਨ ਤੀਨ ਚਾਰ ਡਾਲੇ ਮਹੀਨਾਂ ਸਿਰਫ ਪਾਣੀ ਕੇ ਆਤੇ ਹੈਂ।

5. ਅਸ਼ਨਾਨ ਵਾਸਤੇ ਸਮੁੰਦਰ ਕਾ ਪਾਣੀ ਮਿਲਤਾ ਹੈ, ਜੋ ਕਿ ਕੇਸੀ ਅਸ਼ਨਾਨ ਕਰਨੇ ਕੇ ਵਾਸਤੇ ਬਿੱਲਕੁੱਲ ਠੀਕ ਨਹੀਂ ਹੋਤਾ, ਕਿਉਂਕੇ ਨਿਮਕੀ ਪਾਣੀ ਹੋਤਾ ਹੈ। ਕਈ ਸਿੰਘ ਹਫ਼ਤੇ ਵਾਰ ਕੇਸੀ ਅਸ਼ਨਾਨ ਕਰਤੇ ਹੈਂ, ਕਈ ਹਰ ਰੋਜ਼ ਕਰਤੇ ਹੈਂ, ਜਿਨ ਕੇ ਵਾਸਤੇ ਬੜੀ ਦਿਕਤ ਹੈ। ਇਸ ਵਾਸਤੇ ਯੇਹ ਸਾਡੇ ਨਾ ਪਸਿੰਦ ਹੈ।

6. ਮੱਛਰ ਉਸ ਮੁਲਕ ਮੇਂ ਹੱਦ ਸੇ ਜ਼ਿਆਦਾ ਹੈ, ਜਿਸ ਕੇ ਡੰਗ ਸੇ ਕਈ ਕਿਸਮ ਕੀ ਬੀਮਾਰੀਆਂ ਪੈਦਾ ਹੋਤੀ ਹੈਂ।

7. ਮਜ਼ਦੂਰੀ ਅਕਰਾਰ ਨਾਮਾਂ ਲਿਖਨੇ ਸੇ ਹੋਤੀ ਹੈ, ਜਿਸ ਕੇ ਸਾਥ ਅਕਰਾਰ ਨਾਮਾਂ ਕੰਮ ਦਾ ਲਿਖਾ ਜਾਤਾ ਹੈ। ਜਬ ਤੱਕ ਵੋਹੁ ਅਕਰਾਰ ਪੂਰਾ ਨਾਂ ਹੋ ਜਾਵੇ, ਤੱਬ ਤੱਕ ਆਦਮੀ ਔਰ ਕਿਸੀ ਜਗਾ ਨਹੀਂ ਜਾ ਸਕਦਾ, ਜੋ ਕਿ ਐਹਿਦ ਨਾਮਾਂ ਤੀਨ ਸਾਲ ਸੇ ਕਮ ਨਹੀਂ ਔਰ ਖਾਣ ਪੀਣ ਨੂੰ ਕੌਂਪਨੀ ਕੁਛ ਭੀ ਦੇਵੇ ਔਰ ਕੁੱਛ ਨਾ ਦੇਵੇ।

8. ਉਸ ਜਗਾ ਹਿੰਦੁਸਤਾਨ ਕੇ ਨਿਵਾਸੀ ਪੈਹਲਾਂ ਭੀ ਰੈਹੰਦੇ ਹੈਨ, ਜਿਨ ਕੀ ਆਜ ਕੱਲ ਬੁਰੀ ਹਾਲਤ ਹੈ। ਚਾਲੀ 2 ਬਰਸ ਸੇ ਉਸ ਜਗਾ ਰੈਹਤੇ ਹੈਂ, ਥੋੜੇ ਸੇ ਆਦਮੀ ਜੋ ਕਿ ਸਾਨੂੰ ਮਿਲੇਂ ਹੈਂ, ਉਨਕੇ ਪਤੇ ਔਰ ਨਾਮ ਸਾਡੇ ਪਾਸ ਮੌਜੂਦ ਹੈਂ। ਮਗਰ ਹਿੰਦੁਸਤਾਨ ਵਾਪਸ ਜਾਨੇ ਕੇ ਵਾਸਤੇ ਉਨਕੇ ਪਾਸ ਇਕ ਕੌਡੀ ਭੀ ਕਾਇਮ ਨਹੀਂ, ਜੋ ਕਿ ਕਰਾਇਆ ਦੇ ਕੇ ਆਪਣੀ ਮਾੜ੍ਹੀ ਭੂਮੀ ਹਿੰਦੁਸਤਾਨ ਕਾ ਦਰਸ਼ਨ ਹਾਸਲ ਕਰੇਂ। ਸਾਨੂੰ ਉਨ੍ਹਾਂ ਨੇ ਦੁਹਾਈ ਦੇ ਕਰ ਕਿਹਾ ਕਿ ਕਿਸੀ ਨਾਂ ਕਿਸੀ ਤਰਾਂ ਸਾਨੂੰ ਭਾਰਤ ਖੰਡ ਦਖਾਉ ਔਰ ਉਨ੍ਹਾਂ ਦੇ ਬੱਚਿਆਂ ਨੂੰ ਬਾਪੋਂ ਕੇ ਗਲੇ ਲੱਗ ਕੇ ਕੈਹੰਦੇ ਹੂਏ ਸੁਨਿਆ ਕਿ ਪਾਪਾ! ਵੈਨ ਵਿਲ ਯੂ ਸ਼ੋ ਅਸ ਅਵਰ ਓਲਡ ਕੰਟਰੀ, ਜਿਸ ਕਾ ਅਰਥ ਯੇਹ ਹੈ ਕਿ ਐ ਹਮਾਰੇ ਬਾਪ ਆਪ ਮੁੱਝ ਕੋ ਕੱਬ ਸਾਡਾ ਪੁਰਾਣਾ ਮੁਲਕ ਹਿੰਦੁਸਤਾਨ ਦਖਲਾਉਗੇ। ਜਬ ਅਸੀਂ ਯੇਹ ਬਾਤਾਂ ਉਨ ਬਚੋਂ ਕੀ ਰਸੀਲੀ ਜਬਾਨੋਂ ਸੇ ਨਿਕਲਤੀ ਸੁਣੀ ਤਾਂ ਸਾਡੇ ਸਰੀਰ ਬਹੁਤ ਕਲੇਸ਼ ਮੇਂ ਹੂਏ, ਯਾਨੇ ਬਹੁਤ ਦੁੱਖੀ ਹੂਏ। ਮਗਰ ਕਿਆ ਕਰਤੇ, ਕਿਉਂਕੇ ਕੁੱਛ ਕਰਨੇ ਜੋਗ ਨਾ ਥੇ।

9. ਜੋ ਕੁਮੇਟੀ ਹਿੰਡੂਰਾਜ਼ ਦੇ ਅੰਗਰੇਜ਼ਾਂ (ਤੇ ਦੋ ਗੋਰੇ ਜੋ ਸਾਡੇ ਨਾਲ ਵੈਨਕੋਵਰ ਸੇ

ਗਏ ਸਨ) ਨੇ ਉਸ ਜਗਾ ਕੀਤੀ ਥੀ, ਉਸ ਮੇਂ ਸਿਰਫ ਖਾਣੇ ਪੀਣੇ ਦੀਆਂ ਦੋ ਬਾਤਾਂ ਸਾਨੂੰ ਪੁੱਛ ਕੇ ਫਿਰ ਸਾਨੂੰ ਕੁਮੇਟੀ ਸੇ ਬਾਹਰ ਨਿਕਾਲ ਦਿਤਾ ਜੋ ਕਿ ਐਸਾ ਕਰਨਾ ਕਾਨੂੰਨ ਕੇ ਬਰਖਲਾਫ ਹੈ, ਕਿਉਂਕਿ ਯੇਹ ਕੁਮੇਟੀ ਕਾ ਕਾਇਦਾ ਹੈ, ਜੱਬ ਤੱਕ ਕੁਮੇਟੀ ਕੇ ਆਦਮੀ ਸਾਰੇ ਨਾ ਚਲੇ ਜਾਵੇਂ, ਤੱਬ ਤੱਕ ਕੋਈ ਕਿਸੀ ਕੋ ਬਾਹਰ ਨਹੀਂ ਨਕਾਲ ਸਕਦਾ। ਹਾਂ! ਜੱਬ ਸਭ ਕੇ ਸਭ ਚਲੇ ਜਾਵੇਂ ਤਾਂ ਹਰੇਕ ਆਦਮੀ ਆਪੋ ਆਪਨੇ ਮਕਾਨ ਕੋ ਖੁਦ ਬਖੁਦ ਚਲਾ ਜਾਯਾ ਕਰਤਾ ਹੈ। ਸੋ ਐਸਾ ਸਾਨੂੰ ਬਾਹਰ ਕੁਮੇਟੀ ਸੇ ਕੈਹਿ ਕੇ ਨਕਾਲੇ ਜਾਨੇ ਸੇ ਸਾਡੀ ਔਰ ਖਾਲਸਾ ਦੀਵਾਨ ਕਮੇਟੀ ਕੀ ਇਜ਼ਤ ਮੇਂ ਬਹੁਤ ਹੱਤਕ ਪੈਦਾ ਹੁਆ। ਉਸ ਕੇ ਬ੍ਰਾਦ ਸਾਨੂੰ ਕੁੱਝ ਪਤਾ ਨਹੀਂ ਕਿ ਉਨ੍ਹੋਂ ਨੇ ਪੀਛੇਂ ਸੇ ਕਿਆ ਗੋਲਮਾਲ ਕੀਤਾ ਹੈ।

10. ਏਕ ਢੰਗ ਸੇ ਸਾਨੂ ਕੁਛ ਲਾਲਚ ਭੀ ਦਿੱਤਾ ਗਿਆ ਥਾ। ਜਿਸ ਕਾ ਲੈਣਾ ਸਾਡੇ ਵਾਸਤੇ ਬੁਰ ਵਸਤ ਹੈ। ਨਾਗਰ ਸਿੰਘ ਕੋ ਇਕ ਬੈਗ ਯਾਨੇ ਬਟੂਆ ਦੁਭਾਸੀਏ* ਨੇ ਦਿਤਾ, ਜਿਸ ਮੇਂ ਕੁੱਛ ਨੋਟ ਭਰੇ ਹੁਏ ਸਨ, ਜੋ ਕਿ ਨਾਗਰ ਸਿੰਘ ਨੇ ਗਿਣੇ ਥੇ ਤੀਨ ਹਜ਼ਾਰ ਡਾਲਰ ਕੇ ਨੋਟ ਥੇ, ਜਿਸ ਕੋ ਦੇਖ ਕਰ ਗੁਰੂ ਮਹਾਂਰਾਜ ਕਾ ਵਾਕ ਭੀ ਨਾਗਰ ਸਿੰਘ ਕੇ ਯਾਦ ਆ ਗਿਆ ਕਿ ਧਰਮ ਛੋੜ ਧਨ ਕੋਈ ਖਾਇ ਔਰ ਸਾਥ ਹੀ ਉਸ ਨੇ ਸੋਚਿਆ ਕਿ ਇਸ ਪੈਸੇ ਕੀ ਖਾਤਰ ਹਮ ਭਾਰਤ ਵਾਸੀ ਭਾਈਉਂ ਕੇ ਗਲੇ ਘੂਟ ਕਰ ਔਰ ਉਨ ਕੋ ਇਸ ਨਰਕ ਮੇਂ ਫੈਂਕ ਕਰ ਅਸੀ ਕਿਧਰ ਕੇ ਜਾਇੰਗੇ। ਉਸ ਪੈਸੇ ਕੋ ਜ਼ੈਹਰ ਕੀ ਤਰਾਂ ਸਮਝਿਆ। ਜਬ ਦੁਭਾਸੀਏ ਨੇ ਜਾਨਾ ਕਿ ਏ ਦੋਵੇਂ (ਨਾਗਰ ਸਿੰਘ ਤੇ ਸ਼ਾਮ ਸਿੰਘ) ਹਿੰਡੂਰਾਜ਼ ਜਾਨੇ ਕੇ ਲੀਏ ਕਾਗਜ਼ ਉਪਰ ਦਸਖਤ ਨਹੀਂ ਕਰਤੇ ਤਾਂ ਵੋਹੁ ਜੋ ਡਾਲਾ ਨਾਗਰ ਸਿੰਘ ਕੋ ਦਿੱਤਾ ਥਾ ਵਾਪਸ ਲੇ ਲੀਆ।

11. ਇਸ ਕੇ ਬ੍ਰਾਦ ਵੈਨਕੋਵਰ ਗੁਰਦੁਆਰਾ ਮੇਂ ਸਾਰੇ ਦੀਵਾਨ ਨੇ ਯੇਹ ਰਾਏ ਇਕਤਰ ਹੋ ਕੇ ਪਾਸ ਕੀਤੀ ਕਿ ਅਸੀ ਹਿੰਡੂਰਾਜ਼ ਕੋ ਨਹੀਂ ਜਾਵਾਂਗੇ ਤੇ ਆਪਣੇ ਭਰਾਵਾਂ ਦੀ ਬਾਬਤ ਜੋ ਬੇਕਾਰ ਹਨ ਜਥਾਬੰਦੀ ਕਰਕੇ ਜਾਪਾਨ, ਹਾਂਗਕਾਂਗ, ਸ਼ੰਘਾਈ ਤੇ ਹਿੰਦੁਸਤਾਨ ਦੇ ਭਰਾਵਾਂ ਦੀ ਇਮੰਦਾਦ ਕੇ ਸਾਥ ਬੰਦੋਬਸਤ ਕਰਾਂਗੇ, ਕਿਉਂਕੇ ਸਾਡੇ ਬਹੁਤ ਸਾਰੇ ਭਾਈ ਕੰਮ ਉਪਰ ਲਗੇ ਹੁਏ ਹਨ। ਅਗਲੀ ਗਰਮੀਆਂ ਤੱਕ ਸਾਰਾ ਇੰਤਜ਼ਾਮ ਪੂਰੇ 2 ਤੌਰ ਪਰ ਹੋ ਜਾਇਗਾ।

12. ਆਖਰ ਕਾਰ ਯੇਹ ਜੋ ਬਾਤਾਂ ਹਿੰਡੂ ਰਾਜ਼ ਕੀ ਬਾਬਤ ਨਾਗਰ ਸਿੰਘ ਹੋਰਾਂ ਬਿਆਨ ਕੀਤੀ ਹੈ ਔਰ ਉਨਕੀ ਬਾਬਤ ਜੋ ਖਾਲਸਾ ਦੀਵਾਨ ਕੁਮੇਟੀ ਨੇ ਰਾਏ ਪਾਸ ਕੀਤੀ

---

* ਸਰਕਾਰ ਵੱਲੋਂ ਭੇਜੇ ਦੋ ਆਦਮੀ ਹਾਰਕਿਨ ਤੇ ਹਾਪਕਿਨਸਨ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਦੋ ਨੁਮਾਇੰਦੇ ਸ਼ਾਮ ਸਿੰਘ ਤੇ ਨਾਗਰ ਸਿੰਘ ਨੂੰ ਰਿਸ਼ਵਤ ਦੇਣ ਦਾ ਯਤਨ ਕੀਤਾ, ਤਾਂ ਜੋ ਉਹ ਹਾਂਡੂਰਸ ਦੇ ਇਲਾਕੇ ਬਾਰੇ ਵਧਾਅ ਚੜ੍ਹਾਅ ਕੇ ਦੱਸਣ, ਪਰ ਇਹ ਸੰਭਵ ਨਾ ਹੋ ਸਕਿਆ। ਕੈਨੇਡਾ ਸਰਕਾਰ ਚਾਹੁੰਦੀ ਸੀ ਕਿ ਸਾਰੇ ਭਾਰਤੀ ਲੋਕਾਂ ਨੂੰ ਵਰਗਲਾ ਕੇ ਹਾਂਡੂਰਸ ਜਾਣ ਲਈ ਮਨਾ ਲਿਆ ਜਾਵੇ। ਪਰ ਹਾਂਡੂਰਸ ਦਾ ਇਲਾਕਾ ਮਜ਼ਦੂਰੀ ਕਰਨ ਲਈ ਠੀਕ ਨਹੀਂ ਸੀ। ਉਥੇ ਮਜ਼ਦੂਰੀ ਘੱਟ ਸੀ ਅਤੇ ਪਾਣੀ ਦੀ ਵੀ ਘਾਟ ਸੀ। ਇਨ੍ਹਾਂ ਦੋ ਸੱਜਣਾਂ ਨੇ ਆਪਣੇ ਕੌਮੀ ਭਰਾਵਾਂ ਨਾਲ ਧੋਖਾ ਕਰਨਾ ਪਾਪ ਸਮਝ ਕੇ ਸਰਕਾਰੀ ਅਫ਼ਸਰਾਂ ਵੱਲੋਂ ਰਿਸ਼ਵਤ ਦੀ ਪੇਸ਼ਕਸ਼ ਠੁਕਰਾ ਦਿੱਤੀ। ਹੁਣ ਹਾਂਡੂਰਸ ਨਾਰਥ ਅਮਰੀਕਾ ਜਾਂ ਸੈਂਟਰਲ ਅਮਰੀਕਾ ਦਾ ਆਜ਼ਾਦ ਦੇਸ਼ ਹੈ। ਇਸ ਦੇਸ਼ ਦੀ ਬੋਲੀ ਸਪੈਨਿਸ਼ ਹੈ।

—ਸੰਪਾਦਕ

ਹੈ—ਉਸ ਸਾਰੇ ਹਾਲ ਕੀ ਬਾਬਤ ਯੇਹ ਫੈਸਲਾ ਹੂਆ ਕਿ ਵਕਤ ਜਰੂਰਤ (ਯਾਨੇ ਲੌੜ ਪੈਨ ਸਾਰ ਦੇਸ ਯਾਨੇ ਹਿੰਦੁਸਤਾਨ ਮੇਂ ਤਾਰਾਂ ਦਿਤੀਆਂ ਜਾਵਣ ਔਰ ਅਟਾਵਾ ਕੀ ਗਵਰਨਮਿੰਟ ਨੂੰ ਖਬਰ ਦਿਤੀ ਜਾਵੇ ਕਿ ਅਸੀ ਬਰਿਟਸ਼ ਹਿੰਡੂਰਾਜ਼ ਕੋ ਬਾ ਸਬੱਬ ਨਾ ਪਸੰਦ ਹੋਨੇ ਨਹੀ ਜਾਵੇਂਗੇ ਔਰ ਅਪਨਾ ਬੰਦੋਬਸਤ ਆਪ ਖੁਦ ਕਰਾਂਗੇ।

[*ਜ਼ਰੂਰੀ ਨੋਟ :* ਪੈਹਿਲਾਂ ਜੋ ਤਾਰੀਖ 22-11-1908 ਦੀ ਕਾਰਰੁਵਾਈ ਲਿਖੀ ਹੈ, ਇਸ ਤੋਂ ਮਾਲੂਮ ਹੁੰਦਾ ਹੈ ਕਿ ਨਾਗਰ ਸਿੰਘ, ਸ਼ਾਮ ਸਿੰਘ ਦੀ ਹਾਂਡੂਰਾਜ਼ ਤੋਂ ਚਿਠੀ ਆਈ ਤੋਂ ਹੋਈ, ਪਰ ਅਗੇ ਜੋ ਤਾਰੀਖ 6-11-1908 ਦੀ ਕਾਰਰੁਵਾਈ ਲਿਖੀ ਹੈ ਏਥੋਂ ਮਾਲੂਮ ਹੁੰਦਾ ਹੈ ਕਿ ਉਕਤ ਗਲ ਬਾਤ ਤਾਰੀਖ 6-11-1908 ਨੂੰ ਨਾਗਰ ਸਿੰਘ ਹੋਰਾਂ ਨਾਲ ਹਾਂਡੂ ਰਾਜ ਵਿਚ ਹੀ ਹੋਈ ਹੈ ਜੋ ਕਿ ਉਨ੍ਹਾਂ ਵੈਨਕੋਵਰ ਗੁਰਦੁਆਰੇ ਆ ਕੇ ਖੁੱਦ ਜ਼ਬਾਨੀ 22-11-1908 ਨੂੰ ਦੱਸੀ ਹੈ। *—ਅਰਜਨ ਸਿੰਘ ਚੰਦ*]

ਪ੍ਰਧਾਨ ਭਾਨ ਸਿੰਘ **ਸਕੱਤ੍ਰ ਭਾਗ ਸਿੰਘ**

22-11-1908 ਭਾਈ ਵਰਿਆਮ ਸਿੰਘ ਨੇ ਵਾਸਤੇ ਖ੍ਰੀਦਨੇ ਲਾਟ ਕੇ ਜੋ ਕਿ ਵੈਨਕੋਵਰ ਗੁਰਦੁਆਰਾ ਕੇ ਪਾਸ ਬੇਨਤੀ ਕੀਤੀ, ਕਿਉਂਕੇ ਉਸ ਨੇ ਖਰੀਦਨੇ ਸੇ ਕਈ ਚੀਜਾਂ ਜੋ ਕਿ ਗੁਰਦੁਆਰੇ ਮੁਤਅੱਲਕ ਹੈ ਉਨ ਕੋਂ ਫਾਇਦਾ ਪਹੁੰਚੇਗਾ ਇਸ ਬੇਨਤੀ ਕੋ ਸੁਣ ਕਰ ਸੰਗਤ ਨੇ ਬੜੀ ਖੁਸ਼ੀ ਸੇ ਲਾਟ ਕਾ ਖ੍ਰੀਦਨਾ ਮਨਜ਼ੂਰ ਕੀਤਾ। ਫੇਰ ਸ੍ਦਾਰ ਤੇਜਾ ਸਿੰਘ ਨੇ ਜੋ ਪਿਛਲੇ ਜੋੜ ਮੇਲ ਮੇਂ ਰੈਜ਼ੁਲੇਸ਼ਨ ਪਾਸ ਕੀਤੇ ਥੇ ਔਰ ਵੋਹੁ ਅਰਜ਼ੀ ਜੋ ਕੇ ਸ੍ਕਾਰ ਅਟਾਵਾ ਕੋ ਲਿਖੀ ਥੀ ਖਾਲਸਾ ਕੋ ਪੜ੍ਹ ਕਰ ਸੁਨਾਈ ਔਰ ਦੀਵਾਨ ਨੇ ਇਸ ਕੋ ਸੁਨ ਕਰ ਪ੍ਵਾਨ ਕੀਤਾ ਕਿ ਅਟਾਵਾ ਕੋ ਭੇਜੀ ਜਾਏ, ਜਿਸ ਉਪਰ ਖਾਲਸਾ ਦੀਵਾਨ ਕੁਮੇਟੀ ਮੈਂਬਰੋਂ ਕੇ ਦਸਖਤ ਹੋ ਕਰ ਅਟਾਵਾ ਗਵਰਨਮਿੰਟ ਕੋ ਭੇਜੀ ਗਈ।

ਪ੍ਰਧਾਨ ਭਾਨ ਸਿੰਘ **ਸਕੱਤ੍ਰ ਭਾਗ ਸਿੰਘ**

6-12-1908 ਖਾਲਸਾ ਦੀਵਾਨ ਵੈਨਕੋਵਰ ਵਿਚ ਜੋੜ ਮੇਲ ਹੂਆ ਸ਼ਬਦ ਕੀਰਤਨ ਬੜੇ ਧੂਮਧਾਮ ਨਾਲ ਹੂਆ ਜਿਸ ਕੇ ਬ੍ਰਾਦ ਸਕੱਤ੍ ਅਟਾਵਾ ਸ੍ਕਾਰ ਨੇ ਵਾਸਤੇ ਦਰਿਆਫਤ ਕਰਨੇ ਇੰਡੀਆ ਕੇ ਆਦਮਿਉਂ ਕਾ ਜਾਨਾਂ ਹਿੰਡੂ ਰਾਜ਼ ਕੋ ਵੈਨਕੋਵਰ ਗੁਰਦੁਆਰੇ ਮੇਂ ਭੇਜਾ ਜਿਸ ਨੇ ਵੈਨਕੋਵਰ ਪਹੁੰਚੇ ਹੀ ਏਕ ਚਿਠੀ ਗੁਰਦੁਆਰਾ ਭਾਈ ਬਲਵੰਤ ਸਿੰਘ ਜੀ ਕੋ ਲਿਖੀ, ਜਿਸ ਮੇਂ ਯੇਹ ਲਿਖਾ ਕਿ ਮੈਂ ਵਾਸਤੇ ਪੂਛਨੇ ਇੰਡੀਆ ਕੇ ਆਦਮੀਉਂ ਕੋ ਹਿੰਡੂ ਰਾਜ਼ ਕਾ ਜਾਨਾ 6 ਤ੍ਰੀਕ ਗੁਰਦੁਆਰੇ ਆਵਾਂਗਾ। ਆਪ ਨੇ ਸਭ ਆਦਮੀ ਵੈਨਕੋਵਰ, ਨਿਊਵੈਸਟ ਮਨਿਸਟਰ, ਮਿਲ ਸਾਈਡ ਯਾਨੇ ਕੁਲ ਆਦਮੀਉਂ ਨੇੜੇ ਤੇੜੇ ਰੈਹਣੇ ਵਾਲੋਂ ਕੋ ਖਬਰ ਕਰ ਦੇਨੀ ਕਿ ਉਸ ਦਿਨ ਗੁਰਦੁਆਰਾ ਮੇਂ ਜ਼ਰੂਰ ਆਵੇਂ। ਸੋ ਸਭ ਸਿੰਘ ਤੇ ਮੁਸਲਮਾਨ, ਹਿੰਦੂ ਭਰਾ ਕਰੀਬ ਦੋ ਤੀਨ ਸੌ ਤੇ ਵਧੀਕ ਇਕੱਤ੍ ਹੋਇ ਥੇ। ਸਕੱਤ੍ ਸਾਹਿਬ ਨੇ ਯੇਹ ਭੀ ਕੈਹਿਲਾ ਭੇਜਾ ਥਾ ਕਿ ਆਪ 6-12-1908 ਦਿਨ ਐਤਵਾਰ ਬਵੱਕਤ ਦੋ ਬਜੇ ਗੁਰਦੁਆਰਾ ਮੇਂ ਆਵੇਂਗੇ। ਮਗਰ ਮੌਕੇ ਤਕ ਉਨਕੀ ਇੰਤਜ਼ਾਰੀ ਕੀਤੀ, ਲੇਕਨ ਨਾ ਆਏ। ਫੇਰ ਭਾਈ ਤੇਜਾ ਸਿੰਘ ਜੀ ਆਪ ਗੁਰੂ ਮਹਾਂਰਾਜ ਕੀ ਤਾਬਿਆ ਬੈਠ ਗਏ ਔਰ ਕਥਾ ਕਾ ਪੜ੍ਹਨਾ

ਸ਼ੁਰੂ ਕਰ ਦਿਤਾ। ਥੋੜੇ ਚਿਰ ਬ੍ਰਾਦ ਜਦ ਉੱਕਤ ਸ੍ਦਾਰ ਜੀ ਕੱਥਾ ਕਰ ਹੀ ਰਹੇ ਥੇ ਤਾਂ ਸਕੱਤ੍ ਸਾਹਿਬ ਔਰ ਡਾਕਟਰ ਮਨਰੋ ਸਮੇਤ ਦੋ ਪਾਦਰੀ ਔਰ ਤੀਨ ਪੰਜਾਬੀ ਬਾਤ ਕਰਨੇ ਵਾਲੇ ਗੋਰੇ ਸਾਰੇ ਗੁਰਦ੍ਆਰੇ ਮੇਂ ਆਏ। ਮਗਰ ਗੁਰਦ੍ਆਰੇ ਕੀ ਉਪਰਲੀ ਛੱਤ ਪੁਰ (ਜਿਸ ਜਗ੍ਹਾ ਦੀਵਾਨ ਸੱਜ ਰਹਾ ਥਾ) ਨਹੀਂ ਗਏ। ਨੀਚੇ ਸੇ ਏਕ ਆਦਮੀ ਪਾਸ ਕਹਾ ਭੇਜਾ ਕਿ ਸ੍ਦਾਰ ਤੇਜਾ ਸਿੰਘ ਜੀ ਏਕ ਪਾਂਚ ਮਿੰਟ ਕੇ ਵਾਸਤੇ ਆ ਕਰ ਬਾਤ ਸੁਣ ਜਾਵੇ। ਅਗੋਂ ਉੱਕਤ ਸ੍ਦਾਰ ਜੀ ਨੇ ਜੁਵਾਬ ਦਿੱਤਾ ਕਿ ਮੈਂ ਕਥਾ ਕਰਕੇ ਦੀਵਾਨ ਕੋ ਸੁਨਾ ਰਹਾਂ ਹਾਂ, ਇਸ ਵਾਸਤੇ ਮੈਂ ਨਹੀਂ ਜਾ ਸਕਦਾ ਕਿਉਂਕੇ ਯੇਹ ਗੁਰੂ ਮਹਾਂਰਾਜ ਜੀ ਕੇ ਹੁਕਮ ਸੇ ਵਿਰੁਧ ਹੈ। ਇਸ ਵਾਸਤੇ ਅੱਛਾ ਹੈ ਕਿ ਉਹ ਸਭ ਉਪਰ ਆ ਜਾਵੇਂ। ਦੀਵਾਨ ਕੀ ਸਮਾਪਤੀ ਕੇ ਬ੍ਰਾਦ ਉਨ ਕੇ ਸਾਥ ਬਾਤਚੀਤ ਦੀਵਾਨ ਕੇ ਸਾਮਣੇ ਕੀਤੀ ਜਾਵੇਗੀ। ਉਸ ਆਦਮੀ ਨੇ ਉਸੀ ਤਰਾਂ ਜਾ ਕੇ ਉਨ ਕੋਂ ਕਹਾ ਮਗਰ ਉਹ ਨਾ ਆਏ ਕੈਹਿਨੇ ਲਗੇ ਕਿ ਸ੍ਦਾਰ ਜਰੂਰ ਨੀਚੇ ਆ ਕੇ ਸਿਰਫ ਅਕੇਲਾ ਹਮਾਰੇ ਸਾਥ ਬਾਤ ਕਰ ਜਾਵੇ, ਫੇਰ ਉਸ ਆਦਮੀ ਨੇ ਉਪਰ ਦੀਵਾਨ ਜਾ ਕਰ ਸ੍ਦਾਰ ਹੋਰਾਂ ਕੋ ਉਸੀ ਤਰ੍ਹਾਂ ਜਿਸ ਤਰਾਂ ਉਨੋਂ ਨੇ ਉਸ ਕੋ ਕਹਾ ਥਾ ਆਨ ਕਰ ਕਹਾ। ਮਗਰ ਉੱਕਤ ਸ੍ਦਾਰ ਜੀ ਨੇ ਜੁਵਾਬ ਮੇਂ ਯੇਹ ਕਹਾ ਭਾਈ! ਮੈਂ ਇਸ ਵਕਤ ਗੁਰੂ ਸਾਹਿਬ ਕੀ ਤਾਬਿਆ ਮੇਂ ਬੈਠਾ ਹੂੰ ਤਾਂ ਨਹੀਂ ਜਾ ਸਕਤਾ ਲੇਕਨ ਆਦਮੀ ਜੋ ਦੀਵਾਨ ਮੇਂ ਬੈਠਾ ਹੋਵੇ, ਉਸ ਕੇ ਵਾਸਤੇ ਭੀ ਗੁਰੂ ਮਹਾਂਰਾਜ ਕਾ ਵਾਕ ਹੈ ਕਿ ਦੀਵਾਨ ਛੋੜ ਕੇ ਨਾ ਜਾਵੇ। ਸੋ ਉਨ ਕੋ ਚਾਹੀਯੇ ਕਿ ਉਪਰ ਆ ਕੇ ਜੋ ਫੈਸਲਾ ਹੈ ਕਰ ਜਾਵੇਂ, ਕਿਉਂਕੇ ਜਬ ਉਨਾਂ ਨੇ ਸੰਗਤ ਕੋ ਅਕੱਠਾ ਕਰਨੇ ਕੀ ਬਾਬਤ ਲਿਖਾ ਥਾ ਤੋ ਅਬ ਸੰਗਤ ਸਭ ਇਸ ਜਗਾ ਹਾਜ਼ਰ ਹੈ ਆ ਕਰ ਦਰਸ਼ਨ ਦੇਹੋ ਜੋ ਫੈਸਲਾ ਹੈ ਉਪਰ ਆ ਕੇ ਸਭ ਸੰਗਤ ਮੇਂ ਬਾਤ ਕਰੋ। ਮੈਂ ਅਕੇਲਾ ਨੀਚੇ ਆ ਕਰ ਕਿਆ ਕਰ ਸਕਤਾ ਹੂੰ, ਕਿਉਂਕੇ ਪੂਛਨਾ ਤੋ ਸੰਗਤ ਕੋ ਹੈ, ਜਿਸ ਨੇ ਹਿੰਡੂ ਰਾਜ਼ ਕੋ ਜਾਨਾ ਹੈ.....ਅਗੇ ਜਿਸ ਤਰ੍ਹਾਂ ਮੈਨੂੰ ਦੀਵਾਨ ਹੁਕਮ ਦੇਵੇ ਮੈਂ ਕਰਤਾ ਹੂੰ ਦੀਵਾਨ ਨੇ ਭੀ ਕਿਹਾ ਕਿ ਉਨ ਕੋ ਇਸ ਜਗਾ ਦੀਵਾਨ ਮੇਂ ਆਨਾ ਚਾਹੀਏ, ਕਿਉਂਕੇ ਉਨੋਂ ਨੇ ਸਾਨੂੰ ਸਦਵਾਇਆ ਹੈ। ਇਤਨੇ ਚਿਰ ਮੇਂ ਸ੍ਦਾਰ ਤੇਜਾ ਸਿੰਘ ਕੀ ਨੇਕ ਪਾਕ ਸੱਚੇ ਧਰਮ ਔਰ ਗੁਰੂ ਕੇ ਨਾਮ ਉਪਰ ਸੀਸ ਦੇਨੇ ਵਾਲੀ ਸੁਪਤਨੀ (ਜੋ ਕਿ ਉਸ ਵਕਤ ਦੀਵਾਨ ਮੇਂ ਗੁਰੂ ਮਹਾਂਰਾਜ ਕੀ ਸੇਵਾ ਵਿਖੇ ਹਾਜ਼ਰ ਥੀ) ਨੇ ਭੀ ਸ੍ਦਾਰ ਤੇਜਾ ਸਿੰਘ ਕੀ ਸੇਵਾ ਮੇਂ ਬੇਨਤੀ ਕੀਤੀ ਕਿ ਦੀਵਾਨ ਸੇ ਉੱਠ ਕੇ ਜਾਨਾ ਗੁਰੂ ਮਹਾਂਰਾਜ ਕੇ ਹੁਕਮ ਸੇ ਵਿਰੁਧ ਕਾਰ ਹੈ। ਇਸ ਵਾਸਤੇ ਆਪ ਸੰਗਤ ਕੋ ਕਥਾ ਸੁਨਾਏ ਜਾਓ। ਦੀਵਾਨ ਕੀ ਸਮਾਪਤੀ ਕੇ ਬ੍ਰਾਦ ਆਪ ਚਲੇ ਜਾਣਾਂ।

ਸ੍ਦਾਰ ਹੁਰਾਂ ਕੀ ਸੁਭਾਗ ਭਰੀ ਸੁਪਤਨੀ ਆਪ ਅੰਗਰੇਜ਼ੀ ਔਰ ਗੁਰਮੁਖੀ ਮੇਂ ਬਹੁਤ ਅੱਛੀ ਲਿਆਕਤ ਰਖਤੇ ਹੈ, ਜੋ ਕੁਛ ਉਨ੍ਹੋਂ ਨੇ ਸ੍ਦਾਰ ਹੋਰਾਂ ਦੀ ਸੇਵਾ ਵਿਖੇ ਪ੍ਰਾਰਥਨਾ ਕੀਤੀ ਸੀ। ਵੈਸਾ ਵਿਖਿਆਨ ਸ੍ਦਾਰ ਜੀ ਨੇ ਕੁਲ ਸੰਗਤ ਕੋ ਸੁਨਾ ਦੀਆ ਔਰ ਆਪ ਕਥਾ ਕਰਤੇ ਹੁਏ ਸੰਗਤ ਕੋ ਨਿਹਾਲ ਕਰਤੇ ਰਹੇ, ਉਸ ਕੇ ਬ੍ਰਾਦ ਸ੍ਦਾਰ ਹੁਰਾਂ ਕੁਲ ਸੰਗਤ ਕੋ ਪੂਛਾ ਕਿ ਜੋ ਆਦਮੀ ਬ੍ਰਿਟਸ਼ ਹਿੰਡੂਰਾਜ਼ ਕੋ ਜਾਨਾ ਚਾਤਾ ਹੈ, ਦੀਵਾਨ ਮੇਂ ਸੇ ਆਪਨਾ ਬਾਜ਼ੂ ਯਾਨੇ ਬਾਂਹ ਖੜੀ ਕਰ ਦੇਵੇ ਯਾ ਖੁਦ ਉਠ ਕੇ ਖੜਾ ਹੋ ਜਾਵੇ। ਕਿਸੀ ਨੇ ਨਾ ਵੈਸੇ ਕੀਤਾ। ਇਸ ਤੇ ਬ੍ਰਾਦ ਫਿਰ ਸ੍ਦਾਰ ਹੁਰਾਂ ਕਿਹਾ ਕਿ ਅਗਰ ਕੋਈ ਨਹੀਂ ਜਾਨਾ ਚਾਹਤਾ ਗੱਜ ਕੇ ਵਾਹਿਗੁਰੂ ਜੀ ਕੀ ਫਤੇ ਗਜਾ ਦਿਓ। ਫਿਰ ਸਭ ਨੇ

ਫਤੇ ਵਾਹਿਗੁਰੂ ਜੀ ਕੀ ਜ਼ੋਰ ਸੇ ਗਜਾਈ ਤੇ ਅਰਦਾਸਾ ਸੋਧਿਆ ਗਿਆ। ਕੜਾਹ ਪ੍ਰਸ਼ਾਦਿ ਸੰਗਤ ਕੋ ਵਰਤਾਇਆ ਗਿਆ। ਫੇਰ ਸ੍ਦਾਰ ਤੇਜਾ ਸਿੰਘ ਜੀ ਨੀਚੇ ਉਨ ਅੰਗਰੇਜ਼ੋਂ ਕੇ ਪਾਸ (ਜੋ ਕਿ ਉਨਕੀ ਇੰਤਜ਼ਾਰੀ ਮੇਂ ਥੇ) ਕੋ ਗਏ ਔਰ ਉਨਹੋਂ ਨੇ ਯੇਹ ਕਹਾ ਕਿ ਤੁਮਨੇ ਹਮਾਰੇ ਹੁਕਮ ਕੀ ਤਾਮੀਲ ਨਹੀਂ ਕੀਤੀ।

ਤਾਂ ਸ੍ਦਾਰ ਹੁਰਾਂ ਨੇ ਸਭ ਹਾਲ ਗੁਰੂ ਮਹਾਂਰਾਜ ਕੇ ਹੁਕਮ ਕਾ ਔਰ ਦੀਵਾਨ ਕੀ ਮ੍ਯਾਦਾ ਕਾ ਉਨ ਕੋ ਸੁਣਾਇਆ। ਮਗਰ ਉਹ ਕੈਹਣੇ ਲਗੇ ਕਿ ਹਮ ਇਤਨੇ ਬੜੇ ਅਫਸਰ ਥੇ ਤੁਮ ਕੋ ਐਸਾ ਕਰਨਾ ਨਾ ਚਾਹੀਏ ਥਾ।

ਮਗਰ ਸ੍ਦਾਰ ਹੁਰਾਂ ਇਸ ਕੇ ਜੁਵਾਬ ਮੇਂ ਯੇਹ ਕਹਾ ਕਿ ਅਗਰ ਹਮ ਤੁਮਾਰਾ ਹੁਕਮ ਆਜ ਕੇ ਵਕਤ ਮਾਨਤੇ ਤਾਂ ਹਮ ਗੁਰੂ ਘਰ ਸੇ ਕਸੂਰ ਵਾਰ ਹੋਤੇ ਥੇ। ਕਿਉਂਕੇ ਹਮਾਰੇ ਆਦ ਅੰਤ ਸੇ ਯੇਹ ਰੀਤੀ ਚਲੀ ਆਤੀ ਹੈ ਕਿ ਦੀਵਾਨ ਕੇ ਅੱਧ ਬੀਚ ਸੇ ਨਹੀਂ ਉੱਠਨਾ ਸੀਸ ਤੋਂ ਬੇਸ਼ਕ ਚਲਾ ਜਾਵੇ।

ਆਖਰਕਾਰ ਉਨ ਅੰਗਰੇਜ਼ੋਂ ਨੇ ਪੂੱਛਾ ਕਿ ਕੋਈ ਆਦਮੀ ਜਾਣਾ ਮੰਗਤਾ ਹੈ ਬ੍ਰਟਿਸ਼ ਹਿੰਡੂ ਰਾਜ਼ ਕੋ ? ਤਾਂ ਸ੍ਦਾਰ ਹੁਰਾਂ ਕਹਾ ਕਿ ਕੋਈ ਨਹੀਂ ਜਾਨਾਂ ਚਾਹਤਾ। ਵਾਹ! ਵਾਹ! ਸ੍ਦਾਰ ਤੇਜਾ ਸਿੰਘ ਜੀ ਪੰਥ ਭੂਸ਼ਨ। ਆਪ ਸੀਸ ਦੇਣੇ ਤਕ ਧਾਰਮਕ ਕਾਰਰੁਵਾਈਉਂ ਮੇਂ ਸਿਦਕ ਰਖਤੇ ਹਨ। ਆਹਾ! ਆਹਾ! ਐਸੇ 2 ਪ੍ਰੇਮੀ ਜਨ ਪੰਥ ਕੇ ਪਿਆਰੇ ਜਗਾ 2 ਵਾਹਿਗੁਰੂ ਪੈਦਾ ਕਰੇ।

ਪ੍ਰਧਾਨ ਭਾਨ ਸਿੰਘ **ਸਕੱਤ੍ ਭਾਗ ਸਿੰਘ**

13-12-1908 ਦੀਵਾਨ ਸਮਾਪ੍ਤ ਹੋਣਾ ਕੇ ਵਕਤ ਏਹ ਗੁਰਮਤਾ ਪਾਸ ਹੂਆ ਕਿ ਭਾਈ ਰਣਧੀਰ ਸਿੰਘ* ਸਮੇਤ ਉਦੀ ਸਿੰਘਣੀ ਦੇ ਹਿੰਦੁਸਤਾਨ ਤੋਂ ਏਥੈ ਵੈਨਕੋਵਰ ਮੇਂ ਮੰਗਵਾਏ ਜਾਵੇਂ, ਕਿਉਂਕੇ ਆ ਕਰ ਦੀਵਾਨ ਦੀ ਸੇਵਾ ਕਰੇ। ਸਭ ਸੰਗਤ ਨੇ ਬੜੀ ਖੁਸ਼ੀ ਨਾਲ ਮੰਨਜ਼ੂਰ ਕੀਤਾ ਤੇ ਉਸੀ ਵਕਤ ਸਭ ਭਾਈਆਂ ਨੇ ਵੱਧ 2 ਕੇ ਮਾਇਆ ਦੇ ਗਫੇ ਦਿਤੇ।

ਪ੍ਰਧਾਨ ਭਾਨ ਸਿੰਘ **ਸਕੱਤ੍ ਭਾਗ ਸਿੰਘ**

4-4-1909 ਗੁਰਦੁਆਰਾ ਵੈਨਕੋਵਰ 1866, 2nd Ave, West ਵਿਚ ਅੰਮ੍ਰਿਤ ਤਿਆਰ ਕੀਤਾ। ਪੰਜ ਪਿਆਰੇਆਂ ਦੇ ਨਾਮ ਭਾਈ ਅਮਰ ਸਿੰਘ ਕਟਾਣੀ, ਭਾਈ ਗੁਰਦਿਆਲ ਸਿੰਘ, ਭਾਈ ਧਰਮ ਸਿੰਘ, ਭਾਈ ਹੀਰਾ ਸਿੰਘ ਨੰਗਲ, ਭਾਈ ਨਰੈਣ ਸਿੰਘ† ਠੀਕਰੀ ਵਾਲ੍ਹਾ। ਅੰਮ੍ਰਿਤ ਛਕਣ ਵਾਲਿਆਂ ਦੇ ਨਾਮ :

---

* ਉਸ ਸਮੇਂ ਭਾਈ ਰਣਧੀਰ ਸਿੰਘ ਜੀ ਦਾ ਨਾਂਵ ਸਿੱਖ ਜਗਤ ਵਿਚ ਪ੍ਰਸਿੱਧ ਸੀ। ਬੀ.ਸੀ. ਦੇ ਸਿੱਖਾਂ ਅੰਦਰ ਹਮੇਸ਼ਾ ਇਹੀ ਯਤਨ ਹੁੰਦਾ ਸੀ ਕਿ ਕੋਈ ਯੋਗ ਪ੍ਰਚਾਰਕ ਇਥੇ ਆ ਕੇ ਸਿੱਖ ਧਰਮ ਦਾ ਪ੍ਰਚਾਰ ਕਰੇ। ਇਹ ਸਪੱਸ਼ਟ ਹੁੰਦਾ ਹੈ ਕਿ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਬੰਧਕ ਗੁਰਮਤਿ ਦੇ ਧਾਰਨੀ ਸਨ। ਭਾਈ ਰਣਧੀਰ ਸਿੰਘ ਜੀ ਪਿੱਛੋਂ ਜਾ ਕੇ ਗ਼ਦਰ ਲਹਿਰ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਦਾ ਸੰਪਰਕ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਹਮੇਸ਼ਾ ਰਿਹਾ ਅਤੇ ਦੂਸਰੇ ਲਾਹੌਰ ਕੰਸਪੀਰੇਸੀ ਕੇਸ ਵਿਚ ਉਮਰ ਕੈਦ ਹੋਈ ਤੇ 16 ਸਾਲ ਜੇਲ੍ਹ ਕੱਟੀ ਅਤੇ ਰਿਹਾਅ ਹੋ ਕੇ ਗੁਰਮਤਿ ਪ੍ਰਚਾਰ ਲਈ ਸਰਗਰਮ ਹੋਏ। *—ਸੰਪਾਦਕ*

† ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਵਾਲੇ ਭਾਈ ਨਰੈਣ ਸਿੰਘ ਪਿੰਡ ਠੀਕਰੀਵਾਲ, ਖ਼ਾਲਸਾ ☛

1. ਚਨਣ ਸਿੰਘ—ਧਰਮ ਸਿੰਘ
2. ਪੂਰਨ ਸਿੰਘ—ਪੂਰਨ ਸਿੰਘ
3. ਚਿਰਾਗ ਸਿੰਘ—ਦਿਆ ਸਿੰਘ
4. ਬਿਸ਼ਨ ਸਿੰਘ—ਪ੍ਰੇਮ ਸਿੰਘ
5. ਨਰੈਣ ਸਿੰਘ—ਸੁੰਦਰ ਸਿੰਘ
6. ਸੁੰਦਰ ਸਿੰਘ—ਵੀਰ ਸਿੰਘ
7. ਮੁਨਸ਼ਾ ਸਿੰਘ—ਗਿਆਨ ਸਿੰਘ
8. ਝੰਡਾ ਸਿੰਘ—ਝੰਡਾ ਸਿੰਘ

ਮੁਨਸ਼ਾ ਸਿੰਘ ਪਿੰਡ ਚਿੱਟੀ ਜੋ ਕਿ ਸੁਨਿਆਰਾ ਸਿੰਘ ਹੈ, ਉਸਦਾ ਆਨੰਦ ਕਾਰਜ ਗੋਰੀ ਮਿਸਜ਼ ਐਨੀ ਦੇ ਨਾਲ ਵੀ ਇਸੇ ਦਿਨ ਹੋਇਆ। ਮਿਸਜ਼ ਐਨੀ ਦਾ ਨਾਮ ਲਾਭ ਕੌਰ ਰਖਿਆ ਗਿਆ ਅਤੇ ਮੁਨਸ਼ਾ ਸਿੰਘ ਦਾ ਨਾਮ ਗਿਆਨ ਸਿੰਘ ਰਖਿਆ ਗਿਆ। ਉਸ ਵਕਤ ਗਰੰਥੀ ਯਾਨੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਸ੍ਰਦਾਰ ਤੇਜਾ ਸਿੰਘ ਡਬਲ ਐਮ.ਏ. ਸਨ। ਇਸ ਕਾਰਰੁਵਾਈ ਦੇ ਅਗਵਾਹ ਸ੍ਰਦਾਰ ਤੇਜਾ ਸਿੰਘ ਅਤੇ ਭਾਈ ਸੁੰਦਰ ਸਿੰਘ ਜੀ ਹਨ।

27-6-1909 ਖਾਲਸਾ ਦੀਵਾਨ ਨੇ ਜੇੜਾ ਪਰਚਾ ਹਿੰਡੂ ਰਾਸ ਦੇ ਬਾਰੇ ਛਾਪਿਆ ਸੀ ਉਸ ਦੀ ਇਕ ਕਾਪੀ ਪੰਜਾਬ ਵਿਚ ਭਾਈ ਦੀਵਾਨ ਸਿੰਘ ਜੀ ਜਲੂਪੁਰ ਖੇੜਾ ਜ਼ਿਲਾ ਅੰਮ੍ਰਿਤਸਰ ਨੂੰ ਭੇਜੀ ਗਈ ਥੀ ਔਰ ਉਹਨਾਂ ਨੇ ਦੀਵਾਨ ਦੇ ਪਾਸੋਂ ਉਸ ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਛਾਪਣੇ ਦੀ ਇਜ਼ਾਜਿਤ ਮੰਗੀ। ਦੀਵਾਨ ਦੀ ਤਰਫ ਸੇ ਮਨਜ਼ੂਰੀ ਦਿਤੀ ਗਈ।

ਪ੍ਰਧਾਨ ਭਾਨ ਸਿੰਘ

3-10-1909 ਹੇਠ ਲਿਖੇ ਰੇਉਜ਼ੂਲੇਸ਼ਨ ਦੀਵਾਨ ਵਿਚ ਪ੍ਰਵਾਨ ਕੀਤੇ ਗਏ :

1. ਜੇਹੜਾ ਪਿਛਲੇ ਦੀਵਾਨ ਵਿਚ ਭਾਈ ਭਾਗ ਸਿੰਘ ਜੀ ਤੇ ਭਾਈ ਸੁੰਦਰ ਸਿੰਘ ਜੀ ਦੇ ਦੇਸ ਨੂੰ ਜਾਣ ਦਾ ਫੈਸਲਾ ਹੋਇਆ ਥਾ।* ਸੋ ਅੱਜ ਖਾਲਸਾ ਜੀ ਨੇ ਏਹਨਾਂ ਦੋਹਾਂ ਭਾਈਆਂ ਨੂੰ ਇਸ ਜਗਾ ਠੈਹਿਰਣੇ ਦੀ ਆਗਿਆ ਦਿੱਤੀ ਅੱਰ ਭਾਈ ਬਲਵੰਤ ਸਿੰਘ ਜੀ ਗਰੰਥੀ ਨੂੰ ਦੇਸ ਭੇਜਣੇ ਦੀ ਬਾਬਤ ਮਨਜ਼ੂਰੀ ਦਿੱਤੀ ਗਈ ਅਰ ਭਾਈ ਜੀ 22 ਅਕਤੂਬਰ ਦੇ ਕਰੀਬ ਦੇਸ ਨੂੰ ਰੁਵਾਨਾ ਹੋਣਗੇ ਅਰ ਸਿੰਘਣੀਆਂ ਲੈ ਆਣਗੇ।

☚ਦੀਵਾਨ ਵੱਲੋਂ ਤਿੰਨ ਸੱਜਣਾਂ ਦੇ ਡੇਲੀਗੇਟ ਵਿਚ ਵੀ ਸਨ। ਦੂਸਰੇ ਮੈਂਬਰ ਸਨ : ਭਾਈ ਭਾਗ ਸਿੰਘ ਖੁਰਦਪੁਰ ਤੇ ਭਾਈ ਨੰਦ ਸਿੰਘ ਸੇਹਰਾ। ਇਹ ਫ਼ੈਸਲਾ ਇਕ ਵਿਸ਼ੇਸ਼ ਇਕੱਤ੍ਰਤਾ, ਜੋ ਕਿ 22 ਫ਼ਰਵਰੀ, 1913 ਨੂੰ ਹੋਈ, ਵਿਚ ਕੀਤਾ ਗਿਆ ਕਿ ਉਪਰੋਕਤ ਤਿੰਨਾਂ ਸੱਜਣਾਂ ਨੂੰ ਲੰਡਨ ਤੇ ਇੰਡੀਆ ਵਿਖੇ ਉੱਚ-ਅਧਿਕਾਰੀਆਂ ਨੂੰ ਆਪਣੇ ਸ਼ਿਕਵੇ ਤੇ ਗਿਲੇ ਦੱਸਣ ਲਈ ਭੇਜਿਆ ਜਾਏ। ਇਹ ਤਿੰਨੇ ਵਿਅਕਤੀ ਇੰਗਲੈਂਡ ਦੇ ਉੱਚ-ਅਧਿਕਾਰੀਆਂ ਨੂੰ ਮਿਲੇ ਅਤੇ ਫਿਰ ਭਾਰਤ ਪਹੁੰਚੇ। ਉਥੇ ਵੀ ਉਹ ਗਵਰਨਰ ਸਰ ਮਾਈਕਲ ਉਡਵਾਇਰ ਤੇ ਦਿੱਲੀ ਵਾਇਸਰਾਏ ਨੂੰ ਮਿਲੇ। ਆਮ ਜਨਤਾ ਨੂੰ ਵੀ ਆਪਣੇ ਦੁੱਖ ਦੱਸੇ। *—ਸੰਪਾਦਕ*

* ਇਸ ਪ੍ਰਤਿ ਕੋਈ ਦੋ ਰਾਵਾਂ ਨਹੀਂ ਕਿ ਬੀ.ਸੀ. ਵਿਚ ਰਹਿ ਰਹੇ ਭਾਰਤੀਆਂ ਨੂੰ ਆਪਣੇ ਪਰਵਾਰ ਲਿਆਉਣ ਦੀ ਆਗਿਆ ਨਹੀਂ ਸੀ। ਇਸ ਕਾਨੂੰਨ ਨੂੰ ਟੈਸਟ ਕਰਨ ਲਈ 16 ਅਪ੍ਰੈਲ, 1911 ਨੂੰ ਇਕ ਕਾਨਫ਼ਰੰਸ ਕੀਤੀ ਗਈ, ਜਿਸ ਵਿਚ ਸਰਕਾਰ ਵੱਲੋਂ ਵਿਤਕਰਿਆਂ ਵਿਰੁੱਧ ਮਤੇ ਪਾਸ ਹੋਏ। ਇਹ ਵੀ ਫ਼ੈਸਲਾ ਲਿਆ ਕਿ ਕੁੱਝ ਸੱਜਣ ਭਾਰਤ ਜਾ ਕੇ ਆਪਣੇ ਪਰਿਵਾਰਾਂ ਨੂੰ ਨਾਲ ਲਿਆਉਣ ਅਤੇ ਇਸ ਨਾਲ ਵਿਤਕਰੇ ਭਰਪੂਰ ਕਾਨੂੰਨ ਦੀ ਤਾਕਤ ਨੂੰ ਅਜ਼ਮਾਇਆ ਜਾਵੇ ਅਤੇ ਇਸ ਕਾਨੂੰਨ ਦੀ ਵਿਰੋਧਤਾ ਲਈ ਲਹਿਰ ਚਲਾਈ ਜਾਵੇ। ਇਸ ਕਾਨੂੰਨ ਨੂੰ ਪਰਖਣ ਲਈ ਭਾਈ ਭਾਗ ਸਿੰਘ, ਭਾਈ ਸੁੰਦਰ ਸਿੰਘ ਤੇ ਭਾਈ ਬਲਵੰਤ ਸਿੰਘ ਨੇ ਆਪਣੇ ਆਪ ਨੂੰ ਪੇਸ਼ ਕੀਤਾ। *—ਸੰਪਾਦਕ*

2. ਭਾਈ ਵਰਿਆਮ ਸਿੰਘ ਜੀ (ਸੁੰਦਰ ਸਿੰਘ ਜੀ ਭਾਈ ਬਲਵੰਤ ਸਿੰਘ ਹੋਰਾਂ ਦੇ ਮਗਰੋਂ ਗਰੰਥੀ ਦੀ ਜਗਾ ਗੁਰੂ ਮਹਾਂਰਾਜ ਦੀ ਸੇਵਾ ਕਰਨਗੇ।
3. *ਸਿਆਟਲ ਵਿਚ ਇਕ ਲਾਟ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਯੂਨਾਈਟਿਡ ਹੋਮ ਦੇ ਵਾਸਤੇ ਪੰਥ ਦੇ ਪਾਸ ਬੇਨਤੀ ਕੀਤੀ ਗਈ। ਏਹ ਲਾਟ ਪੈਹਲਾਂ ਤੇਜਾ ਸਿੰਘ ਨੇ ਹਿੰਮਤ ਦਾਸ ਦੇ ਰਾਹੀਂ ਖਰੀਦੀ ਥੀ। ਅਰ ਇਸ ਪਰ 147 ਡਾਲੇ 40 ਸੈਂਟ ਕੌਂਪਨੀ ਦੇ ਹਿਸਾਬ ਵਿਚੋਂ ਦਿਤੇ ਗਏ ਸੀ। ਮਗਰ ਉਸ ਦੇ ਬ੍ਰਾਦ ਮੁਕਰਰਾ ਵਕਤ ਪਰ ਕਿਸ਼ਤ ਨਾ ਦਿੱਤੀ ਗਈ। ਸੋ ਹਨ ਪੰਥ ਨੇ ਓਹ ਲਾਟ 900 ਸੌ ਡਾਲਰ ਕੋ ਖਰੀਦ ਲੇਣੇ ਕਾ ਫੈਸਲਾ ਕਰ ਦਿੱਤਾ। ਅਰ ਕੁੱਛ ਸਿੰਘਾਂ ਨੇ ਦੀਵਾਨ ਨੂੰ ਥੋੜੇ ਚਿਰ ਵਾਸਤੇ ਡਾਲਰ ਉਧਾਰੇ ਦਿਤੇ ਅਰ ਕਈ ਭਰਾਵਾਂ ਨੇ ਦਾਨ ਭੀ ਕੀਤਾ।
4. ਨਰੈਣ ਸਿੰਘ ਇਕ ਵਿਦਿਆਰਥੀ ਬਰਮਾ ਵਿਖੇ ਇਕ ਇੰਜਨੀਰੰਗ ਸਕੂਲ ਵਿਚ ਪੜ੍ਹਦਾ ਹੈ, ਜੋ ਕਿ ਸ਼ੈਹਰ ਇਨਸਲਿਨ ਵਿਚ ਹੈ। ਉਸ ਦਾ ਇਕ ਭਾਈ ਗੁਪਾਲ ਸਿੰਘ ਨਾਮੀ ਯੂਨਾਇਟਿਡ ਸਟੇਟ ਵਿਚ ਰੈਹਿੰਦਾ ਹੈ, ਅਰ ਉਸ ਨੇ ਪੰਥ ਦੇ ਪਾਸ ਆਪਣੇ ਭਾਈ ਨੂੰ ਪੜ੍ਹਾਣੇ ਦੇ ਵਾਸਤੇ ਦਰਖਾਸਤ ਕੀਤੀ ਸੀ, ਅਰ ਨਰੈਣ ਸਿੰਘ ਨੇ ਭੀ ਖੁਦ ਲਿਖਿਆ ਸੀ। ਹੁਣ ਕਿਉਂਕੇ ਇਸ ਵਕਤ ਦੀਵਾਨ ਦੇ ਫੰਡ ਵਿਚ ਸਰਮਾਇਆ ਕਾਫੀ ਨਹੀਂ, ਜੋ ਭਾਈ ਨਰੈਣ ਸਿੰਘ ਜੀ ਨੂੰ ਪੜ੍ਹਾਇਆ ਜਾਵੇ। ਫਿਲਹਾਲ ਉਸਦਾ ਭਾਈ ਗੁਪਾਲ ਸਿੰਘ ਖੁਦ ਆਪਣੇ ਭਾਈ ਦੀ ਪੜ੍ਹਾਈ ਦਾ ਆਪਣੇ ਪੈਸੇ ਨਾਲ ਬੰਦੋਬਸਤ ਕਰੇ, ਅਰ ਜਦ ਭਾਈ ਗੁਪਾਲ ਸਿੰਘ ਖਰਚ ਨਾ ਦੇ ਸਕੇਗਾ, ਜਦ ਕੇ ਉਹ ਬੇਕਾਰੀ ਦੀ ਹਾਲਤ ਵਿਚ ਹੋਵੇ ਤਾਂ ਖਾਲਸਾ ਦੀਵਾਨ ਦੀ ਕੁਮੇਟੀ ਸੋਚ ਵਿਚਾਰ ਕੇ ਦੀਵਾਨ ਦੀ ਆਗਿਆ ਅਨੁਸਾਰ ਬੰਦੋਬਸਤ ਕਰੇਗੀ।

10-10-1909 ਪਾਸ ਹੋਇਆ ਖਾਲਸਾ ਕੌਮ ਦੇ ਬੱਚਿਆਂ ਨੂੰ ਅਮ੍ਰੀਕਾ ਦੇਸ ਦੀ ਵਿਦਿਆ ਹਾਸਲ ਕਰਨੇ ਦੇ ਵਾਸਤੇ ਇਕ ਫੰਡ ਜਾਰੀ ਕੀਤਾ, ਅਰ ਇਕ ਕੁਮੇਟੀ ਬਨਾਈ ਜਾਵੇਗੀ। ਅਰ ਹਰ ਇਕ ਮੈਂਬਰ ਨੂੰ 15 ਡਾਲਰ ਸਾਲ ਦੇ ਦੇਣੇ ਪੈਣਗੇ। ਬਗੈਰ ਚੰਦਾ ਦੇਣੇ ਦੇ ਕੋਈ ਮੈਂਬਰ ਨਹੀਂ ਬਨਾਇਆ ਜਾਵੇਗਾ। ਅਰ ਨਾ ਕੋਈ ਫਾਲਤੂ ਆਦਮੀ

---

* ਪ੍ਰੋਫ਼ੈਸਰ ਤੇਜਾ ਸਿੰਘ ਜੀ ਦਾ ਗੋਰਾ ਸ਼ਰਧਾਲੂ, ਜਿਸ ਦਾ ਨਾਂਵ ਹਿੰਮਤ ਦਾਸ ਸੀ, ਉਸਦੀ ਮਾਇਕ ਸਹਾਇਤਾ ਲਈ ਪਹਿਲੀ ਵਾਰ ਪ੍ਰੋਫ਼ੈਸਰ ਤੇਜਾ ਸਿੰਘ ਜੀ ਵੈਨਕੂਵਰ ਆਏ। ਉਸ ਸਮੇਂ ਹੀ ਹਾਂਡੂਰਸ ਦੀ ਸਾਜ਼ਿਸ਼ ਚੱਲ ਰਹੀ ਸੀ। ਪ੍ਰੋਫ਼ੈਸਰ (ਸੰਤ) ਤੇਜਾ ਸਿੰਘ ਜੀ ਦਾ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਬੰਧਕਾਂ 'ਤੇ ਚੰਗਾ ਪ੍ਰਭਾਵ ਪਿਆ, ਕਿਉਂਕਿ ਉਨ੍ਹਾਂ ਨੇ ਬਹੁਤ ਦਲੇਰੀ ਨਾਲ ਹਾਂਡੂਰਸ ਦੀ ਸਾਜ਼ਿਸ਼ ਨੂੰ ਫ਼ੇਲ੍ਹ ਕਰਾਉਣ ਵਿਚ ਸਫਲ ਹੋਏ। ਉਸ ਪ੍ਰਭਾਵ ਅਧੀਨ ਉਸ ਲੋੜਵੰਦ ਗੋਰੇ ਦੀ ਮਾਇਕ ਸਹਾਇਤਾ ਹੋਈ ਤੇ ਖ਼ਾਲਸਾ ਦੀਵਾਨ ਸੁਸਾਇਟੀ ਦੀ ਰਜਿਸਟ੍ਰੇਸ਼ਨ ਹੋਈ ਤੇ ਗੁਰੂ ਨਾਨਕ ਅਤੇ ਮਾਇਨਿੰਗ ਕੰਪਨੀ ਦੀ ਸਥਾਪਨਾ ਵੀ ਹੋ ਗਈ। ਸਿੱਖਾਂ ਦੇ ਉਜਲੇ ਭਵਿੱਖ ਲਈ ਸੋਨੇ ਦੀ ਖ਼ਾਨਾਂ ਵਿਚ ਹਿੱਸਾ ਪਵਾ ਦਿੱਤਾ ਤੇ ਵੈਸਟ ਵੈਨਕੂਵਰ ਵਿਚ ਕਾਫ਼ੀ ਜ਼ਮੀਨ ਖ਼ਰੀਦੀ ਗਈ। ਉਨ੍ਹਾਂ ਪਿੱਛੋਂ ਸਿੱਖਾਂ ਲਈ ਦੂਰ-ਅੰਦੇਸ਼ੀ ਰੱਖਣ ਵਾਲੇ ਨੇਤਾ ਨਾ ਮਿਲੇ ਅਤੇ ਖ਼ਰੀਦੀ ਜ਼ਮੀਨ ਵੀ ਖੁੱਸ ਗਈ। ਉਸ ਤਰ੍ਹਾਂ ਹੀ ਇਹ ਸਿਆਟਲ 'ਚ ਲਾਟ, ਜੋ ਸਸਤੀ ਲਈ ਸੀ, ਪਰ ਸਮੇਂ ਸਿਰ ਕਿਸ਼ਤ ਨਾ ਦੇਣ ਕਾਰਨ, ਖੁੱਸ ਗਈ ਤੇ ਉਸ ਲਾਟ ਨੂੰ 8 ਗੁਣਾ ਵੱਧ ਪੈਸੇ ਦੇ ਕੇ ਖ਼ਰੀਦਣਾ ਪਿਆ। *—ਸੰਪਾਦਕ*

ਕੁਮੇਟੀ ਦੇ ਕੰਮਾਂ ਵਿਚ ਦਖਲ ਦੇ ਸਕੇਗਾ। ਅਰ ਵਿਦਿਆਰਥੀ ਖਾਲਸਾ ਕੌਮ ਦੇ ਪੜ੍ਹਾਏ ਜਾਣਗੇ। ਜੇਹੜਾ ਇੰਜਨੀਰੰਗ, ਡਾਕਟਰੀ, ਇਲੈਕਟ੍ਰਿਕ ਇੰਜਨੀਰੰਗ, ਕੈਮਿਸਟਰੀ, ਐਗਰੀਕਲਚਰ ਅਰ ਦੂਸਰੀ ਵਿਦਿਆ ਜੋ ਕਿ ਪੰਥ ਨੂੰ ਲਾਭਦਾਇਕ ਹੋਵੇ, ਅਰ ਵਿਦਿਆਰਥੀ ਚੀਫ ਖਾਲਸਾ ਦੀਵਾਨ ਸੇ ਮੰਗੇ ਜਾਨਗੇ ਅਰ ਚੀਫ ਖਾਲਸਾ ਦੀਵਾਨ ਅੱਛੇ ਭਲੇ ਮਾਨਸ ਵਿਦਿਆਰਥੀ ਭੇਜਿਆ ਕਰੇ।

ਭਾਈ ਬਲਵੰਤ ਸਿੰਘ ਜੀ ਨੂੰ ਇਕ ਸਾਲ ਦੀ ਛੁਟੀ ਦੇਸ ਜਾਨੇ ਦੇ ਵਾਸਤੇ ਦਿਤੀ ਗਈ, ਅਰ ਉਹ 28 ਅਕਤੂਬਰ, 1909 ਦੇ ਜਹਾਜ ਵਿਚ ਰਵਾਨਾ ਹੋਣਗੇ।

23-1-1910 ਦੀਵਾਨ ਰੌਣਕ ਨਾਲ ਕੀਤਾ ਗਿਆ। ਭਾਈ ਵਰਿਆਮ ਸਿੰਘ ਜੀ ਗਰੰਥੀ ਨੂੰ ਛੁੱਟੀ ਦਿਤੀ ਗਈ। ਅਰ ਉਹਨਾਂ ਦੀ ਜਗਾ ਭਾਈ ਬਲਵੰਤ ਸਿੰਘ ਜੀ ਦੇ ਆਣੇ ਤਕ ਭਾਈ ਹਾਕਮ ਸਿੰਘ ਹੈਰੀਜਨ ਵਾਲੇ ਨੂੰ ਗਰੰਥੀ ਦਾ ਕੰਮ ਕਰਨੇ ਦੇ ਵਾਸਤੇ ਪੁਛਿਆ ਜਾਵੇਗਾ। ਅਗਰ ਜੇਕਰ ਉਹ ਨਾ ਮੰਨਜ਼ੂਰ ਕਰੇਗਾ ਤਾਂ ਭਾਈ ਮੰਗਲ ਸਿੰਘ ਯਾਂ ਧਰਮ ਸਿੰਘ ਨੂੰ ਗਰੰਥੀ ਦਾ ਕੰਮ ਕਰਨੇ ਦੇ ਵਾਸਤੇ ਪੁਛਿਆ ਜਾਵੇਗਾ।

17-2-1910 ਖਾਲਸਾ ਸਿੰਧ ਬੈਂਕ ਦੇ ਨਾਮ ਭੇਜਿਆ ਕਾਨਫਰੰਸ ਕੋ ਡੇਲੀਗੇਟ ਭਾਈ ਬਲਵੰਤ ਸਿੰਘ ਦੀ ਮਾਰਫਤ 392 ਡਾਲਰ ਜਿਸ ਵਿਚੋਂ 200 ਸੌ ਰੁਪਿਆ ਫੀਰੋਜ਼ਪੁਰ ਬਾਬਤ ਕੰਨਿਆ ਮਹਾਂ ਵਿਦਿਆਲਾ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

20-3-1910 ਭਾਈ ਹਾਕਮ ਸਿੰਘ, ਮੰਗਲ ਸਿੰਘ, ਧਰਮ ਸਿੰਘ ਇਨ ਸਿੰਘੋਂ ਨੇ ਨਾ-ਮੰਨਜ਼ੂਰ ਕਰਨੇ ਤੇ ਬ੍ਰਾਦ ਭਾਈ ਵਰਿਆਮ ਸਿੰਘ ਜੀ ਦੀ ਜਗ੍ਹਾ ਭਾਈ ਹਰੀ ਸਿੰਘ ਗਰੰਥੀ ਮੁਕਰਰ ਕੀਤੇ ਗਏ। ਬਲਵੰਤ ਸਿੰਘ ਦੇ ਆਉਣੇ ਤੱਕ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

5-4-1910 ਕੋ ਇਕ ਚਿਠੀ ਚੀਫ ਖਾਲਸਾ ਦੀਵਾਨ ਕੋ ਭੇਜੀ ਗਈ ਜੋ ਕਿ ਬਲਵੰਤ ਸਿੰਘ ਗਰੰਥੀ ਦੀਵਾਨ ਨੇ ਭੇਜਿਆ ਹੈ। ਉਸ ਦੇ ਸਾਥ ਜੇ ਕਿਸੇ ਕਿਸਮ ਦਾ ਮਾਮਲਾ ਭਾਈ ਬਲਵੰਤ ਸਿੰਘ ਦੇ ਸਾਥ ਹੋਵੇ ਤਾਂ ਚੀਫ ਖਾਲਸਾ ਦੀਵਾਨ ਉਸ ਕੋ ਮਦਦ ਦੇਵੇ। ਯੇਹ ਬੇਨਤੀ ਪੱਤ੍ਰ ਵੈਨਕੋਵਰ ਦੀਵਾਨ ਦੀ ਤਰਫ ਸੇ ਚੀਫ ਖਾਲਸਾ ਦੀਵਾਨ ਕੋ ਭੇਜਿਆ ਗਿਆ ਹੈ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

12-4-1910 ਜੋ ਕਿ 6-3-1910 ਕੋ ਵੈਨਕੋਵਰ ਦੀਵਾਨ ਕੁਮੇਟੀ ਨੇ ਰੂਲ ਪਾਸ ਕੀਤਾ ਸੀ ਕਿ ਅਸੀਂ ਤੇਜਾ ਸਿੰਘ ਕੋ ਕੁਛ ਦਿਨਾਂ ਦੇ ਵਾਸਤੇ ਉਪਦੇਸ਼ ਰਖਣਾ ਚੌਹੰਦੇ ਹੈ। ਸੋ ਹੁਣ 12-4-1910 ਸੇ ਖਾਲਸਾ ਦੀਵਾਨ ਉਸਦਾ ਤੁਅਲਕ ਛੱਡਦਾ ਹੈ। ਅੱਜ ਤੇ ਬ੍ਰਾਦ ਦੀਵਾਨ ਦਾ ਤੇਜਾ ਸਿੰਘ ਕੇ ਸਾਥ ਕੋਈ ਤੁਅੱਲਕ ਨਹੀਂ। ਆਮ ਤੌਰ ਤੇ ਭਰਾਵਾਂ ਜਿਹਾ ਭਰਾਉ ਹੈ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

12-4-1910 ਕੋ ਭਾਈ ਬਲਵੰਤ ਸਿੰਘ ਕੇ ਸਹੈਤਾ ਦਿਤੀ ਗਈ, ਜੋ ਕਿ ਖਾਲਸਾ ਦੀਵਾਨ ਵੈਨਕੋਵਰ ਨੇ ਉਪਦੇਸ਼ਕ ਬਣ ਕੇ ਭੇਜਿਆ ਸਾ। $ 142-00 ਡਾਲਰ ਪਿੰਡ ਖੁਰਦਪੁਰ ਜ਼ਿਲਾ ਜਲੰਧਰ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕਰੈਟਰੀ ਬਤਨ ਸਿੰਘ**

7-8-1910 1. ਚੀਫ ਖਾਲਸਾ ਦਿਵਾਨ ਵਲੋਂ ਚਿਠੀ ਆਈ, ਜੋ ਕੇ ਡਾਕਟਰ ਮੇਡਰੋ ਨੇ ਭੇਜੀ ਸੀ। ਉਸ ਦੀ ਬਾਬਤ ਫੈਸਲਾ ਕੀਤਾ ਗਿਆ ਕਿ ਪੈਹਿਲੇ ਇਕ ਚਿਠੀ ਸਕੱਤ ਹਸਪਤਾਲ ਕੋ ਭੇਜੀ ਜਾਵੇ ਕੇ ਜੋ ਆਦਮੀ ਆਪ ਦੇ ਹਸਪਤਾਲ ਮੇਂ ਰੈਹ ਗਏ ਹੈ। ਉਨ੍ਹਾਂ ਦੇ ਨਾਮ ਤੇ ਖਰਚ ਦੀ ਕਿਰਪਾ ਕਰਕੇ ਸਾਨੂੰ ਕਾਪੀ ਭੇਜ ਦੇਉ ਤਾਂ ਜੋ ਆਦਮੀ ਪੈਸਾ ਦੇ ਚੁਕੇ ਹੈਂ ਅਤੇ ਜੋ ਬਾਕੀ ਰੈਹਿੰਦੇ ਹੈ ਫਿਰ ਅਸੀ ਬੰਦੋਬਸਤ ਕਰਾਂਗੇ। ਬੰਦੋਬਸਤ ਕਰਕੇ ਪੈਸਾ ਦਿੱਤਾ ਜਾਵੇਗਾ।

2. ਇਸ ਬਾਤ ਕੇ ਬਾਰੇ ਇਕ ਚਿਠੀ ਚੀਫ ਖਾਲਸਾ ਦੀਵਾਨ ਨੂੰ ਭੇਜੀ ਜਾਵੇ ਕਿ ਅਸੀ ਇਸ ਦਾ ਬੰਦੋਬਸਤ ਕਰਾਂਗੇ। ਅਗੇ ਸਾਨੂੰ ਕਿਸੇ ਇਤਲਾਹ ਨਹੀ ਦਿੱਤੀ।
3. ਅਗੇ ਵਾਸਤੇ ਜੋ ਸਾਡੇ ਆਦਮੀ ਹਸਪਤਾਲ ਮੇਂ ਆਉਣ। ਸੂਸਾਇਟੀ ਉਸ ਆਦਮੀ ਦੀ ਜੁਮੇਂਵਾਰ ਹੋਵੇਗੀ। ਜਿਸ ਦੇ ਪਾਸ ਸੂਸਾਇਟੀ ਦੀ ਚਿਠੀ ਹੋਵੇਗੀ।
4. ਹਰੀ ਸਿੰਘ ਐਮ.ਏ. ਅੱਜ ਦੀ ਤਾਰੀਖ ਤੋਂ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ ਮਿਸ਼ਨਰੀ ਮੁਕੱਰਰ ਹੋਏ। ਹਰੀ ਸਿੰਘ ਕੋ ਮਿਸ਼ਨਰੀ ਦੀ ਚਿਠੀ ਦਿਤੀ ਜਾਵੇਗੀ।
5. ਜੋ ਸਿੰਘ ਦੀਵਾਨ ਦੀ ਸੇਵਾ ਕਰੇਗਾ। ਉਸ ਕੋ ਉਸ ਦੀ ਸੇਵਾ ਅਨੁਸਾਰ ਚਿਠੀ ਦਿਤੀ ਜਾਵੇਗੀ, ਬਜਾਏ ਪੰਥ ਦੇ ਰੂਲ ਦੇ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ ਬਤਨ ਸਿੰਘ**

20-11-1910 1. ਜੋ ਆਦਮੀ ਸ਼ਰਾਬ ਦੇ ਪੀਣੇ ਵਾਲਾ ਹੋਵੇਗਾ, ਉਸ ਕੋ ਕਿਸੀ ਸਬਬ ਸੇ ਕੁਮੇਟੀ ਮੇਂ ਨਹੀ ਰਖਿਆ ਜਾਵੇਗਾ।*

2. ਜੋ ਸਜਨ ਸ਼ਰਾਬ ਪੀ ਕਰ ਗੁਰਦੁਆਰੇ ਮੇਂ ਆਵੇਗਾ, ਉਸ ਕੋ ਪੈਹਿਲੇ ਸਕੱਤ੍ ਰੀਪੋਟ ਦੇ ਦੇਵੇਗਾ। ਪਰ ਜੇ ਉਹ ਆਦਮੀ ਨਾ ਮਨਜੂਰ ਕਰੇ ਤਾਂ ਉਸ ਕੋ ਗੁਰਦੁਆਰੇ ਸੇ ਬਾਹਰ ਨਿਕਾਲਿਆ ਜਾਵੇਗਾ। ਅਗਰ ਉਹ ਆਦਮੀ ਫਸਾਦ ਕਰੇ ਤੋ ਉਸ ਕੋ ਪੁਲੀਸ ਮੇਂ ਬੰਦ ਕਰਵਾਇਆ ਜਾਵੇਗਾ। ਅਗਰ ਕੋਈ ਸਜਣ ਉਸ ਦੀ ਮਦੱਦ ਕਰੇ ਤਾਂ ਉਸ ਕੋ ਬੀ ਉਸੀ ਸਜਾ ਵਿਚ ਰਖਿਆ ਜਾਵੇਗਾ।
3. ਜੋ ਕੋਈ ਆਦਮੀ ਆਪਣੇ ਮਜ੍ਹਬ ਜਾਂ ਹੋਰ ਕਿਸੀ ਆਪਣੀ ਕੌਮ ਦੇ ਬਾਰੇ ਲੈਕਚਰ ਕਰਨਾ ਚਾਹੇ ਤਾਂ ਉਹ ਸਜਣ ਜਾਂ ਕੋਈ ਹਾਲ ਵਗੈਰਾ ਜਾਂ ਐਸੀ ਕੋਈ ਹੋਰ

---

* ਇਸ ਮਤੇ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਅੰਦਰ ਗੁਰਮਤਿ ਦੀਆਂ ਉੱਚ ਪਰੰਪਰਾਵਾਂ ਨਾਲ ਜੁੜੇ ਰਹਿਣ ਦਾ ਗੌਰਵ ਸੀ। ਖਾਲਸਾ ਦੀਵਾਨ ਸੁਸਾਇਟੀ ਦੇ ਸੰਵਿਧਾਨ ਅੰਦਰ ਇਹ ਪਰੰਪਰਾ ਸ਼ਾਮਲ ਕੀਤੀ ਗਈ ਸੀ ਕਿ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਜਾਂ ਪ੍ਰਬੰਧਕੀ ਅੰਮ੍ਰਿਤਧਾਰੀ ਹੀ ਬਣ ਸਕਦੇ ਸਨ। 1950 ਤੋਂ ਪਿੱਛੋਂ ਇਸ ਪਰੰਪਰਾ ਨੂੰ ਲਾਂਭੇ ਕਰ ਦਿੱਤਾ ਅਤੇ ਗੁਰਦੁਆਰਾ ਕਮੇਟੀਆਂ ਵਿਚ ਸਿੱਖੀ ਸਰੂਪ ਤੋਂ ਰਹਿਤ ਤੇ ਸ਼ਰਾਬ ਦੀ ਵਰਤੋਂ ਕਰਨੇ ਵਾਲੇ ਵਿਅਕਤੀ ਵੀ ਚੁਣੇ ਜਾਂਦੇ ਸਨ। ਇਸ ਤੋਂ ਉਪਰੰਤ ਸਾਧਾਰਨ ਲੋਕਾਂ 'ਤੇ ਵੀ ਪੱਛਮੀ ਸਭਿਅਤਾ ਦਾ ਪ੍ਰਭਾਵ ਹਾਵੀ ਹੋ ਗਿਆ ਸੀ। ਤਾਹੀਉਂ ਬਹੁਤ ਲੋਕ ਅਗਿਆਨਤਾ ਕਾਰਨ ਗੁਰੂ ਘਰਾਂ ਵਿਚ ਨੰਗੇ ਸਿਰ ਜਾਣ ਲੱਗ ਪਏ ਸਨ। *—ਸੰਪਾਦਕ*

ਜਗਾ ਮੁਕਰਰ ਕਰਕੇ ਆਪਣਾ ਲੈਕਚਰ ਕਰੇ। ਜਿਸ ਨੂੰ ਜਰੂਰਤ ਹੋਗੀ, ਵੁਹ ਓਸਦਾ ਲੈਕਚਰ ਸੁਨਣ ਦੇ ਵਾਸਤੇ ਜਾਵੇਗਾ। ਗੁਰਦੁਆਰੇ ਦੇ ਅੰਦਰ ਦੂਸਰੇ ਮਜ੍ਹਬ ਦਾ ਲੈਕਚਰ ਨਹੀਂ ਹੋਵੇਗਾ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

17-12-1910 1. ਉਹ ਸਜਣ ਕੁਮੇਟੀ ਮੇਂ ਹੋਵੇਗਾ, ਜੇਹੜਾ ਕੋਈ ਅਮਲ ਨਾ ਛੱਕੇ ਔਰ ਗੁਰੂ ਘਰ ਦਾ ਪੂਰਾ 2 ਵਾਕਫ਼ ਹੋਵੇ।

2. ਬਾਬੂ ਤਾਰਕ ਨਾਥ ਨੂੰ ਚਿਠੀ ਭੇਜੀ ਜਾਵੇ ਕੇ ਜੋ ਸਿਆਟਲ ਵਾਲੀ ਲਾਟ ਹੈ, ਉਸ ਦਾ ਸਾਨੂੰ ਕੋਈ ਫੈਸਲਾ ਦੇਹ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਤਨ ਸਿੰਘ**

8-4-1911 ਬਦਨ ਸਿੰਘ ਸਕੱਤ੍ਰ ਕਾ ਅਸਤੀਫਾ ਮਨਜ਼ੂਰ ਹੋ ਗਿਆ ਹੈ। ਅਪਨੀ ਖੁਸ਼ੀ ਸੇ ਸੇਵਾ ਵਿਚੋਂ ਹਟ ਗਿਆ ਹੈ। ਉਸ ਕੀ ਜਗਾ ਬਾਗ ਸਿੰਘ ਸਕੱਤ੍ਰ ਬਨਾਇਆ ਗਿਆ ਹੈ। ਬਦਨ ਸਿੰਘ ਸਾਰਾ ਹਿਸਾਬ ਦੇ ਗਿਆ ਹੈ ਔਰ ਕੁਮੇਟੀ ਔਰ ਸੰਗਤ ਨੇ ਬੜੀ ਖੁਸ਼ੀ ਸੇ ਮਨਜ਼ੂਰ ਕਰ ਲਿਆ ਹੈ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਾਗ ਸਿੰਘ**

13-5-1911 1. ਭਾਈ ਸੁਧ ਸਿੰਘ ਫੀਮ ਕੇ ਬਰਤਣੇ ਕਰਕੇ ਛੁੱਟੀ ਦਿਤੀ ਗਈ ਹੈ, ਕਿਉਂਕੇ ਪੈਹਿਲੇ ਰੂਲ ਪਾਸ ਹੋ ਚੁਕਾ ਹੈ। ਅਗਰ ਕੋਈ ਮਿੰਬਰ ਕਿਸੀ ਕਿਸਮ ਕਾ ਅਮਲ ਵਰਤੇਗਾ, ਉਸ ਕੋ ਹਟਾਇਆ ਜਾਵੇਗਾ। ਇਸ ਕਰਕੇ ਭਾਈ ਸੁਧ ਸਿੰਘ ਕੋ ਇਜ਼ਾਜਿਤ ਦਿਤੀ ਗਈ ਹੈ ਔਰ ਦੀਵਾਨ ਵਿਚ ਭੀ 14-5-1911 ਕੋ ਸੁਣਾਈ ਕਰ ਦਿਤੀ ਹੈ।

2. ਜੋ ਸਿਆਟਲ ਵਾਲੀ ਲਾਟ ਹੈ, ਦੀਵਾਨ ਕੀ ਖਰੀਦੀ ਹੁਈ ਵੁਹ ਦੀਵਾਨ ਕੇ ਨਾਮ ਨਹੀਂ ਹੈ। ਗੋਰੇ ਕੇ ਨਾਮ ਹੈ ਦੀਵਾਨ ਕੇ ਨਾਮ ਨਹੀਂ ਲਗਦੀ। ਜਿਸ ਤਰੇ ਸੰਗਤ ਕੀ ਰਾਏ ਹੋਵੇ ਕਰਨਾ ਚਾਹੀਦਾ ਹੈ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਾਗ ਸਿੰਘ**

6-8-1911 ੧ੴ ਸਤਿਗੁਰ ਪ੍ਰਸਾਦਿ। ਗੁਰਮਤਾ ਪਾਸ ਕੀਤਾ ਸੰਗਤ ਨੇ :

1. ਫੈਸਲਾ ਕੀਤਾ ਪੈਹਿਲੇ ਤਾਂ ਹਰ ਇਕ ਸਿੰਘ ਨੇ ਆਪਣੀ 2 ਰੈ ਦੀਵਾਨ ਵਿਚ ਪੇਸ਼ ਕੀਤੀ। ਓਸ ਦੇ ਬ੍ਰਾਦ ਏਹ ਰਾਏ ਪਾਸ ਹੋਈ ਕਿ ਸਤਿ ਸ੍ਰੀ ਅਕਾਲ ਜਦੋਂ ਸੰਗਤ ਦਾ ਜੋੜ ਮੇਲ ਹੋਵੇ ਅਰਦਾਸੇ ਕੇ ਬ੍ਰਾਦ ਫਤੇ ਗਜਾ ਕੇ ਫਿਰ ਸਤਿ ਸ੍ਰੀ ਅਕਾਲ ਗਜਾ ਦੇਣੀ ਚਾਹੀਦੀ ਹੈ। ਜੋ (ਬਲਾਵੇ ਜੈਕਾਰਾ ਸੋ ਗੁਰੂ ਦਾ ਪਿਆਰਾ) ਏਹ ਬੰਦ ਕੀਤਾ ਗਿਆ ਹੈ।
2. ਪੇਸ਼ ਹੋ ਕੇ ਪਾਸ ਹੋਇਆ ਕਿ ਭਾਈ ਤੇਜਾ ਸਿੰਘ ਜੀ ਐਮ.ਏ. ਜਿਨ੍ਹਾਂ ਨੂੰ ਅਗਸਤ 1908 ਤੋਂ ਖਾਲਸਾ ਦੀਵਾਨ ਵੈਨਕੋਵਰ ਨੇ ਮਿਸ਼ਨਰੀ ਦੀ ਤੇ ਸ੍ਰਕਾਰ ਨਾਲ ਪੰਥ ਕਾਰਜਾਂ ਲਈ ਭਗਤੌਣ ਦੀ ਸੇਵਾ ਬਖਸ਼ੀ ਸੀ। ਸੋ ਸੰਗਤ ਦੇ ਹੁਕਮ ਅੰਦਰ ਅਮ੍ਰੀਕਾ, ਇੰਗਲੈਂਡ, ਜਰਮਨੀ ਵਿਚ ਵੇਲੇ 2 ਸਿਰ ਲੋੜ ਅਨੁਸਾਰ ਪੁਜ ਕੇ ਸੇਵਾ ਕਰਦੇ ਰਹੇ ਹਨ। ਹੁਣ ਫੇਰ ਦੀਵਾਨ ਦੇ ਹੁਕਮ ਅਨੁਸਾਰ ਜੋ 17 ਜੁਲਾਈ, 1911

ਕੋ ਉਨ੍ਹਾਂ ਨੂੰ ਤਾਰ ਭੇਜੀ ਸੀ, ਹਾਜ਼ਰ ਹੋ ਗਏ ਹਨ ਤੇ ਦੀਵਾਨ ਫੇਰ ਭਾਈ ਸਾਹਿਬ ਨੂੰ ਪਿਛਲੀ ਸੇਵਾ ਪ੍ਰਵਾਨ ਕਰਕੇ ਏਥੇ ਰਹਿ ਕੇ ਫੇਰ ਮਿਸ਼ਨਰੀ ਦੀ ਤੇ ਸ੍ਰਕਾਰੀ ਸੇਵਾ ਕਰਨ ਲਈ ਮੁਕਰਰ ਭੀ ਕਰਦੀ ਹੈ।

ਪ੍ਰੇਜ਼ੀਡੰਟ ਗਰੀਬ ਸਿੰਘ **ਸਕੱਤ੍ਰ ਬਾਘ ਸਿੰਘ**

31-3-1912 ਨੂੰ ਪਾਸ ਹੋਇਆ ਕਿ ਹਰ ਇਕ ਗੁਰਦੁਆਰਾ ਜੋ ਸੰਗਤਾਂ ਦਾ ਸਾਂਝਾ ਹੋਵੇ, ਉਸ ਦੇ ਚਲੌਣ ਵਾਸਤੇ ਉਸ ਜਗਾ ਦੇ ਪੰਜ ਆਦਮੀ ਮਕਰੱਰ ਕੀਤੇ ਜਾਨ। ਆਮਦਨ ਤੇ ਖਰਚ ਦਾ ਹਿਸਾਬ ਵੈਨਕੋਵਰ ਕੁਮੇਟੀ ਨੂੰ ਹਰ ਮਾਹੀਨੇ ਦਿਆ ਕਰਨ। ਜੇ ਤਿਨ ਮਾਹੀਨੇ ਨਾ ਦੇਣ ਤਾਂ ਉਨ੍ਹਾਂ ਨੂੰ ਅਲੱਗ ਸਮਝਿਆ ਜਾਇਗੇ। ਵੈਨਕੋਵਰ ਕੁਮੇਟੀ ਦਾ ਕੋਈ ਮੈਂਬਰ ਓਥੇ ਜਾ ਕੇ ਉਹਨਾਂ ਦਾ ਹਿਸਾਬ ਦੇਖ ਸਕਤਾ ਹੈ। ਬਾਹਰ ਦੇ ਗੁਰਦੁਆਰਿਆਂ ਦੇ ਪ੍ਰਬੰਧਕ ਪੱਚੀ ਡਾਲਰ ਪਾਸ ਰੱਖ ਸਕਤੇ ਹਨ ਅਤੇ ਗੁਰਦੁਆਰੇ ਦੇ ਖਰਚ ਵਾਸਤੇ ਪੰਦਰਾਂ ਡਾਲੇ ਤੱਕ ਕਰ ਸਕਤੇ ਹਨ। ਜੇ ਹੋਰ ਕਰਨਾ ਹੋਵੇ ਤਾਂ ਕੁਮੇਟੀ ਵੈਨਕੋਵਰ ਵਾਲੀ ਨੂੰ ਪੁੱਛ ਕੇ ਕਰਨ।

2. ਜਿਸ ਭਰਾ ਨੇ ਕਿਸੇ ਤਰਾਂ ਦੀ ਅਰਜ਼ ਕਰਨੀ ਹੋਵੇ ਚਿਠੀ ਲਿਖ ਕੇ ਸੇਵਕ ਨੂੰ ਦੇਵੇਗਾ। ਕੁਮੇਟੀ ਵਿਚਾਰ ਕਰਕੇ ਉਸ ਭਾਈ ਨੂੰ ਆਗਿਆ ਕਰੇਗੀ ਜੇ ਉਸ ਚਿਠੀ ਕੀ ਬਾਤ ਤੋਂ ਦੀਵਾਨ ਵਿਚ ਰੌਲਾ ਪੈਣ ਦਾ ਡਰ ਹੋਵੇ ਤਾਂ ਓਸ ਭਰਾ ਨੂੰ ਉਸ ਵੇਲੇ ਅਰਜ ਕਰਨ ਦੀ ਆਗਿਆ ਨਹੀਂ ਦੇਣਗੇ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ਰ ਮਿਤ ਸਿੰਘ**

4-4-1912 ਸਤ ਵਜੇ ਰਾਤ ਨੂੰ ਉਪਰ ਲਿਖੇ ਕਾਇਦੇ ਅਨੁਸਾਰ ਸਤ ਮੈਂਬਰਾਂ ਦਾ ਅਕਠ ਹੋਇਆ। ਇਸ ਗਲ ਦਾ ਫੈਸਲਾ ਕੀਤਾ ਗਿਆ ਜੇਹੜਾ ਕੇ ਕੈਨੇਡਾ ਵਿਚ ਸਾਡੀਆਂ ਔਰਤਾਂ ਤੇ ਬਚਿਆਂ ਦੇ ਬਰਖਲਾਫ ਕਾਨੂੰਨ ਹੈ ਅਤੇ ਦੋ ਸਿੰਘਨੀਆਂ ਤੇ ਬਚਿਆਂ ਨੂੰ ਜਿਨ੍ਹਾਂ ਵਾਸਤੇ ਡੀਪੋਰਟ ਕਰਨ ਦੇ ਆਰਡਰ ਵਿਚ ਹਨ, ਆਪਣੀ ਕੌਮ ਨੂੰ ਖਬਰ ਕਰਨ ਲਈ ਅਤੇ ਉਨਾਂ ਦੀ ਸਹੈਤਾ ਦੀ ਲੋੜ ਸਮਝ ਕੇ ਪ੍ਰੇਜ਼ੀਡੰਟ ਪੰਜਵੀ ਸਿਖ ਐਜ਼ੂਕੈਸ਼ਨਲ ਕਾਨਫਰੰਸ ਸਿਆਲਕੋਟ ਦੀ ਸੇਵਾ ਵਿਚ ਤਾਰ ਭੇਜੀ ਜਾਏ। ਸਰਬ ਸੰਮਤੀ ਨਾਲ ਪਾਸ ਹੋ ਕੇ ਤਾਰ ਭੇਜੀ ਗਈ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ਰ ਮਿਤ ਸਿੰਘ**

14-4-1912 ਅੱਜ ਇਸ ਕੁਮੇਟੀ ਨੇ ਯੇਹ ਗੁਰਮਤਾ ਪਾਸ ਕੀਤਾ ਕਿ ਕਰਮੇ ਤੇ ਚਨਣ ਨੂੰ ਜੋ ਕਿ ਬਹੁਤ ਦੇਰ ਤੋਂ ਖਾਲਸਾ ਪੰਥ ਅਗੇ ਅਭੇਦ ਹੋਣ ਦੀਆਂ ਅਰਜਾਂ ਕਰਤੇ ਥੇ, ਜੋ ਕਿ ਕਈ ਸਾਲ ਤੋਂ ਸਿਖੀ ਅਸੂਲਾਂ ਨੂੰ ਮੰਨਦੇ ਸਨ, ਅੱਜ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਨੇ ਅਭੇਦ ਕਰਨਾ ਪ੍ਰਵਾਨ ਕਰ ਲਿਆ ਹੈ ਅਤੇ ਦੋਹਾਂ ਨੇ ਲਿਖਤੀ ਇਕਰਾਰਨਾਮੇ ਦਿਤੇ ਹਨ।

ਚਨਣ ਪੁੱਤ੍ ਬੂਟਾ ਕੌਮ ਸ਼ੇਖ ਪਿੰਡ ਬੋੜਾਂ ਵਾਲਾ ਰਿਆਸਤ ਪਟਿਆਲਾ ਡਾਕਘਰ ਭਿਖੀ।

ਕਰਮਾ ਪੁੱਤ੍ ਬੂਟਾ ਕੌਮ ਸੇਖ ਪਿੰਡ ਬੋੜਾਂ ਵਾਲਾ ਰਿਆਸਤ ਪਟਿਆਲਾ ਡਾਕਘਰ ਭਿਖੀ।

ਚਨਣ ਦਾ ਨਾਮ ਅੰਮ੍ਰਿਤ ਛੱਕਾ ਕੇ ਦਿਆ ਸਿੰਘ ਰਖਿਆ ਗਿਆ।
ਕਰਮੇ ਦਾ ਨਾਮ ਅੰਮ੍ਰਿਤ ਛਕਾ ਕੇ ਰਾਮ ਸਿੰਘ ਰਖਿਆ ਗਿਆ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ਰ ਮਿਤ ਸਿੰਘ**

5-5-1912 ਨੂੰ ਹੇਠ ਲਿਖੇ ਗੁਰਮਤੇ ਪਾਸ ਹੋਏ :

1. ਉਟਾਵੇ ਦੇ ਡੈਲੀਗੇਸ਼ਨ ਤੋਂ ਹਸਾਬ ਤਲਬ ਕੀਤਾ ਜਾਵੇ।
2. ਸ੍ਰਦਾਰ ਤੇਜਾ ਸਿੰਘ ਤੋਂ ਮਿਸ਼ਨਰੀ ਦੀ ਚਿਠੀ ਵਾਪਸ ਲਈ ਜਾਵੇ।
3. ਸਾਡੇ ਨਾਲ ਜੋ ਧੱਕਾ ਏਥੇ ਹੁੰਦਾ ਹੈ, ਤਾਰ ਦੇ ਨਾਲ ਇੰਗਲੈਂਡ ਨੂੰ ਖਬਰ ਭੇਜੀ ਜਾਵੇ।
4. ਖਾਲਸਾ ਦੀਵਾਨ ਵੈਨਕੋਵਰ ਦੀ ਤਰਫ ਸੇ ਏਹ ਖਾਸ ਬੜਾ ਦੀਵਾਨ ਇਮੀਗਰੇਸ਼ਨ ਦੇ ਕਾਨੂੰਨ ਦੇ ਬਾਰੇ ਪਰੋਟੈਸਟ ਕਰਨ ਵਾਸਤੇ ਕੀਤਾ ਗਿਆ, ਕਿਉਂਕੇ ਕੈਨੇਡਾ ਦੀ ਗਵਰਨਮਿੰਟ ਨੇ ਦੋ ਸਿਖ ਔਰਤਾਂ ਤੇ ਉਹਨਾਂ ਦੇ ਬਚਿਆਂ ਨੂੰ ਦੇਸ ਵਿਚੋਂ ਵਾਪਸ ਭੇਜਣ ਦਾ ਹੁਕਮ ਦਿੱਤਾ ਹੈ। ਨੀਚੇ ਲਿਖੇ ਭਰਾਵਾਂ ਨੇ ਲੈਕਚਰ ਕੀਤੇ :
   1. ਭਾਈ ਬਲਵੰਤ ਸਿੰਘ ਜੀ ਨੇ ਅੱਧਾ ਘੰਟਾ ਪਿਛਲੇ ਸਿਖ ਬਜ਼ੁਰਗਾਂ ਦੇ ਕਾਰਨਾਮਿਆਂ ਪਰ ਪੁਰਜੋਸ਼ ਲੈਕਚਰ ਕੀਤਾ ਅਤੇ ਹੁਣ ਦੇ ਜਮਾਨੇ ਦੇ ਵਾਸਤੇ ਭੀ ਸਿਖਾਂ ਦੇ ਵਾਸਤੇ ਵੈਸੇ ਹੀ ਸੇਵਾ ਵਿਚ ਹਿਸਾ ਲੈਣ ਦੀ ਬੇਨਤੀ ਕੀਤੀ।
   2. ਭਾਈ ਰਾਜਾ ਸਿੰਘ ਜੀ ਨੇ ਮਿਸਟਰ 'ਸੀਟੀਵਨ' ਦੀ ਸਪੀਚ ਦੀ ਮੁਖਾਲਫਤ ਕੀਤੀ। ਜੇਹੜੀ ਕੇ ਮਿਸਟਰ 'ਸਟੀਵਨ' ਨੇ (3rd May) ਨੂੰ (Mount Pleasant Hall) ਵਿੱਚ ਕੀਤੀ। ਜਿਸ ਵਿੱਚ ਉਸ ਨੇ ਕਿਹਾ ਕਿ ਸਿਖ ਗਦਰ 1857 ਵਿਚ ਇਸ ਵਾਸਤੇ ਅੰਗਰੇਜ਼ਾਂ ਦੀ ਮਦਦ ਨੂੰ ਖੜੇ ਹੋਏ ਸੀ ਕੇ ਜੇਕਰ ਉਹ ਏਹ ਨਾ ਕਰਦੇ ਤਾਂ ਸਿਖਾਂ ਨੂੰ ਮੁਸਲਮਾਨ ਮਾਰ ਮਕੌਂਦੇ। ਇਸ ਦੀ ਮੁਖਾਲਫਤ ਵਿੱਚ ਏਹ ਕਿਹਾ ਗਿਆ ਕਿ ਸਿਖਾਂ ਨਾਲ ਓਸ ਜ਼ਮਾਨੇ ਵਿਚ ਮੁਸਲਮਾਨਾਂ ਦਾ ਕੋਈ ਵਿਰੋਧ ਨਹੀ ਸੀ। ਫਕਤ ਅੰਗਰੇਜ਼ਾਂ ਪਰ ਜ਼ੁਲਮ ਹੁੰਦਾ ਦੇਖ ਕਰ ਮਦਦ ਕੀਤੀ ਸੀ।
   3. ਭਾਈ ਕੁਮਾਰ ਨੇ ਮਿਸਟਰ 'ਸਟੀਵਨ' ਦੇ ਉਹਨਾਂ ਲਫਜ਼ਾਂ ਦੀ ਮੁਖਾਲਫਤ ਕੀਤੀ, ਜੇਹੜੇ ਕੇ ਉਸ ਨੇ ਉਸੇ ਰੋਜ਼ ਆਪਣੇ ਲੋਗਾਂ ਨੂੰ ਦੱਸੇ ਸੀ ਕਿ ਸਿਖ ਸ਼ੈਹਰਾਂ ਵਿਚ ਹੀ ਰੈਹਿਕੇ ਆਪਣੀ ਜਿੰਦਗੀ ਬਤੀਤ ਕਰਨਾ ਪਸੰਦ ਕਰਦੇ ਹੈਣ, ਅਰ ਕਿਸੀ ਬਾਹਰ ਦੀ ਜਗਾ ਨੂੰ ਆਬਾਦ ਨਹੀ ਕਰਦੇ ਅਰ ਜੇਹੜਾ ਮਿਸਟਰ 'ਸਟੀਵਨ' ਨੇ ਕਿਹਾ ਸੀ ਕਿ ਇੰਡੀਆ ਦੇ ਲੋਕਾਂ ਨੇ ਅਪਨੀ ਪੁਰਾਣੀ ਤਹਿਜ਼ੀਬ ਨਾਲ ਕੁੱਛ ਫੈਦਾ ਨਹੀ ਕੀਤਾ।
   4. ਭਾਈ ਹਰਨਾਮ ਸਿੰਘ ਟੁੰਡੀ ਲਾਟ ਜੀ ਨੇ ਭੀ ਇਮੀਗਰੇਸ਼ਨ ਦੇ ਕਾਨੂੰਨ ਦੀ ਮੁਖਾਲਫਤ ਪੁਰ ਚੰਦ ਲਫਜ਼ ਕਹੇ। ਅਰ ਸਿਖਾਂ ਨੂੰ ਇਕ ਇਤਫਾਕ ਵਿਚ ਅਕਠੇ ਹੋਣ ਪੁਰਜ਼ੋਰ ਦਿੱਤਾ।
   5. ਮਿਸਟਰ 'ਰਹੀਮ'* ਨੇ ਨੀਚੇ ਲਿਖੇ ਤਾਰ ਨੂੰ ਸੈਕਰਟਰੀ ਔਫ ਸਟੇਟ ਫਾਰ

---

* ਜਿਵੇਂ ਪਹਿਲਾਂ ਫ਼ੁੱਟ ਨੋਟ ਵਿਚ ਉਲੇਖ ਹੋ ਚੁੱਕਿਆ ਹੈ ਕਿ ਕੁੱਝ ਸੱਜਣ ਭਾਰਤ ਗਏ ਅਤੇ ਵਾਪਸੀ 'ਤੇ ਆਪਣੇ ਪਰਿਵਾਰ ਨਾਲ ਲਿਆਏ। ਜਦੋਂ ਇਹ ਸੱਜਣ ਹਾਂਗਕਾਂਗ ਤੋਂ ਪਰਿਵਾਰਾਂ ਸਮੇਤ ☛

ਇੰਡੀਆ ਤੇ ਡੀਊਕ ਔਫ ਕਨਾਟ ਨੂੰ ਭੇਜਣ ਵਾਸਤੇ ਪੇਸ਼ ਕੀਤਾ, ਜੋ ਕਿ ਸਰਬ ਸੰਮਤੀ ਨਾਲ ਮੰਨਜ਼ੂਰ ਹੋ ਕੇ ਪਾਸ ਹੋਈ।

To Secretary of State for India. London,
Khalsa Diwan and United India League, Vancouver. Implure Your office stop deportation order of Sikh wives and children. This is a gross breach of imperial unity by attacking on Sikh homes.

–Mit Singh Secretary

ਜਿਸ ਦਾ ਪੰਜਾਬੀ ਜ਼ਬਾਨ ਵਿਚ ਏਹ ਉੱਲਥਾ ਹੈ:

ਸਕੱਤ੍ਰ ਇੰਡੀਆ ਸਟੇਟ ਦਾ ਲੰਡਨ,
ਖਾਲਸਾ ਦੀਵਾਨ ਵੈਨਕੋਵਰ ਤੇ ਯੂਨਾਇਟਿਡ ਇੰਡੀਆ ਲੀਗ ਆਪ ਦੇ ਦਫਤਰ ਵਿਚ ਬੇਨਤੀ ਕਰਦੇ ਹੈਣ ਕਿ ਸਿਖ ਔਰਤਾਂ ਤੇ ਬੱਚਿਆਂ ਦਾ ਡੀਪੋਰਟੇਸ਼ਨ ਆਰਡਰ ਬੰਦ ਕਰਾ ਦੇਵੇ ਤੇ ਏਹ ਬੜੀ ਤੇਜ਼ ਜੇਹੜੀ ਕੇ ਇਮਪੀਰੀਅਲ ਯੂਨੀਟੀ ਨੂੰ ਤੋੜੇਗੀ। ਏਹ ਤਾਰ ਉਸੀ ਰੋਜ਼ ਭੇਜ ਦਿਤੀ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ਰ ਟੈਹਲ ਸਿੰਘ** (ਪਹਿਲਾ ਨਾਮ ਮਿਤ ਸਿੰਘ)

2-6-1912 ਪਾਸ ਕੀਤਾ:

1. ਗੁਰੂ ਨਾਨਕ ਟਰਸਟ ਕੌਂਪਨੀ ਤੋਂ ਦਸ ਡਾਲਰ ਮਾਹੀਨੇ ਕੇ ਹਿਸਾਬ ਸੇ ਸ਼ੁਰੂ ਸੇ ਲੇਕਰ ਦਫਤਰ ਕਾ ਕਰਾਇਆ ਲਿਆ ਜਾਵੇ।
2. ਹਰ ਇਕ ਆਦਮੀ ਤੋਂ ਪੰਜ ਡਾਲੇ ਲੀਏ ਜਾਇੰਗੇ। ਇਸ ਮਤਲਬ ਵਾਸਤੇ ਕਿ ਵੈਨਕੋਵਰ ਗੁਰਦੁਆਰੇ ਦਾ ਕਰਜ਼ਾ ਦਿਤਾ ਜਾਵੇ ਔਰ ਵਿਕਟੋਰੀਏ ਗੁਰਦੁਆਰੇ ਕੋ ਸਹੈਤਾ ਦਿਤੀ ਜਾਵੇ।
3. ਭਾਈ ਬਲਵੰਤ ਸਿੰਘ ਜੀ ਗੁਰਦੁਆਰੇ ਦੇ ਗਰੰਥੀ ਹੋਂਗੇ ਔਰ ਉਨ ਕੋ ਬਵੰਜਾ ਡਾਲੇ 52-00 ਮਾਹਵਾਰ ਕੇ ਹਿਸਾਬ ਸੇ ਤਨਖਾਹ ਦਿਤੀ ਜਾਵੇਗੀ।
4. ਭਾਈ ਹਰੀ ਸਿੰਘ ਜੀ ਮਿਲ ਸੈਂਟ ਦੇ ਗੁਰਦੁਆਰੇ ਦੇ ਗਰੰਥੀ ਪਰਦਾਨ ਹੋਂਗੇ ਔਰ ਉਨ ਕੋ 36-00 ਛੱਤੀ ਡਾਲੇ ਤਨਖਾਹ ਦਿਤੀ ਜਾਵੇਗੀ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ਰ ਟੈਹਲ ਸਿੰਘ** (ਮਿਤ ਸਿੰਘ)

☚ਵੈਨਕੂਵਰ ਪਹੁੰਚੇ ਤਾਂ ਇਮੀਗਰੇਸ਼ਨ ਵਿਭਾਗ ਨੇ ਉਨ੍ਹਾਂ ਨੂੰ ਉਤਰਨ ਨਾ ਦਿੱਤਾ। ਦੂਜੀ ਵਾਰ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਨੂੰ ਉਤਰਨ ਦੀ ਆਗਿਆ ਮਿਲ ਗਈ, ਪਰ ਪਰਿਵਾਰਾਂ ਨੂੰ ਬੰਦਰਗਾਹ 'ਤੇ ਹੀ ਰੋਕ ਲਿਆ ਅਤੇ ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਨਕਦ ਜ਼ਮਾਨਤ ਰੱਖਣ 'ਤੇ ਹੀ ਪਰਿਵਾਰਾਂ ਨੂੰ ਉਤਰਨ ਦਿੱਤਾ। ਮਿਸਟਰ ਹਸਨ ਰਹੀਮ ਨੈ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਅਤੇ ਡਿਊਕ ਆਫ਼ ਕਨਾਟ ਨੂੰ ਵਿਸ਼ੇਸ਼ ਤਾਰ ਭੇਜੀ, ਜੋ ਕਿ ਸਭ ਵੱਲੋਂ ਸਰਬ- ਸੰਮਤੀ ਨਾਲ ਪਾਸ ਹੋਇਆ। ਖ਼ਾਲਸਾ ਦੀਵਾਨ ਦੇ ਨਾਲ ਯੂਨਾਈਟਿਡ ਇੰਡੀਆ ਲੀਗ ਵੀ ਮਨੁੱਖੀ ਅਧਿਕਾਰਾਂ ਤੇ ਦੇਸ਼ ਦੀ ਆਜ਼ਾਦੀ ਦੇ ਲਈ ਯੋਗ ਜਥੇਬੰਦੀ ਸੀ।

"Khalsa Diwan and United India League Vancouver, implure your office to stop deportation orders of Sikh wives and children. This will be a gross breach of imperial unity and attack on Sikh homes." *—ਸੰਪਾਦਕ*

16-6-1912 ਪਾਸ ਕੀਤਾ :

1. ਵਿਕਟੋਰੀਏ ਕੇ ਗੁਰਦੁਆਰੇ ਬਾਬਤ ਇਸ ਤਰਾਂ ਫੈਸਲਾ ਹੁਆ ਕੇ ਵਿਕਟੋਰੀਏ ਵਾਲੇ ਭਾਈਉਂ ਕੇ ਸਾਥ ਭਾਈ ਬਲਵੰਤ ਸਿੰਘ ਜੀ ਵੈਨਕੋਵਰ ਉਗਰਾਹੀ ਵਾਸਤੇ ਜਾਨਗੇ ਔਰ ਜਿਸ ਜਗਾ ਵਿਕਟੋਰੀਏ ਵਾਲੇ ਭਾਈ ਜਾਣ, ਓਸ ਮਿਲ ਕਾ ਜੋ ਮੁਖਤਿਆਰ ਭਾਈ ਹੋਵੇਗਾ, ਵੁਹ ਉਨਕੋ ਹਰ ਤਰਾਂ ਸੇ ਮਦਦ ਦੇਵੇ।
2. ਸਿੰਘਨੀਆਂ ਦੇ ਬਾਰੇ ਮੁਲਕ ਖੋਲਣੇ ਦੀ ਬਾਬਤ ਇਸ ਤਰਾਂ ਫੈਸਲਾ ਹੁਆ ਕੇ ਜੋ ਜੋ ਭਾਈ ਮੁਲਕ ਖੋਲਣਾ ਮੰਗਦੇ ਹੈ ਉਹ ਆਪਨੇ ਨਾਮ ਲਖਵਾ ਦੇਣ। ਜਬ 100 ਸੌ ਭਾਈਉਂ ਕੇ ਨਾਮ ਦਰਜ਼ ਹੋ ਜਾਵੇਂਗੇ ਤੋ ਫਿਰ ਇਨ ਭਾਈਉਂ ਕੀ ਕੁਮੇਟੀ ਹੋਵੇਗੀ। ਯੇਹ ਭਾਈ ਉਨ ਮੇਂ ਸੇ ਮੈਂਬਰ ਚੁਣੇਗੀ ਔਰ ਜੋ ਭਾਈ ਨਾਮ ਲਖੌਣਗੇ ਉਨ੍ਹਾਂ ਨੂੰ ਜੋ ਫਰਜ਼ ਪੂਰਾ ਕਰਨਾ ਪਵੇਗਾ। ਸੋ ਮੈਂਬਰ ਹੋਣ ਕੇ ਬ੍ਰਾਦ ਯੇਹ ਕੰਮ ਸ਼ੁਰੂ ਹੋਗਾ।

ਪ੍ਰੇਜ਼ੀਡੰਟ ਭਾਗ ਸਿੰਘ **ਸਕੱਤ੍ ਟੈਹਲ ਸਿੰਘ ਉਰਫ਼ ਮਿਤ ਸਿੰਘ**

28-7-1912 ਜੋ ਕਾਨੂੰਨ ਪਾਸ ਹੁਆ ਕੇ ਗਰੰਥੀ ਯਾ ਕੋਈ ਗੁਰਦੁਆਰੇ ਕਾ ਪ੍ਰਬੰਧਕ ਕੋਈ ਭੀ ਆਪਣੇ ਘਰ ਕੇ ਪੁਸਤਕ ਯਾ ਕੜੇ, ਕੰਘੇ ਮੰਗਵਾ ਕਰ ਵੇਚ ਨਹੀਂ ਸਕਦਾ। ਏਹ ਸਬ ਚੀਜ਼ਾਂ ਦੀਵਾਨ ਕੇ ਫੰਡ ਮੇਂ ਸੇ ਮੰਗਵਾ ਕਰ ਵੇਚਨੀ ਚਾਹੀਦੇ ਹੈ ਤਾਂ ਕਿ ਦੀਵਾਨ ਕੋ ਮੁਨਾਫਾ ਹੋ।

20-10-1912 ਗੁਰਦੁਆਰਾ ਵੈਨਕੋਵਰ ਮੇਂ ਲੰਗਰ ਬਣਵਾਇਆ ਜਾਵੇ ਔਰ ਲੰਗਰ ਕਾ ਨਕਸ਼ਾ ਖਚਵਾ ਕਰ ਉਸ ਕੇ ਖਰਚ ਕਾ ਅੰਦਾਜ਼ਾ ਲਗਾਇਆ ਜਾਵੇ। ਸਰਬ ਸੰਮਤੀ ਨਾਲ ਮੰਨਜ਼ੂਰ ਕੀਤਾ। ਭਾਈ ਵਰਿਆਮ ਸਿੰਘ ਜੀ ਕੋ ਇਸ ਵਾਸਤੇ ਦੇਸ ਕੋ ਜਾਤੇ ਕੋ ਰੋਕਾ ਗਿਆ ਹੈ ਕੇ ਵੋਹ ਲੰਗਰ ਕੀ ਸੇਵਾ ਕਰਨਗੇ ਔਰ ਇਮੀਗਰੇਸ਼ਨ ਕੇ ਮੁਕਦਮੇਂ ਕੀ ਬਾਬਤ ਦੂਰ ਦੁਰਾਡੇ ਕੇ ਭਾਈਉਂ ਕੇ ਪਾਸ ਜਾ ਕਰ ਮਾਇਆ ਅਕਠੀ ਕਰਕੇ ਖਾਲਸਾ ਦੀਵਾਨ ਵੈਨਕੋਵਰ ਕੁਮੇਟੀ ਕੋ ਮਦਦ ਦੇਣਗੇ। ਭਾਈ ਸਾਹਿਬ ਇਸ ਸੇਵਾ ਕੋ ਬੜੀ ਖੁਸ਼ੀ ਸੇ ਮੰਨਜ਼ੂਰ ਕੀਤਾ।

ਗੁਰਦੁਆਰਾ ਕੀ ਕੁਮੇਟੀ ਮੇਂ ਮੈਂਬਰ ਕਮ ਹੋਣੇ ਕੀ ਵਜਾ ਸੇ ਭਾਈ ਉਤਮ ਸਿੰਘ* ਤੇ ਭਾਈ ਵਰਿਆਮ ਸਿੰਘ ਕੋ ਕੁਮੇਟੀ ਮੇਂ ਹੋਨੇ ਕੀ ਬਾਬਤ ਅਰਜ਼ ਕੀਤੀ ਗਈ।

ਪ੍ਰੇਜ਼ੀਡੰਟ ਭਾਗ ਸਿੰਘ **ਸੇਵਕ ਮਿਤ ਸਿੰਘ**

22-12-1912 ਗੁਰਦੁਆਰੇ ਕੇ ਊਪਰ ਸੰਗਤ ਨੇ ਨਵੀਂ ਕੁਮੇਟੀ ਇਮੀਗਰੇਸ਼ਨ ਫੰਡ ਕੋ ਜਮਾਂ ਯਾ ਅਕੱਠਾ ਕਰਨੇ ਕੀ ਬਾਬਤ ਚੁਣੀ। ਜਿਨ ਕੇ ਨਾਮ ਨੀਚੇ ਦਰਜ਼ ਹੈ : ਬਲਵੰਤ ਸਿੰਘ†, ਭਾਗ ਸਿੰਘ, ਨਰੈਣ ਸਿੰਘ ਚੌਪਦਾਰ†, ਰਾਜਾ ਸਿੰਘ, ਤੇਜਾ ਸਿੰਘ ਔਰ ਇਨ ਕੋ ਸੰਗਤ ਕੀ ਤਰਫ ਸੇ ਕੁਲ ਅਖਤਿਆਰ ਦਿਤੇ ਗਏ।

---

* ਭਾਈ ਉਤਮ ਸਿੰਘ ਜੀ, ਜਿਨ੍ਹਾਂ ਦਾ ਪਿੰਡ ਹਾਂਸ, ਜ਼ਿਲ੍ਹਾ ਲੁਧਿਆਣਾ ਸੀ, ਜੋ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਪੰਜਾਬ ਚਲੇ ਗਏ ਸਨ ਅਤੇ ਲਾਹੌਰ ਕੰਸਪੀਰੇਸੀ ਕੇਸ ਵਿਚ ਦੋਸ਼ੀ ਠਹਿਰਾਏ ਗਏ ਅਤੇ ਫਾਂਸੀ ਦੀ ਸਜ਼ਾ ਹੋਈ। *—ਸੰਪਾਦਕ*

† ਭਾਈ ਬਲਵੰਤ ਸਿੰਘ ਜੀ ਦਾ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਸੀ। ਇਹ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਸਨ ਅਤੇ ਵੈਨਕੂਵਰ ਵਿਖੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵੀ ਰਹੇ। ਦੇਸ਼ ਦੀ ਆਜ਼ਾਦੀ ਲਈ ਦੂਜੇ ਸਪਲੀਮੈਂਟਰੀ ਕੇਸ ਵਿਚ ਫਾਂਸੀ ਚੜ੍ਹੇ। ☛

ਰਾਮ ਸਿੰਘ ਧੁਲੇਤੇ ਵਾਲੇ ਕੋ ਪੂਛਾ ਜਾਏ ਕਿ ਅਗਰ ਓਸ ਗੁਰਦੁਆਰੇ ਕਾ ਮੇਲ ਇਸ ਗੁਰਦੁਆਰੇ ਕੇ ਸਾਥ ਹੈ ਤੋ ਉਸ ਗੁਰਦੁਆਰੇ ਕੇ ਫੰਡ ਕਾ ਹਿਸਾਬ ਬੀ ਦੂਸਰੇ ਗੁਰਦੁਆਰੇ ਕੀ ਤਰਾਂ ਰੱਖਾ ਜਾਏ ਔਰ ਉਸ ਗੁਰਦੁਆਰੇ ਮੇਂ ਰਸੀਦ ਬੁਕਾਂ ਇਸ ਗੁਰਦੁਆਰੇ ਕੀ ਤਰ੍ਹਾਂ ਰਖੀਆਂ ਜਾਨ।

ਜਥੇਦਾਰ ਭਾਗ ਸਿੰਘ **ਸਕੱਤ੍ਰ ਮਿਤ ਸਿੰਘ**

9-2-1913 ਨੀਚੇ ਲਿਖੇ ਗੁਰਮਤੇ ਪਾਸ ਹੂਏ :

1. ਕਿ ਭਾਈ ਬਲਵੰਤ ਸਿੰਘ ਕੋ ਪੂਛਾ ਜਾਏ ਕੇ ਵੁਹ ਇਮੀਗਰੇਸ਼ਨ ਕੇ ਮੁਕਦਮੇਂ ਦੀ ਬਾਬਤ ਨੰਦ ਸਿੰਘ ਸਟੂਡੰਟ ਕੇ ਸਾਥ ਜਾ ਸਕਤੇ ਹੈਂ ਜਾਂ ਕੇ ਨਹੀਂ।
2. ਭਾਈ ਬਲਵੰਤ ਸਿੰਘ ਨੇ ਸੰਗਤ ਮੇਂ ਜੁਵਾਬ ਦਿਤਾ ਕਿ ਅਵਲ ਤੋ ਮੈਂ ਇਸ ਕੰਮ ਦੇ ਲਾਇਕ ਨਹੀਂ, ਮਗਰ ਸੰਗਤ ਕੇ ਕੈਹਣੇ ਸੇ ਮੈਂ ਹਰ ਹਾਲਤ ਮੇਂ ਤਿਆਰ ਹੂੰ। ਮਗਰ ਮੈਂ ਸੰਗਤ ਕੇ ਅਗੇ ਬੇਨਤੀ ਕਰਦਾ ਹਾਂ ਕਿ ਮੈਂ ਤਬ ਜਾ ਸਕਤਾ ਹੂੰ ਪੈਹਲੇ ਤੋ ਯੇਹ ਬਾਤ ਹੈ ਕਿ ਭਾਈ ਵਰਿਆਮ ਸਿੰਘ ਮੇਰੇ ਪਿਛੋਂ ਇਸ ਗੁਰਦੁਆਰੇ ਕੇ ਗਰੰਥੀ ਰੈਹਿਣ ਦੂਜੇ ਕਿ ਪਿਛਲੇ ਸਾਲ ਵਾਲੀ ਕੁਮੇਟੀ ਹੀ ਅਗਲੇ ਸਾਲ ਵਾਸਤੇ ਜਬ ਤਕ ਮੈਂ ਵਾਪਸ ਨਾ ਆਉਂ। ਗੁਰਦੁਆਰੇ ਕਾ ਪ੍ਰਬੰਧ ਕਰਤੀ ਰਹੇ। ਭਾਈ ਵਰਿਆਮ ਸਿੰਘ ਜੀ ਨੇ ਮੰਨਜ਼ੂਰ ਕਰ ਲਿਆ ਕਿ ਅਸੀਂ ਸੇਵਾ ਕਰਾਂਗੇ ਔਰ ਸੰਗਤ ਨੇ ਪੈਹਿਲੀ ਕੁਮੇਟੀ ਕੀ ਬਾਬਤ ਬੜੀ ਖੁਸ਼ੀ ਸੇ ਮੰਨਜ਼ੂਰ ਕੀਤਾ।

ਸਕੱਤ੍ਰ ਮਿਤ ਸਿੰਘ

16-2-1913 ਪਾਸ ਹੋਇਆ। ਭਾਈ ਬਲਵੰਤ ਸਿੰਘ ਔਰ ਨੰਦ ਸਿੰਘ ਕੇ ਵਾਸਤੇ ਵਾਪਸੀ ਟਿਕਟ ਹਿੰਦੋਸਤਾਨ ਸੇ ਵਾਪਸ ਆਣੇ ਕਾ ਲਿਆ ਜਾਵੇ। ਸੰਗਤ ਮੇਂ ਮੰਨਜ਼ੂਰ ਕੀਤਾ ਗਿਆ।

ਜਥੇਦਾਰ ਭਾਗ ਸਿੰਘ **ਸੇਵਕ ਮਿਤ ਸਿੰਘ**

2-3-1913 ਭਾਈ ਨੰਦ ਸਿੰਘ ਨੇ ਸੰਗਤ ਕੇ ਅਗੇ ਬੇਨਤੀ ਕੀਤੀ ਕਿ ਸਾਡਾ ਪੈਹਲੇ ਲੰਡਨ ਕੀ ਤਰਫ ਸੇ ਜਾਣਾ ਬੇਹਤਰ ਹੈ। ਸੰਗਤ ਨੇ ਬੜੀ ਖੁਸ਼ੀ ਸੇ ਮੰਨਜ਼ੂਰ ਕੀਤਾ।

ਜਥੇਦਾਰ ਭਾਗ ਸਿੰਘ **ਸੇਵਕ ਮਿਤ ਸਿੰਘ**

6-4-1913 ਨੀਚੇ ਲਿਖੇ ਗੁਰਮਤੇ ਪਾਸ ਹੂਏ :

1. ਭਾਈ ਹਰੀ ਸਿੰਘ ਗਰੰਥੀ ਕੋ ਔਰ ਇਕ ਕੁਮੇਟੀ ਕੇ ਮੈਂਬਰ ਕੋ ਇਮੀਗਰੇਸ਼ਨ ਫੰਡ ਕੀ ਉਗਰਾਹੀ ਵਾਸਤੇ ਭੇਜਾ ਜਾਏ ਔਰ ਉਨ ਕਾ ਖਾਹ, ਰੇਲ ਔਰ ਬੋਟ ਕਾ ਕਰਾਇਆ ਇਮੀਗਰੇਸ਼ਨ ਫੰਡ ਵਿਚੋਂ ਦਿਤਾ ਜਾਵੇਗਾ। ਪੰਜ ਡਾਲਰ ਸੇ ਘੱਟ ਇਮੀਗਰੇਸ਼ਨ ਫੰਡ ਕੇ ਵਾਸਤੇ ਕਿਸੀ ਸੇ ਨਹੀਂ ਲੀਆ ਜਾਵੇਗਾ। ਜਿਸ ਭਾਈ ਕਾ ਉਗਰਾਹੀ ਵਿਚ ਨਾਮ ਨਾ ਹੋਵੇਗਾ, ਉਸ ਕਾ ਨਾਮ ਬੀ ਲਿਖਾ ਜਾਵੇਗਾ।

ਜਥੇਦਾਰ ਭਾਗ ਸਿੰਘ **ਮਿਤ ਸਿੰਘ ਸੇਵਕ**

☚ਭਾਈ ਨਰੈਣ ਸਿੰਘ ਵੀ ਭਾਈ ਬਲਵੰਤ ਸਿੰਘ ਨਾਲ 1913 ਵਿਚ ਵਾਪਸ ਦੇਸ ਨੂੰ ਪਰਤੇ ਸਨ। ਭਾਈ ਸੇਵਾ ਸਿੰਘ ਠੀਕਰੀਵਾਲਾ ਦੇ ਨਾਲ ਰਹੇ। ਭਾਈ ਨਰੈਣ ਸਿੰਘ ਜੀ ਦਾ ਪਿੰਡ ਵੀ ਠੀਕਰੀਵਾਲਾ, ਪਟਿਆਲਾ ਸਟੇਟ ਸੀ। ਪਿੱਛੋਂ ਗਿਆਨੀ ਸ਼ੇਰ ਸਿੰਘ ਜੀ ਦੇ ਖ਼ਿਆਲਾਂ ਦੇ ਸਮਰਥਨ ਕਰਦੇ ਰਹੇ। *—ਸੰਪਾਦਕ*

27-7-1913 1. ਕਿ ਸੰਸਾਰ ਅਖਬਾਰ ਕੇ ਮੈਨੇਜ਼ਰ ਕੋ ਚਿਠੀ ਭੇਜ ਕਰ ਪੁਛਿਆ ਜਾਵੇ ਕਿ ਵੁਹ ਅਖਬਾਰ ਕਾ ਕਾਮ ਕਿਸ ਤਰ੍ਹਾਂ ਚਲੌਣਾ ਮੰਗਦੇ ਹੈ। ਵੈਨਕੋਵਰ ਸੁਸਾਇਟੀ ਕੇ ਸਾਥ ਮਿਲ ਕਰ ਕਰਨਾ ਮੰਗਦੇ ਹੈ ਯਾਂ ਕਿ ਇਲੈਹਿਦਾ ਅਗਰ ਇਲੈਹਿਦਾ ਕਰਨਾ ਚਾਹਤੇ ਹੈਂ ਤੋ ਕਿਸ ਤਰਾਂ ਚਲਾਵੇਂਗੇ ਇਨ ਬਾਤੋਂ ਕਾ ਫੈਸਲਾ ਕਰਨੇ ਕੇ ਵਾਸਤੇ ਦਸ ਅਗਸਤ ਇਤਵਾਰ ਆ ਕਰ ਦਰਸ਼ਨ ਦੇਣ।

2. ਜੋ ਡਾਕਟਰ ਨੇ ਪੋਰਟ ਮੁੱਢੀ ਵਾਲੇ ਭਾਈਉਂ ਕੀ ਬਾਬਤ ਚਿਠੀ ਭੇਜੀ ਸੀ, ਉਸ ਕੀ ਬਾਬਤ ਭਾਈ ਹਰੀ ਸਿੰਘ ਕੋ ਚਿਠੀ ਭੇਜੀ ਜਾਵੇ ਕਿ ਡਾਕਟਰ ਕੋ ਮਾਇਆ ਦਿਤੀ ਜਾਵੇ, ਕਿਉਂਕੇ ਉਸ ਨੇ ਇਸ ਬਾਤ ਕਾ ਜ਼ੁੱਮਾਂ ਉਠਾਇਆ ਥਾ।

ਦਾਸ ਮਿਤ ਸਿੰਘ ਸੇਵਕ

17-8-1913 ਪਾਸ ਹੋਏ ਗੁਰਮਤੇ :

1. ਕਿ ਜੋ ਸੰਸਾਰ ਕੇ ਪ੍ਰਬੰਧਕੋਂ ਨੇ ਇਕ ਹਫਤੇ ਕੀ ਮੋਹਲਤ ਮੰਗੀ ਹੈ, ਉਨ ਕੋ ਦਿੱਤੀ ਜਾਵੇ।
2. ਉਨ ਕੋ ਇਕ ਹੋਰ ਚਿਠੀ ਭੇਜੀ ਜਾਵੇ, ਜਿਸ ਵਿਚ ਲਿਖਾ ਜਾਵੇ ਕਿ ਵੁਹ 23 ਅਗਸਤ ਸੈਟਰਡੇ ਕੋ ਤਿਨ ਬਜੇ ਗੁਰਦੁਆਰਾ ਵੈਨਕੋਵਰ ਮੇਂ ਦਰਸ਼ਨ ਦੇਣ। ਔਰ ਸਾਥ ਹੀ ਵੁਹ ਕਾਗਜ਼ ਲੇਤੇ ਆਵੇਂ ਜੋ ਕਿ ਉਨਹੋਂ ਨੇ ਰਜਿਸਟਰ ਕਰਵਾਏ ਹੁਏ ਹੈਂ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

14-9-1913 1. ਗੁਰਦੁਆਰਾ ਵੈਸਟ ਮਨਿਸਟਰ ਕੀ ਬਾਬਤ ਏਹ ਫੈਸਲਾ ਹੁਆ ਕਿ ਭਾਈ ਬਿਸ਼ਨ ਸਿੰਘ ਜੀ ਪੈਹਿਲੇ ਵੈਸਟ ਮਨਿਸਟਰ ਗੁਰਦੁਆਰੇ ਕੀ ਕੁਮੇਟੀ ਕੋ ਪੁੱਛਨ ਉਸ ਕੇ ਬ੍ਹਾਦ ਵੁਹ ਕੁਮੇਟੀ ਵੈਨਕੋਵਰ ਕੁਮੇਟੀ ਕੇ ਸਾਥ ਪੁੱਛ ਗਿੱਛ ਕਰੇ। ਫਿਰ ਉਸ ਕੁਮੇਟੀ ਕੋ ਇਸ ਬਾਤ ਕਾ ਫੈਸਲਾ ਦਿਤਾ ਜਾਵੇਗਾ।

2. ਜੋ ਇਸ ਮੁਲਕ ਸੇ ਹਿੰਦੁਸਤਾਨ ਕੋ ਗਏ ਹੁਏ ਭਾਈ ਪਾਸਪੋਰਟ ਨਾ ਮਿਲਨੇ ਕੇ ਸਬਬ ਸੇ ਹਾਂਗਕਾਂਗ ਰੋਕੇ ਬੈਠੇ ਹੈਂ ਉਨ ਕੋ ਚਿਠੀ ਭੇਜੀ ਜਾਵੇ ਤਾਂ ਕੇ ਵੁਹ ਆਪਣੇ ਨਾਮ ਕੀ ਫੈਰਿਸਤ ਸੁਮੇਤ ਪਿੰਡ ਔਰ ਜ਼ਿਲੇ ਕੇ ਲਿਖ ਕਰ ਖਾਲਸਾ ਦੀਵਾਨ ਵੈਨਕੋਵਰ ਕੀ ਸੇਵਾ ਮੇਂ ਭੇਜ ਦੇਣ ਤਾਂ ਕੇ ਉਨ ਕਾ ਕੋਈ ਬੰਦੋਬਸਤ ਕੀਤਾ ਜਾਏ।

3. ਸੀ.ਪੀ.ਆਰ ਕੇ ਅਫਸਰ ਕੋ ਚਿਠੀ ਇਸ ਮਤਲਬ ਕੇ ਵਾਸਤੇ ਭੇਜੀ ਜਾਏ ਕੇ ਹੁਮਾਰੇ ਪਾਸ ਕਈ ਆਦਮੀਉਂ ਦੁਆਰਾ ਸ਼ਕਾਇਤ ਆਈ ਹੈ ਕੇ ਜੋ ਆਟਾ ਹੁਮਾਰੇ ਆਦਮੀਉਂ ਕੋ ਜਹਾਜ਼ ਮੇਂ ਦੇਤੇ ਹੋ, ਵੁਹ ਬਿਲਕੁਲ ਹੁਮਾਰੇ ਭਾਈਉਂ ਕੇ ਵਾਸਤੇ ਅੱਛਾ ਨਹੀਂ ਹੈ। ਇਸ ਵਾਸਤੇ ਉਸ ਆਟੇ ਕੇ ਬਦਲ ਦੀਆ ਜਾਏ।

4. ਇਕ ਚਿਠੀ ਵਾਸ਼ਿੰਗਟਨ ਵਾਲੇ ਇਮੀਗਰੇਸ਼ਨ ਕੇ ਅਫਸਰ ਕੋ ਪਾਈ ਜਾਏ ਕੇ ਸਾਡੇ ਦੀਵਾਨ ਕੀ ਤਰਫ ਸੇ ਤਿਨ ਯਾ ਚਾਰ ਆਦਮੀਉਂ ਕੋ ਜਿਸ ਵਕਤ ਵੁਹ ਚਾਹੇਂ ਯੂਨਾਇਟਿਡ ਕੋ ਜਾਨੇ ਯਾ ਆਨੇ ਕੀ ਇਜਾਜ਼ਿਤ ਦਿਤੀ ਜਾਏ।

5. ਯੇਹ ਕੇ ਸਾਡੇ ਮੁਕੱਦਿਮਿਆਂ ਦੇ ਵਾਸਤੇ ਪੰਜ ਆਦਮੀ ਮੁਕੱਰਰ ਕੀਤੇ ਜਾਨ ਜੋ ਕਿ ਹਮੇਸ਼ਾਂ ਸਾਡੇ ਮੁਕੱਦਮਿਆਂ ਦਾ ਫੈਸਲਾ ਕੀਆ ਕਰਨ ਔਰ ਉਨ ਪਾਂਚ ਕੇ ਵਾਸਤੇ ਬਕਾਇਦਾ ਰੂਲ ਬਨਾਏ ਜਾਨ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

28-9-1913 ਭਾਈ ਬਿਸ਼ਨ ਸਿੰਘ ਕੋ ਜੋ ਇਸ ਜਗਾ ਬੀੜ ਹੈ, ਵੁਹ ਦਿਤੀ ਜਾਏ।

26-10-1913 ਜੋ ਅਰਜ਼ ਯੂਨਾਇਟਿਡ ਇੰਡੀਆ ਲੀਗ ਕੀ ਕੁਮੇਟੀ ਕੀ ਤਰਫ ਸੇ ਇਸ ਮਤਲਬ ਕੀ ਪੇਸ਼ ਹੂਈ ਥੀ ਕੇ ਹਮ ਕੋ ਇਕ ਕਮਰਾ ਗੁਰਦੁਆਰਾ ਮੇਂ ਦੀਆ ਜਾਏ ਪਾਸ ਹੂਆ ਕਿ ਇਕ ਕਮਰਾ ਲਾਇਬਰੇਰੀ ਖੋਲਣੇ ਕੇ ਵਾਸਤੇ ਇਸ ਸ਼ਰਤ ਪਰ ਦਿਤਾ ਜਾਏ ਕਿ ਅਗਰ ਦੀਵਾਨ ਕੋ ਜਰੂਰਤ ਹੋਵੇਗੀ ਤੋਂ ਇਕ ਮਹੀਨਾ ਪੈਹਲੇ ਲੀਗ ਕੇ ਸਕੱਤ੍ਰ ਕੋ ਖਬਰ ਦਿਤੀ ਜਾਵੇਗੀ, ਉਸ ਕੇ ਬ੍ਰਾਦ ਲੀਗ ਕੋ ਕੋਈ ਹੋਰ ਬੰਦੋਬਸਤ ਕਰਨਾ ਹੋਗਾ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

16-11-1913 1. ਮਿਤ ਸਿੰਘ ਸੇਵਕ ਕੀ ਤਰਫ ਸੇ ਪੇਸ਼ ਹੂਆ ਕਿ ਜੋ ਅੱਜ ਸੁੰਦਰ ਸਿੰਘ ਮਲਾਂਵਾਲੇ ਨੇ ਦੀਵਾਨ ਮੇਂ ਸ਼ੋਰ ਸ਼ਰਾਬਾ ਕੀਆ ਹੈ, ਔਰ ਉਸ ਨੇ ਦੀਵਾਨ ਕੇ ਕਾਨੂਨ ਕੋ ਤੋੜਾ ਹੈ, ਇਸ ਪਰ ਵਿਚਾਰ ਕੀਤੀ ਜਾਵੇ।

2. ਕਸਰਤ ਰਾਏ ਸੇ ਪਾਸ ਹੂਆ ਕੇ ਇਸ ਨੂੰ ਮਾਫ ਕੀਤਾ ਜਾਵੇ ਕਿਉਂਕੇ ਦੀਵਾਨ ਮੇਂ ਯੇਹ ਇਸ ਕਿਸਮ ਕਾ ਪੈਹਲਾ ਹੀ ਮੁਕੱਦਮਾ ਹੈ।

ਜਥੇਦਾਰ ਭਾਗ ਸਿੰਘ **ਮਿਤ ਸਿੰਘ ਸੇਵਕ**

9-12-1913 ਇਕ ਇਸ਼ਤਿਹਾਰ ਇਸ ਮਤਲਬ ਕੇ ਵਾਸਤੇ ਨਕਾਲਾ ਜਾਏ, ਜਿਸ ਕੇ ਸਾਥ 'ਸੰਸਾਰ' ਅਖਬਾਰ ਵਿਕਟੋਰੀਏ ਵਾਲੇ ਕਾ ਪੋਲ ਜ਼ਾਹਰ ਕਰਕੇ ਸਬ ਭਾਈਉਂ ਕੋ ਖਬਰਦਾਰ ਕੀਤਾ ਜਾਏ।

ਜਥੇਦਾਰ ਭਾਗ ਸਿੰਘ **ਮਿਤ ਸਿੰਘ ਸੇਵਕ**

14-12-1913 1. ਜੋ ਭਾਈ ਕੁਮੇਟੀ ਕੀ ਤਰਫ ਸੇ ਵਿਕਟੋਰੀਏ ਆਏ ਹੂਏ ਨਵੇਂ 38 ਆਦਮੀਆਂ* ਦੇ ਮੁਕਦਮੇਂ ਕੀ ਬਾਬਤ ਮੁਕੱਰਰ ਕੀਤੇ ਸੀ। ਉਨ ਸੇ ਆਮਦਨ ਔਰ ਖਰਚ ਕਾ ਹਿਸਾਬ ਲੇ ਕਰ ਦੀਵਾਨ ਕੀ ਕਤਾਬੋਂ ਮੇਂ ਦਰਜ਼ ਕੀਤਾ ਜਾਵੇ। ਮੁਕੱਰਰ ਕੀਤੇ ਹੂਏ ਭਾਈਉਂ ਕੇ ਨਾਮ ਦਰਜ਼ ਕੀਤੇ ਜਾਂਦੇ ਹੈਂ : 1. ਉਤਮ ਸਿੰਘ ਹਾਂਸ, 2. ਰਤਨ ਸਿੰਘ ਰਾਏਪੁਰ ਡੱਬੇ, 3. ਪਰਤਾਪ ਸਿੰਘ ਸ਼ੰਕਰ, 4. ਕਰਤਾਰ ਸਿੰਘ ਚੰਦ।

---

* ਨਵੰਬਰ 1913 ਨੂੰ 38 ਜਾਂ 39 ਸਿੱਖ ਵਿਕਟੋਰੀਆ ਦੀ ਬੰਦਰਗਾਹ 'ਤੇ ਪਹੁੰਚੇ ਸਨ। ਉਨ੍ਹਾਂ ਨੂੰ ਪਹਿਲਾਂ ਡੀਪੋਰਟ ਕਰਨ ਦਾ ਹੁਕਮ ਹੋਇਆ, ਬਾਅਦ ਵਿਚ ਖ਼ਾਲਸਾ ਦੀਵਾਨ ਸੁਸਾਇਟੀ ਨੇ ਵਕੀਲ ਬਰਡ ਦੁਆਰਾ ਅਪੀਲ ਕੀਤੀ ਤੇ ਉਨ੍ਹਾਂ ਨੂੰ ਕੈਨੇਡਾ ਰਹਿਣ ਦੀ ਆਗਿਆ ਮਿਲ ਗਈ ਸੀ। ਇਨ੍ਹਾਂ ਆਦਮੀਆਂ ਨੂੰ ਉਤਰਨ ਦੀ ਆਗਿਆ ਮਿਲਣ ਦੀ ਖ਼ਬਰ ਨੇ ਕੈਨੇਡਾ ਆਉਣ ਵਾਲਿਆਂ ਨੂੰ ਹੋਰ ਉਤਸ਼ਾਹਤ ਕੀਤਾ ਸੀ। ਇਸ ਕਮੇਟੀ ਮੈਂਬਰ ਵਿਚ ਉਤਮ ਸਿੰਘ ਹਾਂਸ ਬਾਰੇ ਪਹਿਲਾਂ ਉਲੇਖ ਹੋ ਚੁੱਕਾ ਹੈ। ਦੂਜੇ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਜ਼ਿਲ੍ਹਾ ਜਲੰਧਰ, 1907 ਨੂੰ ਵੈਨਕੂਵਰ ਪਹੁੰਚੇ। ਇਹ ਭਾਈ ਮਿਤ ਸਿੰਘ ਪੰਡੋਰੀ ਦੇ ਬਹੁਤ ਨੇੜੇ ਸਨ। ਗ਼ਦਰ ਲਹਿਰ ਵਿਚ ਬਹੁਤ ਸਰਗਰਮ ਸਨ। ਤੀਜੇ, ਭਾਈ ਪਰਤਾਪ ਸਿੰਘ ਸ਼ੰਕਰ, ਜ਼ਿਲ੍ਹਾ ਜਲੰਧਰ ਵੀ ਗ਼ਦਰ ਲਹਿਰ ਦੇ ਸਰਗਰਮ ਮੈਂਬਰ ਸਨ। ਕੁਝ ਸਮਾਂ ਜੇਲ੍ਹ ਵੀ ਕੱਟੀ। ਚੌਥੇ, ਭਾਈ ਕਰਤਾਰ ਸਿੰਘ ਚੰਦ, ਜ਼ਿਲ੍ਹਾ ਮੋਗਾ ਵੀ ਬਹੁਤ ਸਰਗਰਮ ਗ਼ਦਰੀ ਸਨ ਤੇ ਬਹੁਤ ਹੀ ਛੋਟੀ ਉਮਰ ਵਿਚ ਕੈਨੇਡਾ ਚਲੇ ਗਏ। ਆਪ ਜੀ ਅੰਗਰੇਜ਼ੀ ਬੋਲੀ ਵਿਚ ਮੁਹਾਰਤ ਰੱਖਦੇ ਸਨ। ਆਪ ਜੀ ਮੁੱਢ ਤੋਂ ਹੀ ਧਾਰਮਕ ਰੁਚੀਆਂ ਦੇ ਮਾਲਕ ਸਨ। ਆਪ 20 ਸਾਲ ਵੱਖ ਵੱਖ ਜੇਲ੍ਹਾਂ ਵਿਚ ਰਹੇ। ਆਪ ਜੀ ਨੇ ਗ਼ਦਰ ਲਹਿਰ ਵਿਚ ਪੂਰਾ ਹਿੱਸਾ ਲਿਆ ਅਤੇ 4 ਅਪ੍ਰੈਲ, 1944 ਨੂੰ ਆਪਣੇ ਪਿੰਡ ਵਿਖੇ ਹੀ ਚੜ੍ਹਾਈ ਕਰ ਗਏ। ਆਪ ਜੀ ਬਾਰੇ ਭਾਈ ਰਣਧੀਰ ਸਿੰਘ ਜੀ ਨੇ ਵੀ ਲਿਖਿਆ ਹੈ। *—ਸੰਪਾਦਕ*

2. ਪਾਸ ਹੂਆ ਕੇ ਜੋ ਚੌਦਾਂ (14) ਨਵੇਂ ਆਦਮੀ ਵਿਕਟੋਰੀਏ ਆਏ ਸੀ ਔਰ ਉਨ ਕੇ ਮੁਕਦਮੇ ਕੀ ਬਾਬਤ ਜੋ ਭਾਈ ਕਰਤਾਰ ਸਿੰਘ ਚੰਦ ਔਰ ਭਾਈ ਸਪੂਰਨ ਸਿੰਘ ਬੋੜਾਂਵਾਲ ਨੂੰ ਮੁਕਰਰ ਕੀਤਾ ਸੀ ਉਨ ਸੇ ਬੀ ਹਸਾਬ ਲੇ ਕਰ ਦੀਵਾਨ ਕੀ ਕਤਾਬੋਂ ਮੇ ਦਰਜ਼ ਕੀਤਾ ਜਾਏ।
3. ਸਰਬ ਸੰਮਤੀ ਸੇ ਪਾਸ ਹੂਆ ਕਿ ਅਖਬਾਰ ਨਕਾਲਨੇ ਕਾ ਬੰਦੋਬਸਤ ਕੀਤਾ ਜਾਏ, ਕਿਉਂਕੇ ਅਖਬਾਰ ਕੇ ਬਗੈਰ ਬਹੁਤ ਤਕਲੀਫ ਹੈ, ਕਿਉਂਕੇ ਅਸੀ ਆਪਣੇ ਦੁਖ ਜ਼ਾਹਰ ਨਹੀ ਕਰ ਸਕਤੇ।
4. ਕਸਰਤ ਰਾਏ ਸੇ ਪਾਸ ਹੂਆ ਕਿ ਅੰਗਰੇਜ਼ੀ ਔਰ ਗੁਰਮਖੀ ਅਖਬਾਰ ਕੀ ਮਸ਼ੀਨ ਲਿਆਂਦੀ ਜਾਏ।
5. ਸਰਬ ਸੰਮਤੀ ਸੇ ਪਾਸ ਹੂਆ ਕੇ ਇਕ ਅੰਗਰੇਜ਼ੀ ਜ਼ੁਬਾਨ ਅੱਛੀ ਤਰਾਂ ਜਾਨਣ ਵਾਲਾ ਆਪਣਾ ਭਾਈ ਰਖਿਆ ਜਾਏ, ਕਿਉਂਕੇ ਇਸ ਸੇ ਦੀਵਾਨ ਕੋ ਔਰ ਆਪਣੇ ਹੋਰ ਭਰਾਵਾਂ ਨੂੰ ਬਹੁਤ ਫਾਇਦਾ ਪਹੁੰਚੇਗਾ।
6. ਮਨਜ਼ੂਰ ਹੂਆ ਕਿ ਭਾਈ ਕਰਤਾਰ ਸਿੰਘ ਚੰਦਾਂ ਵਾਲੇ ਨੂੰ ਪੁੱਛ ਕੇ ਇਸ ਸੇਵਾ ਵਾਸਤੇ ਮੁਕੱਰਰ ਕੀਤਾ ਜਾਏ।
7. ਫੈਸਲਾ ਹੂਆ ਕਿ ਚਾਲੀ ਡਾਲੇ ਸੇ ਘੱਟ ਸਬ ਕਰਤਾਰ ਸਿੰਘ ਕੋ ਦਿਤੇ ਜਾਣ। ਚਾਲੀ ਡਾਲੇ ਸੇ ਉਪਰਲਿਆਂ ਡਾਲਿਆਂ ਵਿਚੋਂ ਦੋ ਹਿਸੇ ਦੀਵਾਨ ਦੇ ਔਰ ਤੀਜਾ ਹਿੱਸਾ ਕਰਤਾਰ ਸਿੰਘ ਨੂੰ ਦਿਤੇ ਜਾਣ।
8. ਪਾਸ ਹੂਆ ਕੇ ਦੀਵਾਨ ਕੇ ਨਵੇਂ ਰੂਲ ਬਨੌਣੇ ਦੇ ਵਾਸਤੇ ਪੰਜ ਆਦਮੀ ਮੁਕੱਰਰ ਕੀਤੇ ਜਾਣ : 1. ਭਾਗ ਸਿੰਘ, 2. ਮਿਤ ਸਿੰਘ, 3. ਉਤਮ ਸਿੰਘ, 4. ਰਾਜਾ ਸਿੰਘ, 5. ਕਰਤਾਰ ਸਿੰਘ। ਰੂਲ ਬਨਾ ਕੇ ਕੁਮੇਟੀ ਕੇ ਪੇਸ਼ ਕਰਕੇ ਮਨਜ਼ੂਰ ਕਰਾਏ ਜਾਨਗੇ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

16-12-1913 ਪਾਸ ਹੂਆ ਕੇ ਲਾਟ ਨੰਬਰ 8 ਦੇ ਪਿਛੇ ਟੱਟੀਆਂ ਦੇ ਪਾਸ ਵਾਲਾ ਕਮਰਾ ਜੋ ਘੋੜੇ ਦਾ ਸਿਟੇਬਲ ਸੀ, ਲਿਥੋਗਰਾਫ ਮਸ਼ੀਨ ਖਰੀਦ ਕਰ ਉਸ ਜਗਾ ਲਗਾਈ ਜਾਏ। ਯੇਹ ਖਰਚ ਸਭ ਦੀਵਾਨ ਕੀ ਤਰਫ ਸੇ ਹੋਵੇਗਾ। ਪੈਸਾ ਕਿਸ਼ਤਾਂ ਨਾਲ ਦਿਤਾ ਜਾਵੇਗਾ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

28-12-1913 ਵੈਨਕੋਵਰ ਦੀਵਾਨ ਨੂੰ ਮਿਸ਼ਨਰੀ ਆਦਮੀ ਦੀ ਬੁਹਤ ਜ਼ਰੂਰਤ ਹੈ। ਇਸ ਵਾਸਤੇ ਭਾਈ 'ਭਗਵਾਨ ਸਿੰਘ'* ਨੂੰ ਮਿਸ਼ਨਰੀ ਮੁਕੱਰਰ ਕੀਤਾ ਜਾਏ, ਕਿਉਂਕੇ ਭਾਈ

---

* ਗਿਆਨੀ ਭਗਵਾਨ ਸਿੰਘ ਜੀ ਇਕ ਬਹੁਤ ਸੁਲਝੇ ਹੋਏ ਇਨਸਾਨ ਤੇ ਯੋਗ ਵਕਤਾ ਸਨ। ਇਹ ਹਾਂਗ ਕਾਂਗ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਨ ਅਤੇ ਆਪ ਬੇਲਾ ਸਿੰਘ ਨੂੰ ਰਿਸ਼ਵਤ ਦੇ ਕੇ ਵੈਨਕੂਵਰ ਪਹੁੰਚਣ ਵਿਚ ਸਫਲ ਹੋ ਗਏ। ਇਨ੍ਹਾਂ ਦਾ ਇਥੇ ਬੇਲਾ ਸਿੰਘ ਦੁਆਰਾ ਪਹੁੰਚਣ ਕਾਰਨ ਸਿੱਖਾਂ ਨੇ ਝਟਪਟ ਵਿਸ਼ਵਾਸ ਨਾ ਕੀਤਾ ਤੇ ਸਗੋਂ ਆਪਣੇ ਆਪ ਨੂੰ ਦੂਰੀ 'ਤੇ ਹੀ ਰੱਖਿਆ। ਪਰ ਜਦੋਂ ਇਨ੍ਹਾਂ ਦੀ ਲਿਆਕਤ ਬਾਰੇ ਪਤਾ ਲਗਾ ਤਾਂ ਖ਼ਾਲਸਾ ਦੀਵਾਨ ਵੱਲੋਂ ਬਤੌਰ ਮਿਸ਼ਨਰੀ ਭਰਤੀ ਕੀਤੇ ਗਏ। ਆਪ ਜਿਥੇ ਇਕ ਯੋਗ ਬੁਲਾਰੇ ਸਨ, ਉਥੇ ਬਹੁਤ ਸੁੰਦਰ ਕਵਿਤਾ ਵੀ ☛

ਸਾਹਿਬ ਸਿਖ ਧਰਮ ਦਾ ਚੰਗੀ ਤਰਾਂ ਪਰਚਾਰ ਕਰ ਸਕਦੇ ਹਨ, ਕਿਉਂਕੇ ਵੋਹ ਹਾਂਗ ਕਾਂਗ ਭੀ ਤਿਨ ਸਾਲ ਗਰੰਥੀ ਦੀ ਜਗਾ ਸੇਵਾ ਕਰਦੇ ਆਏ ਹਨ ਔਰ ਹਾਂਗ ਕਾਂਗ ਕੁਮੇਟੀ ਕੀ ਤਰਫ ਸੇ ਖਾਲਸਾ ਦੀਵਾਨ ਵੈਨਕੋਵਰ ਨੂੰ ਪੱਤ੍ਰਕਾ ਆਏ ਹਨ, ਜਿਨ ਸੇ ਸਾਬਤ ਹੂਆ ਹੈ ਕਿ ਭਾਈ ਸਾਹਿਬ ਬੁਹਤ ਲਾਇਕ ਆਦਮੀ ਹੈ ਔਰ ਉਨ ਕੇ ਪਾਸ ਇਕ ਸੋਨੇ ਕਾ ਤਗਮਾ ਵੀ ਦੇਖਾ ਗਿਆ ਹੈ, ਜੋ ਹਾਂਗ ਕਾਂਗ ਦੀਵਾਨ ਕੀ ਤਰਫ ਸੇ ਭਾਈ ਸਾਹਿਬ ਕੋ ਮਿਲਾ ਹੂਆ ਥਾ ਔਰ ਇਕ ਦੋ ਚਿਠੀਆਂ ਬੀ ਉਨ ਕੇ ਪਾਸ ਬੁਹਤ ਉਮਦਾ ਮਿਲੀ ਹੂਈ ਥੀ ਔਰ ਇਸ ਜਗਾ ਬੀ ਪੰਜ ਮਹੀਨੇ ਅੱਛੇ ਉਪਦੇਸ਼ ਦੁਆਰਾ ਲੋਗਾਂ ਨੂੰ ਸੁਧਾਰ ਗਏ ਹਨ। ਇਸ ਵਾਸਤੇ ਭਾਈ ਸਾਹਿਬ ਕੋ ਇਸ ਸੇਵਾ ਕੇ ਵਾਸਤੇ ਮੁਕੱਰਰ ਕੀਤਾ ਜਾਏ ਔਰ ਵੋਹ ਕੁਲ ਏਸ਼ੀਆ ਔਰ ਯੂਰਪ ਮੇਂ ਜਾ ਕਰ ਸਿਖ ਕਾ ਉਪਦੇਸ਼ ਯਾ ਪ੍ਰਚਾਰ ਕਰ ਸਕਦੇ ਹਨ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

3-1-1914 ਸਮੁੰਦ ਸਿੰਘ ਜਥੇਦਾਰ ਕੀ ਤਰਫ ਸੇ ਪੇਸ਼ ਹੂਆ ਕੇ ਜੋ ਫੈਸਲਾ ਛੇ (6) ਆਦਮੀਉਂ ਨੇ ਕੀਆ ਹੈ। ਡਾਕਟਰ ਸੁੰਦਰ ਸਿੰਘ ਕੈਹੰਦਾ ਹੈ ਕਿ ਉਸ ਫੈਸਲੇ ਕੀ ਸਾਰੀ ਕਾਪੀਆਂ ਉਨ ਆਦਮੀਉਂ ਨੇ ਖਾਲਸਾ ਦੀਵਾਨ ਵੈਨਕੋਵਰ ਨੂੰ ਦੇ ਦਿਤੀਆਂ ਹਨ। ਮਗਰ ਅਸੀ ਹੁਣ ਭਾਈ ਪ੍ਰਤਾਪ ਸਿੰਘ ਸ਼ੰਕਰ ਵਾਲੇ ਸੇ ਦਰਿਆਫਤ ਕਰ ਲਿਆ ਹੈ। ਵੋਹ ਕੈਹਿਤਾ ਹੈ ਕਿ ਅਸੀ ਉਸ ਫੈਸਲੇ ਦੀ ਇਕ ਕਾਪੀ ਡਾਕਟਰ ਸੁੰਦਰ ਸਿੰਘ ਨੂੰ ਰਜਿਸਟਰੀ ਕਰਕੇ ਭੇਜ ਦਿਤੀ ਸੀ। ਇਕ ਖਾਲਸਾ ਦੀਵਾਨ ਵੈਨਕੋਵਰ ਕੇ ਸੈਕਟਰੀ ਭਾਈ ਮਿਤ ਸਿੰਘ ਕੋ ਦੇ ਦਿਤੀ ਸੀ ਔਰ ਇਕ ਕਾਪੀ ਸਾਡੇ ਪਾਸ ਹੈ ਔਰ ਭਾਈ ਬਦਨ ਸਿੰਘ ਕਾਹਰੀਵਾਲੇ ਨੇ ਰਜਿਸਟਰੀ ਕੀ ਰਸੀਦ ਬੀ ਦਿਖਲਾਈ ਹੈ। ਫੇਰ ਭਾਈ ਭਾਗ ਸਿੰਘ ਜਥੇਦਾਰ ਨੇ ਡਾਕਟਰ ਸੁੰਦਰ ਸਿੰਘ ਕੀ ਐਫੀਡੇਵਟ ਜ਼ੁਬਾਨੀ ਸਭ ਨੂੰ ਸੁਣਾਈ। ਉਸ ਨੇ ਆਪਨੇ ਬਿਆਨਾਂ ਵਿਚ ਲਖਾਇਆ ਹੈ ਕੇ ਪੈਹਿਲੇ ਮੈਂ ਨੇ ਇਸ ਪਰੈਸ ਨੂੰ ਸ਼ੁਰੂ ਕੀਤਾ ਹੈ। ਉਸ ਵਿਚ ਉਸ ਨੇ ਜ਼ਾਹਰ ਕੀਤਾ ਹੈ ਕੇ ਦੂਜੇ ਹਿਸੇਦਾਰ ਇਕ ਦੂਜੇ ਦੇ ਬ੍ਰਾਦ ਆਏ ਹਨ, ਫੇਰ ਭਾਈ ਸਾਹਿਬ ਨੇ ਗੁਰਦੁਆਰੇ ਕੇ ਬਾਈ ਲਾ (By Law) ਕੀ ਬਾਬਤ ਕਿਹਾ ਕਿ ਅਸੀ ਹੁਣ ਵਕੀਲ ਨੂੰ ਹੁਣ ਬਾਈ ਲਾ ਕੀ ਕਾਪੀਆਂ ਛੁਪਵਾਨੇ ਕੇ ਵਾਸਤੇ ਕਿਹਾ ਹੋਇਆ ਹੈ। ਜੱਦ ਕਾਪੀਆਂ ਔਣਗੀਆਂ ਤਾਂ ਅਸੀ ਬਹੁਤ ਸਾਰੀਆਂ ਕਾਪੀਆਂ ਪਬਲਕ ਵਿਚ ਤਕਸੀਮ ਕਰਾਂਗੇ ਔਰ ਜੋ ਅਸੀ ਸੰਸਾਰ ਅਖਬਾਰ ਦੇ ਪ੍ਰਬੰਧਕਾਂ ਨੂੰ ਪੈਸਾ ਦਿੱਤਾ ਹੈ ਸਿਰਫ ਇਸੀ ਮਤਲਬ ਵਾਸਤੇ ਦਿੱਤਾ ਸੀ ਕੇ ਅਸੀ ਅਖਬਾਰ ਦੇ ਜ਼ਰੀਏ ਆਪਨੇ ਦੁਖ ਜ਼ਾਹਰ ਕਰੇਂ। ਉਸ ਕੇ ਬ੍ਰਾਦ ਕਈ ਬਾਤਾਂ ਚੀਤਾਂ ਹੋਨੇ ਕੇ ਬ੍ਰਾਦ ਸਮਾਪਤੀ ਕੀਤੀ ਗਈ ਔਰ ਅਖਬਾਰ ਸੰਸਾਰ ਕਾ ਫੈਸਲਾ ਮੁਲਤਵੀ ਰੱਖਿਆ ਗਿਆ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

ਲਿਖਦੇ ਸਨ ਤੇ ਇਨਕਲਾਬੀ ਲਹਿਰ ਦੇ ਹਾਮੀ ਸਨ। ਤਾਹੀਉਂ ਹਾਪਕਿਨਸਨ ਨੂੰ ਇਨ੍ਹਾਂ ਦਾ ਵੈਨਕੂਵਰ ਹੋਣ 'ਤੇ ਬਹੁਤ ਦੁੱਖ ਹੋਇਆ ਤੇ ਛੇਤੀ ਹੀ ਇਮੀਗਰੇਸ਼ਨ ਵੱਲੋਂ ਕੇਸ ਬਣਾ ਕੇ ਡੀਪੋਰਟ ਕਰਵਾ ਦਿੱਤਾ। ਹਾਲਾਂਕਿ ਇਨ੍ਹਾਂ ਦੀ ਅਪੀਲ ਦੀ ਸੁਣਵਾਈ ਬਾਕੀ ਸੀ, ਪਰ ਹਾਪਕਿਨਸਨ ਨੇ ਪੋਲਿਸ ਦੀ ਸਹਾਇਤਾ ਨਾਲ ਧੱਕੇ ਦੁਆਰਾ ਇਕ ਬੋਟ 'ਚ ਬਿਠਾ ਕੇ ਦੇਸ਼ ਨਿਕਾਲਾ ਦਿਵਾ ਦਿੱਤਾ। ਇਹ ਵਾਕਿਆ 18 ਨਵੰਬਰ 1913 ਨੂੰ ਹੋਇਆ। *—ਸੰਪਾਦਕ*

5-1-1914 1. ਕਈ ਸ਼ਰਤਾਂ ਮੁਕੱਰਰ ਕਰਨੇ ਕੇ ਬ੍ਰਾਦ ਪਾਸ ਹੂਆ ਕਿ ਭਾਈ ਕਰਤਾਰ ਸਿੰਘ ਖੁਦ ਹੀ ਕਾਗਜ਼ਾਂ ਕੀ ਫੀਸ ਵਗੈਰਾ ਦਾ ਤਖਮੀਨਾਂ ਲਗਾ ਕਰ ਕੁਮੇਟੀ ਕੇ ਪੇਸ਼ ਕਰੇ।

2. ਕਸਰਤ ਰਾਏ ਸੇ ਪਾਸ ਹੂਆ ਕੇ ਸੌ ਡਾਲਾ ਦੀਵਾਨ ਕੀ ਤਰਫ ਸੇ ਸੌਥ ਅਫਰੀਕਾ ਕੋ ਭੇਜਿਆ ਜਾਏ ਔਰ ਦੀਵਾਨ ਵਿਚ ਇਸ ਕੰਮ ਕੀ ਸਹਾਇਤਾ ਵਾਸਤੇ ਅਪੀਲ ਕੀਤੀ ਜਾਏ। ਜਿਤਨਾਂ ਹੋਰ ਅਕੱਠਾ ਹੋ ਜਾਵੇ ਸਬ ਸੌਥ ਅਫਰੀਕਾ ਨੂੰ ਭੇਜਿਆ ਜਾਵੇ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

9-1-1914 ਅੱਜ ਗੁਰਦੁਆਰਾ ਵੈਨਕੋਵਰ ਦੇ ਨੀਚੇ ਇਸ ਮਤਲਬ ਕੇ ਵਾਸਤੇ ਚੰਦ ਭਾਈਆਂ ਦਾ ਅਕੱਠ ਹੋਇਆ। ਮੀਟੰਗ ਦੇ ਸ਼ੁਰੂ ਕਰਨ ਤੋਂ ਪੈਹਿਲਾਂ ਭਾਈ ਪਰਤਾਪ ਸਿੰਘ ਸ਼ੰਕਰ ਵਾਲੇ ਨੂੰ ਚੇਅਰਮੈਨ ਚੁਨਿਆ ਗਿਆ। ਪੈਹਿਲੇ ਭਾਈ ਭਾਗ ਸਿੰਘ ਨੇ ਵਿਖਆਨ ਕੀਤਾ ਕੇ ਅੱਜ ਚੰਦ ਭਾਈ ਵਿਕਟੋਰੀਏ ਸੇ 'ਸੰਸਾਰ' ਅਖਬਾਰ ਕੀ ਬਾਬਤ ਕੁੱਛ ਮਤਲਬ ਜ਼ਾਹਰ ਕਰਨੇ ਦੇ ਵਾਸਤੇ ਆਏ ਹੈ। ਉਮੈਦ ਹੈ ਕਿ ਸਾਨੂੰ ਹੁਣ ਆਪਨਾ ਖਿਆਲ ਪਰਗਟ ਕਰਕੇ ਦਸਣਗੇ। ਫੇਰ ਭਾਈ ਸਰਦਾਰਾ ਸਿੰਘ ਨੇ ਕਿਹਾ, ਅਸੀਂ ਇਸ ਮਤਲਬ ਕੇ ਵਾਸਤੇ ਆਏ ਹੈ ਕੇ ਜੋ ਫੈਸਲਾ ਇਨ ਛੇ (6) ਆਦਮੀਉਂ ਨੇ ਸੰਸਾਰ ਅਖਬਾਰ ਔਰ ਜ਼ਮੀਨ ਦੀ ਬਾਬਤ ਕੀਤਾ ਹੈ। ਉਸ ਨੂੰ ਡਾਕਟਰ ਸੁੰਦਰ ਸਿੰਘ ਔਰ ਉਸ ਕੇ ਸਾਥੀਉਂ ਨੇ ਇਸ ਫੈਸਲੇ ਕੋ ਮਨਜ਼ੂਰ ਕਰ ਲਿਆ ਹੈ। ਇਸ ਵਾਸਤੇ ਇਸ ਕਾ ਫੈਸਲਾ ਕੀਤਾ ਜਾਏ। ਉਸ ਕੇ ਬ੍ਰਾਦ ਭਾਈ ਭਾਗ ਸਿੰਘ ਨੇ ਫਿਰ ਇਸ ਕਾ ਜੁਵਾਬ ਦਿੰਦੇ ਹੋਏ ਕਿਹਾ ਕੇ ਭਾਈ ਬਦਨ ਸਿੰਘ ਕਾਹਰੀ ਵਾਲੇ ਨੇ ਸਾਨੂੰ ਕਿਹਾ ਹੈ ਕਿ ਯੇਹ ਫੈਸਲਾ ਡਾਕਟਰ ਸੁੰਦਰ ਸਿੰਘ ਔਰ ਉਸ ਕੇ ਸਾਥੀਉਂ ਨੇ ਨਾ-ਮੰਨਜ਼ੂਰ ਕੀਤਾ ਹੈ। ਫੇਰ ਭਾਈ ਬਾਬੂ ਹਰਨਾਮ ਸਿੰਘ ਨੇ ਪਿਛਲਾ ਸਾਰਾ ਹਾਲ ਦੱਸਿਆ ਔਰ ਕਿਹਾ ਕੇ ਜੇਹੜੇ ਦਸ (10) ਮੈਂਬਰ ਅਸੀ ਚੁਣੇ ਹਨ, ਉਨ ਕਾ ਵੈਸਾ ਹੀ ਹੱਕ ਹੋਵੇਗਾ ਜੈਸਾ ਉਨ ਤੀਨ ਭਾਈਉਂ ਕਾ ਹੈ ਜਿਨ ਕੇ ਮੈਮੋਰੀਅਲ ਪਰ ਦਸਖਤ ਹਨ। ਇਸ ਵਾਸਤੇ ਇਸ ਮੁਕਦਮੇਂਬਾਜ਼ੀ ਕੋ ਦੂਰ ਕਰਨੇ ਕਾ ਅਲਾਜ ਸੋਚਿਆ ਜਾਏ। ਉਸ ਕੇ ਬ੍ਰਾਦ ਸ੍ਦਾਰਾ ਸਿੰਘ ਨੇ ਚਿਠੀ ਦੇ ਜੁਵਾਬ ਨਾ ਭੇਜਨ ਦਾ ਕਸੂਰ ਦੱਸਿਆ। ਇਸ ਕੇ ਜੁਵਾਬ ਮੇਂ ਬਾਬੂ ਕਪੂਰ ਸਿੰਘ ਨੇ ਚਿਠੀ ਦਾ ਹਾਲ ਦੱਸਿਆ। ਉਸ ਦੇ ਬ੍ਰਾਦ ਭਾਈ ਕਰਤਾਰ ਸਿੰਘ ਨੇ ਵਕੀਲੋਂ ਕੀ ਚਿਠੀਉਂ ਕਾ ਹਾਲ ਦੱਸਿਆ। ਉਸ ਕੇ ਬ੍ਰਾਦ ਸ੍ਦਾਰਾ ਸਿੰਘ ਨੇ ਕਿਹਾ ਕਿ ਸਾਨੂੰ ਹੁਣ ਐਸੋਸ਼ੀਏਸ਼ਨ ਕੇ ਮੈਂਮਬਰੋਂ ਨੇ ਕੈਹਿ ਕੇ ਭੇਜਿਆ ਹੈ ਕਿ ਜਿਸ ਤਰ੍ਹਾਂ ਖਾਲਸਾ ਦੀਵਾਨ ਵੈਨਕੋਵਰ ਕੀ ਖੁਸ਼ੀ ਹੈ, ਉਸ ਤਰ੍ਹਾਂ ਫੈਸਲਾ ਕਰ ਆਵੋ। ਜਿਸ ਤਰਾਂ ਐਸੋਸ਼ੀਏਸ਼ਨ ਦੇ ਕਾਨੂੰਨ ਬਦਲੌਨੇ ਹਨ ਬਦਲਾ ਦਿਉ, ਕਿਉਂਕੇ ਮੁਕਦਮੇਂ ਬਾਜ਼ੀ ਸਾਡੇ ਵਾਸਤੇ ਬਿਲਕੁਲ ਠੀਕ ਨਹੀਂ ਹੈ। ਉਸ ਕੇ ਜੁਵਾਬ ਮੇਂ ਭਾਈ ਉਤਮ ਸਿੰਘ ਨੇ ਕਿਹਾ ਕਿ ਅਸੀ ਬੀ ਬਿਲਕੁਲ ਮੁਕਦਮੇਂਬਾਜ਼ੀ ਕਰਕੇ ਰਾਜ਼ੀ ਨਹੀਂ ਹਾਂ। ਅਸੀ ਬੀ ਤਦ ਮੁਕੱਦਮਾ ਕੀਤਾ ਹੈ, ਜਦ ਸਾਡਾ ਨੱਕ ਵਿਚ ਦੱਮ ਆ ਗਿਆ ਸੀ। ਫੇਰ ਸ੍ਦਾਰਾ ਸਿੰਘ ਨੇ ਕਿਹਾ ਕਿ ਅਸੀ ਹੁਣ ਚਾਲੀ (40) ਆਦਮੀਆਂ ਨੂੰ ਪੁੱਛ ਕੇ ਆਏ ਹਾਂ ਔਰ ਡਾਕਟਰ ਸੁੰਦਰ ਸਿੰਘ ਔਰ 'ਕਰਤਾਰ ਸਿੰਘ ਅਕਾਲੀ' ਕੇ ਦਸਖਤ

ਲੇ ਕਰ ਆਏ ਹਾਂ। ਉਸ ਕੇ ਬ੍ਰਾਦ ਭਾਈ ਭਾਗ ਸਿੰਘ ਨੇ ਕਿਹਾ ਕਿ ਅਸੀ ਹੁਣ ਉਨ ਦਸ (10) ਭਾਈਉਂ ਕੇ ਦਸਖਤ ਉਸ ਮੈਮੋਰੇਡਮ ਪਰ ਕਰੌਣੇ ਚਾਹੁੰਦੇ ਹਾਂ ਜਿਸ ਪਰ ਇਨ ਤਿਨ ਆਦਮੀਉਂ ਕੇ ਦਸਖਤ ਹਨ ਔਰ ਵਕੀਲ ਸੇ ਦਰਿਆਫਤ ਕਰਕੇ ਇਸ ਕੇ ਸਾਰੇ ਰੂਲ ਜੋ ਨਾ ਮੁਨਾਸਬ ਹੋਨਗੇ, ਨਕਾਲੇ ਜਾਨਗੇ। ਫੇਰ ਭਾਈ ਪਿਆਰਾ ਸਿੰਘ ਨੇ ਕਿਹਾ ਕਿ ਅਸੀ ਇਸ ਫੈਸਲੇ ਨੂੰ ਮਨਜ਼ੂਰ ਕਰਦੇ ਹਾਂ ਜੋ ਕੇ ਹੁਣ ਪੇਸ਼ ਹੋ ਚੁੱਕਾ ਹੈ। ਅਸੀ ਆਪਣੀ ਜਾਇਦਾਦ ਬਨੌਣੀ ਨਹੀ ਚਾਹੁੰਦੇ। ਫੇਰ ਭਾਈ ਭਾਗ ਸਿੰਘ ਨੇ ਕਿਹਾ ਕੇ ਤੁਸੀ ਆਪਣੀ ਜਾਇਦਾਤ ਬਨੌਣੀ ਨਹੀ ਚਾਹੁੰਦੇ ਸੀ ਤਾਂ ਤੁਸੀ ਤਿਹਾਂ ਨੇ ਆਪਨੀ ਕਿਉਂ ਕੌਂਸਲ ਬਨਾ ਕੇ ਐਸੋਸ਼ੀਏਸ਼ਨ ਬਨਾਈ, ਕਿਉਂਕੇ ਜਿਤਨਾ ਹੱਕ ਥੋਡਾ ਸੀ, ਉਤਨਾ ਹੀ ਸਾਡਾ ਸਭ ਸਹਾਇਕੋਂ ਕਾ ਹੱਕ ਸੀ। ਇਸ ਵਾਸਤੇ ਥੁਆਨੂੰ ਚਾਹੀਦਾ ਸੀ ਕਿ ਸਾਰਿਆਂ ਦੀ ਮੀਟੰਗ ਕਰਕੇ ਮੈਂਬਰ ਚੁਨਣੇ ਸੀ। ਫੇਰ ਭਾਈ ਬਦਨ ਸਿੰਘ ਨੇ ਕਿਹਾ ਕਿ ਜੇਹੜੀ ਚਿਠੀ ਅਸੀ ਫੈਸਲੇ ਦੀ ਭੇਜੀ ਸੀ, ਉਸ ਕਾ ਜੁਵਾਬ ਜੇਹੜਾ ਸਾਨੂੰ ਆਇਆ ਸੀ ਉਸ ਦੇ ਵਿਚ ਸਾਨੂੰ ਪੂਰਾ ਫੈਸਲਾ ਨਹੀ ਆਇਆ ਸੀ। ਉਸ ਕੇ ਬ੍ਰਾਦ ਭਾਈ ਭਾਗ ਸਿੰਘ ਨੇ ਕਿਹਾ ਕਿ ਅਸੀ ਇਸ ਤਰਾਂ ਫੈਸਲਾ ਕਰਨਾ ਚਾਹੁੰਦੇ ਹਾਂ ਕਿ ਜਿਨਾਂ ਹੱਕ ਤਿਨਾਂ ਦਾ ਹੈ, ਉਤਨਾ ਹੱਕ ਜੋ ਦਸ (10) ਭਾਈ ਚੁਣੇ ਹਨ, ਉਤਨਾ ਹੱਕ ਉਨ ਕਾ ਬੀ ਹੋਵੇਗਾ। ਪਿਆਰਾ ਸਿੰਘ ਨੇ ਇਸ ਨੂੰ ਮੰਨਜ਼ੂਰ ਕੀਤਾ, ਫੇਰ ਸ੍ਦਾਰਾ ਸਿੰਘ ਨੇ ਕਿਹਾ ਕੇ ਹੁਣ ਥੁਆਨੂੰ ਦੋਹਾਂ ਧਿਰਾਂ ਨੂੰ ਮੰਨਜ਼ੂਰ ਹੋ ਗਿਆ ਹੈ , ਇਸ ਵਾਸਤੇ ਕੱਲ ਨੂੰ ਵਿਕਟੋਰੀਏ ਨੂੰ ਕੁਮੇਟੀ ਦੇ ਮੈਂਬਰ ਚਲੋ ਔਰ ਵਕੀਲ ਦੇ ਚੱਲ ਕੇ ਫੈਸਲੇ ਦੇ ਕਾਗਜ਼ ਬਨਵਾ ਲੋ। ਇਸ ਕੇ ਜੁਵਾਬ ਮੇਂ ਮਿਤ ਸਿੰਘ ਸੇਵਕ ਨੇ ਕਿਹਾ ਕਿ ਅਸੀ ਵਿਕਟੋਰੀਏ ਜਾਕਰ ਫੈਸਲਾ ਕਰਨਾ ਨਾ ਮੁਨਾਸਬ ਸਮਝਦੇ ਹਾਂ। ਇਸ ਵਾਸਤੇ ਬੇਹਤਰ ਹੈ ਕਿ ਡਾਕਟਰ ਸੁੰਦਰ ਸਿੰਘ ਤੇ ਕਰਤਾਰ ਸਿੰਘ ਅਕਾਲੀ ਕੋ ਇਸ ਜਗਾ ਮੰਗਵਾ ਲੋ ਔਰ ਫੈਸਲਾ ਕਰ ਲਵੋ। ਤਬ ਪਿਆਰਾ ਸਿੰਘ ਨੇ ਮੰਨਜ਼ੂਰ ਕੀਤਾ ਕਿ ਅਸੀ ਟੈਲੀਫੂਨ ਦੇ ਕਰ ਡਾਕਟਰ ਹੋਰਾਂ ਨੂੰ ਮੰਗਵਾ ਲਵਾਂਗੇ। ਇਸ ਵਾਸਤੇ ਕੱਲ ਨੂੰ ਕਾਗਜ਼ ਬਣਵਾਏ ਜਾਣ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

18-1-1914 1. ਪਾਸ ਹੁਆ ਕੇ ਜੋ ਬੇਲਾ ਸਿੰਘ ਨੇ ਕੁਮੇਟੀ ਕਾ ਨਾਮ ਬਦਨਾਮ ਕਰਨੇ ਕੀ ਖਾਤਰ ਕੋਰਟ ਮੇਂ ਝੂਠ ਬੋਲਿਆ ਹੈ ਉਸ ਕੀ ਬਾਬਤ ਵਕੀਲ ਨੂੰ ਪੁੱਛ ਕੇ ਬੰਦੋਬਸਤ ਕੀਤਾ ਜਾਏ।

2. ਪਾਸ ਹੁਆ ਕਿ ਭਾਗ ਸਿੰਘ ਤੇ ਮਿਤ ਸਿੰਘ ਔਰ ਉਤਮ ਸਿੰਘ ਨੂੰ ਪੂਰਾ ਹੱਕ ਦਿਤਾ ਜਾਂਦਾ ਹੈ ਕੇ ਭਾਈ ਭਗਵਾਨ ਸਿੰਘ ਕੀ ਬਾਬਤ ਜਿਤਨੇ ਖਰਚ ਕੀ ਜ਼ਰੂਰਤ ਹੋਵੇ ਇਨ ਕੋ ਖਰਚ ਕਰਨੇ ਦਾ ਫੈਸਲਾ ਦਿੱਤਾ ਜਾਂਦਾ ਹੈ।

3. ਲਾਇਲ ਗੱਜ਼ਟ ਅਖਬਾਰ ਨੂੰ ਜੋ ਕਿ ਲਾਹੌਰ ਸੇ ਨਿਕਲਦਾ ਹੈ, ਦੀਵਾਨ ਕੀ ਤਰਫ ਸੇ ਚਿਠੀ ਭੇਜੀ ਜਾਏ ਜੋ ਕੇ ਉਸ ਨੇ ਭਾਈ ਭਗਵਾਨ ਸਿੰਘ ਕੇ ਬਰਖਲਾਫ ਮਜ਼ਮੂਨ ਛਾਪਿਆ ਹੈ। ਉਸ ਮਜ਼ਮੂਨ ਪਰ ਦੀਵਾਨ ਕੀ ਚਿਠੀ ਕੇ ਜ਼ਰੀਏ ਅਮਰ ਸਿੰਘ ਐਡੀਟਰ ਸੇ ਦਰਿਆਫਤ ਕੀਤਾ ਜਾਏ।

ਭਾਗ ਸਿੰਘ ਜਥੇਦਾਰ **ਮਿਤ ਸਿੰਘ ਸੇਵਕ**

2-2-1914 ਅੱਜ ਭਾਈ ਭਾਗ ਸਿੰਘ ਕੀ ਸੁਪਤਨੀ ਹਰਨਾਮ ਕੌਰ* ਕਾ ਸਸਕਾਰ ਬਾਰਾਂ ਵਜ ਕੇ ਛੇ ਮਿੰਟ ਪਾਸ ਹੋਏ ਸੀ ਤਾਂ ਕੀਤਾ ਗਿਆ, ਜੋ ਕੇ ਤੀਸ (30) ਜਨਵਰੀ ਦੀ ਰਾਤ ਨੂੰ ਛੇ ਬਜ ਕੇ ਪੰਜਾਹ ਮਿੰਟ ਪਾਸ ਹੋਏ ਸੀ, ਸਦਾ ਵਾਸਤੇ ਚਲਾਣਾ ਕਰ ਗਏ ਸੀ। ਸਸਕਾਰ ਦੇ ਮੌਕੇ ਪਰ ਭਾਈ ਭਾਗ ਸਿੰਘ ਨੇ ਵੁਹ ਲਫਜ਼ ਪੜ੍ਹ ਕੇ ਦੱਸੇ ਜੋ ਹਰਨਾਮ ਕੌਰ ਜੀ ਚਲਾਣੇ ਤੋਂ ਪੈਹਿਲਾਂ ਭਾਈ ਸਾਹਿਬ ਨੂੰ ਕੈਹਿ ਗਏ ਸੀ :

1. ਇਕ ਦਿਨ ਦੇ ਲੰਗਰ ਵਾਸਤੇ ਹਰ ਸਾਲ ਮਾਇਆ ਸਿਖ ਕੰਨਿਆ ਮਹਾਂ-ਵਿਦਿਆਲਾ ਫੀਰੋਜ਼ਪੁਰ ਵਾਸਤੇ ਭੇਜਿਆ ਕਰਨੀ।
2. ਇਕ ਦਿਨ ਦੀ ਅੰਮ੍ਰਿਤਸਰ ਯਤੀਮ ਖਾਨਾਂ ਵਾਸਤੇ।
3. ਇਕ ਸੌ ਰੁਪਿਆ ਪਸ਼ੌਰ ਵਾਸਤੇ ਭੇਜਿਆ ਕਰਨਾ।

ਫੇਰ ਭਾਈ ਸਾਹਿਬ ਨੇ ਕਿਹਾ ਕੇ ਅਗਰ ਮੈਂ ਬੀ ਗੁਰੂ ਕੇ ਭਾਣੇ ਅੰਦਰ ਚਲਾਣਾ ਕਰ ਜਾਵਾਂ ਤਾਂ ਖਾਲਸਾ ਦੀਵਾਨ ਵੈਨਕੋਵਰ ਕੀ ਕੁਮੇਟੀ ਨੇ ਹਰ ਸਾਲ ਮਾਇਆ ਯਤੀਮ ਖਾਨਿਆਂ ਨੂੰ ਭੇਜਦੇ ਰੈਹਿਣਾ, ਕਿਉਂਕੇ ਮੇਰਾ ਵਾਰਸ-ਨਾਮਾਂ ਬੀ ਖਾਲਸਾ ਦੀਵਾਨ ਵੈਨਕੋਵਰ ਕੇ ਹੀ ਨਾਮ ਹੈ। ਏਹ ਬਾਤ ਮੈਂ ਆਪ ਸਬ ਭਰਾਵਾਂ ਨੂੰ ਯਾਦ ਕਰੌਣਾ ਹੈ ਤਾਂ ਕੇ ਅਗੇ ਵਾਸਤੇ ਜੇਹੜੀ ਕੁਮੇਟੀ ਹੋਵੇਗੀ, ਇਸ ਬਾਤ ਦਾ ਖ਼ਿਆਲ ਰਖੇ।

1. ਪਾਸ ਹੁਆ ਕਿ ਭਾਈ ਭਾਗ ਸਿੰਘ ਦੇ ਬੱਚਿਆਂ ਦਾ ਬੰਦੋਬਸਤ ਦੀਵਾਨ ਕੀ ਤਰਫ ਸੇ ਕੀਤਾ ਜਾਏ ਕਿਉਂਕੇ ਭਾਈ ਸਾਹਿਬ ਨੂੰ ਬੱਚਿਆਂ ਦੀ ਸੇਵਾ ਕਰਨੀ ਮੁਸ਼ਕਲ ਹੈ। ਕੁਮੇਟੀ ਵਿਚੋਂ ਪਾਸ ਹੋਇਆ। ਤਦ ਸੰਗਤ ਨੂੰ ਏਹ ਗੁਰਮਤਾ ਦੱਸਿਆ ਗਿਆ। ਸਬ ਸੰਗਤ ਨੇ ਬੜੀ ਖੁਸ਼ੀ ਸੇ ਮੰਨਜ਼ੂਰ ਕੀਤਾ ਅਤੇ ਵਾਹਿਗੁਰੂ ਜੀ ਕੀ ਫਤੇ ਗਜਾਈ ਗਈ। ਉਸ ਕੇ ਬ੍ਰਾਦ ਭਾਈ ਭਾਗ ਸਿੰਘ ਨੇ ਕਿਹਾ ਕੇ ਕਰਤਾਰ ਕੌਰ ਨੇ ਮੇਰੇ ਬੱਚਿਆਂ ਦੀ ਪਰਵਰਿਸ਼ ਕਰਨੀ ਮੰਨਜ਼ੂਰ ਕਰ ਲਈ ਹੈ। ਇਸ ਵਾਸਤੇ ਮੈਂ ਆਪ ਸਬ ਭਰਾਵਾਂ ਦਾ ਧਨਵਾਦੀ ਹਾਂ, ਕਿਉਂਕੇ ਆਪ ਸਬ ਨੇ ਮੇਰੇ ਨਾਲ ਬੜੀ ਹਮਦਰਦੀ ਪ੍ਰਗਟ ਕੀਤੀ ਹੈ। ਮੈਂ ਦੀਵਾਨ ਦੇ ਸਿਰ ਇਤਨਾ ਬੋਝ ਪੌਣਾਂ ਨਹੀ ਚਾਹੁੰਦਾ, ਕਿਉਂਕਿ ਦੀਵਾਨ ਦੇ ਸਿਰ ਹੋਰ ਕਈ ਭਾਰ ਹਨ ਔਰ ਮੈਂ ਕਰਤਾਰ ਕੌਰ ਦਾ ਬੜਾ ਧਨਵਾਦੀ ਹਾਂ, ਜਿਸ ਨੇ ਕਿ ਇਤਨੀ ਭਾਰੀ ਸੇਵਾ

---

* ਬੀਬੀ ਹਰਨਾਮ ਕੌਰ ਸੁਪਤਨੀ ਭਾਈ ਭਾਗ ਸਿੰਘ ਭਿਖੀਵਿੰਡ ਬਹੁਤ ਨੇਕ ਤੇ ਸੁਚੱਜੀ ਇਸਤਰੀ ਸਨ, ਜਿਨ੍ਹਾਂ ਦੀ ਅਚਨਚੇਤ ਮੌਤ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਘਾਟਾ ਪਿਆ। ਉਨ੍ਹਾਂ ਨੇ ਮਰਨ ਤੋਂ ਪਹਿਲਾਂ ਆਪਣੇ ਵੱਲੋਂ ਕੁਝ ਬੇਨਤੀਆਂ ਕੀਤੀਆਂ ਅਤੇ ਭਾਈ ਭਾਗ ਸਿੰਘ ਨੇ ਸੰਗਤਾਂ ਨੂੰ ਉਨ੍ਹਾਂ ਗੱਲਾਂ ਬਾਰੇ ਚਾਨਣਾ ਪਾਇਆ। ਉਸ ਸਮੇਂ ਸਿੱਖ ਬੀਬੀਆਂ ਲਈ ਇੱਕੋ ਹੀ ਸਕੂਲ ਹੁੰਦਾ ਸੀ, ਜਿਸਦੇ ਸੰਚਾਲਕ ਭਾਈ ਤਖ਼ਤ ਸਿੰਘ ਜੀ ਸਨ। ਇਹ ਸਕੂਲ 1892 ਵਿਚ ਫ਼ਿਰੋਜ਼ਪੁਰ ਵਿਖੇ ਖੋਹਲਿਆ ਗਿਆ। ਬੀਬੀ ਹਰਨਾਮ ਕੌਰ ਦੀ ਇੱਛਾ ਸੀ ਕਿ ਖ਼ਾਲਸਾ ਦੀਵਾਨ ਸੁਸਾਇਟੀ ਲਗਾਤਾਰ ਉਸ ਸਕੂਲ ਦੀ ਮਾਇਕ ਸਹਾਇਤਾ ਕਰਦੀ ਰਹੇ। ਉਹ ਖ਼ੁਦ ਸਾਲ 'ਚ ਇਕ ਦਿਨ ਦੇ ਲੰਗਰ ਦੀ ਮਾਇਆ ਉਥੇ ਭੇਜਦੇ ਸਨ। ਉਸ ਸਮੇਂ ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਯਤੀਮਖ਼ਾਨਿਆਂ ਨੂੰ ਵੀ ਮਾਇਆ ਭੇਜੀ ਜਾਂਦੀ ਸੀ। ਜੇ ਦੇਖਿਆ ਜਾਵੇ ਤਾਂ ਹੁਣ ਵੀ ਖ਼ਾਲਸਾ ਦੀਵਾਨ ਸੁਸਾਇਟੀ ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਬੀਬੀ ਹਰਨਾਮ ਕੌਰ ਦੀਆਂ ਇਛਾਵਾਂ ਦੀ ਪੂਰਤੀ ਕੀਤੀ ਜਾਵੇ, ਕਿਉਂਕਿ ਭਾਈ ਭਾਗ ਸਿੰਘ ਜੀ ਨੇ ਬਤੌਰ ਕੌਮ ਦੇ ਹੀਰੇ ਤੇ ਖ਼ਾਲਸਾ ਦੀਵਾਨ ਦੀ ਸੇਵਾ ਕਰਦਿਆਂ ਸ਼ਹੀਦੀ ਦਿੱਤੀ। ਅੱਜ ਉਨ੍ਹਾਂ ਦੇ ਪਰਿਵਾਰ ਦੀ ਕੋਈ ਨਿਸ਼ਾਨੀ ਨਹੀ ਤੇ ਦੂਜੇ ਪਾਸੇ ਸਾਡੇ ਵੱਲੋਂ ਵੀ ਉਨ੍ਹਾਂ ਦੀ ਕੋਈ ਯਾਦਗਾਰ ਨਹੀ ਬਣਾਈ ਗਈ। —*ਸੰਪਾਦਕ*

ਨੂੰ ਬੜੀ ਖੁਸ਼ੀ ਨਾਲ ਪ੍ਰਵਾਨ ਕੀਤਾ ਹੈ। ਉਸ ਕੇ ਬ੍ਰਾਦ ਕੁਮੇਟੀ ਦੇ ਚੰਦ ਭਾਈਉਂ ਕੀ ਤਰਫ ਸੇ ਹੁਕਮ ਹੋਇਆ ਕੇ ਬੇਸ਼ੱਕ ਭਾਈ ਸਾਹਿਬ ਕਾ ਫਰਜ਼ ਥਾ ਕੇ ਇਸੀ ਕਿਸਮ ਕੇ ਲਫਜ਼ ਬੋਲਤੇ ਮਗਰ ਦੀਵਾਨ ਕਾ ਫਰਜ਼ ਹੈ, ਦੀਵਾਨ ਨੂੰ ਆਪਨਾ ਫਰਜ਼ ਪੂਰਾ ਕਰਨਾ ਪਵੇਗਾ। ਉਪਰ ਲਿਖੇ ਲਫਜ਼ ਸੇਵਕ ਮਿਤ ਸਿੰਘ ਕੀ ਤਰਫ ਸੈ ਦੀਵਾਨ ਦੀ ਸੇਵਾ ਵਿਚ ਕਹੇ ਗਏ ਔਰ ਪ੍ਰਵਾਨ ਹੂਏ।

ਉਸ ਕੇ ਬ੍ਰਾਦ ਗੁਰਦੁਆਰੇ ਦੇ ਨੀਚੇ ਕੁਮੇਟੀ ਦਾ ਅਕੱਠ ਹੋਇਆ, ਜਿਸ ਵਿੱਚ ਭੋਲਾ ਸਿੰਘ ਹਾਜ਼ਰ ਨਾ ਥਾ ਔਰ ਭਾਈ ਭਾਗ ਸਿੰਘ ਤੇ ਜੁਆਲਾ ਸਿੰਘ ਇਸ ਕੁਮੇਟੀ ਮੇਂ ਹਾਜ਼ਰ ਸਨ।

2. ਪਾਸ ਹੂਆ ਕਿ ਇਕ ਤਾਰ ਭਾਈ ਬਲਵੰਤ ਸਿੰਘ ਜੀ ਕੇ ਜਥੇ ਨੂੰ ਇੰਡੀਆ ਨੂੰ ਭੇਜੀ ਜਾਵੇ, ਜਿਸ ਵਿਚ ਹਰਨਾਮ ਕੌਰ ਦੇ ਸੁਰਗਵਾਸ ਹੋ ਜਾਣ ਦੀ ਖਬਰ ਲਿਖ ਕਰ ਭੇਜੀ ਜਾਵੇ।
3. ਪਾਸ ਹੂਆ ਕੇ ਦੀਵਾਨ ਕੀ ਸੂਸਾਇਟੀ ਦੇ ਨਵੇਂ ਰੂਲ ਬਣਵਾਏ ਜਾਨ ਔਰ ਉਸ ਕੀ ਵਕੀਲ ਸੇ ਦਰਿਆਫਤ ਕਰਕੇ ਸੱਤ ਆਦਮੀਉਂ ਕੇ ਨਾਮ ਰੱਖੇ ਜਾਨ।
4. ਭਾਈ ਭਾਗ ਸਿੰਘ ਨੇ ਕੁਮੇਟੀ ਦੇ ਅਗੇ ਬੇਨਤੀ ਪੇਸ਼ ਕੀਤੀ ਕੇ ਮੈਨੂੰ ਦੀਵਾਨ ਦੇ ਫੰਡ ਵਿਚੋਂ ਇਕ ਸੌ (100-00) ਡਾਲਾ ਉਧਾਰਾ ਛੇ ਮਹੀਨੇ ਵਾਸਤੇ ਦਿਤਾ ਜਾਏ, ਕਿਉਂਕੇ ਮੇਰਾ ਹੁਣ ਬਹੁਤ ਖਰਚ ਹੋ ਗਿਆ ਹੈ। ਪਾਸ ਹੂਆ ਕਿ ਭਾਈ ਸਾਹਿਬ ਨੂੰ ਛੇ ਮਹੀਨੇ ਵਾਸਤੇ 100-00 (ਸੌ) ਡਾਲਾ ਉਧਾਰਾ ਦਿਤਾ ਜਾਏ।

ਭਾਗ ਸਿੰਘ ਜਥੇਦਾਰ **ਸੇਵਕ ਮਿਤ ਸਿੰਘ**

22-3-1914 1. ਪਾਸ ਹੋਇਆ ਕਿ ਇਕ ਚਿਠੀ ਕੈਨੇਡਾ ਦੇ ਵਤਨ ਛੋੜਾਂ ਦੇ ਮੈਹਿਕਮੇਂ ਨੂੰ ਭੇਜੀ ਜਾਏ ਕੇ ਸਾਡੇ ਬਹੁਤ ਆਦਮੀ ਜੋ ਕੇ ਇਸ ਜਗਾ ਮੇਂ ਗਏ ਹਨ ਹਾਂਗ ਕਾਂਗ ਬੈਠੇ ਹਨ। ਆਪ ਉਨ ਕੇ ਬਾਬਤ ਕੀ ਫੈਸਲਾ ਕਰਨਾ ਮੰਗਦੇ ਹੋ ਸਾਡੇ ਨਾਲ ਇਸ ਬਾਤ ਦਾ ਫੈਸਲਾ ਕੀਤਾ ਜਾਏ।

2. ਪਾਸ ਹੋਇਆ ਕਿ ਉਨ ਸਬ ਗੁਰਦੁਆਰੋਂ ਕਾ ਜੋ ਕੇ ਇਸ ਗੁਰਦੁਆਰੇ ਕੀ ਸ਼ਾਖਾਂ ਹਨ ਪ੍ਰੇਜ਼ੀਡੰਟ ਔਰ ਸਕੈਟਰੀ ਹਿਸਾਬ ਲੈਣ ਭੇਜੇ ਜਾਣ।
3. ਪਾਸ ਹੋਇਆ ਕਿ ਇਕ ਤਾਰ ਵਾਇਸਰਾਏ 'ਹਾਰਡਿੰਗ' ਨੂੰ ਭੇਜੀ ਜਾਏ ਕਿ ਗੁਰਦੁਆਰਾ 'ਰਕਾਬ ਗੰਜ' ਦੀ ਦੀਵਾਰ ਜੋ ਗਰਾਈ ਗਈ ਹੈ, ਉਸ ਨੂੰ ਉਸੀ ਹਾਲਤ ਵਿਚ ਤਾਮੀਰ ਕਰਾਇਆ ਜਾਏ, ਕਿਉਂਕੇ ਏਹ ਗੁਰਦੁਆਰੇ ਦੀ ਜਾਇਦਾਦ ਸਿਖ ਪੰਥ ਦੀ ਹੈ। ਭਾਈ ਗੁਰਦਿਤ ਸਿੰਘ ਨੇ ਤਜ਼ਵੀਜ਼ ਕੀਤੀ ਔਰ ਦਿਆਲ ਸਿੰਘ ਤਾਈਦ ਕੀਤੀ।

5-4-1914 ਭਾਈ ਉਜਾਗ੍ ਸਿੰਘ ਸੇ ਦਰਿਆਫਤ ਕੀਤੀ ਗਈ ਕਿ ਆਪ ਨੇ ਜੋ ਚਿਠੀ ਖਾਲਸਾ ਸੇਵਕ ਦੇ ਐਡੀਟਰ ਕੋ ਭੇਜੀ ਸੀ ਵੁਹ ਕੁਲ ਪਬਲਕ ਕੀ ਤਰਫ ਸੇ ਭੇਜੀ ਸੀ ਯਾ ਕੇ ਆਪਨੀ ਤਰਫ ਸੇ ਜੁਵਾਬ ਦਿਤਾ ਕਿ ਮੈਂ ਆਪਣੇ ਖਿਆਲ ਮੇਂ ਅਪਣੀ ਤਰਫ ਸੇ ਲਿਖੀ। ਸ਼ਾਇਦ ਅਗਰ ਮੈਂਤੋ ਗਲਤੀ ਸੇ ਪਬਲਕ ਕੀ ਤਰਫ ਸੇ ਕੋਈ ਲਫਜ਼ ਲਿਖਾ ਗਿਆ ਹੋ, ਮੈਨੂੰ ਮਾਫ ਕੀਤਾ ਜਾਏ।

ਮਿਤ ਸਿੰਘ ਸੇਵਕ

17-5-1914 1. ਪਾਸ ਹੋਇਆ ਕੇ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੀ ਕੁਮੇਟੀ ਵਿਚੋਂ ਦੋ ਮੈਂਬਰ ਉਸ ਕੁਮੇਟੀ ਵਿਚ ਪਾਏ ਜਾਨ ਜੋ ਕਾਮਾਗਾਟਾਮਾਰੂ* ਜਹਾਜ਼ ਦੇ ਵਾਸਤੇ ਕੁਮੇਟੀ ਮੁਕੱਰਰ ਹੋਈ ਹੈ। ਭਾਈ ਭਾਗ ਸਿੰਘ ਤੇ ਭਾਈ ਮਿਤ ਸਿੰਘ ਮੁਕੱਰਰ ਕੀਤੇ ਗਏ।

2. ਨੰਦ ਸਿੰਘ ਨੂੰ ਤਾਰ ਦੇ ਕੇ ਪੁੱਛਿਆ ਜਾਏ ਕਿ ਤੈਨੂੰ ਡਾਲੇ ਮਿਲ ਗਏ ਹਨ ਯਾ ਕੇ ਨਹੀਂ।

3. ਪਾਸ ਹੋਇਆ ਕਿ ਅਸੀਂ ਖਾਲਸਾ ਦੀਵਾਨ ਵਿਕਟੋਰੀਏ ਨਾਲ ਐਗਰੀਮਿੰਟ ਵਗੈਰਾ ਦਾ ਕਾਗਜ਼ ਕੋਈ ਨਹੀਂ ਬਨੌਣਾ ਚਾਹੁੰਦੇ। ਕਾਗਜ਼ ਆਦਮੀਉਂ ਕੇ ਸਾਥ ਹੁੰਦਾ ਹੈ, ਜਿਨ ਕਾ ਇਤਬਾਰ ਨਾ ਹੋ। ਏਹ ਦੀਵਾਨ ਦਾ ਕੰਮ ਹੈ।

ਮਿਤ ਸਿੰਘ ਸੇਵਕ

12-7-1914 1. ਭਾਈ ਬਲਵੰਤ ਸਿੰਘ ਸੇ ਹਿਸਾਬ ਲਿਆ ਜਾਏ, ਜੋ ਕੇ ਉਨਹੋਂ ਨੇ ਆਪਣੇ ਡੈਲੀਗੇਟ ਕੇ ਸਫਰ ਮੇਂ ਖਰਚ ਕੀਤਾ ਹੈ।

2. ਕਸਰਤ ਰਾਏ ਸੇ ਪਾਸ ਹੁਆ ਕਿ ਨੰਦ ਸਿੰਘ ਨੂੰ ਸੌ ਡਾਲਾ ਭੇਜ ਕੇ ਮੰਗਵਾਇਆ ਜਾਏ।

ਮਿਤ ਸਿੰਘ ਸੇਵਕ

23-8-1914 1. ਭਾਈ ਬਚਨ ਸਿੰਘ ਜੀ ਕੀ ਤਰਫ ਸੇ ਪੇਸ਼ ਹੁਆ ਕੇ ਸਾਨੂੰ ਖਾਲਸਾ ਦੀਵਾਨ ਵਿਕਟੋਰੀਆ ਦੀ ਕੁਮੇਟੀ ਦੀ ਤਰਫ ਸੇ ਭੇਜਿਆ ਗਿਆ ਹੈ ਕਿ ਅਸੀਂ ਸਾਰੀ ਜਾਇਦਾਦ ਜੋ ਕੇ ਗੁਰਦੁਆਰਾ ਵਿਕੋਟਰੀਆ ਦੇ ਮੁਤੱਅਲਕ ਹੈ ਵੈਨਕੋਵਰ ਦੀਵਾਨ ਦੇ ਨਾਮ ਪੁਰ ਸਬੰਧਤ ਕਰਨ ਵਾਸਤੇ ਤਿਆਰ ਹਾਂ। ਅਗਰ ਵੈਨਕੋਵਰ ਦੀਵਾਨ ਏਹ ਨੀਚੇ ਲਿਖੀਆਂ ਦੋ ਸ਼ਰਤਾਂ ਮਨਜ਼ੂਰ ਕਰ ਲਵੇ : (1) ਕਿ ਜਿਤਨਾ ਹੱਕ ਵੈਨਕੋਵਰ ਦੀਵਾਨ ਦੀ ਕੁਮੇਟੀ ਨੂੰ ਗੁਰਦੁਆਰਾ ਵੈਨਕੋਵਰ ਦਾ ਬੰਦੋਬਸਤ ਰਖਣ ਵਾਸਤੇ ਹੈ, ਉਤਨਾ ਹੀ ਹੱਕ ਵਿਕਟੋਰੀਆ ਦੀਵਾਨ ਦੀ ਕੁਮੇਟੀ ਨੂੰ ਗੁਰਦੁਆਰਾ ਵਿਕਟੋਰੀਆ ਦੀ ਬੰਦੋਬਸਤ ਰੱਖਣ ਵਾਸਤੇ ਦਿਤਾ ਜਾਏ; (2) ਕੈਨੇਡਾ ਦੇ ਸਾਰੇ ਗੁਰਦੁਆਰਿਆਂ ਦੀ ਇਕ ਖਾਸ ਕੁਮੇਟੀ ਬਨਾਈ ਜਾਏ ਜੋ ਕਿ ਸਾਰੇ ਗੁਰਦੁਆਰਿਆਂ ਦਾ ਬੰਦੋਬਸਤ ਰਖੇ। ਕੁਮੇਟੀ ਨੇ ਉਪਰ ਲਿਖੀਆਂ ਸ਼ਰਤਾਂ ਨੂੰ ਮੰਨਜ਼ੂਰ ਕੀਤਾ। ਉਪਰ ਦੀਵਾਨ ਵਿਚ ਸੁਣਾਇਆ ਗਿਆ। ਸਬ

---

* ਕਾਮਾਗਾਟਾਮਾਰੂ 4 ਅਪ੍ਰੈਲ, 1914 ਨੂੰ ਹਾਂਗਕਾਂਗ ਤੋਂ ਤੁਰਿਆ ਤੇ 22 ਮਈ, 1914 ਨੂੰ ਵੈਨਕੂਵਰ ਪਹੁੰਚਿਆ। ਖ਼ਾਲਸਾ ਦੀਵਾਨ ਸੁਸਾਇਟੀ ਨੂੰ ਇਸ ਬਾਰੇ ਪਹਿਲਾਂ ਹੀ ਇਤਲਾਹ ਸੀ, ਤਾਹੀਉਂ ਖ਼ਾਲਸਾ ਦੀਵਾਨ ਨੇ ਕਾਮਾਗਾਟਾਮਾਰੂ ਨਾਲ ਨਜਿੱਠਨ ਲਈ ਕਮੇਟੀ ਬਣਾ ਲਈ ਸੀ। ਖ਼ਾਲਸਾ ਦੀਵਾਨ ਦੇ ਉਸ ਸਮੇਂ ਪ੍ਰਧਾਨ ਭਾਈ ਭਾਗ ਸਿੰਘ ਜੀ ਭਿਖੀਵਿੰਡ ਸਨ ਤੇ ਸਕੱਤਰ ਭਾਈ ਮਿਤ ਸਿੰਘ ਜੀ ਪੰਡੋਰੀ ਸਨ। ਇਹ ਦੋਨੋਂ ਵਿਅਕਤੀ ਬਹੁਤ ਹੀ ਹਰਮਨ ਪਿਆਰੇ ਨੇਤਾ ਸਨ, ਜਿਨ੍ਹਾਂ ਨੇ ਤਨ, ਮਨ, ਧਨ ਨਾਲ ਕੌਮੀ ਸੰਕਟਾਂ ਵਿਚ ਯੋਗ ਅਗਵਾਈ ਕੀਤੀ। ਭਾਈ ਭਾਗ ਸਿੰਘ ਜੀ 5 ਸਤੰਬਰ, 1914 ਨੂੰ ਗੁਰਦੁਆਰਾ ਸਾਹਿਬ ਵੈਨਕੂਵਰ ਦੇ ਦੀਵਾਨ ਹਾਲ ਵਿਚ ਸ਼ਹੀਦ ਹੋਏ। ਇਨ੍ਹਾਂ ਦਾ ਜੱਦੀ ਪਿੰਡ ਭਿਖੀਵਿੰਡ, ਜ਼ਿਲ੍ਹਾ ਅੰਮ੍ਰਿਤਸਰ ਸੀ। ਭਾਈ ਮਿਤ ਸਿੰਘ ਪੰਡੋਰੀ, ਜਿਨ੍ਹਾਂ ਦਾ ਪਿੰਡ ਪੰਡੋਰੀ, ਜ਼ਿਲ੍ਹਾ ਲੁਧਿਆਣਾ ਸੀ। ਆਪ ਵੀ ਗ਼ਦਰ ਲਹਿਰ ਦੇ ਸਰਗਰਮ ਮੈਂਬਰ ਸਨ ਤੇ ਜੇਲ੍ਹ ਵੀ ਕੱਟੀ। *—ਸੰਪਾਦਕ*

ਦੀਵਾਨ ਨੇ ਬੀ ਮੰਨਜ਼ੂਰ ਕੀਤਾ ਔਰ ਇਕ ਸ਼ਰਤਨਾਮਾਂ ਲਿਖ ਕੇ ਦਿੱਤਾ ਗਿਆ। ਬਸੰਤ ਸਿੰਘ ਨੇ ਤਾਈਦ ਕੀਤੀ ਤੇ ਨਰੈਣ ਸਿੰਘ ਨੇ ਤਾਈਦ ਮਜੀਦ ਕੀ।

2. ਗੁਰਦੁਆਰਿਆਂ ਦੇ ਮਾਮਲੇ ਦੀ ਬਾਬਤ ਵਕੀਲ ਤੋਂ ਦਰਿਆਫਤ ਕੀਤੀ ਜਾਏ ਕਿ ਬਰਿਟਸ਼ ਕੋਲੰਬੀਆ ਦੇ ਕਾਨੂੰਨ ਮੂਜਬ ਸਾਡੇ ਗੁਰਦੁਆਰਿਆਂ ਤੋਂ ਮਾਮਲਾ ਹੱਟ ਸਕਦਾ ਹੈ ਯਾ ਨਹੀਂ। ਅਗਰ ਨਹੀਂ ਤਾਂ ਦਿੱਤਾ ਜਾਏ।
3. ਪਾਸ ਹੋਇਆ ਕਿ ਜੇਹੜੀ ਪੁਸਤਕੜੀ 'ਰੌਣਕ ਰਾਮ ਆਰੀਏ' ਨੇ 'ਖਾਲਸਾ ਪੰਥ ਕੀ ਹਕੀਕਤ' ਨਾਮੇਂ ਬਨਵਾ ਕਰ ਸਾਡੀ ਸਿਖ ਪੰਥ ਦੀ ਧਰਮ ਮਾਤਾ ਗੰਗਾ ਦੇਵੀ ਪਰ ਸਖਤ ਤੇ ਕਮੀਨਾਂ ਹਮਲਾ ਕਰਕੇ ਤੀਸ ਲਾਖ ਸਿਖਾਂ ਦੇ ਹਿਰਦੇ ਦੁਖਾਏ ਹਨ, ਅਸੀਂ ਸਬ ਕੈਨੇਡਾ ਨਿਵਾਸੀ ਸਿਖ ਉਸ ਪਰ ਸਖਤ ਅਫਸੋਸ ਪਰਗਟ ਕਰਦੇ ਹਾਂ ਕਿ ਉਸ ਨੂੰ ਉਸ ਦੇ ਕਸੂਰ ਦੀ ਪੂਰੀ ਸਜਾ ਦਿਤੀ ਜਾਏ ਔਰ ਇਸ ਦੀਆਂ ਨਕਲਾਂ ਸਿਖ ਅਖਬਾਰਾਂ ਨੂੰ ਭੇਜੀਆਂ ਜਾਣ।
4. ਪਾਸ ਹੋਇਆ ਕੇ ਕੈਨੇਡਾ ਦੇ ਗੁਰਦੁਆਰਿਆਂ ਦਾ ਬੜਾ ਦੀਵਾਨ ਪੰਜਾਬ ਹਿੰਦੋਸਤਾਨ ਦੇ ਵਿਚ ਖੋਲਿਆ ਜਾਏ। ਉਸ ਦੀਵਾਨ ਵਿਚ ਕੈਨੇਡਾ ਤੋਂ ਗਏ ਹੋਏ ਭਰਾਵਾਂ ਨੂੰ ਚਿਠੀਆਂ ਦੁਆਰਾ ਬੁਲਾ ਕੇ ਇਕ ਕੁਮੇਟੀ ਮੁਕੱਰਰ ਕੀਤੀ ਜਾਏ। ਸਰਬ ਸੰਮਤੀ ਸੇ ਦੀਵਾਨ ਵਿਚ ਪਾਸ ਹੋਇਆ।
*5. ਪਾਸ ਹੋਇਆ ਕੇ ਦੀਵਾਨ ਦੀ ਕੁਮੇਟੀ ਦਾ ਮੈਂਬਰ ਕਦੇ ਵੀ ਸੈਹਜਧਾਰੀ ਨਹੀਂ ਹੋ ਸਕਦਾ। ਸਰਬ ਸੰਮਤੀ ਸੇ ਪਾਸ ਹੋਇਆ।
6. ਪਾਸ ਹੋਇਆ ਕਿ ਭਾਈ ਬਲਵੰਤ ਸਿੰਘ ਨੂੰ ਗਰੰਥੀ ਦੀ ਸੇਵਾ ਤੋਂ ਛੁੱਟੀ ਦਿਤੀ ਜਾਏ ਕਿਉਂਕੇ ਭਾਈ ਸਾਹਿਬ ਸੁਮੇਤ ਆਪਣੇ ਪਰਵਾਰ ਦੇ ਦੇਸ ਨੂੰ ਜਾਣਾਂ ਮੰਗਦੇ ਹਨ। ਸਰਬ ਸੰਮਤੀ ਸੇ ਪਾਸ ਹੋਇਆ।

ਮਿਤ ਸਿੰਘ ਸੇਵਕ

4-10-1914 1. ਪਾਸ ਹੋਇਆ ਕਿ ਭਾਈ ਬਲਵੰਤ ਸਿੰਘ ਜਬ ਤਕ ਇਸ ਜਗਾ ਰਹੇਗਾ ਔਰ ਤਨਖਾਹ ਨਹੀਂ ਲੇਵੇਗਾ। ਏਹ ਗੁਰਮਤਾ ਦੀਵਾਨ ਵਿਚ ਸਰਬ ਸੰਮਤੀ ਨਾਲ ਮੰਨਜ਼ੂਰ ਹੋਇਆ।

2. ਪਾਸ ਹੋਇਆ ਕੇ ਏਹ ਕੁਮੇਟੀ ਕੌਮੀ ਭਰਾਵਾਂ ਦੇ ਜੋ ਆਪਸ ਮੇਂ ਝਗੜੇ ਹੋਣਗੇ ਉਹਨਾਂ ਵਾਸਤੇ ਗੁਰੂ ਦੇ ਖਜ਼ਾਨੇ ਵਿਚੋਂ ਨਾਂ ਹੀ ਕਿਸੇ ਦੀ ਮਦਦ ਵਾਸਤੇ ਪੈਸਾ ਦੇਣਗੇ ਤੇ ਨਾਂ ਹੀ ਕਿਸੇ ਦੀ ਗਵਾਹੀ ਦੇਣਗੇ।

ਪ੍ਰੇਜ਼ੀਡੰਟ ਹਰੀ ਸਿੰਘ **ਸੇਵਕ ਗੋਪਾਲ ਸਿੰਘ**

---

* ਇਥੇ ਗੁਰੂ ਪੰਥ ਦੀ ਪ੍ਰੰਪਰਾ 'ਤੇ ਪਹਿਰਾ ਦੇਣ ਖ਼ਾਤਰ ਖ਼ਾਲਸਾ ਦੀਵਾਨ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਮਤਾ ਪਾ ਕੇ ਦ੍ਰਿੜ੍ਹ ਕਰਾਇਆ ਕਿ ਕੋਈ ਵੀ ਸਿੱਖੀ ਸਰੂਪ ਤੋਂ ਰਹਿਤ ਦੀਵਾਨ ਦਾ ਮੈਂਬਰ ਨਹੀਂ ਬਣ ਸਕਦਾ। ਅੱਜ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਮੋਨੇ ਬਣ ਰਹੇ ਹਨ ਅਤੇ ਸਾਲ 1979 ਤੋਂ ਸਿੱਖੀ ਸਰੂਪ ਵਾਲੇ ਵੀਰ ਦੀਵਾਨ ਦੀ ਪ੍ਰਬੰਧਕ ਕਮੇਟੀ 'ਚ ਆਉਣੇ ਸ਼ੁਰੂ ਹੋਏ ਸਨ, ਪਰ 2007 ਦੀ ਕਮੇਟੀ ਵਿਚ ਸਿੱਖੀ ਸਰੂਪ ਤੋਂ ਰਹਿਤ ਲੋਕ ਪ੍ਰਧਾਨ ਚੁਣੇ ਗਏ, ਜੋ ਕਿ ਖ਼ਾਲਸਾ ਪੰਥ ਦੀ ਮਰਯਾਦਾ ਦੇ ਉਲਟ ਹੈ। ਕੇਸ ਸਿੱਖੀ ਦੀ ਮੋਹਰ ਹਨ, ਇਸ ਕਰਕੇ ਅਰਦਾਸ ਅੰਦਰ ਹਰ ਸਿੱਖ ਵੱਲੋਂ ਅਕਾਲ ਪੁਰਖ ਅੱਗੇ ਜਾਚਨਾ ਕੀਤੀ ਜਾਂਦੀ ਹੈ ਕਿ "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ"। *—ਸੰਪਾਦਕ*

7-2-1915 1. ਜੋ ਬਾਈ ਲਾਈ ਕੁਮੇਟੀ ਨੇ ਬਣਾਏ ਸੀ ਸੰਗਤ ਦੇ ਵਿਚ ਸੁਨਾਏ ਗਏ ਔਰ ਸੰਗਤ ਨੇ ਬੜੇ ਪ੍ਰੇਮ ਸਾਥ ਸੁਣੇ ਔਰ ਸਭ ਬਾਈ ਲਾ ਵਿਚਾਰ ਸਹਿਤ ਸੋਧੇ ਗਏ ਅਰ ਸਭ ਸੰਗਤ ਨੇ ਮੰਨਜ਼ੂਰ ਕੀਤੇ ਔਰ ਇਨ੍ਹਾਂ ਬਾਈ ਲਾਵਾਂ ਦੁਆਰਾ ਕੁਮੇਟੀ ਨੂੰ ਕੰਮ ਕਰਨੇ ਸੰਗਤਾਂ ਨੇ ਪੂਰਾ ਹੱਕ ਦਿੱਤਾ ਅਰ ਸ੍ਰਬ ਸੰਮਤੀ ਸੇ ਪਾਸ ਹੋ ਗਿਆ।

2. ਜੋ ਕੁਮੇਟੀ ਨੇ ਬਾਈ ਲਾ ਜਾਨੀ ਜੋ ਗੁਰਮਤੇ ਪਾਸ ਕੀਤੇ ਹਨ, ਸੋ ਸੰਗਤ ਦੇ ਪੇਸ਼ ਕੀਤੇ ਜਾਨ ਅਗਰ ਸਬ ਸੰਗਤ ਸ੍ਵਨ ਕਰ ਅਗਰ ਮਨਜ਼ੂਰ ਕਰੇ ਤੋ ਰਜਿਸਟਰ ਕਰਾਏ ਜਾਣ। ਸੋ ਏਹ ਬੇਨਤੀ ਸਬ ਸੰਗਤ ਨੇ ਮਨਜ਼ੂਰ ਕਰ ਲਈ।

ਗੋਪਾਲ ਸਿੰਘ ਸੇਵਕ

30-5-1915 1. ਕੇ ਕਾਨਫਰੰਸ ਅਠਵੀਂ ਦੇ ਰੁਕ ਜਾਨ ਦਾ ਸਾਨੂੰ ਸਖਤ ਅਫਸੋਸ ਹੈ, ਕਿਉਂਕੇ ਏਸ ਦੇ ਪ੍ਰਬੰਧਕ ਪੈਨ ਵਿਚ ਪੰਥ ਨੂੰ ਬਹੁਤ ਨੁਕਸਾਨ ਪਹੁੰਚਾ ਹੈ ਔਰ ਪਹੁੰਚੇਗਾ। ਸੋ ਇਸ ਹਮਦਰਦੀ ਦੀ ਚਿਠੀਆਂ ਅਖਬਾਰਾਂ ਨੂੰ ਭੇਜੀਆਂ ਜਾਣ।

2. ਮਹਾਂਰਾਜਾ ਕਪੂਰਥਲਾ ਸਾਨਫਰਾਂਸਿਸਕੋ ਜਲਸੇ ਮੇਂ ਆਇਆ ਹੁਆ ਹੈ। ਉਸ ਕੋ ਤਾਰ ਭੇਜੀ ਜਾਵੇ। ਇੰਡੀਆ ਕੋ ਜਾਤੇ ਵਕਤ ਵੈਨਕੋਵਰ ਵਿਚ ਦੀ ਜਾਣ ਔਰ ਗੁਰਦੁਆਰੇ ਕਾ ਦਰਸ਼ਨ ਕਰਕੇ ਸੰਗਤ ਨੂੰ ਨਿਹਾਲ ਕਰਨ।

3. ਇਸੀ ਬਾਤ ਬਾਬਤ ਸਟਾਕਟਨ ਦੀਵਾਨ ਨੂੰ ਚਿਠੀ ਭੇਜੀ ਜਾਏ ਕਿ ਉਸ ਜਗਾ ਦੀ ਕੁਮੇਟੀ ਭੀ ਸਾਡੀ ਬਾਬਤ ਮਹਾਂਰਾਜਾ ਸਾਹਿਬ ਅਗੇ ਬੇਨਤੀ ਕਰਨ ਕੇ ਮਹਾਂਰਾਜਾ ਜਸਜੀਤ ਭੂਪਿੰਦਰ ਸਿੰਘ ਜੀ ਜਰੂਰ ਹੀ ਗੁਰਦੁਆਰਾ ਵੈਨਕੋਵਰ ਮੇਂ ਦਰਸ਼ਨ ਦੇ ਕਰ ਜਾਨ। ਸਰਬ ਸੰਮਤੀ ਸੇ ਗੁਰਮਤੇ ਪਾਸ ਹੋਏ।

ਤਾਰਾ ਸਿੰਘ ਜਥੇਦਾਰ **ਸਕੱਤ੍ਰ ਗੋਪਾਲ ਸਿੰਘ**

18-7-1915 ਪਾਸ ਹੋਇਆ ਕੇ ਭਾਈ ਅਮਰ ਸਿੰਘ ਜੀ ਨੂੰ ਵਿਕੋਟਰੀਆ ਸੇ ਬੁਲਾ ਕਰ ਪੁਛਿਆ ਜਾਏ ਕੇ ਸ਼੍ਰੀ ਮਾਨ ਭਾਈ ਭਾਗ ਸਿੰਘ ਜੀ ਸੁਰਗਵਾਸੀ ਦੀ ਸੁਪਤ੍ਰੀ ਕੇ ਖਰਚ ਕਾ ਕਿਸ ਤਰਾਂ ਪ੍ਰਬੰਧ ਹੈ ਔਰ ਵੋਹ ਔਰਤ ਜੋ ਲੜਕੀ ਦੀ ਪਾਲਨਾ ਕਰਦੀ ਹੈ ਉਸ ਕੇ ਸਾਥ ਕਿਸ ਤਰਾਂ ਦਾ ਬੰਦੋਬਸਤ ਕੀਆ ਹੁਆ ਹੈ। ਸਬ ਹਾਲ ਦਰਿਆਫਤ ਕੀਤਾ ਜਾਏ।

ਪ੍ਰੇਜ਼ੀਡੰਟ ਤਾਰਾ ਸਿੰਘ **ਸਕੱਤ੍ਰ ਗੋਪਾਲ ਸਿੰਘ**

23-8-1915 ਭਾਈ ਅਮਰ ਸਿੰਘ ਜੀ ਨੂੰ 23-8-1915 ਤੇਈ ਅਗਸਤ ਨੂੰ ਬੁਲਾ ਕਰ ਭਾਈ ਭਾਗ ਸਿੰਘ ਦੀ ਸਪੁਤ੍ਰੀ ਕੇ ਖਰਚ ਬਾਰੇ ਪੁਛਿਆ ਗਿਆ। ਉਸ ਵਕਤ ਏਹ ਆਦਮੀ ਹਾਜ਼ਰ ਸਨ। ਕੁਮੇਟੀ ਵਿਚੋਂ ਭਾਈ ਤਾਰਾ ਸਿੰਘ, ਗੁਰਦਿਤ ਸਿੰਘ ਤੇ ਦਾਸ। ਬਾਹਰੋਂ ਮੋਤਾ ਸਿੰਘ, ਲਛਮਨ ਸਿੰਘ, ਭਾਈ ਹਾਕਮ ਸਿੰਘ ਜਗੀਰਦਾਰ ਕਾ ਬੜਾ ਲੜਕਾ ਸੀ। ਭਾਈ ਅਮਰ ਸਿੰਘ ਨੂੰ ਪੁਛਿਆ ਕੇ ਲੜਕੀ ਕੇ ਖਰਚ ਕਾ ਕਿਸ ਤਰਾਂ ਬੰਦੋਬਸਤ ਹੈ ਔਰ ਕਿਤਨਾ ਖਰਚ ਮਹੀਨੇ ਦਾ ਦਿੰਦੇ ਹੋ ਔਰ ਸਾਰਾ ਖਰਚਾ ਦੇਈ ਜਾਂਦੇ ਹੋ ਜਾਂ ਰਹਿੰਦਾ ਹੈ ਔਰ ਅਬ ਪੰਥ ਅਗੇ ਵਾਸਤੇ ਲੜਕੀ ਦੇ ਖਰਚ ਦਾ ਔਰ ਹਰ ਤਰਾਂ ਦਾ ਬੰਦੋਬਸਤ ਕਰਨ ਨੂੰ ਤਿਆਰ ਹੈ। ਤੁਸੀ ਲੜਕੀ ਦੀ ਸੇਵਾ ਪੰਥ ਨੂੰ ਸੰਭਾਲ ਦੋ ਔਰ ਫਿ ਕਈ ਤਰਾਂ ਦੀਆਂ ਬਾਤਾਂਚੀਤਾਂ ਭਾਈ ਅਮਰ ਸਿੰਘ ਜੀ ਕਰਦੇ

ਰਹੇ ਪਰ ਸਾਨੂੰ ਇਸ ਬਾਤ ਦਾ ਕੁੱਛ ਪਤਾ ਨਹੀਂ ਦਿੱਤਾ ਕਿ ਮਾਹਵਾਰੀ ਕਿਤਨਾ ਖਰਚ ਦਿੰਦੇ ਹਾਂ ਜਾਂ ਬਾਕੀ ਕਿਤਨਾ ਰਹਿੰਦਾ ਹੈ। ਉਤਰ ਏਹ ਦਿੱਤਾ ਕਿ ਜਿਤਨਾ ਸਾਥੋਂ ਹੋ ਸਕਦਾ ਹੈ ਦੇਈ ਜਾਂਦੇ ਹੈਂ ਔਰ ਰਸੀਦ ਵਗੈਰਾ ਸਾਡੇ ਪਾਸ ਕੋਈ ਨਹੀਂ ਹੈ। ਨਾ ਅਸੀਂ ਲਈ ਹੈ ਨਾ ਲੈਣੀ ਹੈ ਔਰ ਇਸ ਵਕਤ ਮੈਂ ਏਹ ਭੀ ਨਹੀਂ ਕੈਹਿ ਸਕਤਾ ਕੇ ਲੜਕੀ ਦੀ ਸੇਵਾ ਪੰਥ ਨੂੰ ਦੇਵਾਂ ਜਾਂ ਨਾ ਦੇਵਾਂ। ਮੈਂ ਕਲ ਨੂੰ ਨੌਰੰਗ ਸਿੰਘ ਜੀ ਨੂੰ ਪੁੱਛ ਕੇ ਦਸਾਂਗਾ। ਅਸੀਂ ਏਹ ਬਾਤ ਬੜੀ ਖੁਸ਼ੀ ਨਾਲ ਮੰਨਜ਼ੂਰ ਕਰ ਲਈ.....ਔਰ ਭਾਈ ਅਮਰ ਸਿੰਘ ਤੀਸਰੇ ਦਿਨ ਜਾਨੀ ਪੱਚੀ ਅਗਸਤ (25) ਨੂੰ ਮੁੜ ਕੇ ਆਇਆ। ਅਸੀਂ ਉਸ ਪਾਸੋਂ ਫਿਰ ਪੁੱਛਿਆ ਕੇ ਅਬ ਤੁਸਾਡੀ ਕਿਸ ਤਰਾਂ ਸਲਾਹ ਠੈਹਿਰੀ ਹੈ। ਉਸ ਵਕਤ ਭਾਈ ਤਾਰਾ ਸਿੰਘ, ਗੁਰਦਿਤ ਸਿੰਘ, ਭਾਈ ਮੁਨਸ਼ਾ ਸਿੰਘ ਉਰਫ ਗਿਆਨ ਸਿੰਘ ਤੇ ਉਸ ਦੀ ਸੁਪਤਨੀ ਲਾਭ ਕੌਰ ਅਤੇ ਦਾਸ ਸੀ। ਭਾਈ ਅਮਰ ਸਿੰਘ ਨੇ ਕਿਹਾ ਕੇ ਮੈਂ ਚਾਹੁੰਦਾ ਹਾਂ ਕੇ ਲੜਕੀ ਦੀ ਸੇਵਾ ਮੈਂ ਆਪ ਕਰਾਂ। ਤੁਸੀ ਏਹ ਸੇਵਾ ਮੇਰੇ ਪਾਸ ਰੈਹਿਣ ਦੇਵੋ। ਮੈਂ ਖੁਸ਼ੀ ਸੇ ਸੇਵਾ ਮਾਂਗਤਾ ਹੂੰ। ਫਿਰ ਉਸ ਨੂੰ ਪੁੱਛਿਆਂ ਕੇ ਨੁਰੰਗ ਸਿੰਘ ਦੀ ਕੀ ਸਲਾਹ ਹੈ। ਉਹਨਾਂ ਕਿਹਾ ਨੁਰੰਗ ਸਿੰਘ ਨੇ ਕਿਹਾ ਹੈ ਕਿ ਲੜਕੀ ਦੀ ਸੇਵਾ ਪੰਥ ਨੂੰ ਇਸ ਸ਼ਰਤ ਪਰ ਦੇ ਸਕਦੇ ਹੈਂ ਕਿ ਪੈਹਿਲੇ ਪੰਥ ਪਿਛਲਾ ਖਰਚ ਸਾਰਾ ਦੇਵੇ ਔਰ ਲੜਕੀ ਓਸੇ ਗੋਰੀ ਪਾਸ ਰਹੂ ਔਰ ਲਿਖਤ ਲਿਖਾ ਨਾ ਪੀਛੇ ਕੀਤਾ ਹੈ ਤੇ ਨਾ ਕਰਨਾ ਹੈ ਔਰ ਪੰਥ ਆਪਣੇ ਆਪ ਲੜਕੀ ਨੂੰ ਕਿਸੀ ਜਗਾ ਭੇਜ ਭੀ ਨਹੀਂ ਸਕਤਾ ਔਰ ਫਿਰ ਅਸੀਂ ਅਮਰ ਸਿੰਘ ਨੂੰ ਏਹ ਕਿਹਾ ਕੇ ਏਹ ਸ਼ਰਤਾਂ ਸਾਨੂੰ ਮੰਨਜ਼ੂਰ ਨਹੀਂ, ਕਿਉਂਕੇ ਅਗਰ ਪੰਥ ਸੇਵਾ ਕਰੂਗਾ, ਤਬ ਉਸ ਗੋਰੀ ਸਾਥ ਲਿਖਤ ਲਿਖਾ ਜ਼ਰੂਰ ਕੀਤਾ ਜਾਊ ਔਰ ਜੋ ਕੁੱਛ ਖਰਚ ਉਸ ਨੂੰ ਦੇਵਾਂਗੇ। ਉਸ ਦੀ ਰਸੀਦ ਭੀ ਜ਼ਰੂਰ ਲਵਾਂਗੇ। ਅਗਰ ਉਸ ਗੋਰੀ ਪਾਸ ਪੰਥ ਮੁਨਾਸਬ ਨਾ ਸਮਝੇਗਾ, ਤਬ ਬਦਲੀ ਭੀ ਜ਼ਰੂਰ ਕੀਤੀ ਜਾਊ ਔਰ ਤੁਸਾਂ ਨੂੰ ਪੁਛਿਆ ਜਾਊ ਔਰ ਜਿਸ ਵਕਤ ਪੰਥ ਮੁਨਾਸਬ ਸਮਝੂ ਲੜਕੀ ਨੂੰ ਇੰਡੀਆ ਕਿਸੀ ਆਸ਼ਰਮ ਮੇਂ ਪਹੁੰਚਾ ਦੇਊ ਔਰ ਤੁਹਾਡੀ ਰਾਏ ਹਰੇਕ ਕੰਮ ਵਿਚ ਲਈ ਜਾਊ ਔਰ ਪਿਛਲਾ ਖਰਚਾ ਦੱਸ ਦੇਵੋ ਕਿਤਨਾ ਰਹਿੰਦਾ ਹੈ। ਉਸ ਵਕਤ ਅਮਰ ਸਿੰਘ ਨੇ ਏਹ ਉਤਰ ਦਿੱਤਾ ਕਿ ਖਰਚੇ ਦਾ ਮੈਨੂੰ ਪਤਾ ਨਹੀਂ ਕਿਤਨਾ ਰਹਿੰਦਾ ਹੈ। ਗੋਰੀ ਨੂੰ ਪਤਾ ਹਊ ਕਿਤਨਾ ਹੈ, ਪਰ ਮੇਰੀ ਬੇਨਤੀ ਏਹੀ ਹੈ ਲੜਕੀ ਜ਼ਰੂਰ ਪੰਥ ਦੀ ਹੈ, ਪਰ ਸੇਵਾ ਮੈਨੂੰ ਹੀ ਰੈਹਿਣ ਦੇਵੋ। ਮੇਰੀ ਜ਼ਰੂਰ ਇਛਿਆ ਹੈ ਕਿ ਮੈਂ ਆਪ ਸੇਵਾ ਕਰਾਂ, ਪਰ ਅਸੀਂ ਭਾਈ ਹੋਰਾਂ ਨੂੰ ਕਈ ਬਾਰ ਕਿਹਾ, ਪਰ ਭਾਈ ਹੋਰੀਂ ਏਹੋ ਹੀ ਉੱਤਰ ਦਿੰਦੇ ਰਹੇ।

ਪ੍ਰੇਜ਼ੀਡੰਟ ਤਾਰਾ ਸਿੰਘ **ਸਕੱਤ੍ਰ ਗੋਪਾਲ ਸਿੰਘ**

31-10-1915 ਪਾਸ ਹੋਇਆ ਕਿ ਮਿਲ ਸੈਡ ਦੀਆਂ ਲਾਟਾਂ ਬਾਬਤ ਹਰੀ ਸਿੰਘ ਨੂੰ ਪੁਛਿਆ ਜਾਏ।

12-12-1915 1. ਪਾਸ ਹੋਇਆ ਕੇ ਲਾਵਾਰਸ ਮੁਰਦਾ ਫੰਡ ਵਾਸਤੇ ਇਕ ਜੁਦੀ ਕੁਮੇਟੀ ਬਨਾਈ ਜਾਵੇ ਔਰ ਇਸ ਦੇ ਬਨਾਣ ਦੀ ਆਗਿਆ ਗਿਆਰਾ ਜਨਵਰੀ 1916 ਗੁਰਪੁਰਬ ਵਾਲੇ ਦਿਨ ਸੰਗਤ ਵਿਚ ਲਈ ਜਾਵੇ।

2. ਪਾਸ ਹੋਇਆ ਕਿ ਅਮ੍ਰੀਕਾ ਮੇਂ ਜੋ ਸਟਾਕਟਨ ਨਵਾਂ ਗੁਰਦੁਆਰਾ ਬਣਾ ਹੈ, ਉਸ ਦੀ ਸਹੈਤਾ ਵਾਸਤੇ ਦੀਵਾਨ ਫੰਡ ਵਿਚੋਂ ਪਚਾਸ (50) ਡਾਲਰ ਭੇਜੇ ਜਾਣ।

3. ਪਾਸ ਹੋਇਆ ਕਿ ਭਾਈ ਤਾਰਾ ਸਿੰਘ ਜੀ ਜੋ ਕੌਂਪਨੀ ਦੇ ਕਾਮ ਵਾਸਤੇ ਅਮ੍ਰੀਕਾ ਨੂੰ ਜਾਂਦੇ ਹਨ, ਅਗਰ ਇਨ੍ਹਾਂ ਦਾ ਮਿਲਾਪ ਭਾਈ ਨੰਦ ਸਿੰਘ ਜੀ ਜੋ ਡੈਲੀਗੇਟ ਬਣਾ ਕਰ ਇੰਡੀਆ ਭੇਜਿਆ ਗਿਆ ਸੀ ਹੋ ਜਾਏ। ਤਬ ਉਨ੍ਹਾਂ ਪਾਸੋਂ ਉਨ੍ਹਾਂ ਦੀ ਕਾਰਰੁਵਾਈ ਦੇ ਕਾਗਜ਼ ਲੈ ਆਉਣ। ਅਗਰ ਕੁੱਛ ਉਨ੍ਹਾਂ ਬਾਬਤ ਖਰਚ ਕਰਨ ਦੀ ਜ਼ਰੂਰਤ ਪੈ ਜਾਏ, ਤਬ ਪੱਚੀ (25) ਡਾਲਰ ਤਕ ਕਰ ਸਕਦੇ ਹਨ। ਅਗਰ ਜ਼ਿਆਦਾ ਜ਼ਰੂਰਤ ਹੋ ਤੋ ਦੀਵਾਨ ਦੀ ਆਗਿਆ ਲੈਣੀ ਪਊ।

20-2-1916 ਪਾਸ ਹੋਇਆ ਕਿ ਭਾਈ ਭਾਗ ਸਿੰਘ ਜੀ ਸੁਰਗਵਾਸੀ ਦੀ ਸੁਪੁਤ੍ਰੀ ਦੇ ਪ੍ਰਬੰਧ ਵਾਸਤੇ ਦੁਬਾਰਾ ਵਿਚਾਰ ਹੋਈ ਪ੍ਰਸਪਰ ਵਿਚਾਰ ਤੋਂ ਬ੍ਰਾਦ ਏਹ ਫੈਸਲਾ ਹੋਇਆ ਕਿ ਭਾਈ ਹਾਕਮ ਸਿੰਘ ਜੀ ਭਾਈ ਅਮਰ ਸਿੰਘ ਨੇ ਨੁਰੰਗ ਸਿੰਘ ਨੂੰ ਬੇਨਤੀ ਦੁਆਰਾ ਪੁੱਛਣ ਕਿ ਲੜਕੀ ਕੀ ਸੇਵਾ ਦੀਵਾਨ ਦੇ ਸਪੁਰਦ ਕਰਨ ਵਿਚ ਉਨ੍ਹਾਂ ਨੂੰ ਕੀ ਸ਼ੰਕਾ ਹੈ। ਸੋ ਪ੍ਰਗਟ ਕਰਨ ਔਰ ਲੜਕੀ ਦੀ ਸੇਵਾ ਦੀਵਾਨ ਦੇ ਸਪੁਰਦ ਕਰਨ ਕਿਉਂਕੇ ਦੀਵਾਨ ਦੀ ਦਿਲੀ ਖਾਹਸ਼ ਹੈ ਕੇ ਲੜਕੀ ਦੀ ਸੇਵਾ ਕਰੇ।

ਵਾਈਸ ਪ੍ਰੇਜ਼ੀਡੰਟ ਜੀਉਣ ਸਿੰਘ **ਸਕੱਤ੍ਰ ਗੋਪਾਲ ਸਿੰਘ**

2-4-1916 ਲੰਗਰ ਬਨਾਣੇ ਦੀ ਮਨਜ਼ੂਰੀ 19 ਮਾਰਚ, 1916 ਨੂੰ ਦੀਵਾਨ ਵਿਚ ਹੋ ਚੁੱਕੀ ਹੈ।

ਵਾਈਸ ਪ੍ਰੇਜ਼ੀਡੰਟ ਜੀਉਣ ਸਿੰਘ **ਸਕੱਤ੍ਰ ਗੋਪਾਲ ਸਿੰਘ**

3-6-1916 ਲੰਗਰ ਦੀ ਉਗਰਾਹੀ ਵਾਸਤੇ ਭਾਈ ਮਿਤ ਸਿੰਘ ਜੀ ਤੇ ਚੁਹੜ ਸਿੰਘ ਜਾਣਗੇ।

9-11-1916 ਕੋ ਗੁਰਦੁਆਰਾ ਐਬਟਸਫੋਰਡ ਮੇਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ ਦਾ ਜਨਮ ਉਤਸਵ ਮਨਾਇਆ ਗਿਆ ਔਰ ਦੀਵਾਨ ਦੀ ਸਮਾਪਤੀ ਤੋਂ ਬ੍ਰਾਦ ਰਾਤ ਨੂੰ ਅੱਠ (8) ਵਜੇ ਕੁਮੇਟੀ ਦਾ ਅਕੱਠ ਭਾਈ ਹਰੀ ਸਿੰਘ ਜੀ ਮਲਕ ਵਾਲੇ ਦੇ ਕਰਜ਼ੇ ਦੀ ਬਾਬਤ ਵਿਚਾਰ ਵਾਸਤੇ ਹੋਇਆ। ਜੋ ਕੇ ਭਾਈ ਹਰੀ ਸਿੰਘ ਜੀ ਪਾਸੋਂ ਕਰੀਬਨ ਗਿਆਰਾਂ ਸੌ ਡਾਲਰ ਦੀਵਾਨ ਨੇ ਲੈ ਕਰ ਮਿਲ ਸੈਡ ਵਾਲੀਆਂ ਲਾਟਾਂ ਪਰ ਚਲਾਇਆ ਹੋਇਆ ਸੀ। ਉਸ ਵਕਤ ਇਹ ਸਜਣ ਹਾਜਰ ਸਿੰਘ, ਭਾਈ ਤਾਰਾ ਸਿੰਘ ਪ੍ਰੇਜ਼ੀਡੰਟ, ਭਾਈ ਜੀਉਣ ਸਿੰਘ ਵਾਇਸ ਪ੍ਰੇਜ਼ੀਡੰਟ, ਗੋਪਾਲ ਸਿੰਘ ਸਕੱਤ੍ਰ, ਭਾਈ ਗੁਰਦਿਤ ਸਿੰਘ ਮੈਂਬਰ, ਭਾਈ ਜਗਤ ਸਿੰਘ ਮੈਂਬਰ, ਭਾਈ ਸ਼ਾਮ ਸਿੰਘ ਗਰੰਥੀ ਵਿਕਟੋਰੀਆ, ਭਾਈ ਲਾਭ ਸਿੰਘ ਸਕੱਤ੍ਰ ਵਿਕਟੋਰੀਆ, ਭਾਈ ਸੁੰਦਰ ਸਿੰਘ ਪ੍ਰੇਜ਼ੀਡੰਟ ਐਬਟਸਫੋਰਡ, ਭਾਈ ਜੁਆਲਾ ਸਿੰਘ ਸਕੱਤ੍ਰ ਐਬਟਸਫੋਰਡ।

ਇਨ੍ਹਾਂ ਸਜਨਾਂ ਨੇ ਇਕਤ੍ਰ ਹੋ ਕਰ ਵਿਚਾਰ ਕੀਤੀ ਕਿ ਭਾਈ ਹਰੀ ਸਿੰਘ ਪਾਸੋਂ ਬੁਹਤ ਮੁੱਦਤ ਹੋ ਗਈ ਪੈਸਾ ਲੈ ਕਰ ਬਰਤੇ ਨੂੰ, ਪਰ ਦੀਵਾਨ ਮਾਇਆ ਦੀ ਕਮਜ਼ੋਰੀ ਹੋਣ ਦੇ ਕਾਰਨ ਭਾਈ ਸਾਹਿਬ ਦਾ ਡਾਲਰ ਅਦਾ ਨਹੀਂ ਕਰ ਸਕਾ। ਇਸ ਵਾਸਤੇ ਅਬ ਜਿਸ ਤਰਾਂ ਹੋ ਸਕੇ ਭਾਈ ਹਰੀ ਸਿੰਘ ਸਾਥ ਫੈਸਲਾ ਕੀਤਾ ਜਾਵੇ, ਕਿਉਂਕੇ ਇਸ ਵਕਤ ਭਾਈ 'ਤਾਰਾ ਸਿੰਘ' ਜੀ ਨੇ ਮਿਰਕਨ ਤੋਂ ਦੀਵਾਨ ਦੇ ਸਿਰੋਂ ਕਰਜਾ ਲਾਹੁਨ ਵਾਸਤੇ ਆਪਣੇ ਸਰੀਰ ਪਰ ਕਈ ਤਰਾਂ ਦੀਆਂ ਤਕਲੀਫਾਂ ਸਹਾਰ ਕਰ ਔਰ ਕਈ ਔਕੜਾਂ ਦੇ ਮੂੰਹ ਵਿਚ ਦੀ ਲੰਘਦੇ ਹੋਏ ਨੇ ਅਮ੍ਰੀਕਾ ਨਿਵਾਸੀ ਭਰਾਵਾਂ ਅਗੇ

ਬੇਨਤੀ ਕਰਕੇ ਕੁੱਛ ਮਾਇਆ ਇਕੱਤ੍ਰ ਕਰਕੇ ਭੇਜੀ ਹੈ। ਇਸ ਵਾਸਤੇ ਸਾਡਾ ਪੈਹਲੇ ਏਹ ਫਰਜ਼ ਹੈ ਕੇ ਕਰਜ਼ਾ ਅਦਾ ਕੀਤਾ ਜਾਵੇ, ਭਾਵੇਂ ਅਸੀ ਸਾਰਾ ਪੈਸਾ ਦੇਣ ਦੇ ਸਮਰਥ ਨਹੀ, ਪਰ ਫੇਰ ਵੀ ਜਿਸ ਤਰਾਂ ਹੋ ਸਕੇ ਭਾਈ ਹਰੀ ਸਿੰਘ ਜੀ ਪਾਸੋਂ ਕੁੱਛਕ ਪੈਸੇ ਦੀ ਗੁਰੂ ਘਰ ਵਾਸਤੇ ਛੋਟ ਕਰਾਈ ਜਾਵੇ ਤੇ ਬਾਕੀ ਡਾਲਰ ਦੇ ਦਿਤਾ ਜਾਵੇ। ਇਸ ਪਰ ਵਿਚਾਰ ਹੋਈ ਕੇ ਛੇ (600) ਸੌ ਡਾਲਰ ਦਿਤਾ ਜਾਵੇ। ਬਾਕੀ ਭਾਈ ਹਰੀ ਸਿੰਘ ਪਾਸੋਂ ਸਿਨਮ੍ ਬਿਨੈ ਕਰਕੇ ਛੁਡਾ ਲੀਆ ਜਾਵੇ। ਏਹ ਫੈਸਲਾ ਕਰਕੇ ਭਾਈ ਹਰੀ ਸਿੰਘ ਜੀ ਨੂੰ ਬੁਲਾਇਆ ਗਿਆ। ਭਾਈ ਹਰੀ ਸਿੰਘ ਪਾਸ ਬਿਨੈ ਕੀਤੀ ਕੇਂ ਇਸ ਵਕਤ ਏਹ ਸਾਰੇ ਭਰਾ ਆਪ ਪਾਸ ਬੇਨਤੀ ਕਰਦੇ ਹਨ ਕਿ ਆਪ ਛੇ ਸੌ ਡਾਲਰ ਲੇ ਕਰ ਬਾਕੀ ਦੀ ਛੋਟ ਕਰਕੇ ਦੀਵਾਨ ਸਾਥ ਫੈਸਲਾ ਕਰ ਲਵੋ। ਭਾਈ ਹਰੀ ਸਿੰਘ ਨੇ ਕਿਹਾ ਕਿ ਇਤਨਾ ਡਾਲਾ ਬਹੁਤ ਥੋੜਾ ਹੈ। ਮੈਂ ਦੀਵਾਨ ਨੂੰ ਤਿਨ ਸੌ ਡਾਲਰ ਛੱਡ ਦਿੰਦਾ ਹਾਂ, ਬਾਕੀ ਡਾਲਰ ਮੈਨੂੰ ਦੇ ਦੇਵੋ। ਅਖ਼ੀਰ ਨੂੰ ਬਹੁਤ ਵਿਚਾਰ ਦੇ ਮਗਰੋਂ ਇਨ੍ਹਾਂ ਭਰਾਵਾਂ ਨੇ ਕਿਹਾ ਕਿ ਅਸੀ ਸੱਤ ਸੌ (700) ਡਾਲਰ ਦੇ ਸਕਦੇ ਹੈਂ, ਕਿਉਂਕੇ ਮਾਇਆ ਦੀ ਕਮਜ਼ੋਰੀ ਹੈ ਜੋ ਕੇ ਭਾਈ ਹਰੀ ਸਿੰਘ ਜੀ ਨੇ ਮੰਨਜ਼ੂਰ ਕਰ ਲਿਆ ਔਰ ਉਸੀ ਵਕਤ ਭਾਈ ਹਰੀ ਸਿੰਘ ਨੇ ਗੁਰਦੁਆਰਾ ਐਬਟਸਫੋਰਡ ਵਾਸਤੇ ਪੰਜਾਹ (50) ਡਾਲਰ ਸਹੈਤਾ ਵਾਸਤੇ ਲਿਖਾ ਦਿਤੇ। ਏਹ ਸਾਰਾ ਫੈਸਲਾ ਸਰਬ ਸੰਮਤੀ ਨਾਲ ਪਾਸ ਹੋਇਆ ਔਰ ਫਤੇ ਗਜਾਈ ਗਈ।

ਔਰ ਯਾਦ ਰਹੇ ਕਿ ਭਾਈ ਤਾਰਾ ਸਿੰਘ ਜੀ ਪ੍ਰੇਜ਼ੀਡੈਂਟ ਮ੍ਰਿਕਨ ਤੋਂ ਪੰਜ ਨਵੰਬਰ 1916 ਕੋ ਵਾਪਸ ਵੈਨਕੋਵਰ ਆ ਗਏ ਹਨ।

ਪ੍ਰੇਜ਼ੀਡੰਟ ਤਾਰਾ ਸਿੰਘ **ਸਕੱਤ੍ਰ ਗੋਪਾਲ ਸਿੰਘ**

[*ਨੋਟ:* ਪੁਰਾਣੇ ਬਜ਼ੁਰਗਾਂ ਤੋਂ ਪਤਾ ਲੰਗਾ ਹੈ ਕਿ ਜਦ ਭਾਈ ਤਾਰਾ ਸਿੰਘ ਕੌਣੀ ਅਮ੍ਰੀਕਾ ਵਿਚ ਗੁਰਦੁਆਰਾ ਵੈਨਕੋਵਰ ਵਾਸਤੇ ਉਗਰਾਹੀ ਕਰਨ ਗਏ ਸਨ, ਉਸ ਵਕਤ ਅਮ੍ਰੀਕਾ ਵਿਚ ਰਹਿਣ ਵਾਲੇ ਦਾਨੀ ਸਿੱਖਾਂ ਨੇ ਬੜੀ ਖੁੱਲ ਦਿਲੀ ਨਾਲ ਮਾਇਆ ਦਿੱਤੀ। ਉਕਤ ਮਾਇਆ ਨਾਲ ਗੁਰਦੁਆਰਾ ਸਟਾਕਟਨ ਦਾ ਅਤੇ ਗੁਰਦੁਆਰਾ ਵੈਨਕੋਵਰ ਦਾ ਕਰਜ਼ਾ ਭਾਈ ਤਾਰਾ ਸਿੰਘ ਨੇ ਲਾਹ ਦਿੱਤਾ।

—ਅਰਜਨ ਸਿੰਘ 'ਚੰਦ' ਲੇਖਕ]

15-11-1916 ਕੋ ਭਾਈ ਹਰੀ ਸਿੰਘ ਜੀ ਮਲਕ ਨੂੰ ਮਿਲ ਸੈਡ ਦੀਆਂ ਲਾਟਾਂ ਬਾਬਤ ਭਾਈ ਤਾਰਾ ਸਿੰਘ ਪ੍ਰੇਜ਼ੀਡੈਂਟ, ਜੀਉਣ ਸਿੰਘ ਵਾਇਸ ਪ੍ਰੇਜ਼ੀਡੈਂਟ ਤੇ ਹਮੀਰ ਸਿੰਘ ਹੌਲਦਾਰ ਵਿੰਝਲ ਦੀ ਹਾਜ਼ਰੀ ਵਿਚ ਸਤ ਸੌ (700) ਡਾਲਰ ਦਿਤਾ ਗਿਆ। ਬਾਕੀ ਤਿਨ ਸੌ ਪਚਾਸੀ ਡਾਲਰ ਭਾਈ ਹਰੀ ਸਿੰਘ ਜੀ ਗੁਰਦੁਆਰੇ ਦੀ ਸਹੈਤਾ ਵਾਸਤੇ ਛਡਦੇ ਹਨ ਜੀ।

ਪ੍ਰੇਜ਼ੀਡੰਟ ਤਾਰਾ ਸਿੰਘ **ਸਕੱਤ੍ਰ .ਗੋਪਾਲ ਸਿੰਘ ਹਰੀ ਸਿੰਘ ਮਲਕ**

18-11-1916 1. ਏਹ ਪਾਸ ਹੋਇਆ ਕਿ ਕੁਲ ਕਰਜ਼ਾ ਜੋ ਗੁਰਦੁਆਰੇ ਦੇ ਸਿਰ ਹੈ, ਦਿੱਤਾ ਜਾਏ।

2. ਪਾਸ ਹੋਇਆ ਕਿ ਜੋ ਭਾਈ ਤਾਰਾ ਸਿੰਘ ਦਾ ਖਰਚ ਦੀਵਾਨ ਬਾਬਤ ਹੋਇਆ ਹੈ ਕੈਲੇਫੋਰਨੀਆ ਸੋ ਦਿੱਤਾ ਜਾਏ।

3. ਭਾਈ ਤਾਰਾ ਸਿੰਘ ਜੀ ਬਾਬਤ ਵਿਚਾਰ ਹੋਈ ਕੇ ਜੋ ਭਾਈ ਹੋਰੀਂ ਤਿਨ ਮਹੀਨੇ ਗੁਰਦੁਆਰੇ ਵਾਸਤੇ ਉਗਰਾਹੀ ਕੀਤੀ ਹੈ। ਉਸ ਬਾਬਤ ਭਾਈ ਤਾਰਾ ਸਿੰਘ ਜੀ ਨੂੰ ਤਿਨ ਮਹੀਨੇ ਦੀ ਕੁੱਛ ਤਨਖਾਹ ਦਿਤੀ ਜਾਏ। ਜੋ ਕਿ ਭਾਈ ਤਾਰਾ ਸਿੰਘ ਨੇ ਤਨਖਾਹ ਲੈਣੋਂ ਇਨਕਾਰ ਕਰ ਦਿੱਤਾ। ਇਸ ਵਾਸਤੇ ਜੋ ਭਾਈ ਸਾਹਿਬ ਨੇ ਤਿਨ ਮਹੀਨੇ ਮੁਖਤ ਸੇਵਾ ਕੀਤੀ ਹੈ। ਇਸ ਬਾਬਤ ਕੁਮੇਟੀ ਭਾਈ ਸਾਹਿਬ ਦਾ ਧੰਨਵਾਦ ਕਰਦੀ ਹੈ।

ਪ੍ਰੇਜ਼ੀਡੰਟ ਤਾਰਾ ਸਿੰਘ **ਸਕੱਤ੍ਰ ਗੋਪਾਲ ਸਿੰਘ**

[*ਨੋਟ*: ਭਾਈ ਤਾਰਾ ਸਿੰਘ ਦਾ ਪਿੰਡ ਕੌਣੀ, ਜ਼ਿਲਾ ਫੀਰੋਜ਼ਪੁਰ ਹੈ।
—*ਲੇਖਕ ਅਰਜਨ ਸਿੰਘ 'ਚੰਦ'*]

23-12-1916 ਪਾਸ ਹੋਇਆ ਕੇ ਜੋ ਭਾਈ ਪਰਦੁਮਨ ਸਿੰਘ ਜੀ ਅਮ੍ਰੀਕਾ ਤੋਂ ਗੁਰਪੁਰਬ ਵਾਸਤੇ ਆਏ ਸਨ, ਜੋ ਕਿ ਹੱਦ ਪਰ ਰੋਕੇ ਗਏ ਹਨ, ਉਨ੍ਹਾਂ ਦੇ ਮੰਗਵਾਣ ਵਾਸਤੇ ਕੱਲ ਦੀਵਾਨ ਵਿਚ ਸੁਣਾਇਆ ਜਾਏ। ਫਿਰ ਜਿਸ ਤਰਾਂ ਸੰਗਤ ਕਹੇ ਕੀਤਾ ਜਾਏ। ਸੋ ਦੀਵਾਨ ਵਿਚ ਅਰਜ਼ ਕੀਤੀ ਗਈ ਜੋ ਕਿ ਬੁਹ ਸੰਮਤੀ ਨਾਲ ਪਾਸ ਹੋਇਆ ਕਿ ਭਾਈ ਸਾਹਿਬ ਦੇ ਮੰਗਵਾਣ ਵਾਸਤੇ ਵਕੀਲ ਕੀਤਾ ਜਾਏ।

ਵਾਈਸ ਪ੍ਰੇਜ਼ੀਡੰਟ ਜੀਉਣ ਸਿੰਘ **ਸਕੱਤ੍ਰ ਗੋਪਾਲ ਸਿੰਘ**

24-2-1918 ਸਰਬ ਸੰਮਤ ਨਾਲ ਪਾਸ ਹੋਇਆ ਕੇ ਕੈਲੇਫੋਰਨੀਆ ਦੀਵਾਨ ਦੀ ਸਹੈਤਾ ਵਾਸਤੇ ਦੋ ਹਜ਼ਾਰ (2000) ਡਾਲਰ ਸ਼ੀਘਰ ਹੀ ਭੇਜ ਦਿੱਤਾ ਜਾਵੇ, ਕਿਉਂਕੇ ਉਸ ਦੀਵਾਨ ਦੇ ਸਿਰ ਸੜਕਾਂ ਵਗੈਰਾ ਦਾ ਪੈਸਾ ਦੇਣ ਦਾ ਖਰਚਾ ਅਚਾਨਕ ਹੀ ਆ ਪਿਆ ਹੈ।

ਉਤਮ ਸਿੰਘ ਜਥੇਦਾਰ **ਸਕੱਤ੍ਰ ਰਾਜਾ ਸਿੰਘ**

20-9-1918 ਉਸ਼ਨ ਫਾਲ ਤੋਂ ਚਿਠੀ ਆਈ ਕਿ ਚਾਰ ਪਾਠੀ ਸਮੇਤ ਗੁਰੂ ਗਰੰਥ ਸਾਹਿਬ ਮੰਜੀ ਸਾਹਿਬ ਆ ਜਾਣ। ਐਥੇ ਸੰਗਤ ਅਖੰਡ ਪਾਠ ਕਰਵੌਣਾ ਚਾਹੁੰਦੀ ਹੈ। ਪਾਸ ਹੋਇਆ ਕੇ ਹੋਰ ਪਾਠੀ ਨਹੀਂ ਮਿਲਦੇ। ਭਾਈ ਗੋਪਾਲ ਸਿੰਘ ਤੇ ਹਰਨਾਮ ਸਿੰਘ ਨੂੰ ਭੇਜ ਦਿਤਾ ਜਾਵੇ। ਸੋ ਉਨ੍ਹਾਂ ਨੂੰ ਭੇਜ ਦਿੱਤਾ।

ਗਿਆਨੀ ਹਰਨਾਮ ਸਿੰਘ ਜਥੇਦਾਰ **ਤਖਤ ਸਿੰਘ ਸੇਵਕ**

24-11-1918 1. ਵਿਚਾਰ ਹੋਈ ਕੇ ਜੋ ਹਾਂਗ ਕਾਂਗ ਵਾਲੇ ਦੀਵਾਨ ਨੇ ਗੁਰਮਤਾ ਪੇਸ਼ ਕੀਤਾ ਹੈ ਕਲਕੱਤੇ ਗੁਰਦੁਆਰਾ ਬਨੌਣ ਦਾ। ਸੋ ਦੋ ਗੁਰਦੁਆਰੇ ਅਗੇ ਵੀ ਹੈ। ਛੋਟੀ ਸੰਗਤ ਅਤੇ ਬੜੀ ਸੰਗਤ। ਕੀ ਵਜ੍ਹਾ ਗੁਰਦੁਆਰਾ ਹਾਬੜਾ ਅਸਟੇਸ਼ਨ ਤੇ ਪਾਇਆ ਜਾਂਦਾ ਹੈ। ਦਰਿਆਫਤ ਕਰਨੀ ਚਾਹੀਦੀ ਹੈ। ਬਿਨਾ ਦਰਿਆਫਤ ਤੋਂ ਮਾਇਆ ਭੇਜਣੀ ਕਠਨ ਹੈ। ਵਿਚਾਰ ਹੋਈ ਕਿ ਸਕੱਤ੍ਰ ਹਾਂਗ ਕਾਂਗ ਨੂੰ ਚਿਠੀ ਭੇਜ ਕੇ ਪਤਾ ਮੰਗਵਾਇਆ ਜਾਵੇ।

2. ਦੂਜੀ ਪੱਤ੍ਰਕਾ ਏਸੇ ਹਾਲਤ ਦੀ ਸਟਾਕਟਨ ਦੀਵਾਨ ਤੋਂ ਆਈ ਸੀ ਕਿ ਗੁਰਦੁਆਰਾ ਯੂਨੀਵਰਸਟੀ ਕੋਲੇ ਪਾਉਣਾ ਆਰੰਭ ਕੀਤਾ ਜਾਂਦਾ ਹੈ। ਮਾਇਆ ਦੀ ਲੋੜ ਹੈ। ਵਿਚਾਰ ਹੋਈ ਕੇ ਜੇ ਸਟਾਕਟਨ ਦਾ ਜੱਥਾ ਉਗਰਾਹੀ ਕਰਨ ਵਾਸਤੇ

ਵੈਨਕੋਵਰ ਔਣਾ ਚਾਹੁੰਦਾ ਹੈ ਤਾਂ ਬੜੀ ਖੁਸ਼ੀ ਹੈ। ਐਥੇ ਆਇਆਂ ਨਾਲ ਜੋ ਕੁੱਛ ਹਮਦਰਦੀ ਸਾਥੋਂ ਹੋਵੇਗੀ। ਸੋ ਕਰਾਂਗੇ।

ਪ੍ਰੈਜ਼ੀਡੰਟ ਗਿਆਨੀ ਹਰਨਾਮ ਸਿੰਘ **ਭਖਤ ਸਿੰਘ ਸੇਵਕ**

28-9-1919 *ਜਨਰਲ ਹਸਪਤਾਲ ਦੇਣ ਵਾਸਤੇ ਸੰਗਤ ਨੇ ਪੰਜ ਸੌ ਡਾਲਰ ਮੰਨਜ਼ੂਰ ਕੀਤਾ, ਜੋ ਦਿਤਾ ਗਿਆ। ਸੌ ਡਾਲਾ ਭਾਈ ਵਰਿਆਮ ਸਿੰਘ ਨੇ ਦੇਣਾ ਮੰਨਜ਼ੂਰ ਕੀਤਾ। ਪੰਜਾਹ (50) ਡਾਲਰ ਭਾਈ ਮਿਤ ਸਿੰਘ ਨੇ ਦੇਣੇ ਮੰਨਜ਼ੂਰ ਕੀਤੇ।

ਪ੍ਰੈਜ਼ੀਡੰਟ ਜੀਵਾ ਸਿੰਘ **ਸਕੱਤ੍ ਤਾਰਾ ਸਿੰਘ**

25-10-1919 ਸਰਬ ਸੰਮਤੀ ਨਾਲ ਪਾਸ ਹੋਇਆ ਕੇ ਮਹਾਂਰਾਜਾ ਨਾਭਾ ਨੂੰ ਟਿਕਾ ਸਾਹਿਬ ਦੇ ਜਨਮ ਦੀ ਖੁਸ਼ੀ ਵਿਚ ਤਾਰ ਦਿਤੀ ਜਾਵੇ।

ਪ੍ਰੈਜ਼ੀਡੰਟ ਜੀਵਾ ਸਿੰਘ **ਸਕੱਤ੍ ਨੁਰੰਗ ਸਿੰਘ**

30-11-1919 ਪਾਸ ਹੋਇਆ ਕਿ ਜੇਹੜਾ ਇਸ਼ਤਿਹਾਰ ਨਵੰਬਰ ਮਹੀਨੇ 1919 ਵਿਚ ਬਦਨ ਸਿੰਘ ਕਾਗਲੈਨ ਬੀ.ਸੀ. ਦੇ ਆਰਡਰ ਹੇਠਾਂ ਨਿਕਲਿਆ ਹੈ, ਉਸ ਦੇ ਨਾਲ ਸਾਡੀ ਕੋਈ ਸੰਮਤੀ ਨਹੀਂ ਹੈ ਤੇ ਅਸੀਂ ਸਾਰੇ ਕੈਨੇਡਾ ਨੁਵਾਸੀ ਖਾਲਸਾ ਦੀਵਾਨ ਵਲੋਂ ਨਾਰਾਜ਼ਗੀ ਪ੍ਰਗਟ ਕਰਦੇ ਹਾਂ।

ਪ੍ਰੈਜ਼ੀਡੰਟ ਜੀਵਾ ਸਿੰਘ **ਸਕੱਤ੍ ਨੁਰੰਗ ਸਿੰਘ**

25-1-1920 1. ਪਾਸ ਹੋਇਆ ਜੋ ਸਨਤਾ ਸਿੰਘ ਦੇਸ ਤੋਂ ਆਇਆ ਹੈ, ਜੇਹੜਾ ਤਿਨ ਮਹੀਨੇ ਦਾ ਬੰਦ ਹੈ, ਉਸ ਨੂੰ ਉਤਰਨ ਵਾਸਤੇ ਮਦਤ ਕੀਤੀ ਜਾਵੇ। ਸੋ ਕੁਮੇਟੀ ਵਿਚ ਪਾਸ ਹੋਇਆ ਤੇ ਸੰਗਤ ਵਿਚ ਪਾਸ ਹੋਇਆ।

2. ਕੇ ਗੁਰਦੁਆਰਾ ਸਟਾਕਟਨ ਵਾਲੇ ਗੁਰਦੁਆਰੇ ਦੀ ਬਾਬਤ ਪੈਹਿਲਾਂ ਚਿਠੀ ਪਾ ਕੇ ਦਰਿਆਫਤ ਕੀਤੀ ਜਾਵੇ। ਜੇਕਰ ਏਹ ਗਲ ਸੱਚ ਹੈ ਤਾਂ ਫੇਰ ਇਸ਼ਤਿਹਾਰ ਨਿਕਾਲਾ ਜਾਵੇ, ਜੇਹੜਾ ਭਾਈ ਮੇਲਾ ਸਿੰਘ ਨੇ ਲਿਖਿਆ ਹੈ ਤੇ ਟੋਪੀਆਂ ਵਾਲੇ ਕੁਮੇਟੀ ਵਿਚ ਚੁਣੇ ਜਾਨ ਦੀ ਨਰਾਜ਼ਗੀ ਸਾਰੇ ਗੁਰਦੁਆਰਿਆਂ ਵਿਚ ਫੈਲ ਗਈ। ਟੋਪੀ ਵਾਲੇ ਗੁਰਦੁਆਰੇ ਕੁਮੇਟੀ ਵਿਚ ਨਹੀਂ ਹੋ ਸਕਦੇ।†

ਜੀਵਾ ਸਿੰਘ **ਨੁਰੰਗ ਸਿੰਘ**

---

* ਵੈਨਕੂਵਰ ਜਨਰਲ ਹਸਪਤਾਲ 1902 ਵਿਚ ਪੂਰੀ ਤਰ੍ਹਾਂ ਹੋਂਦ ਵਿਚ ਆਇਆ। ਖ਼ਾਲਸਾ ਦੀਵਾਨ ਵੱਲੋਂ 1919 ਵਿਚ ਪੰਜ ਸੌ ਡਾਲਰ ਸਹਾਇਤਾ ਦੇਣੀ ਬਹੁਤ ਮਾਣ ਵਾਲੀ ਗੱਲ ਹੈ। ਉਸ ਸਮੇਂ ਭਾਰਤੀ ਭਾਈਚਾਰੇ ਦੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ, ਸੰਭਵ ਹੈ ਕਿ ਇਕ ਹਜ਼ਾਰ ਤੋਂ ਵੱਧ ਨਹੀਂ ਹੋਵੇਗੀ। —*ਸੰਪਾਦਕ*

† ਗ਼ਦਰ ਲਹਿਰ ਵਿਚ ਬਹੁਤ ਲੋਕ ਸ਼ਾਮਲ ਹੋਏ ਅਤੇ ਗ਼ਦਰ ਵਿਚ ਹਿੱਸਾ ਲੈਣ ਲਈ ਕੈਨੇਡਾ ਤੇ ਅਮਰੀਕਾ ਨੂੰ ਛੱਡ ਦਿੱਤਾ। ਅਨੇਕਾਂ ਫਾਂਸੀ ਚੜ੍ਹ ਗਏ ਜਾਂ ਜੇਲ੍ਹਾਂ ਵਿਚ ਸੁੱਟੇ ਗਏ। ਉਸ ਪਿੱਛੋਂ ਬਹੁਤ ਵੀਰਾਂ ਨੇ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਦਿੱਤੀ ਤੇ ਲੁੱਕ ਛਿਪ ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਪੱਛਮ ਸਭਿਅਤਾ ਦੇ ਪ੍ਰਭਾਵ ਹੇਠ ਟੋਪੀਆਂ ਪਹਿਨਣ ਲੱਗ ਪਏ। ਭਾਵੇਂ ਸਿੱਖਾਂ ਦੀ ਗਿਣਤੀ ਜ਼ਿਆਦਾ ਨਹੀਂ ਸੀ, ਪਰ ਇਹ ਚਰਚਾ ਹੋਣੀ ਸ਼ੁਰੂ ਹੋ ਗਈ ਸੀ ਕਿ ਕੀ ਟੋਪੀ ਵਾਲੇ ਸਿੱਖ ਵੀ ਪ੍ਰਬੰਧਕੀ ਢਾਂਚੇ ਵਿਚ ਸ਼ਾਮਲ ਹੋ ਸਕਦੇ ਹਨ ਕਿ ਨਹੀਂ। ਗੁਰਮਤਿ ਅਨੁਸਾਰ ਪਰੰਪਰਾ ਇਹੀ ਹੈ ਕਿ ਪੂਰਨ ਗੁਰਸਿੱਖ ਹੀ ਗੁਰਦੁਆਰਾ ਕਮੇਟੀ ਵਿਚ ਬਤੌਰ ਸੇਵਾਦਾਰ ਬਣ ਸਕਦੇ ਹਨ। —*ਸੰਪਾਦਕ*

9-5-1920 1. ਸਰਬ ਸੰਮਤੀ ਸੇ ਪਾਸ ਹੋਇਆ ਕਿ ਦੀਵਾਨ ਵਲੋਂ ਜੱਲਿਆਂ ਵਾਲੇ ਬਾਗ ਅਮ੍ਰਿਤਸਰ ਵਿਚ ਜਨਰਲ ਡਾਇਰ ਦੀ ਗੋਲੀਆਂ ਨਾਲ 13 ਅਪਰੈਲ 1919 ਨੂੰ ਮਾਰੇ ਗਏ ਸ਼ਹੀਦਾਂ ਦੀ ਯਾਦਗਾਰ ਵਿਚ ਸਹੈਤਾ ਭੇਜਣ ਲਈ ਉਗਰਾਹੀ ਕੀਤੀ ਜਾਵੇ।

2. ਏਹ ਦੀਵਾਨ ਉਹਨਾਂ ਕੌਮੀ ਜਥਿਆਂ ਦਾ ਅਖਬਾਰਾਂ ਦਾ ਤੇ ਕੌਮੀ ਸੇਵਕਾਂ ਦਾ ਅਤੀ ਧਨਵਾਦ ਕਰਦਾ ਹੈ, ਜਿਨ੍ਹਾਂ ਨੇ ਰਾਜਸੀ ਕੈਦੀ ਛਡੌਣ ਦੀ ਤਨ ਮਨ ਧਨ ਦੁਆਰਾ ਕੋਸ਼ਸ਼ ਕੀਤੀ ਹੈ।

3. ਪਾਸ ਹੋਇਆ ਕੇ ਅਖਬਾਰਾਂ ਦੁਆਰਾ ਸਿਖ ਲੀਗ ਡਿਸਟਰਿਕ ਸਿਖ ਲੀਗਾਂ ਤੇ ਪੰਜਾਬ ਪਰਾਵਿੰਸ਼ਲ ਕਾਂਗਰਸ ਅਗੇ ਬੇਨਤੀ ਕੀਤੀ ਜਾਵੇ ਕਿ ਉਹ ਨਵੇਂ ਦੇਸੀ ਭਾਈ ਕੈਨੇਡਾ ਵਿਚ ਭੇਜਣ ਦਾ ਪ੍ਰਬੰਧ ਕਰਨ।

4. ਪਾਸ ਹੋਇਆ ਕਿ ਜਿਨ੍ਹਾਂ ਸੇਵਕਾਂ ਨੇ ਰੋਲਟ ਕਾਨੂੰਨ ਦੇ ਪਾਸ ਹੋਣ ਤੋਂ ਲੈ ਕੇ ਅੱਜ ਤਕ ਹਿਸਾ ਲਿਆ ਤੇ ਅਗੇ ਲਈ ਕੌਮੀ ਉਸਾਰੀ ਵਿਚ ਹਿਸਾ ਲੈ ਰਹੇ ਹਨ, ਧਨਵਾਦ ਕੀਤਾ ਜਾਏ।

ਪ੍ਰੇਜ਼ੀਡੰਟ ਭਗਵਾਨ ਸਿੰਘ **ਮਿਤ ਸਿੰਘ ਸੇਵਕ**

4-7-1920 1. ਪਾਸ ਹੋਇਆ ਕੇ ਯੂਨਾਈਟਿਡ ਇੰਡੀਆ ਹੋਮਰੂਲ ਲੀਗ ਔਰ ਕੈਨੇਡਾ ਦੀ ਕੁਮੇਟੀ ਪਾਸ ਬੇਨਤੀ ਕੀਤੀ ਜਾਵੇ ਕੇ ਜੇਹੜੇ ਡਾਲੇ 4 ਜੁਲਾਈ 1920 ਤੋਂ ਪਿਛੇ 2 ਕਿਸੇ ਵੀ ਭਰਾਂ ਨੇ ਜਲਿਆਂ ਵਾਲੇ ਬਾਗ ਦੀ ਬਾਬਤ ਉਗਰਾਹੇ ਹਨ, ਉਹ ਡਾਲੇ ਦੀਵਾਨ ਦੀ ਕੁਮੇਟੀ ਨੂੰ ਦੇ ਦੇਣ, ਕਿਉਂਕੇ ਲੀਗ ਦੇ ਪਾਸ ਕੀਤੇ 4 ਜੁਲਾਈ ਦੇ ਗੁਰਮਤੇ ਅਨੁਸਾਰ ਉਹ ਦੀਵਾਨ ਦਾ ਹੱਕ ਹੈ।

2. ਪਾਸ ਹੋਇਆ ਕੇ ਜੇਹਲਾਂ ਵਿਚੋਂ ਛੁੱਟ ਕੇ ਘਰ ਆ ਜਾਣ ਦੀ ਬਾਬਤ ਰਾਜਸੀ ਕੈਦੀ ਭਰਾਵਾਂ ਨੂੰ ਖੁਸ਼ੀ ਦੇ ਪੱਤ੍ਰ ਦੀਵਾਨ ਵਲੋਂ ਭੇਜੇ ਜਾਣ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

25-7-1920 1. ਪਾਸ ਹੋਇਆ ਕੇ ਵੈਨਕੋਵਰ ਦੀਵਾਨ ਵਲੋਂ ਮਾਇਆ ਜੱਲਿਆਂ ਵਾਲੇ ਬਾਗ ਮੈਮੋਰੀਅਲ ਫੰਡ ਦੇ ਸੈਕਟਰੀ ਦੇ ਨਾਮ ਭੇਜੀ ਜਾਵੇ। ਜਿਸ ਵਿਚ ਬੁਹ ਸੰਮਤੀ ਸੀ। ਥੋੜੇ ਭਾਈ ਇਸ ਦੇ ਉਲਟ ਸਨ।

2. ਪਾਸ ਹੋਇਆ ਕਿ ਹਾਂਗ ਕਾਂਗ ਨੂੰ ਉਹਨਾਂ ਭਰਾਵਾਂ ਨੂੰ ਟੈਲੀਗਰਾਮ ਦੁਆਰਾ ਪਤਾ ਦਿਤਾ ਜਾਏ, ਜੋ ਕੇ ਵਾਪਸ ਕੈਨੇਡਾ ਔਣ ਲਈ ਕੋਸ਼ਸ਼ ਕਰ ਰਹੇ ਹਨ ਕਿ ਅਸੀਂ ਬੰਦੋਬਸਤ ਕਰ ਰਹੇ ਹਾਂ। ਤੁਸਾਂ ਉਡੀਕਣਾਂ ਅਥਵਾ ਠੈਹਿਰਨਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

22-8-1920 1. ਪਾਸ ਹੋਇਆ ਕੇ ਅੰਮ੍ਰਿਤਸਰ ਦੀ ਬਾਬਤ ਜੋ ਮਾਇਆ ਅਕੱਤ੍ਰ ਹੋਈ ਹੈ ਜਾਂ ਹੋਵੇਗੀ, ਉਸ ਦੀ ਸਾਰੀ ਇਜ਼ਤ ਦਾ ਸੇਹਰਾ ਦੀਵਾਨ ਨੂੰ ਦਿਤਾ ਜਾਂਦਾ ਹੈ ਤੇ ਲੀਗ ਵੀ ਦੀਵਾਨ ਦੇ ਉਪਾ ਨਾਲ ਕੈਮ ਕੀਤੀ ਗਈ ਹੈ।

2. ਗੁਰਦਿਤ ਸਿੰਘ ਨੇ ਪੇਸ਼ ਕੀਤਾ ਕੇ ਆਲ ਇੰਡੀਆ ਨੈਸ਼ਨਲ ਕਾਂਗਰਸ ਦੀ ਸੇਵਾ ਵਿਚ ਅਖਬਾਰਾਂ ਦੁਆਰਾ ਬੇਨਤੀ ਕੀਤੀ ਜਾਵੇ ਕੇ ਲੋਕਮਾਨੀਆਂ ਪੰਡਤ ਤਿਲਕ ਹੋਰਾਂ ਦੇ ਪਵਿਤ੍ਰ ਤੇ ਉਚੇ ਆਦਰਸ਼ ਨੂੰ ਦਿਨ ਦੂਨੀ ਤੇ ਰਾਤ ਚੌਗਨੀ ਤਰੱਕੀ

ਦਿੱਤੀ ਜਾਵੇ। ਅਸੀਂ ਕੈਨੇਡਾ ਨੁਵਾਸੀ ਹਿੰਦੋਸਤਾਨੀ ਤਨ, ਮਨ, ਧਨ ਦੁਆਰਾ ਅਪਨੀ ਤਾਕਤ ਅਨੁਸਾਰ ਆਪ ਕਾ ਹਰ ਵਕਤ ਸਾਥ ਦੇਣ ਲਈ ਤਿਆਰ ਹਾਂ।

3. ਪਾਸ ਹੋਇਆ ਕੇ ਅੱਜ ਲੋਕਮਾਨੀਆਂ ਪੰਡਤ ਤਿਲਕ ਜੀ ਦੀ ਪਵਿਤ੍ਰ ਰੂਹ ਲਈ ਅਸੀਂ ਸਾਰੇ ਖਾਲਸਾ ਜੀ ਤੇ ਹਿੰਦੋਸਤਾਨੀ ਇਕ ਧਿਆਨ ਹੋ ਕੇ ਪ੍ਰਾਰਥਨਾਂ ਕਰੀਏ ਕੇ ਵਾਹਿਗੁਰੂ ਆਪ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨੁਵਾਸ ਬਖਸ਼ੇ।

26-9-1920 ਐਬਟਸ ਫੋਰਡ ਗੁਰਦੁਆਰੇ ਦੇ ਗੁਰਮਤੇ ਅਨੁਸਾਰ ਅਖੰਡ ਪਾਠੀਆਂ ਨੂੰ 26 ਸੈਪਤੰਬਰ ਨੂੰ ਬੁਲਾ ਕੇ ਉਹਨਾਂ ਦੀ ਘਬਰਾਹਟ ਨੂੰ ਦੂਰ ਕੀਤਾ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

26-9-1920 1. ਪਾਸ ਹੋਇਆ ਕੇ ਅਖੰਡ ਪਾਠੀਆਂ ਦਾ ਆਪਸ ਵਿਚ ਰੌਲਾ ਹੈ। ਉਸ ਨੂੰ ਦੂਰ ਕਰਨ ਲਈ ਦੋ ਜੱਜ ਚੁਣੇ ਜਾਣ, ਜੋ ਕੇ ਭਾਈ ਭਗਵਾਨ ਸਿੰਘ ਤੇ ਜਸਵੰਤ ਸਿੰਘ ਮੁਕੱਰਰ ਕੀਤੇ ਗਏ।

2. ਉਪ੍ਰੰਤ ਬੁਹਤ ਦੇਰ ਵਿਚਾਰ ਹੋਣ ਤੋਂ ਬ੍ਰਾਦ ਫੈਸਲਾ ਹੋਇਆ ਕੇ ਗੋਪਾਲ ਸਿੰਘ ਗਰੰਥੀ ਨੂੰ ਢਾਈ ਡਾਲੇ ਤਨਖਾਹ ਦੇ ਲਾਏ ਜਾਣ, ਕਿਉਂਕੇ ਇਸ ਨੇ ਸ਼ੇਰ ਸਿੰਘ ਨੂੰ ਬਗੈਰ ਸਰਬ ਸੰਮਤੀ ਸੇ ਅੰਮ੍ਰਿਤ ਛੱਕਾ ਦਿੱਤਾ ਸੀ। ਭਾਈ ਹਰਨਾਮ ਸਿੰਘ ਆਦੇ ਕਾਲੀ ਨੂੰ ਸਵਾ ਡਾਲਾ ਤਨਖਾਹ ਦਾ ਲਾਇਆ ਜਾਵੇ, ਕਿਉਂਕੇ ਇਸ ਨੇ ਭਾਈ ਭਗਵਾਨ ਸਿੰਘ ਦੇ ਕਥਨ ਤੋਂ ਵਿਰੁਧ ਸੁਨੇਹਾ ਦਿਤਾ ਸੀ, ਜੋ ਕੇ ਤਨਖਾਹ ਲਾਈ ਗਈ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

5-12-1920 1. ਪਾਸ ਹੋਇਆ ਕੇ ਬੀਬੀ 'ਕਰਮ ਕੌਰ' ਸਪੁਤ੍ਰੀ ਭਾਈ ਭਾਗ ਸਿੰਘ ਦੀ ਬਾਬਤ ਜੋ ਮਾਇਆ ਦੀਵਾਨ ਦੇ ਫੰਡ ਵਿਚ ਆਈ ਯਾਂ ਅਕੱਤ੍ਰ ਹੋਈ ਹੈ, ਉਹ ਨੁਰੰਗ ਸਿੰਘ ਅਤੇ ਨੁਵਾਬ ਦੇ ਨਾਮ ਦੀ ਚਿਕ ਬਣਾ ਕੇ ਦਿਤੀ ਜਾਵੇ।

2. ਪਾਸ ਹੋਇਆ ਕੇ ਬੀਬੀ ਕਰਮ ਕੌਰ ਦਾ ਕਰਾਇਆ ਦੀਵਾਨ ਵਲੋਂ ਦਿੱਤਾ ਜਾਵੇ, ਜਿਸ ਦੀ ਰਕਮ ਤਰਾਸੀ (83-00) ਡਾਲੇ ਹੁੰਦੇ ਹਨ। ਵੇਰਵਾ ਮਾਇਆ ਦਾ ਇਸ ਪ੍ਰਕਾਰ ਹੈ :

	ਡਾਲੇ - ਸੈਂਟ
ਪਿਛਲੇ ਸਾਲ ਜੋ ਦੀਵਾਨ ਵਿਚ ਅਕਤ੍ਰ ਹੋਏ ਸੀ	457 - 00
ਅਮ੍ਰੀਕਾ ਤੋਂ ਜੋ ਆਏ ਸੀ	59 - 00
ਕਰਾਇਆ ਬਾਬਤ ਜੋ ਦੀਵਾਨ ਵਲੋਂ ਦੇਣੇ ਹਨ	83 - 00
ਸਾਰਾ ਜੋੜ	599 - 00
ਵਾਪਸ ਦੇਣੇ ਕੀਤੇ ਬਲਵੰਤ ਸਿੰਘ ਦੇ ਬੱਚਿਆਂ ਵਾਸਤੇ	50 - 00
ਬਾਕੀ ਇਤਨੇ ਦੀ ਚੈਕ ਦੇਣੀ ਪਰਵਾਨ ਕੀਤੀ	549 - 00

3. ਪਾਸ ਹੋਇਆ ਕੇ ਦੀਵਾਨ ਵੈਨਕੋਵਰ ਦੇ ਰਾਹੀਂ ਸਿਖ ਲੀਗ ਨੂੰ ਇਕ ਹਜ਼ਾਰ ਡਾਲਾ ਕੈਦੀ ਪ੍ਰਵਾਰ ਸਹਾਇਕ ਫੰਡ ਨੂੰ ਭੇਜਿਆ ਜਾਏ।

4. ਪਾਸ ਹੋਇਆ ਕੇ ਕੈਨੇਡਾ ਦੇ ਸਾਰੇ ਦੀਵਾਨਾਂ ਅਗੇ ਬੇਨਤੀ ਕੀਤੀ ਜਾਵੇ ਕੇ ਉਹ ਕੈਦੀ ਪ੍ਰਵਾਰ ਸਹਾਇਕ ਫੰਡ ਨੂੰ ਸਹਾਇਤਾ ਭੇਜਨ ਲਈ ਆਪਨੇ 2 ਦੀਵਾਨਾਂ ਦੇ ਫੰਡਾਂ ਵਿਚੋਂ ਮਾਇਆ ਭੇਜ ਕੇ ਕਰਤਾਰਥ ਕਰਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

6-2-1921 ਅੱਜ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਭਰੇ ਦੀਵਾਨ ਵਿਚ ਨੀਚੇ ਲਿਖੇ ਗੁਰਮਤੇ ਪਾਸ ਹੋਏ :

1. ਖਾਲਸਾ ਦੀਵਾਨ ਵੈਨਕੋਵਰ ਸ੍ਦਾਰ ਮੰਗਲ ਸਿੰਘ ਜੀ* ਅਕਾਲੀ ਐਡੀਟਰ ਅਕਾਲੀ ਅਖਬਾਰ ਨਾਲ ਉਹਨਾਂ ਦੀ ਕੌਮੀ ਖਿਦਮਤ ਬਦਲੇ ਜੇਹਲ ਵਿਚ ਚਲੇ ਜਾਣ ਪਰ ਸ੍ਦਾਰ ਸਾਹਿਬ ਨਾਲ ਹਮਦਰਦੀ ਪਰਗਟ ਕਰਦਾ ਹੋਇਆ ਵਧਾਈ ਦਿੰਦਾ ਹੈ।
2. ਏਹ ਦੀਵਾਨ ਉਹਨਾਂ ਚੌਹਾਂ ਫੌਜੀ ਸਿਪਾਹੀਆਂ ਨਾਲ ਪੁਰ ਹਮਦਰਦੀ ਕਰਦਾ ਹੈ, ਜੋ ਕੇ ਅਲਾਹਾ ਬ੍ਰਾਦ ਦਾਹੜੇ ਖੁਲੇ ਛਡਨ ਦੇ ਅਪਰਾਧ ਪਿਛੇ ਜੇਲ ਵਿਚ ਸੁੱਟੇ ਗਏ ਹਨ।
3. ਏਹ ਦੀਵਾਨ ਅਖਬਾਰ 'ਪੰਥ ਸੇਵਕ', 'ਅਕਾਲੀ' ਤੇ 'ਸਤਜੁਗ' ਤਿਹਾਂ ਅਖਬਾਰਾਂ ਨਾਲ ਪੂਰੀ ਹਮਦਰਦੀ ਪ੍ਰਗਟ ਕਰਦਾ ਹੈ, ਕਿਉਂਕੇ ਗਵਰਮਿੰਟ ਇੰਡੀਆ ਨੇ ਏਹਨਾਂ ਦੀ ਕੀਤੀ ਕੌਮੀ ਖਿਦਮਤ ਤੋਂ ਡਰ ਕੇ ਜਮਾਨਤ ਮੰਗ ਲਈ ਹੈ।
4. ਏਹ ਦੀਵਾਨ ਗੱਜਣ ਸਿੰਘ ਲੁਧੇਆਣੇ ਦੀ ਉਸ ਕਰਤੂਤ ਪਰ ਘਿਰਨਾਂ ਪਰਗਟ ਕਰਦਾ ਹੈ, ਜੋ ਕੇ ਉਸਨੇ ਸ੍ਦਾਰ ਮੰਗਲ ਸਿੰਘ ਐਡੀਟਰ ਅਕਾਲੀ ਸੁੰਦਰ ਸਿੰਘ ਮੈਨੇਜਰ ਅਕਾਲੀ ਤੇ ਮਾਸਟਰ ਮੋਤਾ ਸਿੰਘ ਪਰ ਮੁਕਦਮਾਂ ਕੀਤਾ ਹੈ।
5. ਏਹ ਦੀਵਾਨ ਸ੍ਦਾਰ ਹਰਚੰਦ ਸਿੰਘ ਰੇਈਸ ਲਾਇਲਪੁਰ ਦੀ ਕੌਮੀ, ਧਾਰਮਕ ਤੇ ਖਾਸ ਕਰ ਕੈਨੇਡਾ ਨਿਵਾਸੀ ਖਾਲਸਾ ਜੀ ਦੀ ਕੀਤੀ ਸੇਵਾ ਦਾ ਤੈਹਿ ਦਿਲ ਸੇ ਧਨਵਾਦ ਕਰਦਾ ਹੋਇਆ ਵਾਹਿਗੁਰੂ ਸਿਰਜਨਹਾਰ ਅਗੇ ਪ੍ਰਾਰਥਨਾ ਕਰਦਾ ਹੈ ਕੇ ਵਾਹਿਗੁਰੂ ਸ੍ਦਾਰ ਸਾਹਿਬ ਨੂੰ ਇਸ ਤੋਂ ਵੀ ਜ਼ਿਆਦਾ ਸੇਵਾ ਕਰਨ ਦਾ ਬਲ ਬਖਸ਼ੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

10-4-1921 1. ਪਾਸ ਹੋਇਆ ਕਿ ਅਕਾਲੀ ਅਖਬਾਰ ਨੂੰ ਇਕ ਹਜ਼ਾਰ ਰੁਪਿਆ ਟੈਲੀਗਰਾਮ ਦੁਆਰਾ ਭੇਜਿਆ ਜਾਵੇ, ਹੋਰ ਕੀ ਬਾਬਤ ਫਿਰ ਵਿਚਾਰ ਕੀਤੀ ਜਾਵੇਗੀ।

---

* ਸਰਦਾਰ ਮੰਗਲ ਸਿੰਘ ਅਕਾਲੀ, ਐਡੀਟਰ *ਅਕਾਲੀ* ਅਖ਼ਬਾਰ ਬਹੁਤ ਵਿਦਵਾਨ ਸੱਜਣ ਸਨ ਤੇ ਕੌਮ ਦੇ ਸੱਚੇ-ਸੁੱਚੇ ਹਿੱਤੂ ਸਨ। ਇਨ੍ਹਾਂ ਦਾ ਜੱਦੀ ਪਿੰਡ ਗਿੱਲ, ਜ਼ਿਲ੍ਹਾ ਲੁਧਿਆਣਾ ਸੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਪੂਰੀ ਤਰ੍ਹਾਂ ਸੁਚੇਤ ਸੀ ਕਿ ਕੌਣ ਕੌਮ ਦੋਖੀ ਸਨ ਤੇ ਕੌਣ ਕੌਮੀ ਹਿੱਤੂ। ਉਸ ਸਮੇਂ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ ਤੇ ਖ਼ਾਲਸਾ ਦੀਵਾਨ ਸੁਸਾਇਟੀ ਨੇ ਜਿਥੇ ਅਕਾਲੀ ਲਹਿਰ ਵਿਚ ਸ਼ਹੀਦ ਹੋਣ ਵਾਲਿਆਂ ਲਈ ਅਖੰਡ ਪਾਠ ਕੀਤੇ, ਉਥੇ *ਅਕਾਲੀ* ਅਖ਼ਬਾਰ ਨੂੰ ਮਾਇਕ ਸਹਾਇਤਾ ਵੀ ਭੇਜੀ। ਜੇਤੋ ਦੇ ਮੋਰਚੇ ਲਈ ਇਕ ਸਿੰਘਾਂ ਦਾ ਜਥਾ ਵੀ ਭੇਜਿਆ।

—ਸੰਪਾਦਕ

2. ਪਾਸ ਹੋਇਆ ਕੇ ਨਨਕਾਣੇ ਸਾਹਿਬ ਧਰਮ ਦੀ ਖਾਤਰ ਹੋ ਗਏ ਕੁਰਬਾਨ ਸ਼ਹੀਦ ਵੀਰਾਂ ਦੀ ਬਾਬਤ 24 ਅਪ੍ਰੈਲ 1921 ਨੂੰ ਅਖੰਡ ਪਾਠ ਕਰਾਇਆ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

15-5-1921 ਪਾਸ ਹੋਇਆ ਕੇ ਨਨਕਾਣੇ ਸਾਹਿਬ ਦੇ ਸ਼ਹੀਦੀ ਫੰਡ ਲਈ ਜੋ ਮਾਇਆ ਹੋ ਚੁੱਕੀ ਹੈ ਉਹ ਗੁਰਦੁਆਰਾ ਪ੍ਰਬੰਧਕ ਕੁਮੇਟੀ ਨੂੰ ਭੇਜੀ ਜਾਵੇ। ਬਾਕੀ ਜੋ ਫੇਰ ਹੋਵੇਗੀ ਉਹ ਫੇਰ ਭੇਜੀ ਜਾਵੇਗੀ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

12-6-1921 ਪਾਸ ਹੋਇਆ ਕਿ ਕਿਰਪਾਨ ਬਾਬਤ ਪਟਿਆਲਾ ਗਵਰਨਮਿੰਟ ਨੂੰ ਲਿਖਿਆ ਜਾਵੇ ਕੇ ਉਹ ਧਾਰਮਕ ਕੰਮਾਂ ਵਿਚ ਦਖਲ ਨਾ ਦੇਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

3-7-1921 ਪਾਸ ਹੋਇਆ ਕੇ ਭਾਈ ਬਤਨ ਸਿੰਘ ਤੇ ਅਰਜਨ ਸਿੰਘ ਝਿੰਗੜ ਨੂੰ ਨੋਟਸ ਦਿਤਾ ਜਾਵੇ ਕਿ ਉਹ ਆਪਣੇ ਇਕ ਇਸ਼ਤਿਹਾਰ ਜੇਹੇ ਦੇ ਵਿਚ ਜਿਸ ਦਾ ਨਾਮ ਹਿੰਦੋਸਤਾਨ ਦਲੇਰ ਕੈਨੇਡਾ ਜਾਂ ਬੰਦੇ ਮਾਤ੍ਰਮ ਲਿਖਦੇ ਹਨ। ਕੈਨੇਡਾ ਦੇ ਦੀਵਾਨਾਂ ਦੇ ਮੁਤੱਅਲਕ ਕੁੱਛ ਨਾ ਛਾਪਣ ਕਿਉਂਕੇ ਉਹ ਝੂਠ ਤੇ ਗਲਤ-ਫੈਹਮੀਆਂ ਫੈਲਾ ਰਹੇ ਹਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

10-7-1921 ਅੱਜ ਡੰਕਨ ਦੇ ਦੀਵਾਨ ਵਿਚ ਭਾਈ ਚੈਂਚਲ ਸਿੰਘ ਜੰਡਿਆਲਾ ਦੀ ਵਲੋਂ ਆਈ ਹੋਈ ਤਾਰ ਜੋ ਕੇ ਭਾਈ ਬਤਨ ਸਿੰਘ 'ਕਾਹਰੀ' ਦੇ ਚਲਾਣੇ ਬਾਬਤ ਸੀ। ਸੁਣਾਈ ਗਈ ਤੇ ਨੀਚੇ ਲਿਖਿਆ ਗੁਰਮਤਾ ਪਾਸ ਹੋਇਆ :

ਪਾਸ ਹੋਇਆ ਕੇ ਕੈਨੇਡਾ ਨੁਵਾਸੀ ਖਾਲਸਾ ਜੀ ਡੰਕਨ ਦੀਵਾਨ ਵਿਚ ਨਨਕਾਣੇ ਸਾਹਿਬ ਦੇ ਸ਼ਹੀਦੀ ਭੋਰਾ ਪਰ ਅਕਤ੍ਰ ਹੋਏ ਹੋਏ ਸ਼੍ਰੀ ਮਾਨ ਸਾਡੇ ਕੌਮੀ ਸੇਵਕ ਭਾਈ ਬਤਨ ਸਿੰਘ ਜੀ 'ਕਾਹਰੀ' ਦੇ ਇਸ ਬੇਵਕਤ ਤੇ ਅਚਾਣਕ ਚਲਾਣੇ ਪਰ ਅਤੀ ਅਫਸੋਸ ਪ੍ਰਗਟ ਕਰਦੇ ਹਾਂ ਤੇ ਭਾਈ ਸਾਹਿਬ ਦੇ ਪ੍ਰਵਾਰ ਨਾਲ ਇਸ ਅਸੈਹ ਦੁੱਖ ਵਿਚ ਪੂਰੀ ਹਮਦਰਦੀ ਕਰਦੇ ਹੋਏ ਵਾਹਿਗੁਰੂ ਸਿਰਜਣਹਾਰ ਅਗੇ ਪ੍ਰਾਰਥਨਾਂ ਕਰਦੇ ਹਾਂ ਕਿ ਭਾਈ ਸਾਹਿਬ ਦੀ ਆਤਮਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

17-7-1921 ਪਾਸ ਹੋਇਆ ਕਿ ਅਰਜਨ ਸਿੰਘ ਝਿੰਗੜ ਨੇ ਕੋਈ ਤਸੱਲੀ ਬਖਸ ਜੁਵਾਬ ਨਹੀਂ ਦਿਤਾ ਕੇ ਉਹ ਦੀਵਾਨ ਦੇ ਮਾਮਲੇ ਬਾਬਤ ਆਪਣੇ ਇਸ਼ਤਿਹਾਰ ਵਿਚ ਕੁੱਛ ਨਾ ਲਿਖਿਆ ਜਾਇਆ ਕਰੇ। ਇਸ ਵਾਸਤੇ ਆਪਣੀ ਯਾਨੀ ਦੀਵਾਨ ਦੀ ਪੋਜ਼ੀਸ਼ਨ ਨੂੰ ਸਾਫ ਕਰਨ ਵਾਸਤੇ ਇਕ ਦੀਵਾਨ ਵਲੋਂ ਇਸ਼ਤਿਹਾਰ ਕੱਢ ਕੇ ਸਾਰੇ ਜਿਥੋਂ ਤੱਕ ਹੋ ਸਕੇ ਭੇਜਿਆ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

7-8-1921 ਪਾਸ ਹੋਇਆ ਕੇ ਅਕਾਲੀ ਦਲ ਵਾਸਤੇ ਸਾਰੇ ਭਰਾਵਾਂ ਤੋਂ ਉਗਰਾਹੀ ਕਰ ਕੇ ਭੇਜੀ ਜਾਵੇ।

ਸਕੱਤ੍ਰ ਮਿਤ ਸਿੰਘ

14-8-1921 ਭਰੇ ਦੀਵਾਨ ਵਿਚ ਪਾਸ ਹੋਇਆ ਕੇ ਸ੍ਰਦਾਰ 'ਸਰਦੂਲ ਸਿੰਘ' ਨੂੰ ਉਸ ਦੇ ਧਰਮ ਤੋਂ ਕੌਮੀ ਆਣ ਖਾਤਰ ਜੇਹਲ ਜਾਣ ਪੁਰ ਵਧਾਈ ਦਿਤੀ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

11-9-1921 1. ਭਰੇ ਦੀਵਾਨ ਵਿਚ ਪਾਸ ਹੋਇਆ ਕੇ ਭਾਈ 'ਹਰੀ ਸਿੰਘ' ਜੀ ਚੋਟੀਆਂ ਜ਼ਿਲਾ ਫੀਰੋਜ਼ਪੁਰ ਵਾਲੇਆਂ ਨੂੰ ਲਿਖਿਆ ਜਾਵੇ ਕੇ ਖਾਲਸਾ ਦੀਵਾਨ ਵੈਨਕੋਵਰ ਵੱਲੋਂ ਆਪ ਨੂੰ ਸ਼੍ਰੋ. ਗੁ. ਪ੍ਰ. ਕੁਮੇਟੀ ਦਾ ਮੈਂਮਬਰ ਚੁਣ ਕੇ ਭੇਜਿਆ ਜਾਂਦਾ ਹੈ। ਇਸ ਵਾਸਤੇ ਆਪ ਨੇ ਕੈਨੇਡਾ ਨੁਵਾਸੀ ਭਰਾਵਾਂ ਦੀ ਵਿਕਾਲਤ ਨਿਰਭੈਤਾ ਨਾਲ ਪੂਰਨ ਸਿੱਖੀ ਅਸੂਲਾਂ ਦੁਆਰਾ ਕਰਕੇ ਸਾਨੂੰ ਧਨਵਾਦੀ ਬਨੌਣਾ ਜੋ ਕਿ ਭਾਈ ਬੀਰ ਸਿੰਘ, ਨੌਰੰਗ ਸਿੰਘ, ਗੁਰਦਿਤ ਸਿੰਘ, ਰਾਮ ਸਿੰਘ ਦੀ ਤਾਈਦ ਹੁੰਦੇ ਹੋਏ ਸਰਬ ਸੰਮਤੀ ਨਾਲ ਪਾਸ ਹੋਇਆ।

2. ਪਾਸ ਹੋਇਆ ਕੇ ਭਾਈ ਬੀ. ਐਸ. ਇੰਦਰ ਸਿੰਘ ਸੈਕਟਰੀ ਸਟਾਕਟਨ ਦੀਵਾਨ ਤੋਂ ਪਤਾ ਲਿਆ ਜਾਵੇ ਕੇ ਜੇਹੜੇ ਵਿਦਿਆਰਥੀ ਸਿਆਟਲ ਵਤਨ ਛੋੜਾਂ ਦੇ ਮੈਹਕਮੇਂ ਨੇ ਬੰਦ ਕੀਤੇ ਹੋਏ ਹਨ, ਤੁਸਾਂ ਉਹਨਾਂ ਬਾਬਤ ਕੀ ਕੀਤਾ ਹੈ।

3. ਪਾਸ ਹੋਇਆ ਕੇ ਵਿਦਿਆਰਥੀ ਜੋ ਸਿਆਟਲ ਬੰਦ ਹਨ ਟੈਲੀਫੂਨ ਦੁਆਰਾ ਗਲਬਾਤ ਕੀਤੀ ਜਾਵੇ ਤੇ ਕਈ ਭਰਾਵਾਂ ਨੇ ਜਿਨ੍ਹਾਂ ਦੇ ਨਾਮ ਹੇਠਾਂ ਹਨ, ਜਮਾਨਤ ਦੇਣ ਵਾਸਤੇ ਮਾਇਆ ਲਿਖਾਈ :

1. ਹਰਨਾਮ ਸਿੰਘ ਕੜਿਆਣਾ	100-00
2. ਹਜਾਰਾ ਸਿੰਘ ਸੋਤਲ ਬਾਬੇ ਕੀ	100-00
3. ਬਾਬੂ ਕਪੂਰ ਸਿੰਘ ਖੜੌਦੀ	100-00
4. ਮਾਹਣ ਸਿੰਘ ਖੁਖਰਾਣਾ	25-00
5. ਤਾਰਾ ਸਿੰਘ ਕੌਣੀ	25-00
6. ਨਥਾ ਸਿੰਘ ਹਰੀਪੁਰ	25-00
7. ਹਰੀ ਸਿੰਘ ਬੁਡਾਲਾ	25-00
8. ਮਿਤ ਸਿੰਘ ਪੰਡੋਰੀ	50-00
9. ਹਰਦਿਆਲ ਸਿੰਘ ਚੂਹੜ ਸਿੰਘ	25-00
10. ਕਿਸ਼ਨ ਸਿੰਘ ਆਲਮ ਵਾਲਾ	25-00
11. ਸੁੱਚਾ ਸਿੰਘ ਚੰਦ	25-00
12. ਨੌਰੰਗ ਸਿੰਘ ਦੁਬਲੀ	25-00
13. ਵਰਿਆਮ ਸਿੰਘ ਤੁੰਗੋਵਾਲ	25-00
14. ਹਰਨਾਮ ਸਿੰਘ ਖਿਆਲਾ	25-00
15. ਹਰਨਾਮ ਸਿੰਘ ਨੁਮਾਣੇ	25-00
16. ਰਾਮ ਸਿੰਘ ਰਣੀਆਂ	150-00

ਪਾਸ ਹੋਇਆ ਕੇ ਵਿਦਿਆਰਥੀਆਂ ਤੋਂ ਏਹ ਵੀ ਲਿਖਾਇਆ ਜਾਵੇ ਕੇ ਉਹ ਕੱਮ ਅਜ਼ ਕੱਮ ਇਕ ਸਾਲ ਕੌਮ ਦੀ ਸੇਵਾ ਕਰਨ, ਜੋ ਕੇ ਬਗੈਰ ਕਿਸੇ ਤਨਖਾਹ ਤੋਂ ਹੋਵੇਗੀ। ਪਾਸ ਹੋਇਆ ਕੇ ਅਖਬਾਰਾਂ ਵਿਚ ਨੋਟ ਦਿੱਤਾ ਜਾਵੇ ਕੇ ਜੇਹੜੇ ਵੀ ਵਿਦਿਆਰਥੀ ਅਮ੍ਰੀਕਾ ਜਾਂ ਕੈਨੇਡਾ ਨੂੰ ਔਣ ਉਹ ਆਪੋ ਆਪਣਾ ਬੰਦੋਬਸਤ ਕਰਕੇ ਔਣ

ਪਾਸ ਹੋਇਆ ਕਿ ਜਿਨ੍ਹਾਂ ਭਰਾਵਾਂ ਦੇ ਭੁਝੰਗੀ ਇਸ ਮੁਲਕ ਕੈਨੇਡਾ ਵਿਚ ਹਨ, ਉਹਨਾਂ ਨੂੰ ਚਿਠੀਆਂ ਲਿਖੀਆਂ ਜਾਣ ਕੇ ਉਹ ਸਾਰੇ ਆਪੋ ਆਪਣੇ ਬੱਚਿਆਂ ਨੂੰ ਵਿਦਿਆ ਦੇਣ ਵਾਸਤੇ ਸਕੂਲਾਂ ਵਿਚ ਦਾਖਲ ਕਰਾ ਦੇਣ।
'ਪੰਥ ਸੇਵਕ' ਅਖਬਾਰ ਨੂੰ ਬੇਨਤੀ ਕੀਤੀ ਜਾਵੇ ਕੇ ਉਹ ਸਾਨੂੰ ਪਤਾ ਦੇਣ ਕੇ ਉਹਨਾਂ ਕਿਸ ਦੀ ਜ਼ੁਮੇਂਵਾਰੀ ਲੈ ਕੇ ਕੈਨੇਡਾ ਦੇ ਭਰਾਵਾਂ ਵਲੋਂ ਲੇਖ ਛਾਪਿਆ ਸੀ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

9-10-1921 ਅੱਜ ਭਰੇ ਦੀਵਾਨ ਵਿਚ ਪਾਸ ਹੋਇਆ ਕੇ ਰਣਜੀਤ ਸਿੰਘ ਨੁਮਾਣੇ ਨੂੰ ਜੇ ਇਮੀਗਰੇਸ਼ਨ ਵਾਲੇ ਆਪਣੇ ਕਰਾਏ ਪਰ ਨਾ ਭੇਜਣ ਤਾਂ ਦੀਵਾਨ ਵਲੋਂ ਕਰਾਇਆ ਦੇ ਕੇ ਭੇਜ ਦਿੱਤਾ ਜਾਵੇ, ਕਿਉਂਕੇ ਏਹ ਬੁਹਤ ਦੇਰ ਤੋਂ ਪਾਗਲਖਾਨੇ ਵਿਚ ਬੰਦ ਹੈ ਤੇ ਰਾਜ਼ੀ ਨਹੀਂ ਹੋਇਆ। ਕਈ ਭਰਾਵਾਂ ਨੇ ਮਾਇਆ ਦੇਣ ਦਾ ਬੀ ਭਰੋਸਾ ਦਿਤਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

16-10-1921 ਅੱਜ ਭਰੇ ਦੀਵਾਨ ਵਿਚ ਮਿਤ ਸਿੰਘ ਨੇ ਪੇਸ਼ ਕੀਤਾ ਕੇ ਭਾਈ ਗੁਰਦਿਤ ਸਿੰਘ ਜੀ ਸ੍ਦਾਰ ਮੈਹਿਤਾਬ ਸਿੰਘ ਜੀ ਬੈਰਿਸਟਰ ਜੋ ਕੇ ਲਾਹੌਰ ਸ਼ੈਹਰ ਵਿਚ ਇਕ ਉਘੇ ਸ੍ਦਾਰ ਹਨ, ਉਹਨਾਂ ਦੇ ਅਸਤੀਫਾ ਦੇ ਦੇਣ ਪਰ ਇਕ ਗੁਰਮਤਾ ਪੇਸ਼ ਕਰਨਗੇ। ਜੋ ਕੇ ਭਾਈ ਸਾਹਿਬ ਨੇ ਇਸ ਪ੍ਰਕਾਰ ਪੇਸ਼ ਕੀਤਾ :

1. ਅਸੀਂ ਕੈਨੇਡਾ ਨੁਵਾਸੀ ਖਾਲਸਾ ਤੇ ਸਾਰੇ ਹਿੰਦੋਸਤਾਨੀ ਏਹ ਖਬਰ ਸੁਣ ਕੇ ਨਹਾਇਤ ਹੀ ਪ੍ਰਸ਼ਿਨ ਹੋਏ ਹਾਂ ਕਿ ਸ੍ਰੀਮਾਨ ਸਰਦਾਰ ਮੈਹਤਾਬ ਸਿੰਘ ਜੀ ਨੇ ਗੁਰੂ ਪੰਥ ਦੀ ਆਵਾਜ਼ ਨੂੰ ਸੁਣ ਕੇ ਤੇ ਕੌਮੀ ਅਣਖ ਨੂੰ ਮੁੱਖ ਰਖਦਿਆਂ ਹੋਇਆਂ ਨੌਕਰਸ਼ਾਹੀ ਦੇ ਧਰਮ ਵਿਚ ਦਖਲ ਦੇਣ ਵਾਲੇ ਵਤੀਰੇ ਨੂੰ ਹਾਨੀਕਾਰਕ ਸਮਝ ਕੇ ਪੰਜਾਬ ਕੌਂਸਲ ਦੀ ਪਰੇਜ਼ੀਡੰਟੀ ਨੂੰ ਲੱਤ ਮਾਰ ਕੇ ਅਸਤੀਫਾ ਦੇ ਦਿਤਾ ਹੈ। ਇਸ ਭਾਰੀ ਕੁਰਬਾਨੀ ਪਰ ਅਸੀਂ ਵਧਾਈ ਦਿੰਦੇ ਹਾਂ ਤੇ ਬਾਕੀ ਕੌਂਸਲਾਂ ਦੇ ਸਿਖ ਮੈਂਬਰਾਂ ਪਾਸੋਂ ਏਹ ਮੰਗ ਕਰਦੇ ਹਾਂ ਕੇ ਉਹ ਬੀ ਸ੍ਦਾਰ ਸਾਹਿਬ ਹੋਰਾਂ ਦੀ ਤਰਾਂ ਕੌਮੀ ਅਣਖ ਨੂੰ ਮੁਖ ਰੱਖ ਕੇ ਕੌਂਸਲਾਂ ਵਿਚੋਂ ਅਸਤੀਫੇ ਦੇ ਦੇਣ ਤੇ ਕੌਮ ਦੀਆਂ ਖੁਸ਼ੀਆਂ ਲੈਣ। ਸਰਬ ਸੰਮਤੀ ਨਾਲ ਪਾਸ ਹੋਇਆ।
2. ਭਾਈ ਅਜਮੇਰ ਸਿੰਘ ਗਰੰਥੀ ਕਲਕਤੇ ਵਾਲੇ ਦੀ ਪਤ੍ਰਕਾ ਪਰ ਵਿਚਾਰ ਹੋਈ ਕੇ ਉਹ ਏਧਰ ਔਣ ਦੀ ਖੇਚਲ ਨਾ ਕਰਨ, ਕਿਉਂਕੇ ਪ੍ਰਚਾਰ ਦੀ ਮੁਲਕ ਵਿਚ ਜ਼ਿਆਦਾ ਜ਼ਰੂਰਤ ਹੈ, ਉਥੇ ਹੀ ਰਹਿਣ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

25-12-1921 1. ਦੀਵਾਨ ਵਿਚ ਪਾਸ ਹੋਇਆ ਕੇ ਹਰ ਇਕ ਭਾਈ ਦੇਸ ਦੇ ਪਾਸ ਕੀਤੇ ਗੁਰਮਤੇ ਅਨੁਸਾਰ ਜੇ ਬੁਹਤ ਨਹੀਂ ਤਾਂ ਥੋੜਾ ਤਾਂ ਜ਼ਰੂਰ ਹੀ ਦੇਸੀ ਖੱਦਰ ਪੈਹਰੇ।

2. ਨੱਸ਼ਾ ਤਿਆਗਣ ਵਾਸਤੇ ਭਾਈਆਂ ਪਾਸ ਬੇਨਤੀ ਕੀਤੀ ਗਈ। ਨੀਚੇ ਲਿਖੇ ਭਰਾਵਾਂ ਨੇ ਨੱਸ਼ੇ ਦਾ ਤਿਆਗ ਕੀਤਾ : (1) ਸੰਤਾ ਸਿੰਘ ਚੰਦ, (2) ਸਮੁੰਦ ਸਿੰਘ ਮੇਹਲੀ, (3) ਵੀਰ ਸਿੰਘ ਘੁਆਰ ਵਾਲੀ, (4) ਫਕੀਰੀਆ ਕੰਗਣੀ ਵਾਲ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

5-2-1922 ਪੇਸ਼ ਹੋਇਆ ਕੇ ਬੀ.ਸੀ. ਕੈਨੇਡਾ ਦੇ ਸਾਰੇ ਦੀਵਾਨਾਂ ਦਾ ਸੰਬੰਧ ਸ਼੍ਰੋ. ਗੁ: ਪ੍ਰਬੰਧਕ ਕੁਮੇਟੀ ਨਾਲ, ਜਿਸ ਦਾ ਕੇ ਹੈਡ ਕੁਆਟਰ ਅਕਾਲ ਤਖਤ ਅਮ੍ਰਿਤਸਰ ਵਿਚ ਹੈ। ਨੀਚੇ ਲਿਖੀਆਂ ਸ਼ਰਤਾਂ ਪਰ ਕੀਤਾ ਜਾਵੇ :

1. ਸ਼੍ਰੋਮਣੀ ਗੁ: ਪ੍ਰਬੰਧਕ ਕੁਮੇਟੀ ਨਿਰੋਲ ਸਾਰੇ ਸਿਖ ਪੰਥ ਦੀ ਸਾਂਝੀ ਰਹੇ।
2. ਸ਼੍ਰੋ: ਗੁ: ਪ੍ਰਬੰਧਕ ਕੁਮੇਟੀ ਦੇ ਚੁਨਣ ਦਾ ਅੱਧਕਾਰ ਆਮ ਸਿੱਖਾਂ ਨੂੰ ਹੋਵੇ।
3. ਅਗਰ ਸ਼੍ਰੋ: ਗੁ: ਪ੍ਰਬੰਧਕ ਕੁਮੇਟੀ ਕਿਸੇ ਜੱਥੇ ਯਾਂ ਕਿਸੇ ਸਿਖ ਰਾਜੇ ਯਾਂ ਅੰਗਰੇਜ਼ੀ ਰਾਜ ਦੇ ਧੱਕੇਸ਼ਾਹੀ ਨਾਲ ਕਿਸੇ ਇਕ ਇਲਾਕੇ ਯਾਂ ਇਕ ਜੱਥੇ ਯਾਂ ਕਿਸੇ ਬੀ ਰਾਜ ਦੇ ਨੀਚੇ ਲਿਆਂਦੀ ਜਾਵੇ ਤਾਂ ਕਲਾਸ (2) ਦੋ ਅਨੁਸਾਰ ਕੁਮੇਟੀ ਦੀ ਚੋਣ ਨਾ ਕੀਤੀ ਜਾਵੇ ਤਾਂ ਕੈਨੇਡਾ ਨੁਵਾਸੀ ਖਾਲਸਾ ਜੀ ਨੂੰ ਪੂਰਨ ਅੱਧਕਾਰ ਹੈ, ਕੇ ਏਹ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੂੰ ਲਿਖਤੀ ਅਤਲਾਹ ਦੇ ਕੇ ਅਪਨਾਂ ਸੰਬੰਧ ਤੋੜ ਲੈਣ।
4. ਸੰਬੰਧ ਤੋੜਣ ਵੇਲੇ ਕੱਮ ਅਜ਼ ਕੱਮ ਪੱਤ੍ਰਕਾ ਦੁਆਰਾ ਸ਼੍ਰੋ: ਗੁ: ਪ੍ਰਬੰਧਕ ਕੁਮੇਟੀ ਨਾਲ ਵਿਚਾਰ ਕਰਨ ਲਈ ਇਕ ਸਾਲ ਦਾ ਅਰਸਾ ਰੱਖਿਆ ਜਾਵੇ ਤੇ ਕੈਨੇਡਾ ਨੁਵਾਸੀ ਖਾਲਸਾ ਵਕਤ ਦੀ ਮੁਨਿਆਦ ਨੂੰ ਵੱਧ ਘੱਟ ਵੀ ਕਰ ਸਕਦਾ ਹੈ।
5. ਸੰਬੰਧ ਤੋੜਣ ਵੇਲੇ ਕੈਨੇਡਾ ਨੁਵਾਸੀ ਖਾਲਸੇ ਨੂੰ ਇਕ ਮਹੀਨਾ ਪੈਹਿਲਾਂ ਇਤਲਾਹ ਦੇਣੀ ਜ਼ਰੂਰੀ ਹੈ ਤੇ ਜੋ ਗੁਰਮਤਾ ਉਸ ਮੀਟੰਗ ਵਿਚ ਪਾਸ ਹੋਵੇ, ਉਹ ਪ੍ਰਵਾਨ ਕੀਤਾ ਜਾਵੇ।
6. ਪਾਸ ਹੋਇਆ ਕੇ ਕੈਨੇਡਾ ਦੇ ਸਾਰੇ ਦੀਵਾਨਾਂ ਨੂੰ ਏਹ ਗੁਰਮਤੇ ਵਿਚਾਰ ਕਰਨ ਲਈ ਭੇਜੇ ਜਾਣ ਤੇ ਜੇ ਕੋਈ ਦੀਵਾਨ ਹੋਰ ਕੋਈ ਰਾਏ ਪਰਗਟ ਕਰਨੀ ਚਾਹੇ ਤਾਂ ਪੱਤ੍ਰਕਾ ਦੁਆਰਾ ਵੈਨਕੋਵਰ ਦੀਵਾਨ ਨੂੰ ਲਿਖ ਕੇ ਭੇਜਣ ਦੀ ਖੇਚਲ ਕਰੇ ਤਾਂ ਕੇ ਫੇਰ ਅਪ੍ਰੈਲ 1922 ਨੂੰ ਕੁਮੇਟੀ ਦੀ ਨਵੀਂ ਚੋਣ ਦੇ ਮੌਕੇ ਪਰ ਵਿਚਾਰ ਕੀਤੀ ਜਾਵੇ।
7. ਏਹ ਦੀਵਾਨ ਸ਼੍ਰੋ: ਗੁ: ਪ੍: ਕੁਮੇਟੀ ਦੇ ਗੁਰਮਤਾ 8 ਅਨੁਸਾਰ ਦੋ ਸਾਲ ਪਿਛੋਂ ਕੁਮੇਟੀ ਦੇ ਚੋਣ ਦੀ ਪੁਸ਼ਟੀ ਕਰਦਾ ਹੈ।
8. ਪਾਸ ਹੋਇਆ ਕਿ ਪਤ੍ਰਕਾ ਦੁਆਰਾ ਭਾਈ ਪਿਆਰਾ ਸਿੰਘ ਤੇ ਭਾਈ ਹਰੀ ਸਿੰਘ ਤੋਂ ਭੀ ਇਸ ਸੰਬੰਧੀ ਦਰਿਆਫਤ ਕਰ ਲਿਆ ਜਾਵੇ, ਕਿਉਂਕੇ ਉਹ ਸਾਡੇ ਪ੍ਰਤੀਨਿਧ ਚੁਣੇ ਹੋਏ ਹਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

26-2-1922 ਪਾਸ ਹੋਇਆ ਕੇ ਸ਼੍ਰੋਮਣੀ ਗੁ: ਪ੍: ਕੁਮੇਟੀ ਨੂੰ ਤਾਰ ਦਿੱਤੀ ਜਾਵੇ ਕਿ ਅਸੀ ਕੈਨੇਡਾ ਨੁਵਾਸੀ ਸ੍ਰਦਾਰ ਖੜਕ ਸਿੰਘ ਜੀ ਰਈਸ ਜੱਥੇਦਾਰ ਤੇ ਸ੍ਰਦਾਰ ਮੈਹਤਾਬ ਸਿੰਘ ਜੀ ਸਕੱਤ੍ਰ ਤੇ ਹੋਰ ਸਾਰੇ ਕੌਮੀ ਪ੍ਰਵਾਨਿਆਂ ਨੂੰ ਉਹਨਾਂ ਦੀ ਚਾਬੀਆਂ ਦਰਬਾਰ ਸਾਹਿਬ ਦੀ ਫਤਹਿ ਹਾਸਲ ਕਰਨ, ਪਰ ਸਾਰੇ ਸਿਖ ਪੰਥ ਨੂੰ ਵਧਾਈ ਦਿੰਦੇ ਹਾਂ, ਜੋ ਕਿ ਦਿਤੀ ਗਈ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

12-3-1922 ਭਰੇ ਦੀਵਾਨ ਵਿਚ ਪਾਸ ਹੋਇਆ ਕੇ ਮਹਾਤਮਾਂ ਗਾਂਧੀ ਜੀ ਦੇ ਪਕੜੇ ਜਾਣ ਪਰ ਕਾਂਗਰਸ ਤੇ ਸਿਖ ਲੀਗ ਨੂੰ ਟੈਲੀਗਰਾਮ ਦਿੱਤਾ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

19-3-1922 ਮਹਾਤਮਾਂ ਗਾਂਧੀ ਜੀ ਨੂੰ ਛੇ ਸਾਲ ਦੀ ਜੇਹਲ ਦੀ ਸਜਾ ਦਿਤੀ ਗਈ ਹੈ। ਅਸੀਂ ਕੈਨੇਡਾ ਨੁਵਾਸੀ ਮਹਾਤਮਾਂ ਗਾਂਧੀ ਜੀ ਦੇ ਜੇਹਲ ਚਲੇ ਜਾਣ ਪਰ ਵਧਾਈ ਦਿੰਦੇ ਹਾਂ ਤੇ ਮੁਲਕ ਤੇ ਖਾਲਸਾ ਜੀ ਪ੍ਰਤੀ ਬੇਨਤੀ ਕਰਦੇ ਹਾਂ ਕੇ ਉਹ ਸਵੈਰਾਜ ਪ੍ਰਾਪਤੀ ਲਈ ਅਕੱਠੇ ਹਿੰਦੂ, ਮੁਸਲਮਾਨ ਤੇ ਸਿਖ ਆਪਣੀ ਸਾਰੀ ਤਾਕਤ ਖਰਚ ਕਰਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

16-4-1922 ਸਿਰਫ ਇਕ ਰਾਏ ਦੇ ਬਰਖਲਾਫ ਹੁੰਦਿਆਂ ਹੋਰ ਸ੍ਬ ਸੰਮਤੀ ਨਾਲ ਪਾਸ ਹੋਇਆ ਕੇ ਪ੍ਦੇਸੀ ਖਾਲਸਾ ਅਖਬਾਰ ਜੋ ਸਿਖ ਕੈਨੇਡੀਅਨ ਅਮ੍ਰੀਕਨ ਸੋਸਾਇਟੀ ਦੇ ਛੱਤਰ ਛਾਇਆ ਹੇਠ ਨਿਕਲਣਾ ਸ਼ੁਰੂ ਹੋਇਆ ਹੈ ਉਹ ਇਸੀ ਸਿਖ ਕੈ: ਅਮ੍ਰੀ: ਸੋਸਾਇਟੀ ਦੇ ਨਾਮ ਹੇਠਾਂ ਹੀ ਛਾਇਆ ਹੁੰਦਾ ਰਹੇ ਤੇ ਸਿਖ: ਕੈ: ਅਮ੍ਰੀ: ਸੋਸਾਇਟੀ ਨੂੰ ਪੂਰਨ ਅੱਧਕਾਰ ਹੈ ਕਿ ਜਿਥੇ ਭੀ ਉਹ ਇਸ ਦਾ ਦਫਤਰ ਬਦਲਣਾਂ ਚਾਹੇ ਬਦਲ ਸਕਦੀ ਹੈ। ਬੁਹ ਸੰਮਤੀ ਨਾਲ ਪਾਸ ਹੋਇਆ ਕਿ 'ਪ੍ਦੇਸੀ ਖਾਲਸਾ' ਦੀ ਭਾਈ ਭਗਵਾਨ ਸਿੰਘ ਦੇ ਨਾਮ ਆਈ ਹੋਰ ਤਾਰ ਦੇ ਜੁਵਾਬ ਵਿਚ ਦੋ ਹਜ਼ਾਰ ਰੁਪਿਆ ਟੈਲੀਗਰਾਮ ਦੇ ਜ਼ਰੀਏ ਭੇਜਿਆ ਜਾਵੇ, ਕਿਉਂਕੇ ਭਾਈ ਪਿਆਰਾ ਸਿੰਘ ਨੇ ਮਾਇਆ ਦੀ ਉਪੀਲ ਭੇਜੀ ਹੈ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਮਿਤ ਸਿੰਘ**

13-5-1922 ਏਹ ਦੀਵਾਨ ਪਾਸ ਕਰਦਾ ਹੈ ਕੇ ਜੋ ਅਕਾਲੀ ਸਿੰਘ ਹੋਰ ਭੀ ਦੇਸ਼ ਭਗਤ ਭਾਰਤ ਵਰਸ਼ ਦੀ ਸੇਵਾ ਕਰਦੇ ਹੋਏ ਜੇਹਲਾਂ ਨੂੰ ਭਰਪੂਰ ਕਰ ਰਹੇ ਹਨ ਔਰ 'ਹਰੀ ਸਿੰਘ' ਸਾਬਕ ਗਰੰਥੀ ਵੈਨਕੋਵਰ ਬੀ.ਸੀ. ਕੈਨੇਡਾ ਦੇ ਦੁਬਾਰੇ ਜੇਲ ਜਾਣ ਦੀ ਵਧਾਈ ਦਿੰਦੇ ਹਾਂ ਔਰ ਅਕਾਲ ਪੁਰਖ ਅਗੇ ਬੇਨਤੀ ਕਰਦੇ ਹਾਂ ਹੇ ਵਾਹਿਗੁਰੂ ਇਸ ਇਮਤਿਹਾਨ ਵਿਚੋਂ ਸਭ ਨੂੰ ਪਾਸ ਕਰੀ ਔਰ ਨੌਕਰਸ਼ਾਹੀ ਦੇ ਮੌਜੂਦਾ ਜ਼ੁਲਮ ਉਤੇ ਆਪਣੀ ਘਿਰਣਾ ਪ੍ਰਗਟ ਕਰਦੇ ਹਾਂ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

21-5-1922 ਪਾਸ ਹੋਇਆ ਕੇ ਜੋ ਆਪਣੇ ਦੇਸ ਸੇ ਦੋ ਲੜਕੇ ਆਏ ਹਨ ਕੁਰਾਟੀਨ ਵਿਚ ਬੰਦ ਹਨ ਉਨਕਾ ਪ੍ਬੰਧ ਦੀਵਾਨ ਦੀ ਤਰਫੋਂ ਹੋਣਾ ਚਾਹੀਦਾ ਹੈ, ਕਿਉਂਕੇ ਆਪਣੇ ਦੇਸੀ ਭਰਾ ਹਨ। ਮਦਤ ਦੇਣੀ ਦੀਵਾਨ ਦਾ ਧਰਮ ਹੈ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

4-6-1922 ਅਜ ਸੰਗਤ ਦੇ ਵਿਚ ਭਰੇ ਦੀਵਾਨ ਮੇਂ ਹੀਰਾ ਸਿੰਘ ਪ੍ਰੇਜ਼ੀਡੰਟ ਨੇ ਅਰਜ਼ ਕੀਤੀ ਕਿ ਜੋ ਦੋ ਸਟੂਡੰਟ ਦੇਸ ਸੇ ਆਏ ਹਨ, ਇਕ ਕੇਹਰ ਸਿੰਘ ਢੁਡੀਕਾ ਤੇ ਦੂਸਰਾ ਅੱਛਰਾ ਸਿੰਘ ਧੂਤਾਂ ਦਾ ਹੈ। ਕੇਹਰ ਸਿੰਘ ਤਾਂ ਜਮਾਨਤ ਦੇ ਕੇ ਉੱਤਰ ਗਿਆ ਹੈ, ਅੱਛਰਾ ਸਿੰਘ ਕੁਰਾਟੀਨ ਵਿਚ ਹੈ ਜਿਸ ਦੀ ਬਾਬਤ ਇਕ ਮਹੀਨਾ ਹੋਰ ਦੁਵਾਈ ਪਵੌਣ ਦੀ ਬਾਬਤ ਗਵਰਮਿੰਟ ਅਟਾਵਾ ਤੋਂ ਵਕੀਲ ਬਰਡ ਦੀ ਰਾਹੀਂ ਮੰਗਿਆ ਗਿਆ ਹੈ

ਔਰ ਵਕੀਲ ਭੀ ਫੀਸ ਲਵੇਗਾ ਔਰ ਜਮਾਨਤ ਭੀ ਰੱਖੀ ਜਾਵੇਗੀ। ਜੋ ਖਰਚ ਹੋਵੇਗਾ ਇਸ ਦੀ ਬਾਬਤ ਕੀ ਬੰਦੋਬਸਤ ਹੋਣਾ ਚਾਹੀਦਾ ਹੈ। ਅਖੀਰ ਬੁਹਤ ਵਿਚਾਰ ਤੋਂ ਬ੍ਰਾਦ ਅਪਣੇ ਦੇਸ ਦੀ ਭਲਾਈ ਤੇ ਵਿਦਿਆ ਨੂੰ ਮੁੱਖ ਰਖਦੇ ਹੋਏ ਸਰਬ ਸੰਮਤੀ ਸੇ ਪਾਸ ਹੋਇਆ ਕੇ ਜੋ ਖਰਚ ਹੋਗਾ ਕੁਮੇਟੀ ਦੀਵਾਨ ਦੇ ਫੰਡ ਵਿਚੋਂ ਕਰੇ, ਕਿਉਂਕੇ ਜਿਸ ਦਾ ਕੋਈ ਵਾਰਸ ਨਾ ਹੋਵੇ, ਉਸ ਜਗਾ ਜ਼ੁੰਮੇਵਾਰ ਪੰਥ ਹੈ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

9-7-1922 ਅੱਜ ਐਤਵਾਰ ਕੋ ਸੰਗਤ ਦਾ ਬੁਹਤ ਅਕੱਠ ਹੋਇਆ। ਸਬਦ ਕੀਰਤਨ ਦੇ ਬ੍ਰਾਦ ਧਿਆਨ ਸਿੰਘ ਕੋਟਲੀ ਵਾਲੇ ਨੇ ਦੀਵਾਨ ਵਿਚ ਸੰਗਤ ਦੇ ਅਰਜ਼ ਕੀਤੀ ਕੇ ਮੇਰਾ ਲੜਕਾ ਹੁਕਮਾ ਸਿੰਘ ਪਿਛਲੇ ਐਤਵਾਰ ਦਾ ਮੁੜ ਕੇ ਘਰ ਨਹੀ ਆਇਆ। ਖਬਰ ਨਹੀ ਕੋਈ ਪਤਾ ਨਹੀ ਲਗਦਾ ਹੈ। ਸੰਗਤ ਨੂੰ ਭਾਲ ਕਰਨੀ ਚਾਹੀਦੀ ਹੈ। ਕੁਲ ਸੰਗਤ ਨੇ ਭਾਈ ਧਿਆਨ ਸਿੰਘ ਕੋਟਲੀ ਵਾਲੇ ਦੀ ਅਰਜ ਨੂੰ ਸੁਣ ਕੇ ਧਿਆਨ ਦਿਤਾ ਔਰ ਇਸ ਕੰਮ ਨੂੰ ਨਾ ਗਵਾਰ ਕਰਦੇ ਹੋਏ ਸੰਗਤ ਵਿਚੋਂ ਬੋਲੇ ਹੋਏ ਕਿ ਕਿਤਨਾ ਭੀ ਪੰਥ ਦਾ ਖਰਚ ਹੋ ਜਾਵੇ ਹੁਕਮਾ ਸਿੰਘ ਦੀ ਭਾਲ ਹੁਣ ਪੰਥ ਨੂੰ ਕਰਨੀ ਚਾਹੀਦੀ ਹੈ, ਕਿਉਂਕੇ ਅੱਠ ਦਿਨ ਹੋ ਗਏ ਕੋਈ ਪਤਾ ਨਹੀ ਲਗਦਾ। ਇਸੀ ਵਕਤ ਦੀਵਾਨ ਦੇ ਵਿਚ ਹੀ ਭਾਲ ਵਾਸਤੇ ਕੁਮੇਟੀ ਚੁਣੀ ਜਾਵੇ।

ਸਰਬ ਸੰਮਤੀ ਨਾਲ ਪਾਸ ਹੋਇਆ ਕੇ ਠੀਕ ਕੁਮੇਟੀ ਚੁਣੀ ਜਾਵੇ ਔਰ ਜੋ ਆਦਮੀ ਚੁਣੇ ਜਾਣ ਖਰਚ ਦੀ ਪ੍ਰਵਾਹ ਨਾ ਕਰਦੇ ਹੋਏ ਹੁਕਮਾ ਸਿੰਘ ਦੀ ਭਾਲ ਕਰਨ। ਜਿਸ ਵਿਚ ਹੇਠ ਲਿਖੇ ਭਾਈ ਚੁਣੇ ਗਏ : (1) ਹੀਰਾ ਸਿੰਘ ਢੱਡਾ, (2) ਗੁਰਦਿਤ ਸਿੰਘ ਬਿਲਗਾ, (3) ਬਖਸ਼ੀ ਸਿੰਘ ਸਲੌਦੀ, (4) ਬਸੰਤ ਸਿੰਘ ਸੰਧਮ, (5) ਬਾਲ ਮੁਕੰਦ ਸਕਰੁਲੀ, (6) ਬਤਨਾ ਕਾਲੇਆਲ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

6-8-1922 ਬੁਹਤ ਵਿਚਾਰ ਦੇ ਬ੍ਰਾਦ ਪਾਸ ਹੋਇਆ ਕੇ ਸ਼ਾਸ਼ਤਰੀ ਨੂੰ ਆਪ ਜਾ ਕੇ ਨਹੀ ਮਿਲਣਾ ਚਾਹੀਦਾ ਕਿਉਂਕੇ ਅਸੀ ਨਾ-ਮਿਲਵਰਤਨੀਏ ਹਾਂ। ਅਗਰ ਮਿਸਟਰ ਸ਼ਾਸ਼ਤਰੀ ਆਪ ਖੁਦ ਆ ਕੇ ਮਿਲਨਾ ਚਾਹੇ ਤਾਂ ਅਸੀ ਦੇਸੀ ਭਰਾ ਸਮਝ ਕੇ ਉਸ ਨਾਲ ਗਲ ਬਾਤ ਕਰ ਸਕਦੇ ਹਾਂ। ਮਗਰ ਔਫਸਰ ਦੇ ਤੌਰ ਪਰ ਨਹੀ ਕਰਾਂਗੇ ਔਰ ਏਹ ਭੀ ਪਾਸ ਹੋਇਆ ਕੇ ਅਗਰ ਸ਼ਾਸ਼ਤਰੀ ਆਇਆ ਗੁਰਦੁਆਰੇ ਤੋ ਬਾਤਚੀਤ ਕਰਨ ਵਾਸਤੇ ਭਰਾ ਮੁਕੱਰਰ ਹੋਣੇ ਚਾਹੀਦੇ ਹਨ। ਨੀਚੇ ਲਿਖੇ ਭਰਾ ਸੰਗਤ ਨੇ ਚੁਣੇ ਹਨ : (1) ਬਾਬੂ ਕਪੂਰ ਸਿੰਘ, (2) ਗੁਰਦਿਤ ਸਿੰਘ ਬਿਲਗਾ, (3) ਮਿਤ ਸਿੰਘ ਪੰਡੋਰੀ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

12-8-1922 ਏਹ ਦੀਵਾਨ ਪਾਸ ਕਰਦਾ ਹੈ ਕੇ ਗਿਆਨੀ ਸ਼ੇਰ ਸਿੰਘ ਜੀ ਮਾਸਟਰ ਮੋਤਾ ਸਿੰਘ ਜੀ ਨੂੰ ਵਧਾਈ ਦਿੰਦਾ ਹੈ, ਜੋ ਮੁਲਕ ਤੇ ਕੌਮ ਦੀ ਸੇਵਾ ਕਰਦੇ ਹੋਏ ਸਵਰਾਜ ਮੰਦਰ (ਜੇਲ) ਵਿਚ ਬਰਾਜਮਾਨ ਹੋਏ ਹਨ ਔਰ ਗਵਰੰਮਿੰਟ ਦੀ ਕਰਤੂਤ ਤੇ ਘਿਰਨਾ ਪ੍ਰਗਟ ਕਰਦੇ ਹਾਂ ਔਰ ਵਾਹਿਗੁਰੂ ਸਿਰਜਨਹਾਰ ਅਗੇ ਬੇਨਤੀ ਕਰਦੇ ਹਾਂ ਕੇ ਸਾਡੇ ਮੁਲਕ ਔਰ ਧਰਮ ਤੇ ਕੁਰਬਾਨ ਹੋਣ ਵਾਲਿਆਂ ਨੂੰ ਆਤਮਕ ਸ਼ਕਤੀ ਬਖਸ਼ਣ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

8-10-1922 ਪੇਸ਼ ਹੋਇਆ ਕੇ ਵੈਨਕੂਵਰ ਦੇ ਅੰਗਰੇਜ਼ੀ ਅਖਬਾਰਾਂ ਵਿਚ ਵਾਇਰ ਲੈਸ ਇੰਡੀਆ ਦੀ ਬਾਬਤ ਛਪੀ ਹੈ ਕਿ ਪੰਜਾਬ ਵਿਚ ਫ਼ਸਾਦ ਹੋਇਆ ਹੈ, ਜੋ ਬਾਰਾਂ (12) ਆਦਮੀ ਮਾਰੇ ਗਏ ਚਾਰ ਸੌ ਫੱਟੜ ਹੋਏ ਹਨ ਔਰ ਅੱਠ ਸੌ ਪਕੜੇ ਗਏ ਹਨ, ਜੋ ਸੁਣ ਕਰ ਸੰਗਤ ਨੇ ਬੜੇ ਗੌਰ ਸੇ ਵਿਚਾਰ ਕਰਦੇ ਹੋਏ ਹੇਠ ਲਿਖਾ ਗੁਰਮਤਾ ਸਰਬ ਸੰਮਤੀ ਨਾਲ ਪਾਸ ਕੀਤਾ। 'ਗੁਰਮਤਾ' ਏਹ ਦੀਵਾਨ ਪਾਸ ਕਰਦਾ ਹੈ ਕੇ ਜੋ ਪੰਜਾਬ ਦੀ ਬਾਬਤ ਏਥੇ ਦੇ ਅਖਬਾਰਾਂ ਵਿਚ ਤਾਰ ਛੱਪੀ ਹੈ, ਪਤਾ ਲੈਣ ਦੀ ਖਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਨੂੰ ਜੁਵਾਬੀ ਤਾਰ ਦੇ ਕਰ ਪਤਾ ਲਿਆ ਜਾਵੇ। ਜੋ ਸ਼ੀਘਰ ਹੀ ਤਾਰ ਦੁਆਰਾ ਪਤਾ ਆ ਜਾਵੇਗਾ। ਪਾਸ ਹੋਇਆ ਕੇ ਜੋ ਆਪਣੇ ਵਿਦਿਆਰਥੀ ਆਏ ਹੋਏ ਹਨ, ਹੋਰ ਜਗਾ ਰੈਹਣ ਨਾਲੋਂ ਗੁਰਦੁਆਰੇ ਵਾਲਾ ਘਰ ਹੈ, ਇਸ ਵਿਚੋਂ ਹਾਲ ਇਕ ਰੂਮ ਦਿਤਾ ਜਾਵੇ, ਕਿਉਂਕੇ ਜਦ ਅਸੀ ਵਿਦਿਆ ਦੀ ਖਾਤਰ ਏਥੋਂ ਦੇਸ ਨੂੰ ਮਾਇਆ ਭੇਜ ਰਹੇ ਹਾਂ ਔਰ ਵਿਦਿਆ ਦਾ ਪ੍ਰਚਾਰ ਭੀ ਦੇਸ ਵਿਚ ਹੋ ਰਿਹਾ ਹੈ। ਏਥੇ ਆਏ ਵਿਦਿਆਰਥੀਆਂ ਦੀ ਜ਼ਰੂਰ ਹੀ ਸਹੈਤਾ ਹੋਣੀ ਚਾਹੀਦੀ ਹੈ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

12-11-1922 ਨੂੰ ਖਾਲਸਾ ਦੀਵਾਨ ਵੈਨਕੋਵਰ ਦਾ ਸਪਤਾਹਿਕ ਜੋੜ ਮੇਲ ਹੋਇਆ, ਜਿਸ ਵਿਚ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ। ਸੈਹਜਧਾਰੀ ਤੇ ਹਿੰਦੂ ਭਰਾ ਵੀ ਕਾਫੀ ਗਿਣਤੀ ਵਿਚ ਹਾਜ਼ਰ ਸਨ:

1. ਪਾਸ ਹੋਇਆ ਕੇ ਏਹ ਦੀਵਾਨ ਗੁਰੂ ਕੇ ਬਾਗ ਬਾਬਤ ਅਕੈਹ ਤੇ ਅਸੈਹ ਕਸ਼ਟ ਝਲਣ ਵਾਲੇ ਤੇ ਆਪਣੇ ਧਰਮ ਦੀ ਆਣ ਤੇ ਸ਼ਾਨ ਨੂੰ ਕੈਮ ਰਖਣ ਵਾਲੇ ਅਕਾਲੀ ਖਾਲਸਾ ਜੀ ਨੂੰ ਉਹਨਾਂ ਦੇ ਸਾਂਤ ਮਈ ਰੈਹਿ ਕੇ ਮਾਰ ਕੁਟਾਈ ਖਾਣ ਤੇ ਉਸ ਤੋਂ ਉਪ੍ਰੰਤ ਹੁਣ ਜੇਲਾਂ ਨੂੰ ਉਸੀ ਤਰਾਂ ਵਹੀਰਾ ਪਾਣ ਪਰ ਵਧਾਈ ਦਿੰਦਾ ਹੈ।
2. ਏਹ ਦੀਵਾਨ ਸਾਰੇ ਪੰਥਕ ਅਖਬਾਰਾਂ ਦਾ ਅਤੀ ਧਨਵਾਦ ਕਰਦਾ ਹੈ, ਜਿਨ੍ਹਾਂ ਨੇ ਇਸ ਧਾਰਮਕ ਮਾਮਲੇ ਪਰ ਇਕਮੁੱਠ ਹੋ ਕੇ ਏਹ ਸਾਬਤ ਕਰ ਦਿਤਾ ਹੈ ਕੇ ਅਸੀ ਦੂਸਰੀ ਕੌਮ ਨਾਲ ਵਾਹ ਪੈਣ ਸਮੇਂ ਇਕ ਹਾਂ।
3. ਏਹ ਦੀਵਾਨ ਸਾਰੇ ਹਿੰਦੂ ਤੇ ਮੁਸਲਮਾਨ ਅਖਬਾਰਾਂ ਖਾਸ ਕਰ ਬੰਦੇ ਮਾਤਰਮ ਲਾਹੌਰ ਦਾ ਅਤੀ ਧਨਵਾਦੀ ਹੈ, ਜਿਸ ਨੇ ਕੇ ਆਪਣੇ ਲੇਖਾਂ ਦੁਆਰਾ ਜਖ਼ਮੀ ਅਕਾਲੀ ਵੀਰਾਂ ਪਰ ਹੋਏ ਜ਼ੁਲਮਾਂ ਨੂੰ ਹਿੰਦੋਸਤਾਨ ਪਰਜਾ ਦੇ ਸਾਮਣੇ ਪੇਸ਼ ਕੀਤਾ ਤੇ ਉਨਹਾਂ ਨੂੰ ਹਰ ਪ੍ਰਕਾਰ ਦੀ ਸਹੈਤਾ ਵਾਸਤੇ ਵੰਗਾਰ ਕੇ ਕੌਮੀ ਸੇਵਾ ਨੂੰ ਪੂਰਾ ਕੀਤਾ ਹੈ।
4. ਏਹ ਦੀਵਾਨ ਉਹਨਾਂ ਸਾਰੇ ਦੇਸੀ ਆਗੂਆਂ ਦਾ ਭੀ ਦਿਲੋਂ ਧਨਵਾਦੀ ਹੈ, ਜਿਨ੍ਹਾਂ ਨੇ ਆਪਣੇ ਅੱਖੀ ਜ਼ੁਲਮਾਂ ਨੂੰ ਅਕਾਲੀਆਂ ਪਰ ਹੁੰਦੇ ਦੇਖਿਆ ਤੇ ਪਬਲਕ ਪ੍ਰਤੀ ਪ੍ਰਗਟ ਕੀਤਾ। ਖਾਸ ਕਰ ਸਵਾਮੀ ਸ਼ਰਧਾਨੰਦ ਜੀ ਦਾ ਜਿਨ੍ਹਾਂ ਨੇ ਖਾਲਸਾ ਜੀ ਨਾਲ ਜੇਲ ਦੇ ਕਸ਼ਟ ਪ੍ਰਵਾਨ ਕੀਤੇ।
5. ਏਹ ਦੀਵਾਨ ਖਲਾਫਤ ਤੇ ਹੋਰ ਸਾਰੇ ਕੌਮੀ ਜਥਿਆਂ ਦਾ ਸਚੇ ਦਿਲੋਂ ਧਨਵਾਦੀ ਹੈ, ਜਿਨ੍ਹਾਂ ਨੇ ਡਾਕਟਰਾਂ ਤੇ ਮਾਇਆ ਔਰ ਵਲੰਟੀਅਰ ਆਦਿਕ ਭੇਜ ਕੇ ਖਾਲਸਾ ਜੀ ਨਾਲ ਪੂਰਨ ਹਮਦਰਦੀ ਦਾ ਸਬੂਤ ਦਿਤਾ ਹੈ।

6. ਪਾਸ ਹੋਇਆ ਕੇ ਗੁਰੂ ਕੇ ਬਾਗ ਦੇ ਫਟੜ ਅਕਾਲੀਆਂ ਦੀ ਸਹੈਤਾ ਵਾਸਤੇ ਮਾਇਆ ਭੇਜੀ ਜਾਵੇ, ਜੋ ਕੇ ਤਿਨ ਹਜ਼ਾਰ ਰੁਪਏ ਦੀ ਤੁੱਛ ਰਕਮ ਤਾਰ ਦੇ ਰਾਹੀਂ ਸ਼੍ਰੋਮਣੀ ਗੁ: ਪ੍ਰਬੰਧਕ ਕੁਮੇਟੀ ਨੂੰ ਭੇਜੀ ਗਈ।
7. ਪਾਸ ਹੋਇਆ ਕੇ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਪਾਸ ਬੇਨਤੀ ਕੀਤੀ ਜਾਵੇ ਕੇ ਜਦ ਤੱਕ ਸਾਰੇ ਧਾਰਮਕ ਕੈਦੀ (ਕਾਲੇ ਦਸਤਾਰੇ, ਗੁਰੂ ਕੇ ਬਾਗ, ਕਰਪਾਨ) ਸਬੰਧੀ ਫੜੇ ਹੋਏ ਅਕਾਲੀ ਛੱਡੇ ਨਾ ਜਾਣ, ਤਦ ਤੱਕ ਗੁਰਦੁਆਰਾ ਬਿਲ ਦਾ ਕੋਈ ਸਮਝੌਤਾ ਨਾ ਕੀਤਾ ਜਾਵੇ। ਅੰਤਮ ਵਿਚ ਵਾਹਿਗੁਰੂ ਸਿਰਜਣਹਾਰ ਅਗੇ ਪ੍ਰਾਰਥਨਾ ਕੀਤੀ ਗਈ ਕਿ ਸਿਖ, ਹਿੰਦੂ, ਮੁਸਲਮਾਨਾਂ ਨੂੰ ਇਤਫਾਕ ਬਖਸ਼ੇ ਤਾਂ ਕੇ ਸਵੈਰਾਜ ਪ੍ਰਾਪਤ ਹੋਵੇ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

25-12-1922 1. ਏਹ ਦੀਵਾਨ ਪਾਸ ਕਰਦਾ ਹੈ, ਜੋ ਅਕਾਲੀ ਸਿੰਘ ਆਪਣੇ ਧਰਮ ਦੀ ਆਜ਼ਾਦੀ ਦੀ ਖਾਤਰ ਜੇਲਾਂ ਵਿਚ ਅਸੈਹ ਕਸ਼ਟ ਸਹਾਰ ਰਹੇ ਹਨ, ਉਨ੍ਹਾਂ ਨੂੰ ਵਧਾਈ ਦਿੰਦਾ ਹੈ ਔਰ ਉਨ੍ਹਾਂ ਦੇ ਪ੍ਵਾਰਾਂ ਸਾਥ ਦਿਲੀ ਹਮਦਰਦੀ ਰੱਖਦਾ ਹੈ।
2. ਏਹ ਦੀਵਾਨ ਪਾਸ ਕਰਦਾ ਹੈ ਕੇ ਖਾਲਸਾ ਪੰਥ ਦੀ ਸਭ ਤੋਂ ਬੜੀ ਪ੍ਰਤੀਨਿਧ ਸ਼੍ਰੋ: ਗੁ: ਪ੍: ਕੁਮੇਟੀ ਤੇ ਨਰਮ ਔਰ ਗਰਮ ਧੜਿਆਂ ਦੇ ਸਮੂਹ ਖਾਲਸਾ ਪੰਥ ਦੀ ਸੇਵਾ ਵਿਖੇ ਬੜੀ ਅਦਬ ਸੈਹਿਤ ਬੇਨਤੀ ਹੈ ਕੇ ਜੋ ਟਾਕਰਾ ਅੰਗਰੇਜ਼ੀ ਗੌਰਮਿੰਟ ਨਾਲ ਗੁਰਦੁਆਰਾ ਸੁਧਾਰ ਲਈ ਖਾਲਸਾ ਪੰਥ ਦਾ ਲਾਇਆ ਹੋਇਆ ਹੈ, ਇਸ ਜੰਗ ਤੋਂ ਇਕ ਕਦਮ ਭੀ ਪਿਛੇ ਨਾ ਹਟਾਇਆ ਜਾਵੇ, ਜਦ ਤੱਕ ਕੇ ਕੁਲ ਗੁਰਦੁਆਰਿਆਂ ਦੀ ਪੂਰੀ 2 ਆਜ਼ਾਦੀ ਹਾਸਲ ਨਾ ਕੀਤੀ ਜਾਵੇ ਤੇ ਕੁਲ ਜੇਲਾਂ ਵਿਚ ਗਏ ਖਾਲਸਾ ਵੀਰ ਬਿਨਾਂ ਕਿਸੀ ਸ਼ਰਤ ਤੇ ਨਾ ਛਡੇ ਜਾਣ।
3. ਏਹ ਦੀਵਾਨ ਪੰਜਾ ਸਾਹਿਬ ਦੇ ਜਾਨ ਤੋਂ ਕੁਰਬਾਨ ਹੋਣ ਵਾਲੇ ਵੀਰਾਂ ਤੇ ਸ਼ਹੀਦਾਂ ਸਿੰਘਾਂ ਦਾ ਜਿਨ੍ਹਾਂ ਨੇ ਧਰਮ ਦੀ ਰਖਿਆ ਬਾਬਤ ਆਪਣੇ ਆਪ ਨੂੰ ਗੱਡੀ ਅਗੇ ਪਾ ਕੇ ਟੋਟੇ ਟੋਟੇ ਕਰਵਾਇਆ ਹੈ। ਦਿਲੋਂ ਧਨਵਾਦ ਕਰਦੇ ਹਾਂ ਔਰ ਗਵਰੰਮਿੰਟ ਦੇ ਏਹੇ ਜੇਹੇ ਭੈੜੇ ਅਤੇ ਕਮੀਨੇ ਵਤੀਰੇ ਨੂੰ ਘਿਰਣਾ ਪ੍ਰਗਟ ਕਰਦੇ ਹੋਏ ਵਾਹਿਗੁਰੂ ਅਗੇ ਬੇਨਤੀ ਕਰਦਾ ਹੈ ਕੇ ਹੇ ਵਾਹਿਗੁਰੂ ਜ਼ਾਲਮ ਗਵਰੰਮਿੰਟ ਦੇ ਜ਼ੁਲਮਾਂ ਨੂੰ ਦੂਰ ਕਰਕੇ 'ਸੁਖਾਂ ਦੀ ਦਾਤੀ' ਆਜ਼ਾਦੀ ਨੂੰ ਬਖ਼ਸ਼। ਏਸੀ ਅਖਬਾਰਾਂ ਨੂੰ ਗੁਰਮਤੇ ਭੇਜੇ ਗਏ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਭਗਤ ਸਿੰਘ**

3-6-1923 ਨੂੰ ਕੁਮੇਟੀ ਦਾ ਅਕੱਠ ਦਫਤਰ ਵਿਚ ਹੋਇਆ ਕਿ ਪੋਰਟਮੁਢੀ ਵਾਲੀ ਮਾਇਆ ਅਬ ਵੈਨਕੋਵਰ ਗੁਰਦੁਆਰੇ ਨੂੰ ਮੰਗਵਾਈ ਜਾਵੇ, ਕਿਉਂਕੇ ਵਹਾਂ ਅੱਬ ਗੁਰੂ ਮਹਾਂਰਾਜ ਦਾ ਪ੍ਰਕਾਸ਼ ਨਹੀਂ ਹੈ। ਸਰਬ ਸੰਮਤੀ ਸੇ ਪਾਸ ਹੋਇਆ।
2. ਔਰ ਸਭ ਸਿੰਘੋ ਕੇ ਨਿਯਮੋਂ ਬਾਬਤ ਸ਼੍ਰੋਮਣੀ ਗੁ: ਪ੍: ਕੁਮੇਟੀ ਨੂੰ ਚਿਠੀ ਪਾਈ ਜਾਵੇ ਕੇ ਸਿੰਘੋਂ ਕੇ ਮਹਾਂ ਪ੍ਰਸ਼ਾਦਿ ਖਾਨੇ ਕੀ ਕਿਸ ਤਰਾਂ ਅਜ਼ਾਜਿਤ ਹੈ ਔਰ ਅਗਰ ਬਾਹਰ ਉਗਰਾਹੀ ਨੂੰ ਜਾਵੇ ਤੋ ਬਰੇਡ ਖਾਨੀ ਚਾਹੀਏ ਯਾ ਨਾ, ਕਿਉਂਕੇ ਏਸ ਮੁਲਕ ਮੇਂ ਗੋਰੇ ਲੋਗ ਆਬਾਦ ਹੈ। ਇਨ ਕਾ ਖਾਣਾ ਮੁਨਾਸਬ ਹੈ ਯਾ ਨਹੀਂ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

17-6-1923 ਨੂੰ ਕੁਮੇਟੀ ਦਾ ਅਕੱਠ ਖਾਲਸਾ ਦੀਵਾਨ ਵੈਨਕੋਵਰ ਦੇ ਦਫਤਰ ਵਿਚ ਹੋਇਆ ਕੇ ਜੋ ਅਕਾਲੀ ਸਿੰਘ ਆਪਣੇ ਮੁਲਕ ਦੀ ਆਜ਼ਾਦੀ ਦੀ ਖਾਤਰ ਜੇਲ ਹਨ ਔਰ ਉਨ ਕੇ ਬਾਲ ਬਚੋਂ ਕੇ ਵਾਸਤੇ ਕੁੱਛ ਮਾਇਆ ਅਕੱਠੀ ਕਰਕੇ ਸਹਾਇਤਾ ਭੇਜੀ ਜਾਵੇ ਔਰ ਜੋੜ ਮੇਲਾ 8 ਜੁਲਾਈ 1923 ਨੂੰ ਕੀਤਾ ਜਾਵੇ।

8-7-1923 ਨੂੰ ਕੁਮੇਟੀਉਂ ਕਾ ਬਾਹਰ ਕੀ ਕੁਮੇਟੀਆਂ ਭੀ ਹਾਜਰ ਸਨ ਔਰ ਉਪਰ ਕਾ ਗੁਰਮਤਾ ਜੋ 17-6-1923 ਨੂੰ ਪਾਸ ਹੋਇਆ ਥਾ, ਵੁਹ 8-7-1923 ਨੂੰ ਸੰਗਤ ਵਿਚ ਸਨਾਇਆ ਗਿਆ ਔਰ ਬੜੀ ਕਸ਼ਮਕਸ਼ ਹੋਤੀ ਰਹੀ। ਕਸ਼ਮਕਸ਼ ਕੇ ਬ੍ਰਾਦ ਪਾਸ ਹੋ ਗਿਆ।

ਔਰ ਏਹ ਭੀ ਪਾਸ ਹੋਇਆ ਕੇ ਸ਼੍ਰੋ: ਗੁ: ਪ੍ਰ: ਕੁਮੇਟੀ ਨੂੰ ਚਿਠੀ ਪਾਈ ਜਾਵੇ ਕੇ ਕੈਦੀ ਸਹਾਇਕ ਫੰਡ ਕਿਸ ਜਗਾ ਭੇਜਾ ਜਾਵੇ। ਇਸ ਕਾ ਔਰ ਸਭ ਫੰਡੋਂ ਕੀ ਜੁੱਦੀ 2 ਐਡਰਸ ਭੇਜਨੀ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

5-8-1923 ਨੂੰ ਸਭ ਬਾਹਰ ਕੀ ਕੁਮੇਟੀਉਂ ਕਾ ਵੈਨਕੋਵਰ ਕੁਮੇਟੀ ਦੇ ਦਫਤਰ ਵਿਚ ਅਕੱਠ ਹੋਇਆ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੁਮੇਟੀ ਨੇ ਦੋ (2) ਮੈਂਬਰ ਕੈਨੇਡਾ ਕੀ ਤਰਫ ਸੇ ਅਖਬਾਰੋਂ ਕੇ ਜ਼ਰੀਏ ਮਾਂਗੇ ਥੇ। ਸੋ ਕੁਮੇਟੀਉਂ ਨੇ ਏਹ ਮੈਂਬਰ ਚੁਣ ਕਰ ਸੰਗਤ ਵਿਚ ਭਰੇ ਦਿਵਾਨ ਵਿਚ ਪੇਸ਼ ਕੀਤੇ :

1. ਪਿਆਰਾ ਸਿੰਘ ਲੰਗੇਰੀ, ਮਿਤ ਸਿੰਘ ਪੰਡੋਰੀ, ਹਰੀ ਸਿੰਘ ਚੋਟੀਆਂ, ਭਾਗ ਸਿੰਘ ਉਪਲ, ਚੈਂਚਲ ਸਿੰਘ ਜੰਡਿਆਲਾ, ਨਰੈਣ ਸਿੰਘ ਠੀਕਰੀਵਾਲਾ, ਨੌਰੰਗ ਸਿੰਘ ਦੁਬਲੀ।
2. ਮਗਰ ਦੀਵਾਨ ਵਿਚ ਪਿਆਰਾ ਸਿੰਘ ਔਰ ਮਿਤ ਸਿੰਘ ਪਰ ਵੋਟ ਹੁਏ। ਏਹ ਦੋਨੋਂ ਸਰਬ ਸੰਮਤੀ ਸੇ ਚੁਣੇ ਗਏ ਔਰ ਇਨ ਕੇ ਨਾਮ ਹਿੰਦੋਸਤਾਨ ਗੁਰਦੁਆਰਾ ਪ੍ਰਬੰਧਕ ਕੁਮੇਟੀ ਕੋ ਭੇਜੇ ਜਾਣਗੇ। ਪਾਸ ਹੋਇਆ ਕੇ ਜੋ ਚੌਧਰੀ ਮੇਹਰ ਚੰਦ ਨੇ ਕੈਨੇਡਾ ਦੀ ਹਿਸਟਰੀ ਬਨਾਈ ਹੈ, ਉਸ ਕੋ ਪੜ੍ਹ ਕਰ ਔਰ ਫਿਰ ਉਸ ਕੋ ਜੋ ਛਪਾਈ ਪਰ ਖਰਚ ਹੁਆ ਹੈ, ਉਸ ਕੋ 150 ਡੇਢ ਸੌ ਡਾਲਰ ਦਿਤੇ ਜਾਣ ਔਰ ਕਪੂਰ ਸਿੰਘ, ਨਾਹਰ ਸਿੰਘ, ਹਰਬੰਸ ਸਿੰਘ, ਮੁਨਸ਼ਾ ਸਿੰਘ ਕੋ ਮੁਕੱਰਰ ਕੀਆ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

13-8-1923 ਨੂੰ ਮੇਹਰ ਚੰਦ ਨੂੰ 125 ਇਕ ਸੌ ਪੱਚੀ ਡਾਲਰ ਦਿਤੇ ਗਏ। ਮਗਰ ਜਿਨ ਕੋ ਪੜਨੇ ਵਾਸਤੇ ਕਹਾ ਥਾ ਵੁਹ ਜੁੱਮਾਂ ਨਹੀਂ ਲੇਤੇ ਔਰ ਫਿਰ ਚੌਧਰੀ ਮੇਹਰ ਚੰਦ ਨੇ ਹਿਸਟਰੀ ਕੀ ਤਾਈਦ ਵਾਸਤੇ ਦੀਵਾਨ ਸੇ ਚਿਠੀ ਮਾਂਗੀ। ਮਗਰ ਕੁਮੇਟੀ ਨੇ ਕਿਹਾ ਸੋਚ ਕਰ ਦੇਖਾ ਜਾਏਗਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

2-9-1923 ਨੂੰ ਕੁਮੇਟੀ ਦਾ ਅਕੱਠ ਹੋਇਆ ਔਰ ਜੋ ਮੇਹਰਚੰਦ ਕੀ ਚਿਠੀ ਬਾਬਤ ਸਭ ਮੈਂਬਰਾਂ ਨੇ ਸੋਚ ਵਿਚਾਰ ਕੇ ਪਾਸ ਕੀਤਾ ਕਿ ਚਿਠੀ ਨਾ ਦਿਤੀ ਜਾਵੇ ਔਰ ਫਿਰ ਭਰੇ ਦਿਵਾਨ ਵਿਚ ਸੁਨਾਇਆ ਗਿਆ ਔਰ ਦੀਵਾਨ ਨੇ ਭੀ ਨਾ ਦੇਣੀ ਮਨਜ਼ੂਰ

ਕੀਤੀ ਔਰ ਫਿਰ 4 ਬਜੇ ਸ਼ਾਮ ਦੇ ਦੀਵਾਨ ਵਿਚ ਮੇਹਰਚੰਦ ਨੇ ਕਿਹਾ ਕੇ ਮੈਂਨੇ ਜੋ 125-00 ਡਾਲਰ ਕੁਮੇਟੀ ਸੇ ਲੀਏ ਹਨ, ਮੈਂ ਵਾਪਸ ਦੇ ਦੂੰਗਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

26-9-1923 1. ਪਾਸ ਹੋਇਆ ਮਹਾਂਰਾਜਾ ਨਾਭਾ ਨੂੰ ਗੱਦੀ ਤੋਂ ਉਤਾਰੇ ਦੀ ਜੋ ਚਾਲ ਗਵਰੰਮਿੰਟ ਨੇ ਕੀਤੀ ਹੈ, ਉਸ ਪਰ ਸਖਤ ਘਿਰਨਾ ਪ੍ਰਗਟ ਕਰਦਾ ਹੈ ਔਰ ਗਵਰੰਮਿੰਟ ਨੂੰ ਹਕਾਰਤ ਦੀ ਨਜ਼ਰ ਨਾਲ ਦੇਖਦਾ ਹੈ।

2. ਪਾਸ ਹੋਇਆ ਕੇ ਸਭ ਸਿਖ ਮਹਾਂਰਾਜਿਆਂ ਔਰ ਪੰਥਕ ਜੱਥਿਆਂ ਮੂਹਰੇ ਬੇਨਤੀ ਕਰਦਾ ਹੈ ਕਿ ਇਸ ਵਕਤ ਸਭ ਅਕੱਠੇ ਹੋ ਕਰ ਇਸ ਪੰਥਕ ਕੰਮ ਨੂੰ ਸਿਰੇ ਚਾੜ੍ਹਨ ਖਾਤਰ ਸ਼੍ਰੋਮਣੀ ਕੁਮੇਟੀ ਦੇ ਹੁਕਮ ਅਨੁਸਾਰ ਚਲਦੇ ਹੋਏ ਮਹਾਂਰਾਜਾ ਨੂੰ ਵਾਪਸ ਮੰਗਵਾਨ ਦਾ ਜਤਨ ਕਰਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

30-9-1923 ਸਰਬ ਸੰਮਤੀ ਸੇ ਪਾਸ ਹੁਆ ਕੇ ਜੋ ਸਿਖ ਲੀਗ ਜਲੰਧਰ 17 ਤੇ 18 ਤੇ 19 ਅਕਤੂਬਰ ਨੂੰ ਹੋਣ ਵਾਲੀ ਹੈ ਔਰ ਪਿਆਰਾ ਸਿੰਘ ਕੀ ਤਾਰ ਜੋ ਕੁਮੇਟੀ ਕੋ ਅਗਸਤ ਮਹੀਨੇ ਵਿਚ ਆਈ ਸੀ, ਉਸ ਦੀ ਬਾਬਤ ਇਕ ਹਜ਼ਾਰ ਡਾਲਰ ਫੰਡ ਸੇ ਪਾਇਆ ਜਾਵੇ ਔਰ ਵੁਹ ਮਾਇਆ ਤਾਰ ਦੇ ਰਾਹੀਂ ਭੇਜੀ ਜਾਵੇ ਔਰ ਭੀ ਜਿਸ ਜਗਾ ਆਗੇ ਵਾਸਤੇ ਜ਼ਰੂਰਤ ਹੋਵੇ ਲੋੜ ਅਨੁਸਾਰ ਪਾਇਆ ਜਾਵੇ ਔਰ ਸਭ ਬਾਹਰ ਕੇ ਗੁਰਦੁਆਰੋਂ ਕੇ ਫੰਡੋਂ ਸੇ ਫੰਡ ਅਨੁਸਾਰ ਮਾਇਆ ਲਈ ਜਾਵੇ ਔਰ ਬਾਕੀ ਵੈਨਕੋਵਰ ਕੇ ਗੁਰਦੁਆਰੇ ਕੇ ਫੰਡ ਸੇ ਪਾਈ ਜਾਵੇ ਔਰ ਦੀਵਾਨ ਸੇ ਉਗਰਾਹੀ ਕਰਕੇ ਫੰਡ ਵਿਚ ਜਮਾ ਕੀਤੀ ਜਾਵੇ ਔਰ ਸਵਰਾਜ ਸਭਾ ਕੇ ਪਾਸ ਭੀ ਬੇਨਤੀ ਕੀਤੀ ਜਾਵੇਗੀ ਕਿ ਵੁਹ ਭੀ ਕੁਛ ਮਾਇਆ ਦੇਵੇ। ਔਰ ਜਾਪਾਨ ਵਿਚ ਜੋ ਭੌਂਚਾਲ ਆਇਆ ਹੈ, ਕੁੱਛ ਮਾਇਆ ਉਗਰਾਹੀ ਕਰਕੇ ਮਦਦ ਕੀਤੀ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

7-10-1923 ਏਹ ਦੀਵਾਨ ਸਰਬ ਸੰਮਤੀ ਸੇ ਪਾਸ ਕਰਦਾ ਹੈ ਕੇ ਖਾਲਸਾ ਦੀਵਾਨ ਔਰ ਕੁਲ ਹਿੰਦੋਸਤਾਨੀ ਫਖਰੇ ਕੌਮ ਸਿਰੀਮਾਨ ਲਾਲਾ ਲਾਜਪਤ ਰਾਏ ਕੀ ਰਿਹਾਈ ਪਰ ਬਹੁਤ ਹੀ ਖੁਸ਼ ਹੁਏ ਹਨ ਔਰ ਆਪ ਕੀ ਖਿਦਮਾਤ ਔਰ ਕੁਰਬਾਨੀਉਂ ਕਾ ਇਹਤਰਾਫ ਕਰਤੇ ਹੁਏ ਬਖਿਦਮਤ ਸ਼ਰੀਫ ਮੁਬਾਰਕ ਬ੍ਰਾਦ ਭੇਜਤੇ ਹੈਂ ਔਰ ਵਾਹਿਗੁਰੂ ਅਕਾਲ ਪੁਰਖ ਮੂਹਰੇ ਬੇਨਤੀ ਕਰਦੇ ਹਨ ਕਿ ਲਾਲਾ ਜੀ ਕੋ ਜਲਦ ਸੇਹਿਤ ਬਖਸ਼ੇ ਤਾਂ ਕੇ ਅਪਨੇ ਬਕਾਇਆ ਕਾਮ ਕੋ ਮੁਕੰਮਲ ਕਰਕੇ ਹਿੰਦੋਸਤਾਨੀਉਂ ਕੋ ਗੁਲਾਮੀ ਕੀ ਜੰਜੀਰੋ ਸੇ ਆਜਾਦ ਕਰਾ ਦੇਂ ਔਰ ਅਪਨੇ ਲਗਾਏ ਹੁਏ ਪੌਦੇ ਕੋ (ਸਵਰਾਜ) ਛਾਇਆ ਮੇਂ ਆਪਣੀ ਬਾਕੀ ਕੀ ਆਰਜ਼ੂ ਖੁਸ਼ੀ ਸੇ ਬਸਰ ਕਰੇਂ ਔਰ ਗਵਰੰਮਿੰਟ ਹਿੰਦ ਕੋ ਨਫਰਤ ਕੀ ਨਜ਼ਰ ਨਾਲ ਦੇਖਦੇ ਹਨ ਕਿ ਜਿਸ ਨੇ ਲਾਲਾ ਜੀ ਕੋ ਉਨ ਕੀ ਸੇਹਤ ਠੀਕ ਨਾ ਹੋਨੇ ਕਰਕੇ ਉਨ ਕੋ ਸਵਰਾਜ ਮੰਦਰ ਮੇਂ ਰੱਖਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

16-10-1923 ਹੇਠ ਲਿਖੀ ਤਾਰ ਗੁਰਦੁਆਰਾ ਪ੍ਰਬੰਧਕ ਕੁਮੇਟੀ ਅੰਮ੍ਰਿਤਸਰ ਨੂੰ ਭੇਜੀ ਗਈ, ਜੋ 15-10-1923 ਨੂੰ ਮੰਡੇ ਵਾਲੇ ਦਿਨ ਅੰਗਰੇਜ਼ੀ ਅਖਬਾਰ ਸਨ (Sun) ਵਿਚ ਕੁਮੇਟੀ ਪਕੜੀ ਗਈ ਛੱਪੀ ਸੀ। ਤਾਰ ਏਹ ਹੈ :

Gurdwara Amritsar. Khalsa Diwan strongly demounces governments. High handedness arresting President Mehtab Singh and Shiromani Exective. Urges Panth stand Heroic struggle pirnly till desired goal achieved. Heart felt sympathies.

Sikh Temple Vancouver, B.C.

ਏਸ ਦਾ ਭਾਵ ਹੈ ਕੇ ਜੋ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਔਰ ਪ੍ਰੇਜ਼ੀਡੰਟ ਮਤਾਬ ਸਿੰਘ ਪਕੜੇ ਹਨ, ਘਿਰਨਾ ਦੀ ਨਜ਼ਰ ਨਾਲ ਦੇਖਦੇ ਹਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

2-12-1923 ਨੂੰ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਗੁਰਦੁਆਰਾ ਵੈਨਕੋਵਰ ਮੇਂ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਤੇ ਅਕਾਲੀ ਦਲ ਦੇ ਮੁਖੀਆਂ ਦੀ ਗਿਰਫਤਾਰੀ ਹੋਣ ਪਰ ਉਹਨਾਂ ਦੇ ਨੁਮਿਤ ਪਾਇਆ ਗਿਆ। ਇਸ ਦੀਵਾਨ ਮੇਂ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਸੇ ਪਾਸ ਹੁਏ :

1. ਏਹ ਦੀਵਾਨ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਤੇ ਅਕਾਲੀ ਦਲ ਦੇ ਮੁਖੀ ਸਜਣਾਂ ਦੀ ਗਰਿਫਤਾਰੀ ਤੇ ਵਧਾਈ ਦਿੰਦਾ ਹੈ। ਨੌਕਰਸ਼ਾਹੀ ਦੀ ਜ਼ਾਲਮਾਨਾਂ ਕਾਰਰੁਵਾਈ ਤੇ ਘਿਰਣਾ ਪ੍ਰਗਟ ਕਰਦਾ ਹੈ।
2. ਏਹ ਦੀਵਾਨ ਨੌਕਰਸ਼ਾਹੀ ਦੇ ਇਸ ਵਤੀਰੇ ਤੇ ਜੋ ਕਿ ਇਸ ਨੇ ਸ਼੍ਰੋ: ਗੁ: ਪ੍ਰ: ਕੁਮੇਟੀ ਤੇ ਅਕਾਲੀ ਦਲ ਦੀ ਧਾਰਮਕ ਲੈਹਰ ਨੂੰ ਕੁਚਲਨ ਵਾਸਤੇ ਕਾਨੂੰਨ ਵਿਰੁਧ ਜਥਾ ਕਰਾਰ ਦਿਤਾ ਹੈ। ਉਸ ਪਰ ਘਿਰਣਾ ਪ੍ਰਗਟ ਕਰਦਾ ਹੈ।
3. ਅਸੀਂ ਸਾਰੇ ਕੈਨੇਡਾ ਨੁਵਾਸੀ ਹਿੰਦੀ ਭਰਾ ਸ਼੍ਰੋ: ਗੁ: ਪ੍ਰ: ਕੁਮੇਟੀ ਦੇ ਹੁਕਮ ਅਨੁਸਾਰ ਸ਼ਾਂਤ ਮਈ ਤਰੀਕੇ ਨਾਲ ਹਰ ਇਕ ਕੰਮ ਨੂੰ ਪੂਰਾ ਕਰਨ ਵਾਸਤੇ ਹਰ ਏਕ ਤਰਾਂ ਦੀ ਕੁਰਬਾਨੀ ਕਰਨੇ ਵਾਸਤੇ ਤਿਆਰ ਹਾਂ।
4. ਜੋ ਨੌਕਰਸ਼ਾਹੀ ਤੇ ਨਾਭੇ ਦੇ ਨਿਮਕ ਹਰਾਮਾਂ ਨੇ ਗੁਰਦੁਆਰਾ ਜੈਤੋ ਦੇ ਅਖੰਡ ਪਾਠ ਨੂੰ ਰੋਕ ਕੇ ਗੁਰਬਾਣੀ ਦੀ ਬੇਅਦਬੀ ਤੇ ਪੰਥ ਦੀ ਹਤਕ ਕੀਤੀ ਹੈ, ਉਸ ਨੂੰ ਦੀਵਾਨ ਨਾ ਸਹਾਰਦਾ ਹੋਇਆ ਇਸ ਗੁਰਦਿਆਲੂ ਨੂੰ ਤੇ ਇਸ ਦੇ ਨਿਮਕ ਹਰਾਮ ਸਾਥੀਆਂ ਪਰ ਘ੍ਰਿਣਾ ਪ੍ਰਗਟ ਕਰਦਾ ਹੈ।
5. ਏਹ ਦੀਵਾਨ ਨੌਕਰਸ਼ਾਹੀ ਦੇ ਸੰਟਰਲ ਸਿਖ ਲੀਗ ਦੇ ਅਜਲਾਸ ਜਲੰਧਰ ਸ਼ੈਹਰ ਦੇ ਰੋਕਣ ਦੀ ਅਯੋਗ ਕਾਰਰੁਵਾਈ ਤੇ ਘ੍ਰਿਣਾ ਪ੍ਰਗਟ ਕਰਦਾ ਹੈ ਔਰ ਖਾਲਸਾ ਕੌਮ ਨੂੰ ਅਪਣਾ ਪਰਨ ਪੂਰਾ ਕਰਨ ਤੇ ਵਧਾਈ ਦਿੰਦਾ ਹੈ।
6. ਏਹ ਦੀਵਾਨ ਭਾਈ ਮਿਤ ਸਿੰਘ ਔਰ ਭਾਈ ਪਿਆਰਾ ਸਿੰਘ ਜੀ ਜੋ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਦੇ ਕੈਨੇਡੀਅਨ ਪ੍ਰਤੀਨਿਧ ਹਨ, ਦੀ ਪੰਥਕ ਸੇਵਾ ਤੇ ਪੂਰਾ ਭਰੋਸਾ ਔਰ ਮਾਣ ਰਖਦਾ ਹੋਇਆ ਉਨ੍ਹਾਂ ਦੀ ਗਿਰਫਤਾਰੀ ਤੇ ਭਾਈ ਹੋਰਾਂ ਨੂੰ ਵਧਾਈ ਦਿੰਦਾ ਹੈ।

7. ਏਹ ਦੀਵਾਨ ਸਮੂੰਹ ਸਿਖ ਮਹਾਂਰਾਜਿਆਂ ਤੇ ਸਿਖ ਜਥਿਆਂ ਔਰ ਹਿੰਦੂ, ਮੁਸਲਮਾਨ ਲੀਡਰਾਂ ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਇਸ ਮੌਕੇ ਆਪਣੇ ਫਰਜ਼ ਨੂੰ ਪਛਾਨਣ ਔਰ ਇਸ ਸਾਂਝੇ ਕੰਮ ਵਿਚ ਮੋਢਾ ਡਾਹ ਕੇ ਨੌਕਰਸ਼ਾਹੀ ਦੇ ਅਤਿਆਚਾਰ ਨੂੰ ਦੂਰ ਕਰਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

22-12-1923 ਪਾਸ ਹੋਇਆ ਕੇ ਜੋ ਅਜੀਤ ਸਿੰਘ ਪਿੰਡ ਨੁਮਾਣੇ ਵਾਲੇ ਦੀ ਬਾਬਤ ਫੰਡ 1921 ਵਿਚ ਸੰਗਤ ਸੇ ਜਮਾਂ ਹੋਇਆ ਸੀ, ਵੋਹ ਉਸ ਕੋ ਭੇਜ ਦੀਆ ਜਾਏ, ਕਿਉਂਕੇ ਪੈਹਿਲੇ ਸੰਗਤ ਵਿਚ ਵੀ ਪਾਸ ਹੋ ਚੁਕਾ ਹੈ ਕੇ ਏਹ ਫੰਡ ਉਸ ਕੇ ਵਾਸਤੇ ਹੈ ਔਰ ਉਸ ਕੋ ਭੇਜਾ ਜਾਵੇਗਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

13-1-1924 1. ਅੱਜ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦੇ ਜਨਮ ਉਤਸ਼ਵ ਤੇ ਗੁਰਦੁਆਰਾ ਵੈਨਕੋਵਰ ਵਿਚ ਕੈਨੇਡਾ ਨੁਵਾਸੀ ਭਰਾਂਵਾਂ ਦੀ ਅਕੱਤ੍ਰਤਾ ਹੋਈ ਔਰ ਕੈਨੇਡਾ ਦੀ ਸਭ ਸੰਗਤ ਨੇ ਸਰਬ ਸੰਮਤੀ ਨਾਲ ਵਾਹਿਗੁਰੂ ਸਿਰਜਨਹਾਰ ਅਗੇ ਪ੍ਰਾਰਥਨਾ ਕੀਤੀ ਕੇ ਹੇ ਵਾਹਿਗੁਰੂ ਵਕਤ ਦੀ ਹਕੂਮਤ ਨੇ ਸਿਖ ਧਰਮ ਤੇ ਜ਼ਾਲਮਾਨਾ ਔਰ ਕੈਹਰਾਨਾ ਹਮਲੇ ਕਰਕੇ ਆਪਣੇ ਅਤਿਆਚਾਰ, ਅਧਰਮ ਅਤੇ ਜ਼ੁਲਮਾਂ ਦਾ ਅਛੀ ਤਰਾਂ ਸਬੂਤ ਦਿੱਤਾ ਹੈ। ਹੇ ਵਾਹਿਗੁਰੂ ਆਪ ਕਿਰਪਾ ਕਰ ਆਪ ਜ਼ਾਲਮ ਰਾਜ ਦਾ ਛੇਤੀ ਤੋਂ ਛੇਤੀ ਖਾਤਮਾ ਕਰ।

2. ਏਹ ਦੀਵਾਨ ਸਰਬ ਸੰਮਤੀ ਨਾਲ ਪਾਸ ਕਰਦਾ ਹੈ ਕੇ ਜੋ ਨੌਕਰਸ਼ਾਹੀ ਆਰਜ਼ੀ ਹਕੂਮਤ ਸਿਖਾਂ ਦੀ ਪ੍ਰਤੀਨਿਧ ਸ਼੍ਰੋ: ਗੁ: ਪ੍ਰ: ਕੁਮੇਟੀ ਅਤੇ ਅਕਾਲੀ ਦਲ ਨੂੰ ਬਾਗੀ ਕਰਾਰ ਦੇ ਕੇ ਸਾਰੇ ਸਿਖ ਪੰਥ ਨੂੰ ਖੁੱਲਾ ਚੈਲੰਜ ਦਿਤਾ ਹੈ, ਉਸ ਨੂੰ ਮਨਜ਼ੂਰ ਕਰਦਾ ਹੋਇਆ ਐਲਾਨ ਕਰਦਾ ਹੈ ਕੇ ਜੋ ਕੁੱਛ ਭੀ ਧਰਮ ਦਾ ਕੰਮ ਉਪ੍ਰੋਕਤ ਕੁਮੇਟੀ ਅਤੇ ਅਕਾਲੀ ਦਲ ਕਰਦੇ ਰਹੇ ਹਨ, ਏਹ ਦੀਵਾਨ ਉਸ ਨਾਲ ਪੂਰੀ ਪੂਰੀ ਸੰਮਤੀ ਰਖਦਾ ਰਿਹਾ ਹੈ। ਹੁਣ ਰਖਦਾ ਹੈ ਔਰ ਰਖੇਗਾ।

3. ਏਹ ਦੀਵਾਨ ਗੁਰਦੁਆਰਾ ਗੰਗਸਰ ਜੈਤੋ ਦੇ ਅਖੰਡ ਪਾਠ ਰੋਕੇ ਜਾਨ ਦੀ ਨੌਕਰਸ਼ਾਹੀ ਦੀ ਕੁਮੀਨੀ ਹਰਕਤ ਤੇ ਅਤਯੰਤ ਘਿਰਣਾ ਪਰਗਟ ਕਰਦਾ ਹੋਇਆ ਸ਼੍ਰੋ: ਗੁ: ਪ੍ਰ: ਕੁਮੇਟੀ ਦੀ ਸੇਵਾ ਵਿਚ ਬੜੇ ਜ਼ੋਰ ਅਤੇ ਅਦਬ ਨਾਲ ਅਰਜ਼ ਕਰਦਾ ਹੈ ਕੇ ਜਬ ਤੱਕ ਮੁੜ ਅਖੰਡ ਪਾਠ ਆਰੰਭ ਨਾ ਕੀਤਾ ਜਾਵੇ, ਤਬ ਤੱਕ ਭਾਵੇਂ ਕਿਤਨੀ ਭੀ ਕੁਰਬਾਨੀ ਕਿਉਂ ਨਾ ਕਰਨੀ ਪਵੇ, ਇਸ ਮੋਰਚੇ ਨੂੰ ਢਿਲਾ ਨਾ ਹੋਣ ਦਿਤਾ ਜਾਵੇ।

4. ਏਹ ਦੀਵਾਨ ਸ਼੍ਰੋ: ਗੁ: ਪ੍ਰ: ਕੁਮੇਟੀ 'ਸਵਰਾਜ ਮੰਦਰ' ਜੇਲ ਗਏ ਸੇਵਕਾਂ ਦੀ ਅਦੁੱਤੀ ਕੁਰਬਾਨੀ ਦੀ ਸ਼ਲਾਘਾ ਕਰਦਾ ਹੋਇਆ ਉਹਨਾਂ ਨੂੰ ਵਧਾਈ ਦਿੰਦਾ ਹੈ।

5. ਏਹ ਦੀਵਾਨ ਆਮ ਹਿੰਦੂ, ਮੁਸਲਮਾਨਾਂ ਅਤੇ ਖਾਸ ਕਰ ਖਿਲਾਫਤ ਅਤੇ ਕਾਂਗਰਸ ਦਾ ਧਨਵਾਦ ਕਰਦਾ ਹੈ, ਜਿਨ੍ਹਾਂ ਨੇ ਸਾਡੀ ਮੁਸੀਬਤ ਵਿਚ ਸਹੈਤਾ ਕਰਨ ਦਾ ਭਰੋਸਾ ਦਿਤਾ ਹੈ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

10-2-1924 1. ਏਹ ਦੀਵਾਨ ਸਰਬ ਸੰਮਤੀ ਸੇ ਪਾਸ ਕਰਦਾ ਹੋਇਆ ਮਹਾਤਮਾ ਗਾਂਧੀ ਜੀ ਕੋ ਉਨ੍ਹਾਂ ਦੀ ਰਿਹਾਈ ਪਰ ਮੁਬਾਰਕਬਾਦ ਦੇਤਾ ਹੈ ਔਰ ਸਾਥ ਹੀ ਉਹਨਾਂ ਦੇ ਸਭ ਪ੍ਵਾਰ ਦੇ ਨਾਲ ਹਮਦਰਦੀ ਰੱਖਦਾ ਹੋਇਆ ਉਹਨਾਂ ਨੂੰ ਉਨ੍ਹਾਂ ਦੀ ਸ਼ਾਂਤਮਈ ਰੈਹਿਣੇ ਪਰ ਧਨਵਾਦ ਕਰਦਾ ਹੈ।

2. ਏਹ ਦੀਵਾਨ ਸਰਬ ਸੰਮਤੀ ਸੇ ਪਾਸ ਕਰਦਾ ਹੈ ਕਿ ਮਹਾਤਮਾਂ ਜੀ ਜੈਸੇ ਪੁਰਸ਼ੋਂ ਕੋ ਗਵਰੰਮਿੰਟ ਹਿੰਦ ਨੇ ਇਤਨੀ ਦੇਰ ਤੱਕ ਬੇਦੋਸ਼ ‘ਸਵਰਾਜ ਮੰਦਰ’ ਜੇਹਲ ਮੇਂ ਰੱਖਾ ਹੈ, ਉਸ ਪਰ ਅਤਯੰਤ ਘਿਰਨਾ ਪ੍ਰਗਟ ਕਰਦਾ ਹੋਇਆ ਹਕਾਰਤ ਕੀ ਨਜ਼ਰ ਸੇ ਦੇਖਦਾ ਹੈ, ਕਿਉਂਕੇ ਗਵਰਨਮਿੰਟ ਆਪਣੀ ਜੜ੍ਹੋਂ ਆਪ ਉਖੇੜ ਰਹੀ ਹੈ।

3. ਏਹ ਦੀਵਾਨ ਵਾਹਿਗੁਰੂ ਅਗੇ ਬੇਨਤੀ ਕਰਦਾ ਹੈ ਕੇ ਵਾਹਿਗੁਰੂ ਮਹਾਤਮਾਂ ਜੀ ਕੋ ਜਲਦੀ ਸੇਹਤ ਬਖਸ਼ੇ ਤਾਂ ਕਿ ਵੁਹ ਇਸ ਬੂਟੇ ‘ਸਵਰਾਜ’ ਕੋ ਫਲ ਲਗਾ ਦੇਵੇਂ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ ਜਗਤ ਸਿੰਘ**

2-3-1924 ਨੂੰ ਸਭ ਬਾਹਰ ਕੇ ਦੀਵਾਨੋਂ ਔਰ ਵੈਨਕੋਵਰ ਦੀਵਾਨ ਦੀ ਕੁਮੇਟੀ ਦਾ ਅਕੱਠ ਹੋਇਆ ਔਰ ਹੇਠ ਲਿਖੇ ਗੁਰਮਤੇ ਪਾਸ ਕਰਕੇ ਸੰਗਤ ਵਿਚ ਸੁਣਾਏ ਗਏ ਔਰ ਫਿਰ ਪਾਸ ਹੋ ਗਏ :

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੁਮੇਟੀ ਇਸ ਵਕਤ ਬੁਹਤ ਤਕਲੀਫ ਵਿਚ ਹੈ। ਇਸ ਵਾਸਤੇ ਪੰਜ ਹਜ਼ਾਰ $5000-00 ਡਾਲਰ ਭੇਜਾ ਜਾਵੇ।

2. ਜਬ ਤੱਕ ਮੁਲਕ ਔਰ ਸ਼੍ਰੋ: ਗੁ: ਪ੍: ਕੁਮੇਟੀ ਦਾ ਫੈਸਲਾ ਨਾ ਹੋ ਜਾਵੇ ਹਰ ਇਕ ਕੈਨੈਡਾ ਨਵਾਸੀ ਹਰ ਮਹੀਨੇ ਵਿਚ ਇਕ ਦਿਹਾੜੀ ਦੀ ਤਲਬ ਦੀਆ ਕਰੇ।

3. ਜੋ ਜਨਰਲ ਹਸਪਤਾਲ ਵੈਨਕੋਵਰ ਸੇ ਅਪੀਲ ਆਈ ਹੈ ਕਿ ਸਾਨੂੰ ਕੁੱਛ ਮਦਦ ਦੇਵੋ। ਸੋ 200-00 ਦੋ ਸੌ ਡਾਲਰ ਸੰਗਤ ਵਿਚ ਪਾਸ ਹੋ ਗਿਆ ਅਤੇ ਦਿੱਤਾ ਗਿਆ।

4. ਜੋ ਪੰਜ ਹਜ਼ਾਰ ਡਾਲਰ $5000-00 ਸ਼੍ਰੋ: ਗੁ: ਪ੍: ਕੁਮੇਟੀ ਨੂੰ ਪਾਣਾ ਹੈ, ਵੁਹ ਹਰ ਇਕ ਗੁਰਦੁਆਰੇ ਸੇ ਤਾਦਾਦ ਮੂਜਬ ਲੀਆ ਜਾਵੇ, ਜੈਸਾ ਕਿ

ਖਾਲਸਾ ਦੀਵਾਨ ਸੁਸਾਇਟੀ, ਫਰੇਜ਼ਰ ਮਿਲ	500-00
ਖਾਲਸਾ ਦੀਵਾਨ ਸੁਸਾਇਟੀ, ਵਿਕੋਟਰੀਆ	600-00
ਖਾਲਸਾ ਦੀਵਾਨ ਸੁਸਾਇਟੀ, ਡੰਕਣ	200-00
ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ	250-00
ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟ ਮਨਿਸਟਰ	150-00

ਔਰ ਬਾਕੀ ਖਾਲਸਾ ਦੀਵਾਨ ਵੈਨਕੋਵਰ ਦੇ ਫੰਡ ਸੇ ਪਾਇਆ ਜਾਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ ਜਗਤ ਸਿੰਘ**

[*ਨੋਟ :* ਇਸ ਤੋਂ ਅਗਲੀ ਕਾਰਰੁਵਾਈ ਰਿਕਾਰਡ ਬੁਕ ਨੰਬਰ ਦੋ ਪਰ ਲਿਖੀ ਗਈ ਹੈ। *—ਅਰਜਨ ਸਿੰਘ ‘ਚੰਦ’*]

1914-15 ਦੀ ਕੌਮੀ ਲਹਿਰ ਵਿਚ ਫਾਂਸੀ, ਉਮਰ ਕੈਦ ਅਤੇ ਘੱਟ ਸਜ਼ਾ ਕੱਟਣ ਵਾਲੇ ਦੇਸ਼ ਭਗਤਾਂ, ਜਿਨ੍ਹਾਂ ਨੂੰ ਲਾਹੌਰ ਦੀ ਅਦਾਲਤ ਵਿਚੋਂ ਸਜ਼ਾ ਮਿਲੀ ਸੀ, ਉਨ੍ਹਾਂ ਦੀ ਜ਼ਿਲੇਵਾਰ ਗਿਣਤੀ ਇਸ ਪ੍ਰਕਾਰ ਹੈ, ਜੋ ਕੇ ਲਿਸਟ ਵਿਚ ਆ ਚੁਕੇ ਹਨ।

—ਅਰਜਨ ਸਿੰਘ ਚੰਦ ਲੇਖਕ

ਲੁਧੇਆਣਾ	48	ਜਲੰਧਰ	5	ਪੂਨਾ	1	ਪਿੰਡਾਂ ਅਤੇ ਨਾਵਾਂ	
ਫੀਰੋਜ਼ਪੁਰ	16	ਹੁਸ਼ਿਆਰਪੁਰ	15	ਮੰਡੀ ਰਿਆਸਤ	7	ਦਾ ਪਤਾ ਨਹੀਂ	23
ਪਟਿਆਲਾ	8	ਕਪੂਰਥਲੇ	2	ਯੂ.ਪੀ.	4	ਜੇਹਲਮ	3
ਲਾਹੌਰ	28	ਅੰਬਾਲਾ	1	ਗੁਜਰਾਂਵਾਲਾ	2		26
ਅੰਮ੍ਰਿਤਸਰ	41	ਸ਼ਾਹਪੁਰ	1	ਚਵੀ ਪ੍ਰਗਨਾਂ	1		159
ਗੁਰਦਾਸਪੁਰ	18	ਸਿਆਲਕੋਟ	3	ਗੁਜਰਾਤ	1		27
	159		27		16		16
						ਕੁਲ	228

ਤਾਰੀਖ 24 ਨਵੰਬਰ 1912 ਨੂੰ ਸੁਰੈਣ ਸਿੰਘ ਪਿੰਡ ਮੁਹਿੰਮ ਨੇ ਗੁਰਦੁਆਰਾ ਵੈਨਕੋਵਰ ਵਿਚ ਅੰਮ੍ਰਿਤ ਛੱਕਿਆ। ਪਹਲੇ ਨਾਮ 'ਲੱਭੂ' ਤੋਂ ਦੂਸਰਾ ਨਾਮ 'ਸੁਰੈਣ ਸਿੰਘ' ਰੱਖਿਆ ਗਿਆ।

ਤਾਰੀਖ 4 ਫਰਵਰੀ 1962 ਨੂੰ ਪਾਖਰ ਸਿੰਘ ਮਾਨਾਂਵਲੀ ਸੁਰਗਵਾਸ ਗੁਰਦੁਆਰਾ ਵੈਨਕੋਵਰ ਦੇ ਹੇਠਲੇ ਹਾਲ ਵਿਚ ਸੁਰਗਵਾਸ ਹੋਆ। 10 ਫਰਵਰੀ 1962 ਨੂੰ ਸਸਕਾਰ ਕੀਤਾ।

16-4-1924 ਨੂੰ ਕੁਮੇਟੀ ਦਾ ਅਕੱਠ ਗੁਰਦੁਆਰਾ ਵੈਨਕੋਵਰ ਦੇ ਦਫਤਰ ਵਿਚ ਸ਼ਾਮ ਦੇ ਸਾਢੇ ਸਤ ਬਜੇ ਹੋਇਆ। ਹੇਠ ਲਿਖਾ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ :

ਗੁਰਬਚਨ ਸਿੰਘ ਪੁਆਦੜੇ ਵਾਲਾ ਜੋ ਕੁਰਾਟੀਨ ਵਿਚ ਬੰਦ ਹੈ, ਕਿਉਂਕੇ ਵੁਹ ਅਮ੍ਰੀਕਾ ਸੇ ਆਇਆ ਹੋਇਆ ਹੈ ਔਰ ਤੀਨ ਚਾਰ ਦਫਾ ਅਗੇ ਭੀ ਉਸ ਦੀ ਜਮਾਨਤ ਹੋ ਚੁਕੀ ਹੈ ਔਰ ਫਿਰ ਭੀ ਵਕੀਲ ਸੇ ਪੂਛਾ ਜਾਵੇ, ਜਿਸ ਤਰਾਂ ਵਕੀਲ ਕਹੇ ਤੋਂ ਫਿਰ ਵੁਹ ਐਤਵਾਰ ਨੂੰ ਸੰਗਤ ਵਿਚ ਸੁਨਾਇਆ ਜਾਵੇ ਔਰ ਵਕੀਲ ਸੇ ਦਰਿਆਫਤ ਕਰਕੇ ਵੁਹ ਗੁਰਮਤਾ 20-4-1924 ਐਤਵਾਰ ਨੂੰ ਮਿਲ ਸਾਇਡ ਸੰਗਤ ਵਿਚ ਸੁਨਾਇਆ ਗਿਆ ਔਰ ਸੰਗਤ ਵਿਚ ਭੀ ਸਰਬ ਸੰਮਤੀ ਸੇ ਪਾਸ ਹੋਇਆ ਕਿ ਉਸ ਦੀ ਜਮਾਨਤ ਕਰਾਈ ਜਾਵੇ ਔਰ ਵੁਹ ਆਪਣਾ ਪੈਸਾ ਉਗਰਾਹ ਲਵੇ ਔਰ ਫਿਰ ਉਸ ਦੀ ਜਮਾਨਤ ਬਾਬਤ $500-00 ਵਕੀਲ ਨੂੰ ਦੇ ਦਿੱਤਾ। ਉਸ ਦੀ ਇਕ ਹਜ਼ਾਰ ਦੀ ਜਮਾਨਤ ਹੋਣੀ ਹੈ ਔਰ $500-00 ਦੀ ਕਰਤਾਰ ਸਿੰਘ ਵਲੋਂ ਅਗੇ ਜਮਾਨਤ ਸੀ ਔਰ ਉਸ ਨੂੰ $500-00 ਦਿਤਾ ਜਾਵੇਗਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ ਜਗਤ ਸਿੰਘ**

12-4-1924 ਨੂੰ ਖਾਲਸਾ ਦੀਵਾਨ ਵਿਕਟੋਰੀਆ ਭਰੇ ਦੀਵਾਨ ਵਿਚ ਇਕ ਸ਼ਹੀਦੀ ਜਥਾ **ਜੈਤੋ** ਦੇ ਖੰਡਨ ਪਾਠ ਨੂੰ ਮੁੜ ਅਖੰਡ ਪਾਠ ਕਰਨ ਵਾਸਤੇ ਤਿਆਰ ਹੋਇਆ,

ਜੋ ਨੌਕਰਸ਼ਾਹੀ ਦੇ ਨਾਭੇ ਦੇ ਨਿਮਕ ਹਰਾਮ ਅਫਸਰਾਂ ਨੇ 1923 ਨੂੰ ਗੁਰੂ ਗਰੰਥ ਸਾਹਿਬ ਦਾ ਪਾਠ ਖੰਡਨ ਕੀਤਾ ਸੀ। ਇਸ ਜਥੇ ਵਿਚ ਏਹ ਸਜਣ ਜਾਣ ਨੂੰ ਤਿਆਰ ਹੋਏ ਹਨ : (1) ਭਗਵਾਨ ਸਿੰਘ ਪ੍ਰੈਜ਼ੀਡੰਟ ਦੁਸਾਂਝ ਕਲਾਂ, (2) ਉਜਾਗਰ ਸਿੰਘ ਗੁੱਦੇ, (3) ਤਰਲੋਚਨ ਸਿੰਘ ਜੰਡਿਆਲਾ, (4) ਵਰਿਆਮ ਸਿੰਘ ਸਮਰਾ, (5) ਹਰਭਜਨ ਸਿੰਘ ਸਮਰਾ, (6) ਹਰਨਾਮ ਸਿੰਘ ਚੌਪਦਾਰ ਖਿਆਲਾ, (7) ਸਾਉਣ ਸਿੰਘ ਮਸੂਰਦੇਵਾ।

ਪ੍ਰੈਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

26/27-4-1924 ਪ੍ਰਬੰਧਕ ਕਮੇਟੀ ਦਾ ਅਕੱਠ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਦਫਤਰ ਵਿਚ ਹੋਇਆ। ਜੋ ਜੱਥਾ 12-4-1924 ਨੂੰ ਤਿਆਰ ਹੋਇਆ ਸੀ, ਉਸ ਦੇ ਤੋਰਨ ਵਾਸਤੇ ਵਿਚਾਰ ਹੋਈ। ਕੁਮੇਟੀ ਨੇ ਫੈਸਲਾ ਕੀਤਾ ਹੈ ਕਿ ਜਿਤਨੀ ਜਲਦੀ ਹੋ ਸਕੇ ਸ਼ਹੀਦੀ ਜੱਥੇ ਨੂੰ ਤੋਰ ਦਿਤਾ ਜਾਵੇ ਔਰ ਹੁਣ ਹੀ ਸ਼੍ਰੋ: ਗੁ: ਪ੍ਰ: ਕੁਮੇਟੀ ਨੂੰ ਖਤ ਦੁਆਰਾ ਪਤਾ ਦਿਤਾ ਜਾਵੇ ਔਰ ਅਖਬਾਰਾਂ ਵਿਚ ਪਰਕਾਸ਼ਤ ਕਰ ਦੇਣ ਕੇ ਕੈਨੇਡਾ ਸੇ ਸ਼ਹੀਦੀ ਜੱਥਾ ਜਲਦੀ ਹੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੂਹਰੇ ਹਾਜ਼ਰ ਹੋ ਜਾਵੇਗਾ ਔਰ ਸੰਗਤ ਵਿਚ ਭੀ ਪ੍ਰਵਾਨ ਹੋ ਗਿਆ ਹੈ।

ਪ੍ਰੈਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

4-5-1924 ਨੂੰ ਪਾਸ ਹੋਇਆ ਕੇ ਜੋ ਸ਼ਹੀਦੀ ਜੱਥਾ ਇਸ ਜਗਾ ਸੇ ਜੈਤੋ ਜਾਣ ਵਾਸਤੇ ਤਿਆਰ ਹੋਇਆ ਹੈ, ਸਭ ਸ਼ਹੀਦੀ ਵਾਲੇ ਜੱਥੇ ਨੂੰ ਚਿਠੀਆਂ ਪਾਈਆਂ ਜਾਣ ਕਿ ਵਹ ਜਬ ਤੱਕ ਨਾ ਤੁਰਨ ਆਪਣੀ ਕਮਾਈ ਸਭ ਖਾਲਸਾ ਦੀਵਾਨ ਸੁਸਾਇਟੀ ਨੂੰ ਭੇਜੀ ਜਾਣ ਔਰ ਉਹਨਾਂ ਦਾ ਖਾਣੇ ਦਾ ਖਰਚ ਸੁਸਾਇਟੀ ਦੇਵੇਗੀ।

ਪ੍ਰੈਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

27-5-1924 ਅਜ ਦਲੇਲ ਸਿੰਘ (ਸੰਧਵਾਂ) ਨੂੰ ਸਵਾ ਪੱਚੀ ਡਾਲਰ $25-25 ਜਰਵਾਨਾ ਕੀਤਾ, ਕਿਉਂਕੇ ਉਸ ਨੇ ਡੇਵਡ ਸਪੈਂਸਰ ਅਸਟੋਰ ਸੇ ਬਾਦਾਮ ਚੁਕੇ ਸਨ।

ਪ੍ਰੈਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

1-6-1924 ਨੂੰ 11 ਬਜੇ ਦਿਨ ਦੇ ਸਭ ਕੁਮੇਟੀਉਂ ਕਾ ਅਕੱਠ ਹੋਇਆ। ਔਰ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋ ਕਰ ਸੰਗਤ ਵਿਚ ਸੁਨਾਏ ਗਏ। ਫਿਰ ਸੰਗਤ ਵਿਚ ਸਰਬ ਸੰਮਤੀ ਨਾਲ ਪਾਸ ਹੋਏ :

1. ਜੋ ਜੱਥੇ ਦੇ ਤੋਰਨ ਬਾਬਤ ਤਾਰੀਖ ਮੁਕੱਰਰ ਕਰਨੀ ਸੀ, ਸੋ ਪਾਸਪੋਰਟ ਆਨੇ ਪਰ ਕੀਤੀ ਜਾਵੇਗੀ।
2. ਜੱਥਾ ਪੈਹਲੇ ਵੈਨਕੋਵਰ ਸੇ ਤੁਰੇਗਾ। ਪੈਹਿਲਾ ਪੜਾਉ ਵਿਕੋਟਰੀਆ ਵਿਚ ਕਰੇਗਾ, ਕਿਉਂਕੇ ਉਸ ਜਗਾ ਭੀ ਗੁਰੂ ਗਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਜਥੇ ਦੇ ਨੁਮਿਤ ਪਾਇਆ ਜਾਵੇਗਾ ਔਰ ਵੈਨਕੋਵਰ ਭੀ ਅਖੰਡ ਪਾਠ ਦਾ ਭੋਗ ਪਵੇਗਾ। ਸਾਢੇ ਦਸ ਬਜੇ $10\frac{1}{2}$ ਦਿਨ ਦੇ ਵੈਨਕੋਵਰ ਸੇ ਤੁਰੇਗਾ ਔਰ ਧੂਮ ਧਾਮ ਦੇ ਨਾਲ ਤੋਰਿਆ ਜਾਵੇਗਾ।
3. ਕਿ ਜੋ ਉਗਰਾਹੀ ਸ਼੍ਰੋ: ਗੁ: ਪ੍ਰ: ਕੁਮੇਟੀ ਦੇ ਨੁਮਿਤ 2 ਮਾਰਚ 1924 ਨੂੰ ਪਾਸ ਹੋਈ ਸੀ, ਉਸ ਪਰ ਸਭ ਦੀ ਵਿਚਾਰ ਹੋਈ। ਸੋ ਖਾਲਸਾ ਦੀਵਾਨੋਂ ਕੇ ਪ੍ਰਬੰਧਕੋਂ

ਨੇ ਅਪਨੇ 2 ਅਲਾਕੇ ਦੀ ਉਗਰਾਹੀ ਕਰਨੀ ਮੰਨਜੂਰ ਕੀਤੀ ਹੈ ਔਰ ਵੁਹ ਮਾਇਆ ਉਸੀ ਜਗਾ ਰਜਿਸਟਰ ਹੋਵੇਗੀ, ਜੋ ਦੀਵਾਨੋਂ ਨੇ ਉਗਰਾਹੀ ਅਪਨੇ ਅਲਾਕੇ ਦੀ ਕੀਤੀ ਹੈ ਔਰ ਜਬ ਡਾਲਰ ਪਾਨੇ ਕੁਮੇਟੀਆਂ ਮੰਨਜ਼ੂਰ ਕਰਨ ਤੋ ਵੁਹ ਮਾਇਆ ਜਾਂ ਮਾਇਆ ਫੰਡ ਸੇ ਵੈਨਕੋਵਰ ਤੋਂ ਭੇਜੀ ਜਾਵੇਗੀ। ਸਰਬ ਸੰਮਤੀ ਸੇ ਪਾਸ ਹੋਇਆ। ਸੰਗਤ ਵਿਚ ਭੀ ਸਭ ਗੁਰਮਤੇ ਸੁਣਾਏ ਗਏ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

15-6-1924 ਨੂੰ ਭਰੇ ਦੀਵਾਨ ਦੇ ਵਿਚ ਜੋ ਕਿ ਸ਼ਹੀਦੀ ਜੱਥਾ ਜੈਤੋ ਦੇ ਖੰਡਨ ਹੋਏ ਅਖੰਡ ਪਾਠ ਨੂੰ ਰਖਣ ਵਾਸਤੇ ਤਿਆਰ ਹੋਇਆ ਹੂਆ ਹੈ, ਉਸ ਦੇ ਨਾਲ ਭਾਈ ਮੱਛਰ ਸਿੰਘ 'ਚੋਹਲਾ' ਤੇ ਕਾਬਲ ਸਿੰਘ (ਲਿਤਰ) ਨੇ ਭੀ ਅਪਨੇ ਸੀਸ ਗੁਰੂ ਦੇ ਅਰਪਨ ਕੀਤੇ ਹਨ ਤੇ ਸ਼ਹੀਦੀ ਜੱਥੇ ਦੇ ਨਾਲ ਸ਼ਾਮਲ ਹੋਏ ਹਨ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

17-6-1924 ਨੂੰ ਕੁਮੇਟੀ ਦੀ ਮੀਟੰਗ ਹੋਈ ਜੋ ਕਿ ਸ਼ਹੀਦੀ ਜੱਥਾ ਜੈਤੋ ਵਾਸਤੇ ਜਾਨਾ ਹੈ ਔਰ ਫਿਰ 15-6-1924 ਨੂੰ ਭਰੇ ਦੀਵਾਨ ਵਿਚ ਸੁਣਾਇਆ ਗਿਆ ਸੀ ਕਿ ਸੰਗਤ ਵਿਚੋਂ ਹੋਰ ਆਦਮੀ ਚੁਣੇ ਜਾਣ ਜੋ ਕਿ ਅਮ੍ਰੀਕਾ ਵਾਲੇ ਤੇ ਕੈਨੇਡਾ ਵਾਲੇ ਸ਼ਹੀਦੀ ਜੱਥੇ ਦਾ ਤੋਰਨ ਦਾ ਅਕੱਠਾ ਯਾਨੀ ਇਕ ਜਗਾ ਸੇ ਪ੍ਰਬੰਧ ਕਰਨ ਮਗਰ ਸੰਗਤ ਨੇ ਕੁਮੇਟੀ ਕੋ ਹੀ ਹੁਕਮ ਦੇ ਦੀਆ ਕਿ ਕੁਮੇਟੀ ਆਪ ਚੁਣ ਲਵੇ। ਫਿਰ ਕੁਮੇਟੀ ਨੇ 17-6-1924 ਨੂੰ ਜਗਤ ਸਿੰਘ, ਨਾਹਰ ਸਿੰਘ ਸਟੂਡੰਟ ਅਤੇ ਸਮੁੰਦ ਸਿੰਘ ਕੇ ਸਪੁਰਦ ਏਹ ਕਾਮ ਕਰ ਦਿਤਾ ਔਰ ਜੋ ਕੁੱਛ ਏਹਨਾਂ ਨੂੰ ਸ਼ਹੀਦੀ ਜੱਥਾ ਤੋਰਨ ਵਾਸਤੇ ਲੋੜ ਹੋਵੇ, ਬਣਾ ਲਵੇ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

29-6-1924 ਜੋ ਸ਼ਹੀਦੀ ਜੱਥਾ ਤਿਆਰ ਹੋਇਆ ਹੈ ਔਰ ਅਮ੍ਰੀਕਾ ਵਾਲੇ ਜੱਥੇ ਦਾ ਤੇ ਕੈਨੇਡਾ ਵਾਲੇ ਜੱਥੇ ਅਕੱਠਾ ਜਾਣਾ ਸੀ, ਸੋ ਸਟਾਕਟਨ ਸੇ ਤਾਰ ਆਈ ਹੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੁਮੇਟੀ ਦੀ ਆਗਿਆ ਲਏ ਬਗੈਰ ਨਹੀਂ ਤੋਰਨਾ ਔਰ ਕੈਨੇਡਾ ਦੀ ਸੰਗਤ ਨੇ (17 ਜੁਲਾਈ 1924) ਵਾਲੇ ਜਹਾਜ਼ ਪਰ ਕੈਨੇਡਾ ਵਾਲਾ ਜੱਥਾ ਤੋਰਨਾ ਪ੍ਰਵਾਨ ਕੀਤਾ ਹੈ ਔਰ 11 ਜੁਲਾਈ ਨੂੰ ਅਖੰਡ ਪਾਠ ਸ਼ੁਰੂ ਕੀਤਾ ਜਾਵੇਗਾ ਔਰ 13 ਜੁਲਾਈ ਨੂੰ ਭੋਗ ਪਵੇਗਾ ਤੇ ਫਿਰ ਜੱਥਾ ਵਿਕਟੋਰੀਏ ਨੂੰ ਜਾਵੇਗਾ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

29-6-1924 ਨੂੰ ਭਰੇ ਦੀਵਾਨ ਵਿਚ ਭਾਈ ਸੰਤਾ ਸਿੰਘ 'ਜਵੰਧੇ' ਜੀ ਨੇ ਸ਼ਹੀਦੀ ਜੱਥੇ ਦੇ ਨਾਲ ਜਾਣ ਦੀ ਅਰਜ਼ ਕੀਤੀ। ਸੋ ਸੰਗਤ ਨੇ ਮੰਨਜ਼ੂਰ ਕੀਤੀ ਔਰ ਸੰਤਾ ਸਿੰਘ ਭੀ ਸ਼ਹੀਦੀ ਜਥੇ ਦੇ ਨਾਲ ਤਿਆਰ ਹੋਇਆ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

8-7-1924 ਨੂੰ ਕੁਮੇਟੀ ਦੇ ਦਫਤਰ ਵਿਚ ਕੁਮੇਟੀ ਦਾ ਅਕੱਠ 8 ਬਜੇ ਸ਼ਾਮ ਨੂੰ ਹੋਇਆ, ਜਿਸ ਵਿਚ ਪਾਸ ਹੋਇਆ ਕਿ ਸ਼ਹੀਦੀ ਜੱਥੇ ਵਾਸਤੇ ਚੋਲੇ ਤੇ ਜਰਾਬਾਂ ਅਤੇ ਕਮਰਕਸੇ ਬਣਾਏ ਜਾਣ।

ਪ੍ਰੇਜ਼ੀਡੰਟ ਭਗਵਾਨ ਸਿੰਘ **ਸਕੱਤ੍ਰ ਜਗਤ ਸਿੰਘ**

13-7-1924 ਨੂੰ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਸੇ ਪਾਸ ਹੋਏ :

1. ਸੰਗਤ ਨੇ ਪ੍ਰਵਾਨ ਕੀਤਾ ਕਿ ਸ਼ਹੀਦੀ ਜੱਥੇ ਦਾ ਨਾਲ ਕਰੀਬਨ 4000-00 ਚਾਰ ਹਜ਼ਾਰ ਰੁਪਏ ਭੇਜੇ ਜਾਣ। ਸੋ 14 ਜੁਲਾਈ ਨੂੰ ਭੇਜੇ ਗਏ ਔਰ ਡਰਾਫਟ ਅਕਾਲ ਤਖਤ ਦੇ ਜਥੇਦਾਰ ਦੇ ਨਾਮ ਬਣਾਇਆ।
2. ਔਰ ਸੰਗਤ ਵਿਚ ਏਹ ਭੀ ਪਾਸ ਹੋਇਆ ਕਿ ਜੱਥੇ ਦੇ ਖਰਚਨ ਵਾਸਤੇ ਮਾਇਆ ਭੇਜੀ ਜਾਵੇ ਔਰ ਵੁਹ ਮਾਇਆ ਭੀ 700-00 ਸੱਤ ਸੌ ਡਾਲਰ ਭੇਜਾ ਗਿਆ ਹੈ।
3. ਔਰ ਪੈਹਿਲੇ ਟਿਕਟ ਜੱਥੇ ਵਾਸਤੇ ਸਟੀਰਜ ਦੇ ਖਰੀਦੇ ਹੋਏ ਸਨ, ਮਗਰ ਸੰਗਤ ਵਿਚ ਸੈਕਿੰਡ ਕਲਾਸ ਦੇ ਖਰੀਦਨੇ ਪਾਸ ਹੋ ਗਏ। ਸੋ ਸੈਕਿੰਡ ਕਲਾਸ ਦੇ ਟਿਕਟ ਦੀਵਾਨ ਨੇ ਖਰੀਦੇ ਹਨ।
4. ਸਾਰੇ ਜੱਥੇ ਨੂੰ ਮਾਨ ਪੱਤ੍ਰ ਦਿਤਾ ਜਾਵੇ, ਵੁਹ ਭੀ ਦੀਆ ਗਿਆ ਹੈ।
5. ਕੁਮੇਟੀ ਨੇ ਬਹੁ ਸੰਮਤੀ ਨਾਲ ਪਾਸ ਕੀਤਾ ਸੀ ਕਿ ਭਾਈ ਭਗਵਾਨ ਸਿੰਘ ਦੁਸਾਂਝ ਕਲਾਂ ਵਾਲੇ ਨੂੰ ਮਾਨ ਪੱਤ੍ਰ ਨਾ ਦਿਤਾ ਜਾਵੇ, ਕਿਉਂਕੇ ਕਿਸੀ ਸੇਵਕ ਕੋ ਅਗੇ ਭੀ ਨਹੀ ਦੀਆ ਗਿਆ। ਮਗਰ ਸੰਗਤ ਨੇ ਮਾਨ ਪੱਤ੍ਰ ਦੇਣਾ ਪ੍ਰਵਾਨ ਕਰ ਲਿਆ ਔਰ ਮਾਨ ਪੱਤ੍ਰ ਦਿਤਾ ਗਿਆ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

[ਜ਼ਰੂਰੀ ਨੋਟ]

ਸ਼ਹੀਦੀ ਜੱਥੇ ਦੀ ਰਵਾਨਗੀ ਸਮੇ ਜੋ ਇਸ਼ਤਿਹਾਰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਵੱਲੋਂ ਕਢਿਆ ਗਿਆ ਸੀ ਉਸ ਦੀ ਹੂ-ਬਹੂ ਨਕਲ ਦਰਜ਼ ਕੀਤੀ ਜਾਂਦੀ ਹੈ। 28 ਮਾਰਚ 1960 ਨੂੰ ਨਕਲ ਕੀਤੀ ਗਈ ਹੈ।

—ਲੇਖਕ ਅਰਜਨ ਸਿੰਘ ਚੰਦ

ੴ ਸਤਿਗੁਰ ਪ੍ਰਸਾਦਿ

*ਵੈਨਕੋਵਰ ਬੀ.ਸੀ. ਸੇ 'ਸ਼ਹੀਦੀ ਜਥੇ' ਦੀ ਰਵਾਨਗੀ

13 ਜੁਲਾਈ 1924 ਨੂੰ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ 11 ਬਜੇ ਐਤਵਾਰ ਨੂੰ 'ਸ਼ਹੀਦੀ ਜਥੇ' ਦੇ ਨੁਮਿਤ ਪਾਇਆ ਗਿਆ ਔਰ ਸੰਗਤਾਂ ਭੀ ਕਾਫੀ ਤਾਦਾਦ ਵਿਚ ਸਨ, ਕਿਉਂਕੇ 'ਸ਼ਹੀਦੀ ਜਥੇ' ਦੇ ਤੁਰਨ ਦੀ ਖਬਰ ਆਮ ਕੈਨੇਡਾ ਨੁਵਾਸੀ ਵੀਰਾਂ ਨੂੰ ਪੈਹਿਲੇ ਪੁਚਾਈ ਗਈ ਸੀ ਔਰ ਭੋਗ ਤੋਂ ਬ੍ਰਾਦ ਸ਼ਬਦ ਕੀਰਤਨ ਹੋਇਆ ਔਰ ਸ਼ਬਦ ਕੀਰਤਨ ਦੇ ਬ੍ਰਾਦ ਫਿਰ ਜੋਸ਼ਦਾਰ ਲੈਕਚਰ ਹੋਏ, ਜਿਸ ਵਿਚ 'ਜੈਤੋ' ਦੇ ਖੰਡਨ ਹੋਏ ਅਖੰਡ ਪਾਠ ਦੀ ਬਾਬਤ ਤੇ ਨੌਕਰਸ਼ਾਹੀ ਅਤਿਯਾਚਾਰ ਦੱਸੇ ਗਏ ਔਰ 'ਸ਼ਹੀਦੀ ਜੱਥਾ' ਕਾਲੇ ਚੋਲੇ ਤੇ ਦਸਤਾਰੇ ਸਜਾਏ ਹੋਏ ਬੈਠਾ ਸੀ ਔਰ ਫਿਰ ਲੈਕਚਰੋਂ ਕੇ ਬ੍ਰਾਦ 5 ਪੰਜ ਬਜੇ ਸ਼ਾਮ ਦੇ ਸੰਗਤ ਸਮੇਤ 'ਸ਼ਹੀਦੀ ਜੱਥੇ' ਦੀ ਫੋਟੋ ਲਈ ਗਈ ਔਰ ਇਕ

---

* ਸ਼ਹੀਦੀ ਜੱਥਾ—ਇਹ ਕੈਨੇਡਾ ਦੇ ਇਤਿਹਾਸ ਵਿਚ ਮਹੱਤਵਪੂਰਨ ਕਦਮ ਸੀ, ਜਦੋਂ ਕੈਨੇਡਾ ਦੇ ਸਿੱਖਾਂ ਵੱਲੋਂ ਜੈਤੋ ਦੇ ਮੋਰਚੇ ਲਈ ਸ਼ਹੀਦੀ ਜੱਥਾ ਭੇਜਿਆ ਗਿਆ, ਜੋ ਵੈਕਟੋਰੀਆ, ਬੀ.ਸੀ. ਦੀ ਬੰਦਰਗਾਹ ਤੋਂ 17 ਜੁਲਾਈ, 1924 ਨੂੰ ਭਾਰਤ ਲਈ ਵਿਦਾ ਹੋਇਆ। ਜਿਥੇ ਖ਼ਾਲਸਾ ਪੰਥ ਵਿਚ ਗੁਰ-ਅਸਥਾਨਾਂ ਲਈ ਅਥਾਹ ਸ਼ਰਧਾ ਤੇ ਮਨੁੱਖੀ ਅਧਿਕਾਰਾਂ ਖ਼ਾਤਰ ਕੁਰਬਾਨ ਹੋ ਜਾਣਾ ਸ਼ੁੱਭ ਕਰਮਨ ਸਮਝਿਆ ਜਾਂਦਾ ਸੀ, ਉਥੇ ਪੰਥਕ ਨੇਤਾ ਵੀ ਕੌਮੀ ਹਿਤਾਂ ਨੂੰ ਪਹਿਲ ਦਿੰਦੇ ਸਨ। *—ਸੰਪਾਦਕ*

ਫੋਟੋ ਸ਼ਹੀਦੀ ਜਥੇ ਦੀ ਅਕੇਲੀ ਲਈ ਗਈ। ਫਿਰ ਸ਼ਾਮ ਦਾ ਲੰਗਰ ਛੱਕ ਕਰ ਦੀਵਾਨ ਸਜ ਗਿਆ ਔਰ ਫਿਰ ਭੀ ਉਸੀ ਤਰਾਂ ਜੋਸ਼ਦਾਰ ਲੈਕਚਰ ਹੋਏ ਔਰ ਫਿਰ 9 ਨੌਂ ਬਜੇ ਸ਼ਾਮ ਨੂੰ ਸ਼ਹੀਦੀ ਜਥਾ ਤੇ ਸੰਗਤ ਮੋਟਰੋਂ ਪਰ ਸਵਾਰ ਹੋ ਕਰ ਜਹਾਜ਼ ਦੇ ਘਾਟ ਦੀ ਤਰਫ ਰਵਾਨਾ ਹੋਏ ਔਰ ਰਸਤੇ ਵਿਚ ਭਾਈ ਤਾਰਾ ਸਿੰਘ ਨੇ 'ਸ਼ਹੀਦੀ ਜਥੇ' ਦੀ ਸੇਵਾ ਦੁੱਧ ਨਾਲ ਕੀਤੀ ਔਰ ਉਸ ਸੇ ਬ੍ਰਾਦ ਫਿਰ 'ਸ਼ਹੀਦੀ ਜਥਾ' ਜਹਾਜ਼ ਦੇ ਘਾਟ ਪਰ ਪੁੱਜਾ ਔਰ ਘਾਟ ਪਰ ਮੁਸਲਮਾਨ ਮੀਆਂ ਸਬਦੁਲਾ ਖਾਂ ਫੁਲ ਲੀਏ ਜਥੇ ਦੀ ਸਵਾਗਤ ਵਾਸਤੇ ਪੈਹਿਲੇ ਹੀ ਖੜਾ ਸੀ, ਜਿਸ ਨੇ ਬੜੇ ਪ੍ਰੇਮ ਦੇ ਨਾਲ ਜਥੇ ਦੀ ਸੁਵਾਗਤ ਫੁਲਾਂ ਦੇ ਨਾਲ ਕੀਤੀ ਔਰ ਕਈ ਗੋਰੇ ਲੋਗ ਜੋ ਕਿ ਇਸ ਅਤਿਯਾਚਾਰ ਨੂੰ ਜਾਨਦੇ ਸਨ ਤੇ ਹਮਦਰਦੀ ਰਖਦੇ ਸਨ, ਫੁਲ ਹਾਥੋਂ ਵਿਚ ਲੀਏ ਹੂਏ ਘਾਟ ਪਰ ਹਾਜ਼ਰ ਸਨ ਔਰ ਉਸ ਵਕਤ ਗੋਰੇ ਨੇ ਸ਼ਹੀਦੀ ਜਥੇ ਦੀ ਤਸਵੀਰ ਲੀ ਔਰ ਫਿਰ ਜੈਕਾਰੇ ਗਜਾ ਕਰ ਜਥਾ ਔਰ ਕਈ ਸੰਗਤਾਂ ਜਹਾਜ਼ ਪਰ ਸਵਾਰ ਹੋ ਗਈਆਂ ਔਰ 11 ਬਜ ਕਰ 45 ਮਿੰਟ ਪਰ ਜਹਾਜ਼ ਤੁਰ ਪਿਆ ਔਰ ਫਿਰ 14 ਜੁਲਾਈ ਨੂੰ 7 ਬਜੇ ਸਵੇਰ ਨੂੰ ਵਿਕਟੋਰੀਏ ਪੁੱਜਾ ਔਰ ਉਸ ਜਗਾ ਭੀ ਜੱਥੇ ਦੀ ਸੁਵਾਗਤ ਬੜੀ ਧੂਮਧਾਮ ਨਾਲ ਕੀਤੀ ਗਈ ਔਰ ਇਸ ਜਗਾ ਜੱਥਾ ਤੀਨ ਦਿਨ ਅਟਕਨਾ ਸੀ, ਕਿਉਂਕੇ ਇਸ਼ ਜਗਾ ਭੀ ਗੁਰੂ ਗਰੰਥ ਸਾਹਿਬ ਜੀ ਦਾ ਅਖੰਡ ਪਾਠ ਜਥੇ ਦੇ ਨੁਮਿਤ ਹੋਣਾ ਸੀ ਔਰ ਜਿਸ ਦਾ ਭੋਗ 17 ਜੁਲਾਈ 1924 ਨੂੰ 10 ਬਜੇ ਪਾਇਆ ਗਿਆ ਔਰ ਫਿਰ ਇਸ ਜਗਾ ਭੀ ਜੋਸ਼ਦਾਰ ਲੈਕਚਰ ਹੋਏ ਔਰ ਫਿਰ 4 ਬਜੇ ਸ਼ਾਮ ਦੇ ਸ਼ਹੀਦੀ ਜਥੇ ਦੀ ਤਸਵੀਰ ਲਈ ਗਈ ਔਰ ਫਿਰ ਲੰਗਰ ਛੱਕ ਕਰ ਔਰ ਮੋਟਰੋਂ ਪਰ ਸਵਾਰ ਹੋ ਕਰ ਸੰਗਤੋਂ ਸਮੇਤ ਘਾਟ ਪਰ ਪੁਜੇ ਔਰ ਫਿਰ ਘਾਟ ਪਰ ਸਬਦ ਕੀਰਤਨ ਹੋਤਾ ਰਹਾ ਔਰ ਕਈ ਗੋਰੇ ਲੋਗ ਭੀ ਬੁਹਤ ਜਮਾਂ ਸਨ ਔਰ ਫਿਰ 'ਸ਼ਹੀਦੀ ਜੱਥਾ' ਜੈਕਾਰੇ ਗਜਾ ਕਰ ਜਹਾਜ਼ ਪਰ ਸਵਾਰ ਹੋ ਗਿਆ ਔਰ 8 ਬਜੇ ਸ਼ਾਮ ਦੇ ਜਹਾਜ਼ ਨੇ ਮੁਲਕ ਨੂੰ ਵਹੀਰਾਂ ਪਾ ਦਿੱਤੀਆਂ ਔਰ ਇਸ ਸੇ ਬ੍ਰਾਦ ਸੰਘਈ ਉਤਰੇਗਾ।

ਖਾਲਸਾ ਦੀਵਾਨ ਸੁਸਇਟੀ, ਵੈਨਕੋਵਰ, ਬੀ.ਸੀ.

ਦਾਸ ਜਗਤ ਸਿੰਘ ਸਕੱਤ੍

'ਸ਼ਹੀਦੀ ਜੱਥੇ' ਦੀ ਰਵਾਨਗੀ ਦੇ ਵਕਤ ਜੋ 'ਹੁਕਮਨਾਮਾ' ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਵਲੋਂ ਜਥੇ ਪ੍ਰਤੀ ਕੀਤਾ ਗਿਆ, ਉਸ ਦੀ ਹੂ-ਬਹੂ ਨਕਲ ਦਰਜ ਕੀਤੀ ਜਾਂਦੀ ਹੈ। 29 ਮਾਰਚ 1960 ਨੂੰ ਨਕਲ ਕੀਤੀ ਗਈ।

—ਲੇਖਕ ਅਰਜਨ ਸਿੰਘ ਚੰਦ

13 ਜੁਲਾਈ 1924
ਵੈਨਕੋਵਰ ਬੀ.ਸੀ. ਕੈਨੇਡਾ

ੴ ਸਤਿਗੁਰ ਪ੍ਰਸਾਦਿ

"ਹੁਕਮਨਾਮਾ"

(ਗੁਰਵਾਕ) ਧਰ ਪਈਐ ਧਰਮ ਨਾ ਛੋਡੀਏ

ਐ ਪਿਆਰੇ ਕੈਨੇਡਾ ਦੇ ਜ਼ਿੰਦਾ ਸ਼ਹੀਦੀ ਵੀਰੋ ਆਜ ਆਪ ਦੀ ਪ੍ਰੀਖਿਆ ਦਾ ਸਮਾਂ ਹੈ, ਕਿਉਂਕੇ ਗੁਰੂ ਕਲਗੀਆਂ ਵਾਲਾ ਆਪਦਾ ਇਮਤਿਹਾਨ ਲੈਣ ਲੱਗਾ ਹੈ ਔਰ ਅੱਗੇ

ਕਈ ਵਾਰ ਲੈ ਚੁੱਕਾ ਹੈ ਔਰ ਜਿਸ ਤਰਾਂ ਆਪ ਪੈਹਿਲੇ ਇਮਤਿਹਾਨੋਂ ਵਿਚ ਪੂਰੇ ਉਤਰਦੇ ਰਹੇ ਹੋ, ਸੋ ਇਸ ਇਮਤਿਹਾਨ ਵਿਚ ਭੀ ਪੂਰੇ ਉਤਰਨਾ ਔਰ ਸ਼ਾਂਤ ਮਈ ਧਾਰਨ ਰਖਣੀ ਔਰ ਪੂਰੀ 2 ਜਥੇਬੰਦੀ ਰਖਣੀ ਔਰ ਆਪ ਨੂੰ ਯਾਦ ਹੈ ਕਿ ਸ਼ਹੀਦਾਂ ਦੇ ਕੀ ਕੀ ਕੰਮ ਹੁੰਦੇ ਹਨ। ਜਿਸ ਤਰਾਂ, ਜਿਸ ਤਰਾਂ ਕੇ ਆਪ ਦੇ 500 ਪੰਜ ਸੌ ਵੀਰ 'ਜੈਤੋ' ਵਿਖੇ ਗੋਲੀ ਦਾ ਸ਼ਕਾਰ ਹੋ ਚੁੱਕੇ ਹਨ ਤੇ ਕਈ ਜੇਲਾਂ ਦੀਆਂ ਕਾਲ ਕੋਠੜੀਆਂ ਵਿਚ ਹਨ ਤੇ ਕਈਆਂ ਨੂੰ ਜੀਂਦੇ ਹੀ ਘੋੜਿਆਂ ਦੇ ਪੌੜਾਂ ਹੇਠਾਂ ਕੁਚਲਿਆ ਗਿਆ ਤੇ ਕਈਆਂ ਨੂੰ ਜੀਂਦੇ ਹੀ ਟੋਇਆਂ ਵਿਚ ਦਬਾਇਆ ਗਿਆ ਤੇ ਕਈ ਜੀਂਦੇ ਹੀ ਅਗਨੀ ਦੀ ਭੇਟਾ ਕੀਤੇ ਗਏ ਤੇ ਕੀਮਾ 2 ਕਰਕੇ ਭੁਨੇ ਗਏ ਤੇ ਕਈ ਦਰਖਤਾਂ ਨਾਲ ਬਨ੍ਹ ਕੇ ਮਾਰੇ ਗਏ ਮਗਰ ਫਿਰ ਭੀ ਸ਼ਾਂਤ ਮਈ ਤੇ ਡੱਟੇ ਰਹੇ। ਸਭ ਦੁੱਖਾਂ ਨੂੰ ਸੁਖ ਕਰਕੇ ਮੰਨਿਆ ਫੇਰ ਪੈਹਿਲੇ 'ਸ਼ਹੀਦੀ ਜੱਥੇ' ਤੋਂ ਬ੍ਰਾਦ 7-8 'ਸ਼ਹੀਦੀ ਜੱਥੇ' ਜੈਤੋ ਵਿਖੇ ਜਾ ਚੁਕੇ ਹਨ ਤੇ ਕਈ 2 ਤਕਲੀਫਾਂ ਸਹਾਰ ਰਹੇ ਹਨ ਤੇ ਕਈ ਮੌਤ ਦਾ ਸ਼ਕਾਰ ਭੀ ਹੋ ਚੁੱਕੇ ਹਨ।

ਹੁਣ ਸ਼ਾਇਦ ਆਪ ਦੇ ਨਾਲ ਉਹਨਾਂ ਵੀਰਾਂ ਨਾਲੋਂ ਵੱਧ 2 ਕੇ ਸਖਤੀਆਂ ਹੋਣੀਆਂ ਹਨ ਤੇ ਸ਼ਾਇਦ ਆਪ ਨੂੰ ਖੜੇ ਹੀ ਅਗਨੀ ਦੀ ਭੇਟਾ ਕੀਤਾ ਜਾਵੇ ਯਾ ਆਪ ਦਾ ਅੰਗ 2 ਕੱਟਿਆ ਜਾਵੇ ਯਾ ਆਪ ਦੀਆਂ ਅੱਖਾਂ ਕਢ ਕੇ ਖੋਲ ਹੀ ਰੱਖਾ ਜਾਵੇ ਯਾ ਆਪ ਨੂੰ ਤੇਲ ਵਿਚ ਭੁੰਨਿਆ ਜਾਵੇ ਮਗਰ ਆਪ ਨੇ ਪੂਰਨ ਸ਼ਾਂਤਮਈ ਰਖਣੀ, ਹਰ ਇਕ ਤਕਲੀਫ ਨੂੰ ਖੁਸ਼ੀ 2 ਸਹਾਰਨਾ ਤੇ ਇਕ ਦੂਸਰੇ ਨਾਲ ਹਮਦਰਦੀ ਰਖਣੀ ਔਰ ਗੁਰੂ ਕਲਗੀਆਂ ਵਾਲੇ ਤੇ ਭਰੋਸਾ ਰਖਣਾ ਔਰ ਗੁਰੂ ਕਲਗੀਆਂ ਵਾਲਾ ਆਪ ਦੇ ਅੰਗ ਸੰਗ ਹੀ ਹੋਵੇਗਾ।

'ਗੁਰੂ ਦੇ ਲਾਲ ਸ਼ੇਰੋ' ਹੁਣ ਜਾਓ, ਉਸ ਬਲਦੇ ਅਗਨ ਕੁੰਡ ਨੂੰ ਸ਼ਾਂਤਮਈ ਰੈਹਿ ਕੇ ਤੇ ਆਪਣੇ ਸੀਸ ਵਾਰ ਕੇ ਠੰਡਾ ਕਰੋ, ਕਿਉਂਕੇ ਉਹ ਆਪ ਦੀ ਕੁਰਬਾਨੀ ਦੇ ਨਾਲ ਹੀ ਸੀਤਲ ਹੋਵੇਗਾ ਔਰ ਕੈਨੇਡਾ ਨੁਵਾਸੀ ਖਾਲਸਾ ਜੀ ਆਪ ਪਰ ਪੂਰਨ ਭਰੋਸਾ ਰੱਖਦਾ ਹੈ ਕਿ ਆਪ ਇਸ ਸ਼ਾਂਤ ਮਈ ਜੁਧ ਵਿਚ ਪੂਰੇ ਉਤਰੋਗੇ। (ਪੜਾਉ) ਵੈਨਕੋਵਰ 13 ਜੁਲਾਈ ਸੇ ਚਲ ਕਰ 17 ਜੁਲਾਈ ਵਿਕਟੋਰੀਆ ਤੋਂ ਸ਼ੰਘਈ, 3 ਅਗਸਤ ਸੇ ਹਾਂਗ ਕਾਂਗ, ਹਾਂਗ ਕਾਂਗ ਸੇ ਸਿੰਘਾਪੁਰ, ਪੀਨਾਂਗ, ਕਲਕਤਾ, ~~ਕਲਕਤਾ~~ ਸੇ ਅਗਰ ਆਪ ਨੂੰ ਕਿਸੀ ਤਰਾਂ ਦੀ ਰੁਕਾਵਟ ਨਾ ਪਈ ਤੋ ਆਪ ਨੇ ਸ਼੍ਰੀ ਪਟਨਾ ਸਾਹਿਬ ਦਾ ਦਰਸ਼ਨ ਕਰਨਾ, ਫਿਰ ਲੁਧੇਆਣੇ ਉਤਰਨਾ, ਫਿਰ ਜਲੰਧਰ ਉਤਰਨਾ, ਜਲੰਧਰ ਸੇ ਅੰਮ੍ਰਿਤਸਰ ਸ਼੍ਰੀ ਅਕਾਲ ਤਖਤ ਦੀ ਹਜੂਰੀ ਵਿਚ ਹਾਜ਼ਰ ਹੋਣਾ। ਫਿਰ ਸ਼੍ਰੀ ਅਕਾਲ ਤਖਤ ਸੇ ਜੋ ਹੁਕਮ ਹੋਵੇ ਸੋ ਮਨਜ਼ੂਰ ਕਰਨਾ। ਸੋ ਜਿਸ ਸੇਵਾ ਉਤੇ ਲਾਵਨ ਦਾ ਹੁਕਮ ਹੋਵੇ, ਸੋ ਸਿਰ ਮੱਥੇ ਪ੍ਰਵਾਨ ਕਰਨਾ।

ਅਸੀ ਗੁਰੂ ਦੇ ਸਾਹਮਣੇ ਪ੍ਰਣ ਕਰਦੇ ਹਾਂ ਕਿ ਸਾਨੂੰ ਸਾਰੀਆਂ ਗਲਾਂ ਮਨਜ਼ੂਰ ਹਨ ਔਰ ਅਸੀ ਸ਼ਾਂਤ ਮਈ ਨਹੀ ਤੋੜਾਂਗੇ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ।

ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ, ਬੀ.ਸੀ.

ਦਾਸ ਜਗਤ ਸਿੰਘ ਸੇਵਕ

ਕੈਨੇਡੀਅਨ ਸ਼ਹੀਦੀ ਜੱਥੇ ਦੀ ਰੁਵਾਨਗੀ ਸਮੇਂ 'ਸ਼ਹੀਦੀ ਜੱਥੇ' ਨੂੰ ਜੋ 'ਮਾਨ ਪੱਤ੍ਰ' ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਬੀ.ਸੀ. ਵਲੋਂ ਦਿੱਤਾ ਗਿਆ ਸੀ ਉਸ ਦੀ ਲਫਜ਼-ਬਲਫਜ਼ ਨਕਲ ਦਰਜ਼ ਕੀਤੀ ਜਾਂਦੀ ਹੈ। 7 ਅਪ੍ਰੈਲ 1960 ਨੂੰ ਨਕਲ ਕੀਤੀ ਗਈ ਹੈ।

—ਲੇਖਕ ਅਰਜਨ ਸਿੰਘ 'ਚੰਦ'

ਵੈਨਕੋਵਰ ਬੀ.ਸੀ. ਕੈਨੇਡਾ
13 ਜੁਲਾਈ 1924

ੴ ਸਤਿਗੁਰ ਪ੍ਰਸਾਦਿ

ਮਾਨ ਪੱਤ੍ਰ

ਪ੍ਰਮ ਸਤਿਕਾਰ ਸੇਵਾ ਵਿਖੇ ਕੈਨੇਡੀਅਨ 'ਸ਼ਹੀਦੀ ਜੱਥਾ'

ਮੋਹ ਜੀਵੰਦਾ ਪੇਖ ਜੀਵੰਦੇ ਮਰ ਜਾਣ॥
ਜਿਨਾਂ ਮੁਹਬਤ ਹਿਕ ਸਿਉਂ ਤੇ ਮਾਣਸ ਪ੍ਰਧਾਨ॥
ਜਿਨਾਂ ਦਸੰਦਿਆਂ ਦੁਰਮਤ ਵੰਞੇ ਮਿਤ੍ਰ ਅਸਾਡੜੇ ਸੇਟੀ॥

ਸੱਚੇ ਤੇ ਸਦੀਵੀ ਜੀਵਨ ਪ੍ਰਾਪਤ ਕਰਨ ਦੇ ਅਭਲਾਖੀਓ! ਜਗਤ ਵਿਚ ਲੱਖਾਂ ਜੀਵ ਜੰਮੇ ਤੇ ਲਖਾਂ ਹੀ ਮਰ ਗਏ। "ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ" ਦਾ ਇਲਾਹੀ ਹੁਕਮ ਸਭ ਤੇ ਗੂੰਜਿਆ। ਰਾਜੇ, ਫਕੀਰ, ਅਮੀਰ, ਗਰੀਬ, ਮਜ਼ਲੂਮ, ਮਹਾਂਬਲੀ ਜਿਤਨੇ ਆਏ ਮੇਰੀ ਮੇਰੀ ਕਰਦੇ ਆਪੋ ਆਪਣੀ ਬਜੌਂਦੇ ਤੇ "ਹਉਂ ਮਾਰੋ ਹਉਂ ਬੰਧੋ ਛੋਡੋ" ਕਰਦੇ ਦੁਨੀਆਂ ਵਿਚੋਂ ਅਲੋਪ ਹੋ ਗਏ। ਕਸਾਈ ਕਾਲ ਦੀ ਚਕਰੀ ਸਭ ਦੇ ਸਿਰ ਪਰ ਚਲੀ ਤੇ ਐਸੀ ਤਿੱਖੀ ਚਲੀ ਕਿ ਮਹਾਂਬਲੀ ਕਾਲ ਨੂੰ ਜਕੜ ਕੇ ਪਾਵਿਆਂ ਨਾਲ ਬੰਨ੍ਹਣ ਵਾਲੇ ਤੇ ਰਬ ਨਾਲ ਸ਼ਰੀਕੇ ਦੇ ਦਾਹਵੇ ਕਰਨ ਵਾਲੇ ਦੁਨੀਆਂ ਉਤੋਂ ਉਖੜ ਗਏ ਔਰ ਉਖੜੇ ਭੀ ਐਸੇ ਕੇ ਮੁੜ ਸੰਸਾਰ ਪਰ ਉਹਨਾਂ ਦਾ ਖੁਰਾ ਖੋਜ ਨ ਰਿਹਾ। ਚਲ ਗਏ ਤੇ ਭੁੱਲ ਗਏ ਅਤੇ ਭੁਲੇ ਭੀ ਐਸੇ ਕਿ "ਕੋਊ ਨਾ ਲੈ ਹੈ ਨਾਉਂ"।

ਪਰ ਸ਼ਹੀਦੀ ਮਾਲਾ ਦੇ ਹੀਰਿਉਂ, ਉਹ ਰਹਿ ਗਏ ਤੇ ਨਿਹਚਲ ਹੋ ਗਏ, ਜਿਨ੍ਹਾਂ ਸਿਦਕ ਦੇ ਰਾਹ ਵਿਚ ਜਿੰਦੜੀ ਵਾਰ ਦਿੱਤੀ, ਜਿਨ੍ਹਾਂ ਸੰਸਾਰ ਦੀ ਭਲਾਈ ਵਾਸਤੇ ਮੌਤ ਕਬੂਲੀ, ਜਿਨ੍ਹਾਂ ਨੇਕੀ ਦੇ ਰਸਤੇ ਵਿਚ ਅਮੋਲਕ ਮਾਣਸ ਦੇਹੀ ਨੂੰ ਵਾਰਿਆ ਤੇ ਜਿਨ੍ਹਾਂ ਨੇ ਪ੍ਰਉਪਕਾਰ ਦੇ ਮਾਰਗ ਵਿਚ ਗੁਰ ਸੇਵਾ ਦੀ ਲਾਲਸਾ ਵਿਚ ਗੁਰ ਦਰਸ ਦੀ ਸਿਕ ਵਿਚ ਪਿਆਰੇ ਮਾਹੀ ਦੇ ਰੱਸ ਵਿਚ ਤੇ ਪ੍ਰੀਤਮ ਦੀ ਯਾਦ ਵਿਚ ਜੀਆ-ਪ੍ਰਾਨ ਸਭ ਕੁਝ ਤੇ ਅਪਣਾ ਆਪ ਭੀ ਵਾਰਨੇ ਅਤੇ ਘੋਲੀ ਕਰ ਦਿੱਤਾ। ਏਹ ਸੋਲਾਂ ਆਨੇ ਸੱਚ ਹੈ ਕਿ ਉਹ ਜੀ ਪਏ ਔਰ ਸਦਾ ਲਈ ਜੀ ਪਏ ਜੋ ਸੰਸਾਰੀ ਦੁਨੀਆਂ ਦੇ ਭਾਣੇ ਮਰ ਗਏ ਤੇ ਉਹ ਹਮੇਸ਼ਾ ਲਈ ਥਿਰ ਤੇ ਨਿਹਚਲ ਹੋ ਗਏ। ਜਿਨ੍ਹਾਂ 'ਸਾਂਈ ਚਰਨਾਂ' ਨਾਲ ਘੁਟ ਕੇ ਗਲਵਕੜੀ ਪਾ ਲਈ।

ਵਾਹ ਵਾਹ ਨਿਹਚਲ ਏਕ ਖੁਦਾ ਖੁਦਾ ਬੰਦਾ ਅਬਨਾਸੀ।

ਇਸ਼ਕ ਸਾਗਰ ਦੇ ਤਾਰੂਓ! ਭਾਈ ਦੈਆ ਸਿੰਘ ਆਦਿਕ ਪੰਜ ਪਿਆਰੇ ਅਤੇ ਸ਼ਹੀਦ ਭਾਈ ਮਨੀ ਸਿੰਘ ਆਦਿਕ ਭੀ ਇਸ ਅਨਸਥਰ ਸੰਸਾਰ ਵਿਚ ਆਏ ਅਤੇ ਅਨਿਤ

ਦੇਹ ਨੂੰ ਤਿਆਗ ਕੇ ਚਲੇ ਗਏ, ਪਰ "ਨਾ ਹੀ ਉਹ ਚਲੇ ਗਏ ਔਰ ਨਾ ਹੀ ਉਹ ਬਿਸਰ ਗਏ" ਬਲਕੇ ਸੱਦੀਆਂ ਤੋਂ ਬ੍ਰਾਦ ਭੀ ਉਹ ਜੀਉਂਦੇ ਹਨ ਤੇ ਜਦੋਂ ਤੱਕ ਚੰਦ, ਸੂਰਜ, ਧਰਤੀ, ਅਕਾਸ਼, ਪਾਣੀ ਹਨ ਅਤੇ ਜਦੋਂ ਤਾਈਂ ਅੰਡਜ, ਜੇਰਜ, ਸੇਤਜ, ਉਤਭੁਜ ਹਨ, ਓਦੋਂ ਤੱਕ ਜੀਉਂਦੇ ਰੈਹਿਣਗੇ। ਇਸ ਲਈ ਕਿ ਉਹਨਾਂ ਨੇ ਸਾਂਈ ਇਸ਼ਕ ਦਾ ਖਰਾ ਸੌਦਾ ਸਿਰ ਦੇ ਕੇ ਮੁਲ ਖਰੀਦਿਆ, ਉਹਨਾਂ ਅਰਸ਼ੀ ਬਾਬਲ ਦੇ ਨਿਉਂ ਵਾਲੇ ਚੌਪੜ ਵਿਚ ਸਿਰ ਦੀ ਬਾਜੀ ਲਾਈ ਤੇ ਸਦਾ ਥਿਰ ਰੈਹਿਣ ਵਾਲਾ ਜੀਵਨ ਪ੍ਰਾਪਤ ਕੀਤਾ।

ਗੁਰ ਸਿਖੀ ਦੇ ਵਣਜਾਰਿਉ, ਸਾਨੂੰ ਕੈਨੇਡਾ ਵਿਚ ਨਿਵਾਸ ਰਖਣ ਵਾਲੇ ਸਿਖਾਂ ਨੂੰ ਇਸ ਗਲ ਦਾ ਮਾਣ ਹੈ ਕਿ ਅਸੀਂ ਆਪਣੀ ਪਿਆਰੀ ਮਾਤ ਭੂਮੀ ਤੋਂ ਸੈਂਕੜੇ ਨਹੀਂ ਬਲਕੇ ਹਜ਼ਾਰਾਂ ਮੀਲਾਂ ਦੀ ਵਿੱਥ ਤੇ ਹੁੰਦਿਆਂ ਹੋਇਆਂ ਦੇਸ਼, ਕੌਮ ਦੀ ਹਰ ਇਕ ਮੁਸੀਬਤ ਵਿਚ ਅਪਣੇ ਵਿਤ ਅਨੁਸਾਰ ਹਿਸਾ ਲਿਆ ਹੈ ਅਤੇ ਕੈਨੇਡਾ ਦੀ ਧਰਤੀ ਨੂੰ ਏਹ ਫਖਰ ਹਾਸਲ ਹੈ ਕਿ ਉਸ ਨੇ ਭਾਈ ਬਲਵੰਤ ਸਿੰਘ, ਭਾਈ ਰਾਘੋ ਸਿੰਘ, ਬਾਬੂ ਹਰਨਾਮ ਸਿੰਘ ਅਤੇ ਭਾਈ ਮੇਵਾ ਸਿੰਘ ਆਦਿਕ ਸ਼ਹੀਦ ਪੈਦਾ ਕਰਕੇ ਸਿਖਾਂ ਦੀ ਸ਼ਹੀਦੀ ਮਾਲਾ ਵਿਚ ਆਪਣੇ ਸੁੱਚੇ ਹੀਰੇ ਪਰੋ ਕੇ ਅਪਣਾ ਹਿਸਾ ਕਾਇਮ ਰਖਿਆ ਹੈ।

ਐ ਦੇਸ਼ ਅਤੇ ਕੌਮ ਉਪਰੋਂ ਵਿਕ ਚੁਕੇ ਸੇਵਕੋ ! ਅਸੀਂ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਾਂ ਕਿ ਤੁਸਾਂ ਪਿਆਰਿਆਂ ਨੇ ਇਸ ਵਕਤ ਜ਼ਾਲਮ ਜਰਵਾਣਿਆਂ ਦੀ ਤਰਫ ਤੋਂ ਪੰਥ ਉਪਰ ਮਸੀਬਤਾਂ ਦੇ ਪ੍ਰਬਤ ਢਾਹੇ ਜਾ ਰਹੇ ਦੇਖ ਕੇ ਅਪਣੇ ਆਪ ਨੂੰ ਆਗੇ ਕਰਕੇ ਕੈਨੇਡਾ ਦੇ ਸਿਖਾਂ ਦੀ ਕੀਤੀ ਹੋਈ ਕੁਰਬਾਨੀ ਨੂੰ ਹੋਰ ਭੀ ਉਚਿਆਂ ਕੀਤਾ ਹੈ।

ਪੰਥ ਦੇ ਸੁੱਚੇ ਹੀਰਿਉ ! ਅਸੀਂ ਏਹ ਦੇਖ ਕੇ ਹੋਰ ਭੀ ਖੁਸ਼ੀ ਹੁੰਦੇ ਅਤੇ ਆਪ ਪਿਆਰਿਆਂ ਦਾ ਸਨਮਾਨ ਕਰਦੇ ਹਾਂ, ਜਦੋਂ ਅਸੀਂ ਦੇਖਦੇ ਹਾਂ ਕਿ ਤੁਸੀਂ ਆਪ ਦੇ ਘਰਾਂ ਦੇ ਸੁਖ, ਮਾਇਆ ਦਾ ਮੋਹ ਤੇ ਮਿਤ੍ਰਾਂ ਪਿਆਰਿਆਂ ਦਾ ਸੰਬੰਧ ਤਿਆਗ ਕੇ ਕਿਸੀ ਦੁਨੀਆਵੀ ਲਾਲਸਾ ਤੇ ਸੰਸਾਰਕ ਇੱਛਾ ਨਾਲ ਜਾਂ ਅਪਣੇ ਚਿਰੀ ਵਿਛੁਨੇ ਸੰਬੰਧੀਆਂ ਨੂੰ ਮਿਲਣ ਵਾਸਤੇ ਮੁਲਕ ਨੂੰ ਨਹੀਂ ਜਾ ਰਹੇ, ਬਲਕੇ ਇਸ ਇੱਛਾ ਨਾਲ ਜਾ ਰਹੇ ਹੋ ਕਿ ਤੁਸਾਂ ਪੰਥਕ ਸ਼ਾਨ, ਕੌਮੀ ਆਨ, ਸਵੈਮਾਨ, ਸਵੈ ਅਧਕਾਰ ਅਤੇ ਧਾਰਮਕ ਅਜ਼ਾਦੀ ਨੂੰ ਪ੍ਰਾਪਤ ਕਰਨ ਵਾਸਤੇ ਹੀ ਕਮਰ ਕਸੇ ਕੀਤੇ ਹਨ। ਸੱਚ ਮੁੱਚ ਤੁਸੀਂ ਬਦੇਹ ਹੋਏ 2 ਦੇਵਤੇ ਹੋ, ਕਿਉਂਕੇ ਭਾਵੇਂ ਤੁਸਾਡੀ ਜਿੰਦ ਜਾਨ ਜਾਵੇ, ਭਾਵੇਂ ਸਿਰ ਸਰਬੰਸ ਲਗੇ, ਦਰ ਅਸਲ ਤੁਸੀਂ ਕੇਡੇ ਬਲੀ ਹੋ ਅਤੇ ਕਿਤਨੀ ਸਹੰਸ ਦੇ ਭੰਡਾਰ ਹੋ। ਸੈਹਣ ਸੀਲਤਾ ਦੇ ਅਵਤਾਰੋ ! ਹੁਣ ਅਸੀਂ ਤੁਸਾਡੀ ਰਾਹੀਂ ਆਪਣੀ ਬਿਵਸਥਾ ਤੇ ਬੇਬਸੀ ਅਤੇ ਮੰਦ ਭਾਗਤਾ ਦਾ ਦੁਖਦਾਈ ਸੰਦੇਸਾ ਪਿਆਰੇ ਪੰਥ ਅਤੇ ਪੰਥ ਦੀ ਧਾਰਮਕ ਬਾਦਸ਼ਾਹੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੁਮੇਟੀ ਨੂੰ ਦਿੰਦੇ ਹਾਂ ਕਿ ਸੰਸਾਰ ਵਿਚ ਸੱਚ ਮੁੱਚ ਸਾਡੇ ਨਾਲ ਦਾ ਮੰਦਭਾਗਾ ਕੋਈ ਨਹੀਂ ਹੈ, ਜੋ ਇਸ ਵਕਤ ਸ਼ਹੀਦੀ ਦੇ ਲੱਗੇ ਹੋਈ ਪੁਰਬ ਵਿਚ ਟੁੱਬੇ ਨਾ ਲਾ ਸਕਦਾ ਹੋਵੇ। ਬੇਸ਼ਕ ਸਾਡੇ ਮਨ ਇਸ ਵਕਤ ਪੰਥ ਉਪਰ ਆਈਆਂ ਮੁਸੀਬਤਾਂ ਨੂੰ ਸੁਣ 2 ਕੇ ਛਾਨਣੀ 2 ਹੋਏ 2 ਹਨ ਅਤੇ ਹਰ ਘੜੀ ਏਹੀ ਉਮੰਗਾਂ ਉਠਦੀਆਂ ਹਨ "ਕਰਮ ਹੀਣ ਧਨ ਕਰੇ ਬੇਨੰਤੀ, ਕਦ ਨਾਨਕ ਆਵੈ ਵਾਰੀ" "ਸਭ ਸੁਹਾਗਣ ਮਾਣੇ ਰਲੀਆਂ ਇਕ ਦੇਵੋ ਰਾਤ ਮੁਰਾਰੀ" ਪਰ "ਬਿਨ

ਕਰਮਾ ਕਛ ਪਾਈਐ ਨਾਂਹੀ ਜੇ ਬਹੁ ਤੇਰਾ ਧਾਵੈ" ਦਾ ਹੁਕਮ ਸਭ ਤੋਂ ਪ੍ਰਬਲ ਹੈ। ਪਰ ਫੇਰ ਭੀ ਅਸੀਂ ਬੜੀ ਨਿਮਰਤਾ ਅਤੇ ਅਧੀਨਗੀ ਨਾਲ ਬੇਨਤੀ ਕਰਨੀ ਯੋਗ ਜਾਣਦੇ ਹਾਂ ਕਿ ਅਸੀਂ ਤੁਸਾਡੇ ਪਾਸੋਂ ਬਿਰਛੋਂ ਟੁੱਟੇ ਫੁਲ ਵਾਂਗੂ ਹਜ਼ਾਰਾਂ ਮੈਲਾਂ ਦੀ ਬੁਹਤ ਲੰਮੀ ਵਿਥ ਪਰ ਹਾਂ, ਭਾਵੇਂ ਅਸਾਡੇ ਤੇ ਤੁਸਾਡੇ ਸਰੀਰਾਂ ਦੇ ਵਿਚਕਾਰ ਬੇਗਿਣਤ ਮੈਦਾਨ, ਥੱਲ, ਪ੍ਰਬਤ ਅਤੇ ਮਹਾਂ ਸਾਗਰ ਹਨ ਅਤੇ ਭਾਵੇਂ ਅਸੀਂ ਹਥੀਂ ਅਤੇ ਤਨ ਕਰਕੇ ਸੇਵਾ ਕਰਨ ਤੋਂ ਅਭਾਗੀ ਤੇ ਅਸਮਰਥ ਹਾਂ, ਪਰ ਨਿਸਚੰਤ ਜਾਣੋਂ ਸਾਡੀਆਂ ਆਤਮਾਂਵਾਂ ਤੁਸਾਡੇ ਨੇਕ ਅਤੇ ਸੁੱਚੇ ਇਰਾਦਿਆਂ ਵਿਚ, ਤੁਸਾਡੇ ਸੁੱਖ ਦੁੱਖ ਅਤੇ ਹਰ ਮੁਸੀਬਤ ਵਿਚ ਹਰ ਵਕਤ ਤੁਸਾਡੇ ਨਾਲ ਹਨ ਅਤੇ ਸਾਡੀ ਆਤਮਾ ਸਾਡਾ ਮਨ ਤੇ ਸਾਡਾ ਧਨ ਤੁਸਾਡੀ ਸੇਵਾ ਲਈ ਹਰ ਵਕਤ ਹਾਜ਼ਰ ਹੈ।

"ਮੋਹ ਮਰਨੇ ਕਾ ਚਾਉ ਹੈ, ਮਰਓਂ ਭਾ ਹਰਿ ਕੇ ਦੁਆਰ" ਦੇ ਅਭਲਾਖੀਉ, ਹੁਣ ਅਸੀਂ ਆਪ ਨੂੰ ਸੱਚੇ ਦਿਲੋਂ ਆਖਦੇ ਹਾਂ ਕਿ ਆਪ ਧਰਮ ਦੀ ਰਖਿਆ ਵਾਸਤੇ ਵਧੋ, ਵਧੋ ਬਹਾਦਰੋ ਕੈਨੇਡਾ ਨੁਵਾਸੀਆਂ ਦੀ ਸ਼ਾਨ ਨੂੰ ਰੋਸ਼ਨ ਕਰਨ ਹਿਤ ਵਧੋ, ਸੂਰਮਿਉਂ ਦੁਸਮਨ ਦੀ ਗੋਲੀਆਂ ਦਾ ਨਸ਼ਾਨਾ ਬਨਣ ਖਾਤਰ ਅਤੇ ਵਧੋ ਸਚਿਉ ਤਿਆਗੀਉ ਗੁਰੂ ਦੀ ਸਾਂਭ ਕੇ ਰੱਖੀ ਹੋਈ ਅਮਾਨਤ ਨੂੰ ਲੇਖੇ ਲਾ ਕੇ, "ਲੋਕ ਸੁਖੀਏ ਪ੍ਰਲੋਕ ਸੁਹੇਲੇ" ਦੇ ਮਹਾਂਵਾਕ ਦੇ ਆਨੰਦ ਦਾ ਸੁੱਖ ਮਾਣੋ, ਅਤੇ ਕਲਗੀਆਂ ਵਾਲੇ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਅਸੀਂ ਹਾਂ ਤੁਸਾਡੇ ਚਰਨਾਰਜ ਦਾ ਸੁਰਮਾ ਬਣਾ ਕੇ ਅਖੀਆਂ ਵਿਚ ਪੌਣ ਵਾਲੇ ਕੈਨੇਡਾ ਦੇ ਸਿਖ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ

ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ, ਬੀ.ਸੀ.

ਦਾਸ ਜਗਤ ਸਿੰਘ ਸਕੱਤ੍

ਕੈਨੇਡੀਅਨ ਸ਼ਹੀਦੀ ਜੱਥੇ ਦੀ ਰਵਾਨਗੀ ਦੇ ਵਕਤ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਵਲੋਂ ਭਾਈ 'ਭਗਵਾਨ ਸਿੰਘ ਦੁਸਾਂਝਕਲਾਂ' ਨੂੰ ਜੋ 'ਮਾਨ ਪੱਤ੍' ਦਿਤਾ ਗਿਆ ਸੀ, ਉਸਦੀ ਹੂ-ਬਹੂ ਨਕਲ ਦਰਜ਼ ਕੀਤੀ ਜਾਂਦੀ ਹੈ।

—ਲੇਖਕ ਅਰਜਨ ਸਿੰਘ 'ਚੰਦ'

ੴ ਸਤਿਗੁਰ ਪ੍ਰਸਾਦਿ

॥ ਮਾਨ ਪੱਤ੍ ॥

ਜੋ ਭਾਈ ਭਗਵਾਨ ਸਿੰਘ ਜੀ (ਦੁਸਾਂਝ ਕਲਾਂ) ਜ਼ਿਲਾ ਜਲੰਧਰ ਵਾਲਿਆਂ ਨੂੰ 'ਖਾਲਸਾ ਦੀਵਾਨ ਸੁਸਾਇਟੀ, ਵੈਨਕੋਵਰ, ਬੀ.ਸੀ.' ਦੀ ਤਰਫੋਂ ਕੈਨੇਡੀਅਨ 'ਸ਼ਹੀਦੀ ਜੱਥਾ' ਤੁਰਨ ਵੇਲੇ ਦਿੱਤਾ ਗਿਆ। ਗੁਰਵਾਕ :

ਵਿਚ ਦੁਨੀਆ ਸੇਵ ਕਮਾਈਐ॥ ਤਾਂ ਦਰਗਹ ਬੈਸਨ ਪਾਈਐ॥

ਐ ਸਾਡੇ ਮਾਨ ਯੋਗ ਵੀਰ ਜੀ ਅਸੀਂ ਅੱਜ ਆਪਣੇ ਆਪ ਨੂੰ ਬੜੇ ਹੀ ਪਵਿਤ੍ਰ ਭਾਗਾਂ ਵਾਲੇ ਸਮਝਦੇ ਹਾਂ ਕਿ ਆਪ ਜੀ ਨੇ ਉਪਰ ਲਿਖੇ ਗੁਰਵਾਕ ਨੂੰ ਅਸਲੀ ਵਰਤੋਂ ਵਿਚ ਲਿਆ ਕੇ ਸਿੱਧ ਕਰ ਦਖਾਇਆ ਹੈ ਕਿ ਗੁਰ ਸਿਖ ਨੂੰ ਕੇਹੋ ਜਿਹਾ ਹੋਣਾ ਚਾਹੀਦਾ

ਹੈ। ਬੇਸ਼ਕ ਆਪ ਨੂੰ ਕੈਨੇਡਾ ਦੇ ਸਿਖਾਂ ਨੇ ਖਾਲਸਾ ਦੀਵਾਨ ਸੂਸਾਇਟੀ ਦਾ ਪ੍ਰਧਾਨ ਚੁਣਿਆ ਹੋਇਆ ਹੈ ਮਗਰ ਆਪ ਜੀ ਨੇ 1921 ਤੋਂ ਲੈ ਕੇ ਅੱਜ ਤੱਕ ਜਿਸ ਨਿਮਰਤਾ ਨਾਲ ਸੁੱਚੀ ਤੇ ਉੱਚੀ ਸੇਵਾ ਕੀਤਾ ਹੈ, ਅਸੀ ਉਸ ਨੂੰ ਕਿਸੀ ਤਰਾਂ ਭੀ ਬੋਲ ਕੇ ਯਾ ਲਿਖ ਕੇ ਪ੍ਰਗਟ ਕਰਨ ਤੋਂ ਅਸਮਰੱਥ ਹਾਂ, ਕਿਉਂਕੇ ਆਪ ਨੇ ਅਪਣੀ ਸਾਰੀ ਆਰਜੂ ਕੌਮ ਦੇ ਅਰਪਨ ਕੀਤੀ ਨਾ ਨਿਰੀ ਐਥੇ ਹੀ ਸੇਵਾ ਕੀਤੀ, ਬਲਕੇ ਆਪ ਦੇ ਉਦਮ ਤੇ ਪ੍ਰੀਛਰਮ ਨਾਲ ਕੌਮ ਦੇ ਹਰ ਇਕ ਆਸ਼ਰਮ ਸਭਾ ਸੂਸਾਇਟੀ ਅਤੇ ਲੋੜਮੰਦ ਪ੍ਵਾਰਾਂ ਨੂੰ ਹਜਾਰਾਂ ਨਹੀ ਬਲਕੇ ਲੱਖਾਂ ਰੁਪਏ ਦੀ ਸ਼ਹਾਇਤਾ ਅਜ ਤੱਕ ਮਿਲ ਚੁਕੀ ਹੈ। ਹੁਣ ਆਪ ਜੀ ਗੁਰ ਪੰਥ ਉਪਰ ਹੋ ਰਹੇ ਅਤਿਆਚਾਰਾਂ ਨੂੰ ਨਾ ਸਹਾਰਦੇ ਹੋਏ ਧਰਮ ਦੀ ਰਖਿਆ ਹਿਤ 'ਸ਼ਹੀਦ' ਹੋਣ ਵਾਸਤੇ ਕਮਰ ਕਸੇ ਕੀਤੇ ਹਨ। ਅਸੀ ਪੂਰਨ ਉਮੈਦ ਰਖਦੇ ਹਾਂ ਕਿ ਜਿਸ ਤਰਾਂ ਆਪ ਨੇ ਪਿਛੇ ਦੇਸ਼ ਕੌਮ ਦੀ ਸੇਵਾ ਹੀ ਅਪਣਾ ਆਦਰਸ਼ ਬਨਾਇਆ ਹੋਇਆ ਹੈ, ਉਸੀ ਤਰਾਂ ਹੀ ਅਪਣੀ ਕੁਰਬਾਨੀਆਂ ਦੁਵਾਰਾ ਸਾਨੂੰ ਹੋਰ ਭੀ ਰੌਸ਼ਨ ਕਰੋਗੇ। ਬੇਸ਼ਕ ਆਪ ਦਾ ਵਿਛੋੜਾ ਸਾਡੇ ਵਾਸਤੇ ਨਾ ਸਹਾਰਿਆ ਜਾਣ ਵਾਲਾ ਹੈ, ਪਰ ਜਿਸ ਵਕਤ ਕੌਮ ਦੀ ਇਜ਼ਤ ਖਤਰੇ ਵਿਚ ਹੈ, ਸਾਡੇ ਧਰਮ ਵਿਚ ਗੈਰ ਦਾ ਦਖਲ ਹੈ ਤਾਂ ਅਸੀ ਅਪਣਾ ਸਭ ਕੁਛ ਵਾਰਨ ਵਾਸਤੇ ਤਿਆਰ ਹਾਂ ਇਸੀ ਗਰਜ ਨੂੰ ਮੁਖ ਰੱਖਦੇ ਹੋਏ ਅਸੀ ਆਪ ਦੇ ਵਿਛੋੜੇ ਨੂੰ ਭੀ ਗੁਰੂ ਦਾ ਹੁਕਮ ਸਮਝਦੇ ਹਾਂ ਔਰ ਉਮੈਦ ਹੈ ਆਪ ਸ਼ਾਂਤ ਮਈ ਰੈਹਿੰਦੇ ਹੋਏ ਕੈਨੇਡੀਅਨ ਦੀ ਸ਼ਾਨ ਨੂੰ ਹੋਰ ਭੀ ਉੱਚਾ ਕਰੋਗੇ।

ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ, ਬੀ.ਸੀ.

ਦਾਸ ਜਗਤ ਸਿੰਘ ਸਕੱਤ੍

[*ਨੋਟ:* 17 ਜੁਲਾਈ 1924 ਨੂੰ ਜੱਥੇ ਦੀ ਰਵਾਨਗੀ ਦੇ ਵਕਤ ਗੁਰਦੁਆਰਾ ਵਿਕਟੋਰੀਆ ਵਲੋਂ ਜੱਥੇ ਦੇ ਸੁਆਗਤ ਲਈ ਜੋ ਸਤਿਕਾਰ ਕੀਤਾ, ਉਸ ਬਾਰੇ **ਵਿਕਟੋਰੀਏ ਦੇ ਮਨਿਊਟ ਬੁੱਕ** ਤੇ ਇਉਂ ਲਿਖਿਆ ਹੈ ਜੋ ਨੀਚੇ ਦਰਜ਼ ਹੈ।

—ਅਰਜਨ ਸਿੰਘ ਚੰਦ]

17 ਜੁਲਾਈ 1924 ਉਪਰੰਤ ਵਿਕਟੋਰੀਆ ਦੀਵਾਨ ਵਲੋਂ ਜੱਥੇ ਨੂੰ ਮਾਨ ਪੱਤ੍ ਦਿਤਾ ਗਿਆ ਅਰ ਦੀਵਾਨ ਵਲੋਂ ਜੱਥੇ ਨੂੰ ਝੋਲੇ, ਜ਼ਰਾਬਾਂ ਤੇ ਫੁਲਾਂ ਦੇ ਹਾਰ ਪਾਏ ਗਏ, ਉਪ੍ਂਤ ਮਾਲਵਾ ਸੁਧਾਰ ਵਲੋਂ ਜੱਥੇ ਨੂੰ ਮਾਨ ਪੱਤ੍ ਤੇ ਤਗਮੇਂ ਦਿੱਤੇ ਗਏ, ਉਪ੍ਂਤ ਦੁਆਬਾ ਸਿਖ ਕੈਨੇਡਾ ਅਮ੍ਰੀਕਨ ਪ੍ਰੈਸ ਸੂਸੈਟੀ ਵਲੋਂ ਮਾਨ ਪੱਤ੍, ਚਿਟੇ ਰੇਸ਼ਮ ਦੇ ਰੁਮਾਲ ਤੇ ਇਕ ਸੌ ਇਕ ਡਾਲਾ ਨਕਦ ਪੰਜ ਪੈਸਾ ਫੰਡ ਵਾਸਤੇ ਦਿੱਤਾ ਗਿਆ। ਉਪ੍ਂਤ ਭਾਈ ਮੀਹਾਂ ਸਿੰਘ ਜੀ 'ਭੁਤ', ਜਲੰਧਰ ਵਲੋਂ ਜੱਥੇ ਨੂੰ ਕਮਰਸੇ ਖੱਟੀ ਮਖਮਲ ਦੇ ਦਿਤੇ ਗਏ। ਸ਼ਹੀਦੀ ਜੱਥੇ ਦੇ ਸਿੰਘਾਂ ਦੇ ਨਾਮ: (1) ਭਾ: ਉਜਾਗਰ ਸਿੰਘ ਗੁੱਦੇ, (2) ਭਾਈ ਸਾਉਣ ਸਿੰਘ ਮਸੂਰ ਦੇਵਾ, (3) ਭਾ: ਹਰਭਜਨ ਸਿੰਘ ਸਮਰਾਂ, (4) ਭਾ: ਵਰਿਆਮ ਸਿੰਘ ਸਮਰਾ, (5) ਭਾਈ ਭਗਵਾਨ ਸਿੰਘ ਦੁਸਾਂਝ, (6) ਭਾ: ਤਰਲੋਚਨ ਸਿੰਘ ਜੰਡਿਆਲਾ, (7) ਭਾ: ਹਰਨਾਮ ਸਿੰਘ ਚੋਬਦਾਰ 'ਖਿਆਲਾ', (8) ਭਾਈ ਮੱਛਰ ਸਿੰਘ ਚੋਹਲਾ, (9) ਭਾ: ਸੰਤਾ ਸਿੰਘ ਜਵੰਧੇ, (10) ਭਾਈ ਕਾਬਲ ਸਿੰਘ ਲਿੱਤਰ। ਸ਼ਹੀਦੀ ਜੱਥੇ ਦੇ ਸਿੰਘਾਂ ਵਲੋਂ ਅਤੇ ਹੋਰ ਸਿੰਘਾਂ ਵਲੋਂ ਉਕਤ ਸਮੇਂ ਦਿਤੀ ਸਹੈਤਾ ਇਸ ਪ੍ਕਾਰ ਹੈ:

ਭਾਈ ਉਜਾਗਰ ਸਿੰਘ ਗੁਦੇ	$200-00
ਭਾਈ ਸੁਹਾਵਾ ਸਿੰਘ	$100-00
ਭਾਈ ਸੌਣ ਸਿੰਘ ਮਸੂਰ ਦੇਵਾ	$500-00
ਭਾਈ ਕਰਤਾਰ ਸਿੰਘ ਬਿਲਗਾ	$100-00
ਬੀਬੀ ਬਸੰਤ ਕੌਰ ਖੜੌਦੀ	$100-00
ਭਾਈ ਵਰਿਆਮ ਸਿੰਘ ਸਮਰਾਂ	$50-00
ਭਾਈ ਹਰਭਜਨ ਸਿੰਘ ਸਮਰਾਂ	$50-00

ਦਾਸ ਗੋਪਾਲ ਸਿੰਘ ਸਕੱਤ੍ਰ
ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ, ਬੀ.ਸੀ.

7-9-1924 ਨੂੰ ਸਮੂੰਹ ਗੁਰਦੁਆਰੋਂ ਕੀ ਕੁਮੇਟਿਉਂ ਕਾ ਅਕੱਠ 11 ਬਜੇ ਸਵੇਰ ਨੂੰ ਹੋਇਆ। ਹੇਠ ਲਿਖੇ ਮਤੇ ਸ੍ਰਬ ਸੰਮਤੀ ਸੇ ਪਾਸ ਹੋਏ :

1. ਜੋ ਆਨੰਦਪੁਰ ਸਾਹਿਬ ਸੇ ਮਾਇਆ ਦੀ ਅਪੀਲ ਆਈ ਸੀ ਪੈਹਿਲੀ ਕੁਮੇਟੀ ਨੇ ਵੁਹ ਪੱਤ੍ਰ 30-3-1924 ਨੂੰ ਨਾ ਮਨਜੂਰ ਕੀਤੀ ਸੀ ਕੇ ਬਗੈਰ ਸ਼੍ਰੋ: ਗੁ: ਪ੍ਰ: ਕੁਮੇਟੀ ਦੇ ਮਾਇਆ ਨਾ ਭੇਜੀ ਜਾਵੇ। ਫਿਰ ਦੁਬਾਰਾ ਸੰਗਤ ਵਿਚ 10-8-1924 ਨੂੰ ਪੇਸ਼ ਹੋਈ, ਕਿਉਂਕੇ ਵਿਕਟੋਰੀਆ ਤੇ ਡੰਕਣ ਦੀਵਾਨ ਨੇ ਦੋ ਹਜ਼ਾਰ ਰੁਪਏ ਭੇਜੇ ਸਨ, ਉਨ ਦੀਵਾਨੋਂ ਨੇ ਵੈਨਕੋਵਰ ਦੀਵਾਨ ਨੂੰ ਲਿਖਾ ਸੀ ਕਿ ਆਪ ਭੀ ਕੁੱਛ ਮਦਦ ਕਰੋ। ਤਬ ਸੰਗਤ ਵਿਚ ਦੁਬਾਰਾ ਪੱਤ੍ਰ ਪੇਸ਼ ਹੋਈ ਸੀ। ਫਿਰ ਸੰਗਤ ਨੇ ਕੁਮੇਟੀ ਪੁਰ ਛਡ ਦਿਤੀ ਕਿ ਕੁਮੇਟੀ ਫਿਰ ਵਿਚਾਰ ਕਰੇ। ਫਿਰ ਕੁਮੇਟੀ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਕੇ ਇਕ ਹਜਾਰ ਡਾਲਰ ਇਸ ਦੀਵਾਨ ਸੇ ਭੇਜਾ ਜਾਵੇ, ਜੋ ਮਾਇਆ ਦੂਸਰੇ ਦੀਵਾਨੋਂ ਸੇ ਆਵੇ, ਵੁਹ ਇਸ ਗੁਰਦੁਆਰੇ ਦੇ ਫੰਡ ਵਿਚ ਜਮਾ ਕੀਤੀ ਜਾਵੇ।
2. ਏਹ ਭੀ ਕੁਮੇਟੀ ਵਿਚ ਪਾਸ ਹੋਇਆ ਕਿ ਅਗੇ ਵਾਸਤੇ ਸਭ ਕੈਨੇਡਾ ਕੇ ਦੀਵਾਨੋਂ ਕੀ ਮਾਇਆ ਏਕ ਜਗਾ ਸੇ ਦੇਸ ਨੂੰ ਭੇਜੀ ਜਾਵੇ ਔਰ ਸਭ ਕੁਮੇਟੀਉਂ ਕਾ ਅਕੱਠ 5-10-1924 ਨੂੰ ਹੋਵੇਗਾ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

5-10-1924 ਨੂੰ ਸਭ ਕੁਮੇਟੀਉਂ ਕਾ ਅਕੱਠ ਹੋਇਆ ਜੋ ਗੁਰਮਤਾ 7-9-1924 ਨੂੰ ਪਾਸ ਹੋਇਆ ਸੀ ਕੇ ਮਾਇਆ ਏਕ ਜਗਾ ਸੇ ਪਾਈ ਜਾਵੇ। ਖਾਲਸਾ ਦੀਵਾਨ ਵਿਕਟੋਰੀਆ ਸੇ ਪੱਤ੍ਰ ਆਈ ਕੇ ਅਸੀ ਨਾ ਆ ਸਕਤੇ ਹਾਂ ਤੇ ਨਾ ਏਹ ਦ੍ਰਸਖਤ ਦੇਣ ਨੂੰ ਤਿਆਰ ਹਾਂ ਕਿ ਮਾਇਆ ਏਕ ਜਗਾ ਸੇ ਪਾਈ ਜਾਵੇ ਔਰ ਸੰਗਤ ਵਿਚ ਭੀ ਏਹ ਪੱਤ੍ਰ ਸੁਨਾਈ ਗਈ। ਮਗਰ ਸੰਗਤ ਨੇ ਕਿਹਾ ਕਿ ਖਾਲਸਾ ਦੀਵਾਨ ਵਿਕਟੋਰੀਆ ਨੂੰ ਪੱਤ੍ਰ ਪਾਈ ਜਾਵੇ ਕਿ ਜਥੇਬੰਦੀ ਨੂੰ ਮੁਖ ਰਖਦੇ ਹੋਏ ਅਸੀ ਸਾਰੇ ਵੈਨਕੋਵਰ ਦੀ ਸੰਗਤ ਜੋ ਕੁੱਛ ਭੀ ਆਪ ਕਰੇ ਸਾਨੂੰ ਸਭ ਮਨਜ਼ੂਰ ਹੈ ਤੇ ਸਾਰਾ ਕੰਮ ਆਗੇ ਵਾਸਤੇ ਵਿਕਟੋਰੀਆ ਸੇ ਹੋਵੇ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

11-12-1924 ਅੱਜ ਗੰਗਾ ਰਾਮ (ਬਾੜੀਆਂ) ਵਾਲੇ ਦਾ ਸੰਗਤ ਵਿਚ ਪ੍ਰਸ਼ਾਦਿ ਸੁਨਾਇਆ ਤੋ ਸੰਗਤ ਨੇ ਕਿਹਾ ਕੇ ਉਸ ਦਾ ਸਵਾ ਡਾਲਾ $1-25 ਵਾਪਸ ਕੀਤਾ ਜਾਵੇ ਕਿ ਜਬ ਤੱਕ ਵੁਹ ਮਾਫੀ ਪਿਛਲੇ ਕੀਤੇ ਹੋਏ ਕੰਮਾਂ ਦੀ ਨਾ ਮਨ ਜਾਵੇ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

30-11-1924 ਨੂੰ ਗੰਗਾ ਰਾਮ ਦੇ $1-25 ਵਾਪਸ ਕਰਨ ਬਾਬਤ ਕੁਮੇਟੀ ਦੀ ਵਿਚਾਰ ਹੋਈ। ਮਗਰ ਬੁਹ ਸੰਮਤੀ ਨਾਲ ਪਾਸ ਹੋਇਆ ਕਿ $1-25 ਰੱਖ ਲੀਆ ਜਾਵੇ ਔਰ ਸੰਗਤ ਵਿਚ ਸੁਨਾਇਆ ਜਾਵੇ ਔਰ ਫਿਰ ਭਰੇ ਦੀਵਾਨ ਵਿਚ ਉਸੀ ਦਿਨ ਸੁਨਾਇਆ ਗਿਆ। ਮਗਰ ਸੰਗਤ ਨੇ ਏਹ ਗੁਰਮਤਾ ਪਾਸ ਨਾ ਕੀਤਾ ਕਿਉਂਕੇ ਜਬ ਤੱਕ ਗੰਗਾ ਰਾਮ ਸੰਗਤ ਵਿਚ ਮਾਫੀ ਨਾ ਮੰਗੇ, ਜੋ ਕੁਛ ਇਸ ਨੇ 1914 ਸੇ ਲੇਕਰ 1922 ਤੱਕ ਕੌਮ ਦੇ ਬਰਖਲਾਫ ਕੰਮ ਕੀਤੇ ਹਨ, ਤਬ ਤੱਕ ਏਹ ਕੌਮ ਦੇ ਵਿਚ ਨਹੀ ਰਲ ਸਕਤਾ।

ਜੋ ਕੰਮ ਕੇ ਉਸ ਨੇ ਕੌਮ ਦੇ ਬਰਖਲਾਫ ਇਮੀਗਰੇਸ਼ਨ ਵਿਚ ਕੀਤੇ ਹਨ, ਜੋ ਕੇ ਉਸ ਨੇ ਰਹੀਮ ਤੇ ਮਿਤ ਸਿੰਘ ਵਗੈਰਾ ਦੇ ਬਰਖਲਾਫ ਕੋਰਟ ਵਿਚ ਗਵਾਹੀਆਂ ਦਿਤੀਆਂ ਹਨ ਕੇ ਏਹ ਆਦਮੀ ਪੁਲੀਟੀਕਲ ਮੀਟੰਗਾਂ ਵਿਚ ਗਵਰੰਮਿੰਟ ਦੇ ਬਰਖਲਾਫ ਲੈਕਚਰ ਕਰਦੇ ਸਨ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

21-12-1924 ਗੁਰਦੁਆਰਾ ਵੈਨਕੋਵਰ ਵਿਚ ਬੜੀ ਧੂਮਧਾਮ ਨਾਲ ਸਪਤਾਹਕ ਜੋੜ ਮੇਲਾ ਹੋਇਆ ਜਿਸ ਵਿਚ ਕੈਨੇਡੀਅਨ ਸ਼ਹੀਦੀ ਜਥੇ ਦੇ ਜਥੇਦਾਰ ਭਾਈ ਭਗਵਾਨ ਸਿੰਘ ਅਤੇ ਸ੍ਰ: ਹਰਬੰਸ ਸਿੰਘ ਮੀਤ ਜਥੇਦਾਰ ਦੀ ਗਰਿਫਤਾਰੀ ਅਖਬਾਰ ਸੇ ਸੁਣ ਕਰ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਕੀਤੇ :

1. ਇਹ ਦੀਵਾਨ ਕੈਨੇਡੀਅਨ ਸ਼ਹੀਦੀ ਜੱਥਾ ਸ਼ੰਘਈ ਤੇ ਸਿੰਘਾਪੁਰ ਆਦਿਕ ਮੈਂਬਰੋਂ ਨਾਲ ਪੂਰੀ 2 ਹਮਦਰਦੀ ਰਖਦਾ ਹੈ, ਜਿਨ੍ਹਾਂ ਨੇ ਕੇ ਇਤਨੀ ਦੂਰ ਤੋਂ ਆਪਣੇ ਧਰਮ ਨੂੰ ਜਾਣ ਕੇ ਸੀਸ ਗੁਰੂ ਅਰਪਨ ਕੀਤੇ ਹਨ।
2. ਇਹ ਦੀਵਾਨ ਭਾਈ ਭਗਵਾਨ ਸਿੰਘ ਕੈਨੇਡੀਅਨ ਸ਼ਹੀਦੀ ਜਥੇਦਾਰ ਤੇ ਸ੍ਰ: ਹਰਬੰਸ ਸਿੰਘ ਮੀਤ ਜਥੇਦਾਰ ਦੇ ਗਰਿਫਤਾਰ ਹੋਣ ਪਰ ਉਨ੍ਹਾਂ ਨੂੰ ਵਧਾਈ ਦਿੰਦਾ ਹੈ ਤੇ ਪੂਰਨ ਭਰੋਸਾ ਰਖਦਾ ਹੈ ਕਿ ਜਿਸ ਤਰਾਂ ਭਾਈ ਹੋਰਾਂ ਨੇ ਇਸ ਜਗਾ ਭੀ ਆਪਣੇ ਤਨ, ਮਨ ਤੇ ਧਨ ਦੇ ਨਾਲ ਗੁਰੂ ਦੀ ਸੇਵਾ ਕਈ ਸਾਲ ਕੀਤੀ ਹੈ ਤੇ ਉਸੇ ਤਰਾਂ ਹੁਣ ਭੀ ਅਪਣੇ ਪ੍ਰਣ ਨੂੰ ਪੂਰਾ ਨਿਭਾਨਗੇ ਔਰ ਕੈਨੇਡਾ ਨਵਾਸੀ ਸਾਰੇ ਹੀ ਜਥੇ ਬਨ ਕੇ ਤਿਆਰ ਹਨ, ਸਿਰਫ ਸ਼੍ਰੋ: ਗੁ: ਪ੍ਰ: ਕੁਮੇਟੀ ਦੇ ਹੁਕਮ ਦੀ ਉਡੀਕ ਹੈ।

ਪ੍ਰੇਜ਼ੀਡੰਟ ਨਥਾ ਸਿੰਘ **ਸਕੱਤ੍ਰ ਜਗਤ ਸਿੰਘ**

8-2-1925 ਏਹ ਦੀਵਾਨ ਪਾਸ ਕਰਦਾ ਹੈ, ਜੋ ਭਾਈ ਭਗਵਾਨ ਸਿੰਘ ਕੈਨੇਡੀਅਨ ਜਥੇਦਾਰ ਨੂੰ ਤੇ ਮੀਤ ਜਥੇਦਾਰ ਭਾਈ ਹਰਬੰਸ ਸਿੰਘ ਨੂੰ ਜੋ ਸਮੁੰਦਰ ਤੇ ਪਾਰੋਂ ਅਪਨੇ ਦੇਸ ਤੇ ਵਤਨ ਦੀ ਹੁਬ ਵਾਸਤੇ ਜੈਤੋ ਵਿਚ ਖੰਡਨ ਹੋਏ ਅਖੰਡ ਪਾਠ ਵਾਸਤੇ ਸ਼੍ਰੋਮਣੀ ਕੁਮੇਟੀ ਦੇ ਹੁਕਮ ਅਨੁਸਾਰ ਅਪਨੇ ਪੰਜਾਬ ਦੇਸ ਵਿਚ ਹਰ ਇਕ ਜਗਾ ਧਰਮ ਪ੍ਰਚਾਰ

ਕਰਦੇ ਹੋਏ, ਜਿਨ੍ਹਾਂ ਦੇ ਦਰਸ ਨੂੰ ਦੂਰ 2 ਤੋਂ ਸੰਗਤਾਂ ਆਨ ਕੇ ਦਰਸ਼ਨ ਕਰਦੀਆਂ ਤੇ ਤਾਰਾਂ ਭੇਜ 2 ਜੱਥੇ ਨੂੰ ਧਰਮ ਪ੍ਰਚਾਰ ਵਾਸਤੇ ਬਲਾਉਂਦੀਆਂ ਸੀ, ਜਿਨ੍ਹਾਂ ਦਾ ਫਰਜ਼ ਧਰਮ ਪ੍ਰਚਾਰ ਕਰਨਾ ਸੀ। ਐਸੀ ਜ਼ਾਲਮ ਤੇ ਬੇਸ਼ਰਮ ਅੰਗਰੇਜ਼ੀ ਗਵਰੰਮਿੰਟ ਨੇ ਕੌਮੀ ਪ੍ਰਵਾਨਿਆਂ ਨੂੰ ਫੜ ਕੇ ਦੋ 2 ਸਾਲ ਕੈਦ ਤੇ ਹਜ਼ਾਰ 2 ਰੁਪਿਆ ਜਰਮਾਨਾ ਕੀਤਾ। ਸੋ ਜ਼ਾਲਮ ਨੌਕਰਸ਼ਾਹੀ ਨੇ ਖਾਲਸਾ ਕੌਮ ਦੇ ਹਿਰਦੇ ਸਟ ਮਾਰ ਕੇ ਅਪਣੇ ਹਿਰਦੇ ਨੂੰ ਠੰਢਾ ਕੀਤਾ ਹੈ। ਸੋ ਏਹ ਦੀਵਾਨ ਐਸੀ ਬੇਸ਼ਰਮ ਨੌਕਰਸ਼ਾਹੀ ਤੇ ਲਾਹਨਤਾਂ ਪਾਉਂਦਾ ਹੈ ਤੇ ਭਾਈ ਸਾਹਿਬਾਂ ਦੇ ਪ੍ਰਵਾਰਾਂ ਨਾਲ ਹਮਦਰਦੀ ਕਰਦਾ ਹੋਇਆ ਵਾਹਿਗੁਰੂ ਅਗੇ ਪ੍ਰਾਰਥਨਾ ਕਰਦਾ ਹੈ ਕੇ ਭਾਈ ਹੋਰੀ ਐਸੀ ਤਕਲੀਫ ਨੂੰ ਝਲਦੇ ਹੋਏ ਏਸ ਇਮਤਿਹਾਨ ਵਿਚ ਪੂਰੇ ਉਤਰਨਗੇ ਤੇ ਭਾਈ ਹੋਰਾਂ ਨੂੰ ਏਹ ਦੀਵਾਨ ਬਹੁਤ 2 ਵਧਾਈ ਦਿੰਦਾ ਹੈ।

ਪ੍ਰੇਜ਼ੀਡੰਟ ਦਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

29-3-1925 ਨੂੰ ਭਰੇ ਦੀਵਾਨ ਵਿਚ ਪਾਸ ਹੋਇਆ ਕਿ ਮਹਾਂਰਾਜਾ ਮਹਿੰਦਰ ਪ੍ਰਤਾਪ ਸਿੰਘ ਨੂੰ ਖਾਲਸਾ ਦੀਵਾਨ ਵੈਨਕੋਵਰ ਵਲੋਂ ਮਾਨ ਪੱਤ੍ਰ ਅਤੇ ਸੁਨੈਹਰੀ ਕਬਜੇ ਵਾਲੀ ਕਰਪਾਨ ਅਤੇ ਪੰਜ ਸੌ ਡਾਲਰ ਦਿਤਾ ਜਾਵੇ। ਜੋ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਪ੍ਰੇਜ਼ੀਡੰਟ ਦਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

31-5-1925 ਪਾਸ ਹੋਇਆ ਕਿ ਜੋ ਸਹਾਇਤਾ ਭੇਜੀ ਜਾਵੇ, ਉਹ ਅਕਾਲੀ ਦਲ ਜਾਂ ਸ਼੍ਰੋਮਣੀ ਕੁਮੇਟੀ ਨੂੰ ਭੇਜੀ ਜਾਵੇ। ਕੈਨੇਡੀਅਨ ਸ਼ਹੀਦੀ ਜਥੇ ਨੂੰ ਅਲੈਹਦਾ ਨਹੀਂ ਭੇਜੀ ਜਾਵੇ।

ਗਿਆਨੀ ਹਰਨਾਮ ਸਿੰਘ ਨੇ ਜੋ ਕਰਾਇਆ ਅਖੰਡ ਪਾਠੀਆਂ ਵਾਸਤੇ ਲਿਆ ਸੀ, ਵਿਕਟੋਰੀਏ ਜਾਣ ਵਾਸਤੇ ਉਹੋ ਨਰੰਜਣ ਸਿੰਘ ਨੇ ਨਹੀਂ ਲਿਆ। ਉਹੋ ਕਰਾਇਆ ਗਿਆਨੀ ਹਰਨਾਮ ਸਿੰਘ ਨੇ ਆਪ ਰੱਖ ਲਿਆ, ਜੋ ਕੇ ਫਰੇਜ਼ਰ ਮਿਲ ਭਰੇ ਦੀਵਾਨ ਵਿਚ ਗਿਆਨੀ ਹਰਨਾਮ ਸਿੰਘ ਨੇ ਮੰਨਿਆ ਸੀ ਕੇ ਜੇ ਨਰੰਜਨ ਸਿੰਘ ਚਿਠੀ ਲਿਖ ਕੇ ਕੁਮੇਟੀ ਨੂੰ ਦੇ ਦੇਵੇਗਾ ਤਾਂ ਮੈਂ ਏਹ ਡਾਲੇ ਕੁਮੇਟੀ ਨੂੰ ਦੇ ਦੇਵਾਂਗਾ। ਸੋ ਨਰੰਜਨ ਸਿੰਘ ਨੇ ਚਿਠੀ ਕੁਮੇਟੀ ਪਾਸ ਭੇਜ ਦਿਤੀ ਹੈ ਤੇ ਗਿਆਨੀ ਜੀ ਡਾਲੇ ਦੇਣ ਤੋਂ ਮੁਕਰ ਗਏ ਹੈ। ਡਾਲੇ $21-00 ਹਨ। ਸੋ ਜਦ ਤੱਕ ਗਿਆਨੀ ਏਹ ਗੁਰਦੁਆਰੇ ਦੀ ਮਾਇਆ ਨਹੀਂ ਦੇਵੇਗਾ, ਉਦੋਂ ਤੱਕ ਤਨਖਾਹੀਆ ਸਮਝਿਆ ਜਾਵੇਗਾ।

ਪ੍ਰੇਜ਼ੀਡੰਟ ਦਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

16-8-1925 ਅੱਜ ਗੁਰਦੁਆਰਾ ਵੈਨਕੋਵਰ ਵਿਖੇ ਜੈਤੋ ਗੁਰਦੁਆਰਾ 'ਗੰਗਸਰ' ਦੇ ਮੋਰਚੇ ਦੀ ਫਤੇਯਾਬੀ ਦੀ ਖੁਸ਼ੀ ਨੁਮਿਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ ਤੇ ਸਰਬ ਸੰਮਤੀ ਨਾਲ ਨੀਚੇ ਲਿਖੇ ਗੁਰਮਤੇ ਭਰੇ ਦੀਵਾਨ ਵਿਚ ਪਾਸ ਹੋਏ :

1. ਜਿਸ ਸੂਰਬੀਰਤਾ ਅਰ ਨਿਰਭੈਤਾ ਸੈਹਿਤ ਅਕਾਲੀ ਫੌਜਾਂ ਨੇ ਅਨੇਕ ਤਰਾਂ ਦੇ ਤਸੀਹੇ, ਮਸ਼ੀਨਗਨਾਂ, ਕੁਟਾਂ, ਮਾਰਾਂ ਤੇ ਅਨੇਕ ਤਰਾਂ ਦੀਆਂ ਧਾਰਮਕ ਤੇ ਸਰੀਰਕ ਬੇਅਦਬਦੀਆਂ ਸਹਾਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਨੂੰ ਦੁਬਾਰ ਆਰੰਭ ਕੀਤਾ ਹੈ ਅਸੀ ਕੈਨੇਡਾ ਨਿਵਾਸੀ ਖਾਲਸਾ ਤੇ ਹਿੰਦੁਸਤਾਨੀ ਭਾਈ ਅਕਾਲੀ ਦਲ ਨੂੰ ਲੱਖ 2 ਵਧਾਈ ਦਿੰਦੇ ਹਾਂ।

2. ਜੈਤੋ ਵਿਖੇ ਸ਼ਹੀਦ ਹੋਏ ਕੌਮ ਦੇ ਸਤਾਰੇ ਅਕਾਲੀ ਸ਼ਹੀਦ ਬਹਾਦਰਾਂ ਵਾਸਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਦਸਮੇਸ਼ ਜੀ ਦੇ ਚਰਨ ਕਮਲਾਂ ਵਿਖੇ ਏਹ ਦੀਵਾਨ ਪ੍ਰਾਰਥਨਾ ਕਰਦਾ ਹੈ ਕਿ ਇਨ੍ਹਾਂ ਸ਼ਹੀਦਾਂ ਦੀਆਂ ਆਤਮਾ ਆਪਣਿਆਂ ਚਰਨਾਂ ਵਿਖੇ ਨੁਵਾਸ ਬਖਸ਼ੇ ਔਰ ਪੰਥ ਇਨ੍ਹਾਂ ਧਰਮੀ ਸ਼ਹੀਦਾਂ ਦੇ ਖ਼ੂਨ ਦੀ ਕਦਰ ਕਰੇ। ਸਾਡੀ ਸ਼ਹੀਦਾਂ ਦੇ ਪ੍ਰਵਾਰਾਂ ਨਾਲ ਦਿਲੀ ਹਮਦਰਦੀ ਹੈ।
3. ਜੋ ਅਕਾਲੀ ਦਲ ਦਾ ਐਲਾਨ ਨੰਬਰ 5, ਜੋ ਕਿ ਧਾਰਮਕ ਕੈਦੀਆਂ ਦੀ ਰਿਹਾਈ ਸਮੇਤ ਕਰਪਾਨਾਂ ਦੀ ਆਜ਼ਾਦੀ ਤੇ ਮਹਾਂਰਾਜਾ ਨਾਭਾ ਦੀ ਬਹਾਲੀ ਬਾਬਤ ਹੈ ਏਹ ਦੀਵਾਨ ਇਸ ਐਲਾਨ ਦੇ ਇਕ 2 ਅੱਖਰ ਦੀ ਪੁਸ਼ਟੀ ਕਰਦਾ ਹੈ।
4. ਏਹ ਦੀਵਾਨ ਸ਼੍ਰੀ ਸਭਾਏ ਮਾਨ ਸੀ.ਆਰ. ਦਾਸ ਜੀ ਭਾਰਤ ਦੇ ਸੁਚੇ ਰਤਨ ਦਾ ਅਜੇਹੇ ਮੌਕੇ ਪਰ ਭਾਰਤ ਤੋਂ ਅਕਾਲ ਪੁਰਖ ਦੇ ਭਾਣੇ ਅੰਦਰ ਹਮੇਸ਼ਾਂ ਵਾਸਤੇ ਅਲੱਗ ਹੋ ਜਾਣ, ਪਰ ਦਿਲੀ ਅਫਸੋਸ ਪ੍ਰਗਟ ਕਰਦਾ ਹੈ ਔਰ ਵਾਹਿਗੁਰੂ ਅਗੇ ਪ੍ਰਾਰਥਨਾਂ ਕਰਦਾ ਹੈ ਕਿ ਸ਼੍ਰੀ ਮਾਨ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਖੇ ਨੁਵਾਸ ਬਖਸ਼ੇ ਔਰ ਪਿਛੇ ਪ੍ਰਵਾਰ ਨੂੰ ਆਪਨਾ ਭਾਣਾ ਮੰਨਣ ਦਾ ਬੱਲ ਬਖਸ਼ੇ।
5. ਜੋ ਸਵਰਾਜ ਪਾਰਟੀ ਬੰਗਾਲ ਨੇ ਸ਼੍ਰੀ ਮਾਨ ਸੀ.ਆਰ. ਦਾਸ ਜੀ ਦੀ ਜਗਾ ਪਰ ਸ਼੍ਰੀ ਮਾਨ 'ਸੇਨ ਗੁਪਤਾ' ਜੀ ਨੂੰ ਸੁਭਾਏਮਾਨ ਕੀਤਾ ਹੈ। ਅਸੀਂ ਇਸ ਨਾਲ ਸੰਮਤੀ ਰਖਦੇ ਹੋਏ ਭਰੋਸਾ ਕਰਦੇ ਹਾਂ ਕਿ ਸ਼੍ਰੀ ਮਾਨ ਸੇਨ ਗੁਪਤਾ ਜੀ ਸੀ.ਆਰ. ਦਾਸ ਜੀ ਦੇ ਆਰੰਭ ਕੀਤੇ ਪ੍ਰੋਗਰਾਮ ਨੂੰ ਆਪਨੀ ਪੂਰੀ ਜ਼ੁਮੇਵਾਰੀ ਸਮਝਦੇ ਹੋਏ ਪੂਰਨ ਕਰਨਗੇ ਔਰ ਭਾਰਤ ਦੀ ਅਜ਼ਾਦੀ ਵਾਸਤੇ ਆਪਣਾ ਤਨ, ਮਨ ਤੇ ਧਨ ਕੁਰਬਾਨ ਕਰਨ ਖਾਤਰ ਪਿਛਾਂ ਨਹੀਂ ਹਟਣਗੇ। ਏਹ ਦੀਵਾਨ ਸ਼੍ਰੀ ਮਾਨ ਸੇਨ ਗੁਪਤਾ ਜੀ ਨੂੰ ਸ਼੍ਰੀ ਮਾਨ ਸੀ.ਆਰ. ਦਾਸ ਜੀ ਦੀ ਜਗਾ ਸੇਵਾ ਦਾ ਬੀੜਾ ਉਠੌਣ ਦੀ ਵਧਾਈ ਦਿੰਦਾ ਹੈ।
6. ਅਸੀਂ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਅਗੇ ਪ੍ਰਾਰਥਨਾ ਕਰਦੇ ਹੈਂ ਕਿ ਗੁਰਦੁਆਰਾ ਬਿਲ ਉਤਨਾ ਚਿਰ ਨਾ ਲਿਆ ਜਾਵੇ ਜਿਨਾ ਚਿਰ ਕੁਲ ਅਕਾਲੀ ਕੈਦੀ ਸਮੇਤ ਫਖਰੇ ਕੌਮ ਮਾਸਟਰ ਮੋਤਾ ਸਿੰਘ ਤੇ ਸ੍ਰਦਾਰ ਖੜਕ ਸਿੰਘ ਬਗੈਰ ਕਿਸੇ ਸ਼ਰਤ ਤੇ ਰਿਹਾ ਨਾ ਕੀਤੇ ਜਾਣ। ਅਸੀਂ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਦੇ ਹੁਕਮ ਅਨੁਸਾਰ ਹਰ ਏਕ ਕਿਸਮ ਦੀ ਕੁਰਬਾਨੀ ਕਰਨ ਨੂੰ ਤਿਆਰ ਹੈਂ।

ਪ੍ਰੇਜ਼ੀਡੰਟ ਦਿਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

22-8-1925 ਨੂੰ ਸ਼ਾਮ ਦੇ ਸੱਤ ਬਜੇ ਗੁਰਦੁਆਰਾ ਵੈਨਕੋਵਰ ਦੇ ਦਫਤਰ ਵਿਚ ਕੁਮੇਟੀ ਦਾ ਮੀਟੰਗ ਹੋਇਆ ਅਤੇ ਸਰਬ ਸੰਮਤੀ ਨਾਲ ਕੁਮੇਟੀ ਵਿਚ ਪਾਸ ਹੋ ਕੇ 23-8-1925 ਨੂੰ ਸੁਖ ਸਾਗਰ ਭਰੇ ਦੀਵਾਨ ਵਿਚ ਪਾਸ ਹੋਇਆ ਕਿ 200-00 ਦੋ ਸੌ ਡਾਲਾ ਜੈਤੋ ਗੰਗਸਰ ਅਖੰਡ ਪਾਠ ਵਾਸਤੇ ਪ੍ਰਸ਼ਾਦਿ ਨੂੰ ਭੇਜਿਆ ਜਾਵੇ।

2. ਸਰਬ ਸੰਮਤੀ ਨਾਲ ਪਾਸ ਹੋਇਆ ਕੇ ਕੈਨੇਡੀਅਨ ਸ਼ਹੀਦੀ ਜੱਥੇ ਦੇ 10 ਦਸਾਂ ਹੀ ਮੈਂਬਰਾਂ ਨੂੰ ਡੇਢ 2 ਸੌ 150-00 ਰੁਪਿਆ ਛੇ ਮਹੀਨੇ ਵਾਸਤੇ 25 ਰੁਪਏ ਮਹੀਨੇ ਦੇ ਹਿਸਾਬ ਫੀ ਮੈਂਬਰ ਨੂੰ ਸਹੈਤਾ ਦਿੱਤੀ ਜਾਵੇ।
3. ਏਹ ਦੋਹਾਂ ਗੁਰਮਤਿਆਂ ਦੀ ਮਾਇਆ ਮਾਰਫਤ ਸ਼੍ਰੋ: ਗੁ: ਪ੍: ਕੁਮੇਟੀ ਦੀ ਭੇਜੀ ਜਾਵੇ।

ਪ੍ਰੇਜ਼ੀਡੰਟ ਦਿਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

30-8-1925 ਨੂੰ ਭਰੇ ਦੀਵਾਨ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਭਾਈ ਆਇਆ ਸਿੰਘ ਦੀ $500-00 ਡਾਲੇ ਦੀ ਜ਼ਮਾਨਤੀ ਦਿਤੀ ਜਾਵੇ।

ਪ੍ਰੇਜ਼ੀਡੰਟ ਦਿਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

13-9-1925 ਨੂੰ ਹੇਠ ਲਿਖੇ ਗੁਰਮਤੇ ਕੁਮੇਟੀ ਵਿਚ ਸਰਬ ਸੰਮਤੀ ਨਾਲ ਪਾਸ ਹੋ ਕੇ ਭਰੇ ਦੀਵਾਨ ਵਿਚ ਸਰਬ ਸੰਮਤੀ ਨਾਲ ਪਾਸ ਹੋ ਗਏ :

1. ਜੋ ਭਾਈ ਆਇਆ ਸਿੰਘ ਤੁਗਲਵਾਲ ਜ਼ਿਲਾ ਗੁਰਦਾਸਪੁਰ ਦੇ ਸਕੂਲ ਦੀ ਉਗਰਾਹੀ ਨੂੰ ਆਇਆ ਹੋਇਆ ਹੈ, ਕੁਮੇਟੀ ਤਸੱਲੀ ਕਰਕੇ ਕਿ ਉਹੋ ਕੌਮੀ ਸਕੂਲ ਹੈ ਤੇ ਕੌਮ ਦੇ ਹਥ ਪ੍ਰਬੰਧ ਹੈ। ਤਦ ਇਕ ਕਮਰਾ ਸਕੂਲ ਦਾ ਕੈਨੇਡਾ ਦੀਵਾਨ ਦੀ ਤਰਫੋਂ ਬਣਾ ਦਿੱਤਾ ਜਾਵੇ ਤੇ ਉਸ ਕਮਰੇ ਉਪਰ ਕੈਨੇਡੀਅਨ ਸਿਖਾਂ ਦਾ ਨਾਮ ਲਿਖਾ ਦਿੱਤਾ ਜਾਵੇ।
2. ਉਪਰ ਲਿਖੇ ਕਮਰੇ ਪੁਰ ਇਕ ਹਜ਼ਾਰ 1000 ਰੁਪਿਆ ਖਰਚ ਕੀਤਾ ਜਾਵੇ।
3. ਭਾਈ ਆਇਆ ਸਿੰਘ ਅਮ੍ਰੀਕਾ ਜਾਣਾ ਚਾਹੁਣ ਤਦ, ਸ਼ੰਘਈ ਜਾਣਾ ਚਾਹੁਣ ਤਦ, ਦੀਵਾਨ ਦੀ ਤਰਫੋਂ ਕਰਾਇਆ ਦੇ ਕੇ ਭਾਈ ਆਇਆ ਸਿੰਘ ਜੀ ਨੂੰ ਬਾ ਇਜ਼ਤ ਪੁੱਚਾ ਦਿੱਤਾ ਜਾਵੇ।

ਵਾਇਸ ਪ੍ਰਧਾਨ ਜਗਤ ਸਿੰਘ **ਸਕੱਤ੍ਰ ਪਾਖਰ ਸਿੰਘ**

19-10-1925 ਅੱਜ ਦਾ ਦੀਵਾਨ ਜੋ ਕਿ ਪੰਥ ਘਾਤਕਾਂ ਦਾ ਫੋਟੋ ਦੇ ਸਿਰਲੇਖ ਹੇਠ ਬੁਹੜੀ ਪੰਥ ਲੁਟਿਆ ਗਿਆ ਜੇ ਨਾਮ ਦਾ ਪਮਫਲਿਟ ਬਬਰ ਸ਼ੇਰ ਦੇ ਪਰਚਿਆਂ ਵਿਚ ਆਇਆ ਹੈ ਇਸ ਨੂੰ ਪੜ੍ਹ ਕਰ ਕੈਨੇਡਾ ਨੁਵਾਸੀ ਖਾਲਸਾ ਜੀ ਇਸ ਫੁਟ ਪੌਣ ਵਾਲੀ ਚਾਲ ਪੁਰ ਅਤੀ ਅਫਸੋਸ ਪ੍ਰਗਟ ਕਰਦਾ ਹੈ ਅਤੇ ਨਰੈਣ ਸਿੰਘ ਅੰਬਾਲਵੀ ਨੂੰ ਘਿਰਨਾਂ ਦੀ ਨਜ਼ਰ ਨਾਲ ਦੇਖਦਾ ਹੋਇਆ ਇਸ ਮਨਮੁਖ ਪਰ ਲਾਹਨਤਾਂ ਪੌਂਦਾ ਹੈ ਕਿ ਜਿਸ ਨੇ ਕੌਮੀ ਸੇਵਕਾਂ ਅਥਵਾ ਸ਼੍ਰੋ: ਗੁ: ਪ੍ਰ: ਕੁਮੇਟੀ ਪਰ ਬਹੁਤ ਭੈੜੇ ਤੇ ਨਖਿੱਧ ਵਾਕ ਉਚਾਰਨ ਕੀਤੇ ਹਨ। ਏਹ ਦੀਵਾਨ ਸੰਗਤ ਅੰਬਾਲਾ ਪਾਸ ਬੇਨਤੀ ਕਰਦਾ ਹੈ ਕਿ ਇਸ ਮਨਮੁੱਖ ਨੂੰ ਸੰਗਤ ਬਾਈਕਾਟ ਕਰ ਦੇਵੇ ਤਾਂ ਕਿ ਇਸ ਗਦਾਰ ਨੂੰ ਪਤਾ ਲੱਗ ਜਾਵੇ ਕਿ ਕੌਮ ਵਿਚ ਫੁਟ ਪੌਣ ਵਾਲਿਆਂ ਨੂੰ ਕੀ ਫੱਲ ਮਿਲਦਾ ਹੈ।

2, ਅੱਜ ਦਾ ਦੀਵਾਨ 'ਬਬ੍ ਸ਼ੇਰ' ਤੇ 'ਕਿਰਪਾਨ ਬਹਾਦਰ' ਦੇ ਹਤਕ ਭਰੇ ਤੇ ਅਨਸਾਨੀਅਤ ਤੋਂ ਗਿਰੇ ਹੋਏ ਲੇਖ ਪੜ੍ਹ ਕੇ ਜੋ ਕਿ ਇਹਨਾਂ ਕੌਮਾਂ ਦੇ ਸਚੇ ਤੇ ਸੁੱਚੇ ਸੇਵਕਾਂ ਦੀ ਸ਼ਾਨ ਦੇ ਬਰਖਲਾਫ ਲਿਖੇ ਹੈ, ਸੋ ਪੜ੍ਹ ਕੇ ਕੈਨੇਡਾ ਦੇ ਖਾਲਸੇ ਦੇ ਦਿਲ ਬਹੁਤ ਦੁਖੀ ਹੋਏ ਹੈ। ਇਸ ਵਾਸਤੇ 'ਬਬਰ ਸ਼ੇਰ' ਤੇ 'ਕਿਰਪਾਨ ਬਹਾਦਰ' ਤੇ ਨਿਰਭੈ-ਉਪਦੇਸ਼ਕ ਜਥੇ ਦਾ ਬਾਈਕਾਟ ਕਰਦਾ ਹੈ।

3. ਅੱਜ ਦਾ ਦੀਵਾਨ ਸ਼੍ਰੀ ਮਾਨ ਸ੍ਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੂੰ ਜੇਹਲ ਯਾਤਰਾ ਤੋਂ ਆਏ ਨੂੰ ਲੱਖ 2 ਵਧਾਈ ਦਿੰਦਾ ਹੈ ਤੇ ਉਮੈਦ ਕਰਦਾ ਹੈ ਕਿ ਸ਼੍ਰੀ ਮਾਨ ਜੀ ਸਿਖਾਂ ਦੀ ਸ਼ਾਨ ਨੂੰ ਹੋਰ ਭੀ ਚਾਰ ਚੰਦ ਲਾ ਦੇਣਗੇ।

ਪ੍ਰਧਾਨ ਦਿਲਬਾਗ ਸਿੰਘ **ਸਕੱਤ੍ਰ ਪਾਖਰ ਸਿੰਘ**

8-11-1925 ਨੂੰ ਕੁਮੇਟੀ ਦੀ ਜਨਰਲ ਮੀਟੰਗ ਵੈਨਕੋਵਰ ਕੁਮੇਟੀ ਦੇ ਦਫਤਰ ਵਿਚ ਹੋਇਆ। ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋ ਕੇ ਉਪਰ ਭਰੇ ਦੀਵਾਨ ਵਿਚ ਵੀ ਸਰਬ ਸੰਮਤੀ ਨਾਲ ਪਾਸ ਹੋਏ :

1. ਜੋ 16114 ਰੁਪਏ ਸ੍ਦਾਰ 'ਹਰਚਰਨ ਸਿੰਘ ਲਾਇਲਪੁਰੀ'* ਪਾਸ ਵੈਨਕੋਵਰ ਦੀਵਾਨ ਦਾ ਜਮਾਂ ਹੈ, ਜੋ ਕਿ 1924 ਵਿਚ ਅਕਾਲੀ ਦਲ ਵਾਸਤੇ ਭੇਜਿਆ ਸੀ, ਜੋ ਕਿ ਕਿਸੇ ਕਾਰਨ ਕਰਕੇ ਸ੍ਦਾਰ ਹਰਚਰਨ ਸਿੰਘ ਜੀ ਨੇ ਸ਼੍ਰੋ: ਗੁ: ਪ੍: ਕੁਮੇਟੀ ਅਤੇ ਸ਼੍ਰੋ: ਅਕਾਲੀ ਦਲ ਨੂੰ ਨਹੀਂ ਦਿੱਤਾ, ਉਹੋ ਰੁਪਿਆ ਵਾਪਸ ਮੰਗਵਾਇਆ ਜਾਏ।

ਪ੍ਧਾਨ ਦਿਲਬਾਗ ਸਿੰਘ **ਸਕੱਤ੍ ਪਾਖਰ ਸਿੰਘ**

9-11-1925 ਨੂੰ ਵੈਨਕੋਵਰ ਦੀ ਕੁਮੇਟੀ ਦੇ ਮੈਂਬਰਾਂ ਦਾ ਮੀਟੰਗ ਕੁਮੇਟੀ ਦੇ ਦਫਤਰ ਵਿਚ ਹੋਇਆ। ਵਿਚਾਰ ਇਸ ਗਲ ਪਰ ਹੋਈ ਕਿ ਜੋ ਗੁਰਦੁਆਰੇ ਦੇ ਅਕੌਂਟ ਵਿਚੋਂ ਇਕ ਸੌ ਇਕੀ ਡਾਲੇ, ਪੈਂਤੀ ਸੈਂਟ $121-25 ਦੀ ਨਾਜਾਇਜ਼ ਚਿਕ ਕੈਸ਼ ਹੋ ਗਈ ਸੀ, ਉਹੋ ਬੈਂਕ ਨੇ ਬੁਹਤ ਪੜਤਾਲ ਕਰਕੇ ਔਰ ਅਪਣੀ ਗਲਤੀ ਮੰਨ ਕੇ ਚਿਕ ਵਾਲੀ ਰਕਮ ਇਕ ਸੌ ਇਕੀ ਡਾਲੇ, ਪੈਂਤੀ ਸੈਂਟ ਵਾਪਸ ਅਕੌਂਟ ਵਿਚ ਰੱਖ ਦਿਤੇ ਹਨ ਤੇ ਨਾਲੇ ਬੈਂਕ ਦੇ ਮੈਨੇਜ਼ਰ ਨੇ ਤਾਕੀਦ ਕੀਤੀ ਹੈ ਕਿ ਇਹ ਮਾਮਲਾ ਪੋਸ਼ੀਦਾ ਰਖਿਆ ਜਾਵੇ, ਕਿਉਂਕੇ ਬੈਂਕ ਉਸ ਆਦਮੀ ਦੀ ਭਾਲ ਕਰਨਾ ਚਾਹੁੰਦੀ ਹੈ। ਸੋ ਕੁਮੇਟੀ ਨੇ ਬੜੀ ਸੋਚ ਵਿਚਾਰ ਤੋਂ ਬ੍ਾਦ ਸਰਬ ਸੰਮਤੀ ਨਾਲ ਏਹੋ ਫੈਸਲਾ ਕੀਤਾ ਕਿ ਜੇ ਬੈਂਕ ਦਾ ਮੈਨੇਜ਼ਰ ਇਸ ਮਾਮਲੇ ਨੂੰ ਪੋਸ਼ੀਦਾ ਰਖਣਾ ਚਾਹੁੰਦਾ ਹੈ ਤਾਂ ਇਹੋ ਮੰਨ ਲਿਆ ਜਾਵੇ, ਕਿਉਂਕੇ ਸੁਸਾਇਟੀ ਦਾ ਕੋਈ ਹਰਜ ਨਹੀਂ ਹੈ, ਕਿਉਂਕੇ ਬੈਂਕ ਨੇ ਅਪਨੀ ਗਲਤੀ ਮੰਨ ਲਈ ਹੈ ਤੇ ਰਕਮ ਵਾਪਸ ਸੁਸਾਇਟੀ ਨੂੰ ਦੇ ਦਿਤੀ ਹੈ।

ਵਾਇਸ ਪ੍ਧਾਨ ਜਗਤ ਸਿੰਘ **ਸਕੱਤ੍ ਪਾਖਰ ਸਿੰਘ**

15-11-1925 ਨੂੰ ਪਾਸ ਹੋਇਆ ਕਿ ਜੋ ਵੈਨਕੋਵਰ ਦੀ ਸੰਗਤ ਵਿਚੋਂ ਅਰਜ਼ ਹੋ ਕੇ ਰਣਜੀਤ ਸਿੰਘ ਵਾਸਤੇ ਰਕਮ ਹੋਈ ਸੀ, ਉਹੋ ਰਣਜੀਤ ਸਿੰਘ ਨੂੰ ਭੇਜੇ ਗਏ ਸੀ, ਉਹੋ ਰਕਮ ਰਘਬੀਰ ਸਿੰਘ ਦੇ ਨਾਮ ਭੇਜੀ ਗਈ ਸੀ, ਜੇਹੜੀ ਕੇ ਅਜੇ ਰਘਬੀਰ ਸਿੰਘ ਜਮਾਂ ਹੈ, ਉਹ ਰਕਮ ਰਣਜੀਤ ਸਿੰਘ ਨਹੀਂ ਲੈਂਦਾ ਹੈ। ਜੈਸਾ ਕੇ ਹਰੀ ਸਿੰਘ ਦੀ ਚਿੱਠੀ ਦੱਸਦੀ ਹੈ। ਕੁਮੇਟੀ ਵਿਚ ਪਾਸ ਹੋ ਕੇ ਦੀਵਾਨ ਵਿਚ ਪਾਸ ਹੋਇਆ ਕਿ ਏਹ ਰਕਮ 'ਨੁਮਾਣਿਆਂ' ਵਾਲੇ ਖਾਲਸਾ ਸਕੂਲ ਨੂੰ ਦਿਤੀ ਜਾਵੇ। ਏਹ ਰਕਮ ਕਰੀਬਨ ਨੱਬੇ ਡਾਲੇ $90-00 ਦੇ ਹੈ।

ਵਾਇਸ ਪ੍ਧਾਨ ਜਗਤ ਸਿੰਘ **ਸਕੱਤ੍ ਪਾਖਰ ਸਿੰਘ**

22-12-1925 ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ :

1. ਏਹ ਦੀਵਾਨ ਸ਼੍ਰੋ: ਗੁ: ਪ੍: ਕੁਮੇਟੀ ਪਾਸ ਬੁਹਤ ਅਧੀਨਗੀ ਸਹਿਤ ਬੇਨਤੀ ਕਰਦਾ ਹੈ ਕਿ ਗੁਰਦੁਆਰਾ ਕਰਤਾਰਪੁਰ ਜ਼ਰੂਰ ਪੰਥਕ ਪਰਬੰਧ ਹੇਠ ਲਿਆਂਦਾ ਜਾਵੇ,

---

* ਸ੍ਦਾਰ ਹਰਚੰਦ ਸਿੰਘ ਰਈਸ ਲਾਇਲਪੁਰੀ ਦਾ ਨਾਮ ਭੁਲੇਖੇ ਵਿਚ ਹਰਚਰਨ ਸਿੰਘ ਲਿਖਿਆ ਗਿਆ ਹੈ। ਅਸਲ ਨਾਮ ਸ਼੍: ਹਰਚੰਦ ਸਿੰਘ ਹੈ। *—ਅਰਜਨ ਸਿੰਘ ਚੰਦ*

ਕਿਉਂਕੇ ਏਹ ਇਤਿਹਾਸਕ ਗੁਰਦੁਆਰਾ ਹੈ। ਇਸ ਦੇ ਬਾਰੇ ਜੋ ਭੀ ਕੁਰਬਾਨੀ ਕਰਨੀ ਪਵੇ, ਅਸੀਂ ਸ਼੍ਰੋ: ਗੁ: ਪ੍ਰ: ਕੁਮੇਟੀ ਦੇ ਹੁਕਮ ਅੰਦਰ ਤਨ, ਮਨ ਤੇ ਧਨ ਨਾਲ ਕਰਨੇ ਨੂੰ ਤਿਆਰ ਹੈਂ।

2. ਏਹ ਦੀਵਾਨ ਪਾਸ ਕਰਦਾ ਹੈ ਕਿ ਜਥ ਤੱਕ ਕੁਲ ਅਕਾਲੀ ਕੈਦੀ ਰਿਹਾ ਨਾ ਕੀਤੇ ਜਾਣ, ਉਤਨਾ ਚਿਰ ਕੋਈ ਜਾਂ ਕਿਸੇ ਬੀ ਬੜੇ ਬਿਲ ਪਰ ਅਮਲ ਨਾ ਕੀਤਾ ਜਾਵੇ।
3. ਏਹ ਦੀਵਾਨ ਪਾਸ ਕਰਦਾ ਹੈ ਕਿ ਜਥ ਤੱਕ ਫਖਰੇ ਕੌਮ ਮਾਸਟਰ ਮੋਤਾ ਸਿੰਘ ਅਤੇ ਸ੍ਰਦਾਰ ਖੜਕ ਸਿੰਘ ਬਿਲਾ ਸ਼ਰਤ ਰਿਹਾ ਨਾ ਕੀਤੇ ਜਾਣ, ਉਤਨਾਂ ਚਿਰ ਕਿਸੇ ਬਿਲ ਪਰ ਅਮਲ ਨਾ ਕੀਤਾ ਜਾਏ। ਉਪਰੋਕਿਤ ਗੁਰਮਤੇ ਭਰੇ ਦੀਵਾਨ ਵਿਚ ਪਾਸ ਹੋਏ।
4. ਜੇਹੜੀ ਨਾਜਾਇਜ਼ ਚਿਕ $121-35 ਦੀ ਸੂਸਾਇਟੀ ਦੇ ਅਕੌਂਟ ਵਿਚੋਂ ਕੈਸ਼ ਹੋ ਗਈ ਸੀ, ਜੋ ਕਿ ਵਾਪਸ ਸੂਸਾਇਟੀ ਨੂੰ ਆ ਚੁੱਕੀ ਹੈ। ਏਹ ਪਿਛਲੇ ਗੁਰਮਤੇ ਅਨੁਸਾਰ ਪੋਸ਼ੀਦਾ ਰੱਖੀ ਜਾਵੇ।
5. ਏਹ ਗੁਰਮਤਾ ਕੁਮੇਟੀ ਵਿਚ ਸਰਬ ਸੰਮਤੀ ਨਾਲ ਪਾਸ ਹੋ ਕੇ ਭਰੇ ਦੀਵਾਨ ਵਿਚ ਪਾਸ ਹੋ ਗਿਆ ਕਿ ਜੋ ਧਾਰਮਕ ਤੇ ਪੁਲੀਟੀਕਲ ਕੈਦੀ ਸਹਾਇਕ ਫੰਡ ਦੀ ਉਗਰਾਹੀ ਹੋਈ ਹੈ, ਉਸ ਨੂੰ ਕੁਮੇਟੀ ਮੁਨਾਸਬ ਸਮਝ ਕੇ ਮਾਝਾ, ਮਾਲਵਾ, ਦੁਆਬਾ ਤਿਹਾਂ ਹਲਕਿਆਂ ਨੂੰ ਭੇਜੀ ਜਾਏ, ਜੋ ਕਿ ਕੁਮੇਟੀ ਨੂੰ ਪੂਰਾ ਅਖਤਿਆਰ ਹੈ ਕਿ ਮੁਨਾਸਬ ਵੰਡ ਕਰਕੇ ਭੇਜ ਦੇਵੇ।

ਪ੍ਰਧਾਨ ਦਿਲਬਾਗ ਸਿੰਘ **ਸਕੱਤ੍ ਪਾਖਰ ਸਿੰਘ**

31-12-1925 1. ਅੱਜ ਸ੍ਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਜੋ ਮਾਇਆ ਧਾਰਮਕ ਅਤੇ ਪੁਲੀਟੀਕਲ ਕੈਦੀ ਸਹਾਇਕ ਫੰਡ ਵਾਸਤੇ ਉਗਰਾਹੀ ਦੀ ਹੋਈ ਹੈ, ਉਹ ਚਾਰ ਹਿਸੇ ਪਰ ਤਕਸੀਮ ਕਰਕੇ ਭੇਜੀ ਜਾਵੇ। ਇਕ ਹਿੱਸਾ ਮਾਝੇ ਦੇ ਅਕਾਲੀ ਤੇ ਪੁਲੀਟੀਕਲਾਂ ਦੀ ਸਹੈਤਾ ਵਾਸਤੇ ਤੇ ਦੂਸਰਾ ਮਾਲਵੇ ਦੇ ਤੇ ਤੀਸਰਾ ਦੁਆਬੇ ਦੇ ਤੇ ਚੌਥਾ ਬਬਰ ਅਕਾਲੀਆਂ ਦੇ ਪ੍ਵਾਰਾਂ ਵਾਸਤੇ ਭੇਜਿਆ ਜਾਵੇ।

2. ਜੋ ਮਾਇਆ ਬਬਰ ਅਕਾਲੀਆਂ ਦੀ ਸਹੈਤਾ ਵਾਸਤੇ ਭੇਜੀ ਜਾਵੇ, ਉਹ 'ਕਰਮ ਸਿੰਘ ਚੀਮੇ' ਦੇ ਨਾਮ ਤੇ 'ਭਾਗ ਸਿੰਘ ਉਪਲ' ਦੇ ਨਾਮ ਭੇਜੀ ਜਾਵੇ ਅਤੇ ਏਹਨਾਂ ਨੂੰ ਹੈਦਾਇਤ ਕੀਤੀ ਜਾਵੇ ਕਿ ਜਿਤਨੇ ਬਬਰ ਅਕਾਲੀ ਹੋਏ, ਭਾਵੇਂ ਕਿਸੇ ਬੀ ਹਲਕੇ ਦੇ ਹੋਣ, ਸਭ ਨੂੰ ਦਿਤੀ ਜਾਵੇ।

[*ਜ਼ਰੂਰੀ ਨੋਟ* : ਇਸ ਤੋਂ ਅਗਲੀ ਕਾਰਰੁਵਾਈ ਦਾ ਕੁਝ ਪਤਾ ਨਹੀਂ ਲਗਦਾ, ਕਿਉਂਕੇ ਮਨਿਯੂਟ ਬੁੱਕ ਦਾ ਇਕ ਵਰਕਾ ਸਫ਼ਾ 27-28 ਕਿਸੇ ਸਜਣ ਨੇ ਕੱਢਿ ਲਿਆ। ਇਸ ਲਈ ਸਫਾ 27-28 ਦੀ ਕਾਰਰੁਵਾਈ ਦਾ ਪਤਾ ਨਹੀਂ, ਕੀ ਸੀ। ਪਰ ਇਸ ਵਰਕੇ ਕੱਢੇ ਜਾਣ ਦਾ ਪਤਾ 1927 ਦੀ ਪ੍ਬੰਧਕ ਕੁਮੇਟੀ ਨੇ ਸੰਗਤ ਨੂੰ ਦਿੱਤਾ, ਜਦ ਕੇ ਦਾਸ ਵੀ ਸੰਗਤ ਵਿਚ ਉਸ ਸਮੇਂ ਹਾਜ਼ਰ ਸੀ, ਕਿਉਂਕੇ ਦਾਸ ਕੈਨੇਡਾ ਵਿਚ 15 ਨਵੰਬਰ 1926 ਨੂੰ ਆਇਆ ਹੈ।

ਪਰ ਮਨਿਯੂਟ ਬੁੱਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਫਾ 26 ਦੀ ਕਾਰਰੁਵਾਈ ਤਾਰੀਖ 31 ਦਸੰਬਰ 1925 ਜੋ ਕਿ ਸਕੱਤ੍ਰ ਭਾਈ ਪਾਖਰ ਸਿੰਘ ਮਾਨਾਂਵਾਲੀ ਦੀ ਲਿਖਤ ਹੈ ਅਤੇ ਉਸ ਦੀ ਕਾਰਰੁਵਾਈ ਦਾ ਬਕਾਇਆ ਜੋ ਕਿ ਸਫਾ 27 ਪਰ ਚਲਦਾ ਹੈ।

ਪਰ ਸਫਾ 29 ਤੇ ਜੋ ਕਾਰਰੁਵਾਈ ਲਿਖਣੀ ਸ਼ੁਰੂ ਕੀਤੀ ਹੈ, ਉਹ ਤਾਰੀਖ 23 ਦਸੰਬਰ 1925 ਨੂੰ ਸ਼ੁਰੂ ਕੀਤੀ ਜਾਂਦੀ ਹੈ ਜੋ ਕਿ ਗਿਆਨੀ ਹਰਨਾਮ ਸਿੰਘ ਆਦੇਕਾਲੀ ਸਕੱਤ੍ਰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਅਤੇ ਪ੍ਰਧਾਨ ਵਰਿਆਮ ਸਿੰਘ ਕੁਕੜ ਦੇ ਦਸਖਤਾਂ ਹੇਠ ਲਿਖੀ ਗਈ ਹੈ।

ਸੂਸਾਇਟੀ ਵਿਚ ਕੰਮ ਕਰਨ ਵਾਲੇ ਬਜ਼ੁਰਗਾਂ ਤੋਂ ਪਤਾ ਲੱਗਾ ਹੈ ਕਿ 1925 ਦੇ ਸਕੱਤ੍ਰ ਭਾਈ ਪਾਖਰ ਸਿੰਘ ਨੇ ਗੁਰਮਤੇ ਦੇ ਤੌਰ ਪੁਰ ਭਾਈ ਹਰਨਾਮ ਸਿੰਘ ਪਿੰਡ ਆਦੇਕਾਲੀ ਦੇ ਖਿਲਾਫ ਕੁੱਛ ਅੱਖਰ ਲਿਖੇ ਸਨ ਅਤੇ 1926 ਦਾ ਸਕੱਤ੍ਰ ਹਰਨਾਮ ਸਿੰਘ ਆਦੇਕਾਲੀ ਬਣ ਗਿਆ। ਉਕਤ ਵਰਕਾ ਕੱਢਣ ਦਾ ਜ਼ੁਰਮ ਹਰਨਾਮ ਸਿੰਘ ਨੇ ਕੀਤਾ ਹੈ, ਜੋ ਕਿ ਸ਼ੱਕ ਵੀ ਦਰੁਸਤ ਮਾਲੂਮ ਹੁੰਦੀ ਹੈ, ਕਿਉਂਕੇ ਪਾਖਰ ਸਿੰਘ 31 ਦਸੰਬਰ 1925 ਦੀ ਕਾਰਰੁਵਾਈ ਸਫਾ 26 ਤੋਂ ਸ਼ੁਰੂ ਕਰਕੇ ਸਫਾ 27 ਅਤੇ 28 ਪੁਰ ਖਤਮ ਕਰਦਾ ਹੈ ਅਤੇ ਹਰਨਾਮ ਸਿੰਘ ਸਫਾ 29 ਪੁਰ 23 ਦਸੰਬਰ 1925 ਦੀ ਕਾਰਰੁਵਾਈ ਲਿਖ ਰਿਹਾ ਹੈ ਜੋ ਕਿ ਸਫਾ 26 ਤੋਂ ਵੀ ਇਕ ਹਫਤਾ ਪਹਿਲਾਂ ਦੀ ਲਿਖਣੀ ਜਾਇਜ਼ ਨਹੀਂ ਸੀ। —*ਅਰਜਨ ਸਿੰਘ 'ਚੰਦ'*]

17-1-1926 ਨੂੰ ਪ੍ਰਵਾਨ ਹੋਇਆ ਕਿ ਭਾਈ ਆਇਆ ਸਿੰਘ ਜੀ ਨੂੰ ਇਕ ਹਜ਼ਾਰ ਦੀ ਜਗਾ ਦੋ ਹਜ਼ਾਰ ਰੁਪਿਆ ਦਿਤਾ ਜਾਵੇ, ਜਿਸ ਦੀ ਵੰਡ ਇਸ ਤਰਾਂ ਕੀਤੀ ਜਾਵੇ : ਇਕ ਹਜ਼ਾਰ ਰੁਪਿਆ ਅਤੇ ਕਰਾਇਆ ਖਾਲਸਾ ਦੀਵਾਨ ਵੈਨਕੋਵਰ ਵਲੋਂ, 250-00 ਰੁਪਏ ਐਬਟਸਫੋਰਡ, 250-00 ਰੁਪਿਆ ਫਰੇਜ਼ਰ ਮਿਲ, 100-00 ਰੁਪਿਆ ਸੁਖ ਸਾਗਰ, 300-00 ਰੁਪਿਆ ਵਿਕਟੋਰੀਆ, 100-00 ਰੁਪਿਆ ਡੰਕਨ ਦੀਵਾਨ ਤੋਂ ਲਿਆ ਜਾਵੇ।

ਪ੍ਰਧਾਨ ਵਰਿਆਮ ਸਿੰਘ **ਸਕੱਤ੍ਰ ਗਿਆਨੀ ਹਰਨਾਮ ਸਿੰਘ**

18-3-1926 ਦੀਵਾਨ ਵਿਚ ਬੋਲੇ ਹੋਏ ਕਿ ਰਤਨ ਸਿੰਘ ਜੋ ਮੰਗਲ ਸਿੰਘ ਦੇ ਲੜਕਿਆਂ ਲਿਆਂਦਿਆਂ ਦੇ ਬਰਖਿਲਾਫ ਇਮੀਗਰੇਸ਼ਨ ਪਾਸ ਬੋਲਿਆ ਹੈ ਕਿ ਮੋੜੇ ਜਾਣ। ਸੋ ਏਹ ਸੰਗਤ ਨੇ ਫੈਲਾ ਮੁਕੌਣ ਦਾ ਹੱਕ ਕੁਮੇਟੀ ਨੂੰ ਦਿਤਾ ਤੇ ਕੁਮੇਟੀ ਨੇ ਰਤਨ ਸਿੰਘ ਨੰ ਪੱਛ ਕੇ ਮਕੌਣਾ ਚਾਹਿਆ ਤੇ ਰਤਨ ਸਿੰਘ ਨੇ ਕਿਹਾ ਕਿ ਮੈਂ ਮੰਗਲ ਸਿੰਘ ਤੋਂ ਸੌ ਡਾਲਾ ਲੈਣਾ ਹੈ। ਆਖਰਕਾਰ ਮੰਗਲ ਸਿੰਘ ਤੋਂ ਪੁਛਿਆ ਕਿ ਰਤਨ ਸਿੰਘ ਨੇ ਲੜਕਿਆਂ ਦੇ ਬਰਖਲਾਫ ਰਪੋਟ ਦਿਤੀ ਹੈ। ਸੋ ਹੁਣ ਦੱਸ ਕਿਵੇਂ ਹੋਵੇ। ਮੰਗਲ ਸਿੰਘ ਨੇ ਕਿਹਾ ਕਿ ਦੀਵਾਨ ਇਸ ਮੁਕਦਮੇਂ ਨੂੰ ਬੰਦ ਕਰ ਦੇਵੇ। ਦੀਵਾਨ ਜੋ ਕੁੱਛ ਭੀ ਮੇਰੇ ਕੋ ਕਹੇਗਾ, ਸੋ ਮੈਂ ਮੰਨਜ਼ੂਰ ਕਰਾਂਗਾ। ਆਖਰਕਾਰ ਦੀਵਾਨ ਨੇ ਹਾਕਮ ਸਿੰਘ ਨੂੰ ਕਿਹਾ ਕਿ ਖਰਚ ਕੀਤੇ ਬਿਨਾ ਏਹ ਫੈਸਲਾ ਨਹੀਂ ਹੁੰਦਾ। ਹਾਕਮ ਸਿੰਘ ਨੇ ਤਾਰਾ ਸਿੰਘ ਨੂੰ ਕਿਹਾ ਕਿ ਮੁਕਦਮਾ ਮੁੱਕ ਜਾਵੇ ਡਾਲੇ ਚਾਹੋ ਕਿਤਨੇ ਭੀ ਲਗ ਜਾਣ ਸੋ ਮੈਂ ਦੇਵਾਂਗਾ। ਸੋ ਤਾਰਾ ਸਿੰਘ ਨੇ $100-00 ਸੌ ਡਾਲਾ ਰਤਨ ਸਿੰਘ ਨੂੰ ਦੇ ਕੇ ਫੈਸਲਾ

ਮੁਕਾ ਦਿਤਾ ਤੇ ਮੰਗਲ ਸਿੰਘ ਨੂੰ ਕਿਹਾ ਕੇ ਸੌ ਡਾਲਾ ਰਤਨ ਸਿੰਘ ਵਾਲਾ ਤੇ 25 ਡਾਲੇ ਦੀਵਾਨ ਦੇ ਖਰਚ ਹੋਏ ਹਨ। ਸੋ ਤੂੰ ਦੇ ਦੇਹ। ਮੰਗਲ ਸਿੰਘ ਨੇ ਛੇ ਮਹੀਨੇ ਦੀ ਮੋਹਲਤ ਮੰਗੀ ਹੈ ਤੇ ਮੈਂ ਸੈਨ ਕਰਦਾ ਹਾਂ ਕਿ $125-00 ਡਾਲੇ ਤਾਰਾ ਸਿੰਘ ਨੂੰ ਦੇਣ ਤੋਂ ਅਨਕਾਰੀ ਨਹੀਂ ਹੋਵਾਂਗਾ। ਦਸਖਤ ਮੰਗਲ ਸਿੰਘ
25 ਅਪ੍ਰੈਲ 1926 ਨੂੰ ਅਖੀਰ ਏਹ ਫੈਸਲਾ ਮੁੱਕਾ।

21-3-1926 ਨੂੰ ਦੀਵਾਨ ਦੀ ਕੁਮੇਟੀ ਦੀ ਇਕੱਤ੍ਰਤਾ ਇਸ ਗਲ ਪੁਰ ਵਿਚਾਰ ਕਰਨ ਵਾਸਤੇ ਹੋਈ ਕੇ ਜੋ ਅਪੀਲ ਖਾਲਸਾ ਜੇ.ਵੀ. ਹਾਈ ਸਕੂਲ, ਸ਼੍ਰੀ ਆਨੰਦਪੁਰ ਦੀ ਆਈ ਹੋਈ ਹੈ, ਪਰ ਅਫਸੋਸ ਕੇ ਕੋਈ ਤਸਲੀ ਬਖਸ਼ ਫੈਸਲਾ ਨਾ ਹੋ ਸਕਿਆ ਤੇ ਫੈਸਲਾ ਸੰਗਤ ਪਰ ਛਡਿਆ ਗਿਆ।

2. ਸੰਗਤ ਵਿਚ ਬੁਹ ਸੰਮਤੀ ਨਾਲ ਪਾਸ ਹੋਇਆ ਕਿ ਖਾਲਸਾ ਜੇ.ਵੀ. ਹਾਈ ਸਕੂਲ ਨੂੰ ਤਿਨ ਹਜ਼ਾਰ $3000-00 ਡਾਲਾ ਸਹੈਤਾ ਭੇਜੀ ਜਾਵੇ, ਜੋ ਕਿ ਅਗਲੇ ਦਿਨ ਹੀ ਭੇਜੀ ਗਈ।

ਪ੍ਰਧਾਨ ਵਰਿਆਮ ਸਿੰਘ **ਸਕੱਤ੍ਰ ਗਿਆਨੀ ਹਰਨਾਮ ਸਿੰਘ**

23-5-1926 ਨੂੰ ਦੀਵਾਨ ਦੀ ਕੁਮੇਟੀ ਦੀ ਜਨਰਲ ਅਕਤ੍ਰਤਾ ਹੋਈ। ਨੀਚੇ ਲਿਖੇ ਗੁਰਮਤੇ ਪਾਸ ਕੀਤੇ ਗਏ :

1. ਅੱਜ ਦੀ ਅਕੱਤ੍ਰਤਾ ਜੋ ਕਿ ਬਬਰ ਅਕਾਲੀਆਂ ਦੇ ਨੁਮਿਤ ਰੱਖੇ ਗਏ ਅਖੰਡ ਪਾਠ ਦੇ ਭੋਗ ਪਰ ਹੋਈ ਹੈ, ਸਰਬ ਸੰਮਤੀ ਨਾਲ ਪਾਸ ਕਰਦੀ ਹੈ ਕੇ ਗੈਰ ਜ਼ੁਮੇਵਾਰ ਹਕੂਮਤ ਨੇ ਜੋ ਬਹਾਦਰ ਬਬਰ ਅਕਾਲੀਆਂ ਨੂੰ ਫਾਂਸੀ ਪਰ ਲਟਕਾ ਕੇ ਆਪਣੇ ਅਨਿਆਏਪੁਣੇ ਦਾ ਕਮੀਨਾ ਸਬੂਤ ਦਿਤਾ ਹੈ, ਉਸ ਦੀ ਬੜੇ ਜ਼ੋਰਦਾਰ ਲਫਜ਼ਾਂ ਮੇਂ ਨਖੇਧੀ ਕਰਦੀ ਹੈ।
2. ਇਹ ਦੀਵਾਨ ਗੱਜ ਵੱਜ ਕੇ ਐਲਾਨ ਕਰਦਾ ਹੈ ਕਿ ਬਹਾਦਰ ਬਬਰ ਅਕਾਲੀਆਂ ਨੇ ਜੋ ਕੁਝ ਭੀ ਕੀਤਾ ਹੈ ਨਿਰੋਲ ਪੰਥਕ ਅਤੇ ਮੁਲਕੀ ਸੇਵਾ ਕੀਤੀ ਹੈ, ਜਿਸ ਕਰਕੇ ਕੋਈ ਗੁਨਾਹ ਨਹੀਂ ਕੀਤਾ ਸੀ, ਪਰ ਨੌਕਰਸ਼ਾਹੀ ਨੇ ਕੀਨਾ ਕਢਣ ਦੀ ਨੀਯਤ ਨਾਲ ਉਨ੍ਹਾਂ ਨੂੰ ਸਾਥੋਂ ਸਦਾ ਲਈ ਵਿਛੋੜ ਕੇ ਨੀਚਤਾ ਦਾ ਪੂਰਾ 2 ਸਬੂਤ ਦਿਤਾ, ਜਿਸ ਪਰ ਲੱਖ 2 ਲਾਹਨਤ ਪੈਂਦਾ ਹੈ।
3. ਪਾਸ ਹੋਇਆ ਕਿ ਬਬਰ ਅਕਾਲੀ ਸ਼ਹੀਦਾਂ ਦੀ ਯਾਦ ਕਾਇਮ ਰੱਖਣ ਵਾਸਤੇ ਹਰ ਸਾਲ ਦੇ ਸਾਲ 23 ਮਈ ਨੂੰ ਗੁਰਦੁਆਰਾ ਵੈਨਕੋਵਰ ਮੇਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਕਾ ਅਖੰਡ ਪਾਠ ਕੀਤਾ ਜਾਇਆ ਕਰੇ।

   ਇਸ ਅਖੰਡ ਪਾਠ ਦੇ ਮੌਕੇ ਪਰ ਜਿਤਨੀ ਮਾਇਆ ਅਕੱਤ੍ਰ ਹੋਇਆ ਕਰੇ, ਸਭ ਕੀ ਸਭ ਬਬਰ ਅਕਾਲੀ ਸ਼ਹੀਦਾਂ ਦੇ ਪ੍ਰਵਾਰਾਂ ਨੂੰ ਭੇਜੀ ਜਾਇਆ ਕਰੇ।

   ਅੱਜ ਦੀ ਮਾਇਆ ਜੋ ਕੇ $1000-00 ਤੋਂ ਭੀ ਕੁਝ ਉਪਰ ਹੈ, ਉਹ ਸ਼ਹੀਦ ਹੋਏ ਸ੍ਰਦਾਰ ਕਿਸ਼ਨ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੇ ਪ੍ਰਵਾਰਾਂ ਨੂੰ ਭੇਜ ਦਿਤੀ ਜਾਵੇ।

ਪ੍ਰੇਜ਼ੀਡੰਟ ਵਰਿਆਮ ਸਿੰਘ **ਸਕੱਤ੍ਰ ਗਿ: ਹਰਨਾਮ ਸਿੰਘ**

5-6-1926 ਅੱਜ ਦੀ ਅਕੜੂਤਾ ਪਾਸ ਕਰਦੀ ਹੈ ਕਿ ਜਿਨਾਂ ਬਬਰ ਅਕਾਲੀਆਂ ਦੇ ਪ੍ਵਾਰਾਂ ਦੀਆਂ ਐਡਰਸਾਂ ਹਨ, ਉਨ੍ਹਾਂ ਨੂੰ ਹੁਣੇ ਹੀ $45-00 ਡਾਲੇ ਹਰ ਇਕ ਨੂੰ ਭੇਜੇ ਜਾਣ ਤੇ ਬਾਕੀ ਦਿਆਂ ਪ੍ਵਾਰਾਂ ਦੀਆਂ ਅਡਰੈਸਾਂ ਅਖਬਾਰਾਂ ਦੁਆਰਾ ਤੇ ਕਰਮ ਸਿੰਘ ਤੇ ਭਾਗ ਸਿੰਘ ਉਪਲ ਆਦ ਕੁਮੇਟੀ ਮੈਂਬਰਾਂ ਨੂੰ ਭੀ ਚਿਠੀ ਭੇਜ ਕੇ ਅਡਰੈਸਾਂ ਮੰਗਵਾ ਲਵੋ ਅਤੇ ਕਰਮ ਸਿੰਘ ਪਿੰਡ ਝਿੰਗੜ ਦੀ ਬਾਬਤ ਕੋਈ ਯਾਦਗਾਰ ਤਿਆਰ ਕਰਵਾ ਕੇ ਉਸ ਦੇ ਹਿਸੇ ਦੀ ਮਾਇਆ ਤਿਸ ਦੇ ਨੁਮਿਤ ਕਿਸੀ ਜਗਾ ਪਰ ਲਗਾਈ ਜਾਵੇ, ਕਿਉਂਕੇ ਕਰਮ ਸਿੰਘ ਝਿੰਗੜ ਦੇ ਭਾਈ ਅਤੇ ਤਿਸ ਦੀ ਮਾਈ ਨੇ ਵਿਸਵਾਸ- ਘਾਤ ਕਰਕੇ ਪਕੜਾਇਆ ਹੈ ਤਾਂ ਉਹ ਦੋਵੇਂ ਤਿਸ ਦੀ ਮਾਇਆ ਦਾ ਹੱਕ ਨਹੀ ਰਖਦੇ।

ਪ੍ਰੇਜ਼ੀਡੰਟ ਵਰਿਆਮ ਸਿੰਘ

23-12-1926 ਅੱਜ ਦੇ ਭਾਰੀ ਦੀਵਾਨ ਵਿਚ ਜੋ $121-35 ਇਕ ਸੌ ਇਕੀ ਡਾਲਰ, ਪੈਂਤੀ ਸੈਂਟ ਦੀ ਚਿਕ ਅਗਸਤ 1925 ਵਿਚ ਕੈਸ਼ ਹੋਈ ਸੀ, ਉਸ ਬਾਬਤ ਬੈਂਕ ਸੇ ਭਾਈ ਹਰਨਾਮ ਸਿੰਘ ਨੇ ਫੈਸਲਾ ਕਰ ਲਿਆ ਹੈ। ਬੈਂਕ ਦੀ ਚਿਠੀ ਦੀ ਨਕਲ ਹੇਠਾਂ ਦਰਜ ਕੀਤੀ ਜਾਂਦੀ ਹੈ।

(ਬੈਂਕ ਦੀ ਚਿਠੀ ਦੀ ਨਕਲ) ਬੀ.ਈ. ਹਰਨਾਮ ਸਿੰਘ

ਵੈਨਕੋਵਰ, ਬੀ.ਸੀ., ਦਸੰਬਰ 23, 1926

ਆਪ ਦੀ ਇਸ ਡਾਲੇ ਦੀ ਰਕਮ ਤੇ ਕੀਮਤੀ ਵਿਚਾਰ ਦਾ ਖਿਆਲ ਰਖਦੇ ਹੋਏ ਜੋ ਕਿ ਇਕ ਝੂਠੀ ਚਿਕ ਦੀਵਾਨ ਦੇ ਨਾਮ ਤੇ ਕੈਸ਼ ਕਰਵੌਣ ਬਾਰੇ ਦਿਤੀ ਸੀ ਤੇ ਚਿਕ $121-35 ਦੀ ਸੀ, ਸਾਡੇ ਬੈਂਕ ਨੇ ਅਗਸਤ 1925 ਵਿਚ ਕੈਸ਼ ਕੀਤੀ ਸੀ ਤੇ ਦੀਵਾਨ ਦੇ ਹਸਾਬ ਵਿਚੋਂ ਕੱਟੀ ਗਈ ਸੀ ਤੇ ਮੁੜ ਪਤਾ ਲੱਗਣ ਪਰ ਕਿ ਚਿਕ ਦੀਵਾਨ ਨੇ ਕੈਸ਼ ਨਹੀ ਕਰਾਈ, ਦੀਵਾਨ ਦੇ ਹਸਾਬ ਵਿਚ ਜਮਾਂ ਕੀਤੀ ਗਈ ਸੀ। ਉਸ ਬਾਰੇ ਅਸੀ ਇਸ ਗਲ ਨੂੰ ਠੀਕ ਜਾਣਦੇ ਹੋਏ ਕਿ ਉਹ ਚਿਕ ਪੰਜਾਂ ਆਦਮੀਆਂ ਦੀ ਕੁਮੇਟੀ ਦੇ ਕਬਜ਼ੇ ਵਿਚ ਸੀ ਜਾਂ ਤਾਂ ਉਹ ਚਿਕ ਗੁਆਚ ਗਈ ਹੋਵੇ ਤੇ ਜਾਂ ਉਸਦਾ ਖੁਰਾ ਖੋਜ ਮਟਾਇਆ ਗਿਆ ਹੋਵੇ, ਏਹ ਫੈਸਲਾ ਦਿੰਦੇ ਹਾਂ ਕਿ ਉਸ ਝੂਠੀ ਚਿਕ ਨੂੰ ਪੂਰਾ ਕਰਨ ਬਾਰੇ ਸਾਡਾ ਬੈਂਕ ਅਗੇ ਨੂੰ ਕੋਈ ਕਾਰਰੁਵਾਈ ਖਾਲਸਾ ਦੀਵਾਨ ਸੁਸਾਇਟੀ ਦੇ ਵਰੁਧ ਕਰੇਗਾ। ਆਪ ਦਾ ਸਚਾ ਸੇਵਕ ਐਂਡਰਸਨ, ਮੈਨੇਜਰ ਇਮਪੀਰੀਅਲ ਬੈਂਕ ਔਫ ਕੈਨਡਾ, ਫੇਅਰਵੀਊ ਬਰਾਂਚ, ਵੈਨਕੋਵਰ, ਬੀ.ਸੀ.

ਪ੍ਰੇਜ਼ੀਡੰਟ ਵਰਿਆਮ ਸਿੰਘ **ਸਕੱਤ੍ ਤਾਰਾ ਸਿੰਘ**

27-3-1927 ਅੱਜ ਸ਼੍ਰੀਮਾਨ ਪੰਥ ਰਤਨ ਸੰਤ ਅਤਰ ਸਿੰਘ ਜੀ ਦੇ ਚਲਾਣਾ ਹੋਨੇ ਪਰ ਮੁਲਕ ਅਤੇ ਖਾਸ ਕਰ ਪੰਥ ਨੂੰ ਬਹੁਤ ਹੀ ਘਾਟਾ ਪਿਆ ਹੈ। ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਨੇ ਸੰਤ ਅਤਰ ਸਿੰਘ ਜੀ ਦੇ ਨਵਿਰਤ ਅਖੰਡ ਪਾਠ ਦਾ ਭੋਗ 27 ਮਾਰਚ 1927 ਨੂੰ ਗੁਰਦੁਆਰਾ ਵੈਨਕੋਵਰ ਵਿਖੇ ਪਾਇਆ। ਅੱਜ ਦੇ ਦੀਵਾਨ ਵਿਚ ਹੇਠ ਲਿਖੇ ਗੁਰਮਤੇ ਸ੍ਰਬ ਸੰਮਤੀ ਦੇ ਨਾਲ ਪਾਸ ਹੋਏ :

1. ਅੱਜ ਦਾ ਦੀਵਾਨ ਵਾਹਿਗੁਰੂ ਅਗੇ ਪ੍ਰਾਰਥਨਾ ਕਰਦਾ ਹੈ ਕਿ ਸੰਤ ਅਤਰ ਸਿੰਘ ਜੀ ਨੂੰ ਆਪਣੇ ਚਰਨਾਂ ਮੇਂ ਨਿਵਾਸ ਬਖਸ਼ੇ।
2. ਅੱਜ ਦਾ ਦੀਵਾਨ ਪੰਜਾਬ ਸਰਕਾਰ ਪਰ ਘਿਰਨਾ ਪਰਗਟ ਕਰਦਾ ਹੈ, ਕਿਉਂਕੇ

ਗੁਰਦੁਆਰਾ ਬਿਲ ਪਰ ਅਮਲ ਹੁੰਦਿਆਂ ਹੋਇਆਂ ਭੀ ਬੇਤਾਜ ਬਾਦਸ਼ਾਹ ਸ੍ਰਦਾਰ ਖੜਕ ਸਿੰਘ ਤੇ ਕੌਮੀ ਹੀਰੋ ਮਾਸਟਰ ਮੋਤਾ ਸਿੰਘ ਤੇ ਸੰਤ ਸਰੂਪ ਭਾਈ ਰਣਧੀਰ ਸਿੰਘ ਤੇ ਹੋਰ ਧਾਰਮਕ ਕੈਦੀ ਅਜੇ ਤਕ ਰਿਹਾ ਨਹੀਂ ਕੀਤੇ ਗਏ।

3. ਔਰ ਸਭ ਸੁਸਾਇਟੀਆਂ ਅਤੇ ਜਥਿਆਂ ਦੇ ਪਾਸ ਬੇਨਤੀ ਕਰਦੇ ਹਾਂ ਕੇ ਕੋਈ ਭੀ ਜਥਾ ਉਗਰਾਹੀ ਵਾਸਤੇ ਕੈਨੇਡਾ ਮੇਂ ਆਨੇ ਦੀ ਖੇਚਲ ਨਾ ਕਰੇ, ਕਿਉਂਕੇ ਇਸ ਜਗਾ ਆਦਮੀ ਬੁਹਤ ਹੀ ਥੋੜੇ ਰਹਿ ਗਏ ਹੈਂ, ਔਰ ਅਸਾਂ ਨੂੰ ਹੋਰ ਕਾਰਜਾਂ ਵਾਸਤੇ ਉਗਰਾਹੀ ਬੁਹਤ ਹੀ ਰਹਿੰਦੀ ਹੈ। ਉਮੈਦ ਹੈ ਕਿ ਇਸ ਪਰ ਅਮਲ ਕੀਤਾ ਜਾਵੇਗਾ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

22-5-1927 ਅੱਜ ਦੀ ਭਾਰੀ ਇਕਤ੍ਰਤਾ ਏਹ ਦੇਖ ਕੇ ਕਿ ਬਬਰ ਅਕਾਲੀ ਕੈਦੀਆਂ ਨੇ ਜੋ ਆਪਣੀਆਂ ਯੋਗ ਮੰਗਾਂ ਵਾਸਤੇ ਜੇਹਲ ਵਿਚ ਭੁਖ ਹੜਤਾਲ ਕੀਤੀ ਹੋਈ ਹੈ, ਉਨ੍ਹਾਂ ਦੀ ਸ਼ਕਾਇਤ ਨੂੰ ਦੂਰ ਕਰਨ ਹਿਤ ਅਜੇ ਤੱਕ ਨਾ ਪੰਥ ਵਲੋਂ ਅਤੇ ਨਾ ਹੀ ਸ੍ਰਕਾਰ ਵਲੋਂ ਕੋਈ ਉਦਮ ਕੀਤਾ ਗਿਆ ਹੈ, ਨਹਾਇਤ ਹੀ ਨਾ ਮੁਨਾਸਬ ਸਮਝਦੇ ਹਾਂ।

2. ਸਮੂੰਹ ਕੌਮੀ ਲੀਡਰਾਂ ਅਗੇ ਅਤੇ ਸਿਖ ਲੀਡਰਾਂ ਪਾਸ ਖਾਸ ਕਰਕੇ ਅਪੀਲ ਕਰਦੇ ਹਾਂ ਕਿ ਉਪ੍ਰੋਕਤ ਕੌਮੀ ਬਹਾਦਰਾਂ ਦੀ ਤਕਲੀਫਾਂ ਨੂੰ ਦੂਰ ਕਰਨ ਦਾ ਛੇਤੀ ਤੋਂ ਛੇਤੀ ਉਪਰਾਲਾ ਕੀਤਾ ਜਾਵੇ।
3. ਕੈਨੇਡਾ ਨਿਵਾਸੀ ਮਾਈ, ਭਾਈ ਪੰਜਾਬ ਤੋਂ ਆਈ ਤਾਰ ਨੂੰ ਦੇਖ ਕੇ ਕਿ ਪੰਥ ਦੇ ਸੁਚੇ ਲਾਲ ਦੇਸ ਭਗਤ ਭਾਈ ਸੰਤੋਖ ਸਿੰਘ ਜੀ ਅਮ੍ਰੀਕਨ ਪੰਥ ਪਾਸੋਂ ਹਮੇਸ਼ਾ ਵਾਸਤੇ ਜੁਦੇ ਹੋ ਗਏ ਹੈ। ਇਸ ਖਬਰ ਨੂੰ ਸੁਣ ਕੇ ਨਹਾਇਤ ਹੀ ਅਫਸੋਸ ਕਰਦੇ ਹੋਏ ਅਕਾਲ ਪੁਰਖ ਵਾਹਿਗੁਰੂ ਅਗੇ ਪ੍ਰਾਰਥਨਾਂ ਕਰਦੇ ਹਾਂ ਕਿ ਵਾਹਿਗੁਰੂ ਭਾਈ ਹੋਰਾਂ ਦੀ ਆਤਮਾਂ ਨੂੰ ਆਪਣੀ ਪੁਰੀ ਦਾ ਨੁਵਾਸ ਬਖਸ਼ਣ ਔਰ ਪ੍ਵਾਰ ਅਤੇ ਸਜਣਾਂ ਮਿਤਰਾਂ ਨੂੰ ਭਾਣਾ ਮੰਨਣ ਦੀ ਸ਼ਕਤੀ ਬਖਸ਼ੇ।
4. ਸਰਬ ਸੰਮਤੀ ਦੇ ਨਾਲ ਪਾਸ ਹੋਇਆ ਕਿ ਭਾਈ ਸੰਤੋਖ ਸਿੰਘ ਜੀ ਦੀ ਨੁਮਿਤ ਅੱਜ ਹੀ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਔਰ ਦੇਸ ਕੋ ਜਾਨੀ ਪੰਜਾਬ ਕੋ ਅੱਜ ਹੀ ਮਾਤਮੀ ਤਾਰ ਦਿਤੀ ਜਾਵੇ ਜੋ ਕਿ ਦੂਸਰੇ ਦਿਨ ਤਾਰ ਪੰਜਾਬ ਕੋ ਦਿਤੀ ਗਈ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

26-6-1927 ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕੇ ਗਦਰ ਪਾਰਟੀ ਨੂੰ ਪੰਜ ਸੌ $500-00 ਡਾਲਰ ਭੇਜਿਆ ਜਾਵੇ ਤੇ ਦੀਵਾਨ ਮੇਂ ਪਾਸ ਕਰਾਇਆ ਜਾਵੇ। ਦੂਸਰੇ ਦਿਨ ਐਤਵਾਰ ਕੋ ਦੀਵਾਨ ਮੇਂ ਪਾਸ ਹੋ ਗਿਆ ਕੇ ਜਰੂਰ ਹੀ ਭੇਜਿਆ ਜਾਵੇ ਔਰ ਪੰਜ ਸੌ ਡਾਲਰ ਭੇਜਿਆ ਗਿਆ ਅਤੇ ਇਕ ਤਾਰ ਭੀ ਦਿਤੀ ਗਈ, ਜੋ ਪਾਸ ਹੋਈ ਸੀ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

27-6-1927 ਅੱਜ ਸੱਚਖੰਡ ਵਾਸੀ ਭਾਈ ਸੰਤੋਖ ਸਿੰਘ ਅਮ੍ਰੀਕਨ ਦੇਸ ਭਗਤ ਦੀ ਨੁਮਿਤ ਸਧਾਰਨ ਪਾਠ ਦਾ ਭੋਗ ਪਾਇਆ ਗਿਆ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

4-9-1927 ਅੱਜ ਗੁਰਦੁਆਰਾ ਵੈਨਕੋਵਰ ਵਿਚ ਸ੍ਰਦਾਰ ਖੜਕ ਸਿੰਘ ਦੀ ਰਿਹਾਈ ਦੀ ਖੁਸ਼ੀ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਹੇਠ ਲਿਖੇ ਗੁਰਮਤੇ ਸ੍ਰਬ ਸੰਮਤੀ ਨਾਲ ਪਾਸ ਹੋਏ :

1. ਅੱਜ ਦਾ ਦੀਵਾਨ ਸ੍ਰਦਾਰ ਖੜਕ ਸਿੰਘ ਜੀ ਦੀ ਰਿਹਾਈ ਪਰ ਦੀਵਾਨ ਖੁਸ਼ੀ ਪ੍ਰਾਪਤ ਕਰਦਾ ਹੋਇਆ ਉਨ੍ਹਾਂ ਨੂੰ ਵਧਾਈ ਦਿੰਦਾ ਹੈ ਔਰ ਜਿਸ ਦਿਰੜਤਾ, ਦਲੇਰੀ ਨਾਲ ਕੌਮ ਦੀ ਸ਼ਾਨ ਨੂੰ ਉੱਚਾ ਕੀਤਾ, ਉਸ ਦੀ ਸ਼ਲਾਘਾ ਕਰਦਾ ਹੈ।
2. ਅੱਜ ਦਾ ਦੀਵਾਨ ਸ੍ਰਦਾਰ ਖੜਕ ਸਿੰਘ ਦੀ ਬਹਾਦਰੀ ਨੂੰ ਮੁੱਖ ਰੱਖਦਾ ਹੋਇਆ ਇਕ ਸੋਨੇ ਦਾ ਤਗਮਾਂ ਤੇ ਇਕ ਕਰਪਾਨ ਸ੍ਰਦਾਰ ਜੀ ਦੀ ਨਜ਼ਰ ਕਰਦਾ ਹੈ।
3. ਅੱਜ ਦਾ ਦੀਵਾਨ ਸ਼੍ਰੋ: ਗੁ: ਪ੍ਰ: ਕੁਮੇਟੀ ਪਾਸ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਮਾਸਟਰ ਮੋਤਾ ਸਿੰਘ, ਸੰਤ ਸਰੂਪ ਭਾਈ ਰਣਧੀਰ ਸਿੰਘ ਜੀ ਦੀ ਰਿਹਾਈ ਵਾਸਤੇ ਪੂਰਨ ਤਵੱਜ਼ੋ ਦੇਵੇ ਅਤੇ ਜਥ ਤੱਕ ਸਾਰੇ ਧਾਰਮਕ ਕੈਦੀ ਰਿਹਾ ਨਾ ਕੀਤੇ ਜਾਣ, ਐਜ਼ੀਟੇਸ਼ਨ ਪੂਰਨ ਜੋਰ ਨਾਲ ਜਾਰੀ ਰਖਣ।
4. ਅੱਜ ਦਾ ਦੀਵਾਨ ਮਾਸਟਰ ਮੋਤਾ ਸਿੰਘ ਜੀ ਦੀ ਰੱਦੀ ਖੁਰਾਕ ਮਿਲਣ ਦੇ ਕਾਰਨ ਉਨ੍ਹਾਂ ਦੇ ਦੰਦ ਝੜ ਗਏ ਹਨ। ਇਸ ਰੱਦੀ ਖੁਰਾਕ ਦੇਣ ਦਾ ਗਵਰੰਮਿੰਟ ਤੇ ਘਿਰਨਾ ਪ੍ਰਗਟ ਕਰਦਾ ਹੈ।
5. ਅੱਜ ਦਾ ਦੀਵਾਨ ਸ਼੍ਰੋ: ਗੁ: ਪ੍ਰ: ਕੁਮੇਟੀ ਤੇ ਸ਼੍ਰੋ: ਅਕਾਲੀ ਦਲ ਪਰ ਰੋਸ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਨੇ ਸ੍ਰਦਾਰ ਖੜਕ ਸਿੰਘ ਦੀ ਰਿਹਾਈ ਦੇ ਦਿਨ ਸਾਨੂੰ ਤਾਰ ਨਹੀ ਦਿੱਤੀ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

4-9-1927 ਅੱਜ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਇਕ ਹਜ਼ਾਰ ਡਾਲਰ $1000-00 ਸਿਖ ਲੀਗ ਹੁਸ਼ਿਆਪੁਰ ਨੂੰ ਭੇਜਿਆ ਜਾਵੇ ਅਤੇ ਇਕ ਹਜ਼ਾਰ $1000-00 ਨਾਭਾ ਜਲਾਵਤਨਾਂ ਨੂੰ ਭੇਜਿਆ ਜਾਵੇ ਅਤੇ ਪੰਜ ਸੌ 500-00 ਰੁਪਿਆ ਸ੍ਰਦਾਰ ਸੁੰਦਰ ਸਿੰਘ ਲਾਇਲਪੁਰੀ ਨੂੰ ਭੇਜਿਆ ਜਾਵੇ। ਪਾਸ ਹੋਇਆ ਕਿ ਉਪਰ ਦੀਵਾਨ ਮੇਂ ਪੇਸ਼ ਕੀਤਾ ਜਾਵੇ। ਸੋ ਦੀਵਾਨ ਮੇਂ ਸੰਗਤਾਂ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਕੇ ਜ਼ਰੂਰ ਹੀ ਭੇਜਿਆ ਜਾਵੇ। ਸੋ ਉਪਰ ਲਿਖੀ ਮਾਇਆ ਭੇਜੀ ਗਈ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

5-9-1927 ਸਤੰਬਰ 5-1927 ਨੂੰ ਰਾਤ ਦੇ ਵਕਤ ਮਹਾਂਰਾਜ ਦੇ ਹਜ਼ੂਰ ਜੋ ਗੋਲਕ ਦੀ ਸੰਦੂਕੜੀ ਪਈ ਹੋਈ ਸੀ ਕਿਸੀ ਆਦਮੀ ਨੇ ਉਸ ਵਿਚ ਜੋ ਮਾਇਆ ਸੀ, ਸਾਰੀ ਦੀ ਸਾਰੀ ਕੱਢ ਲਈ। ਪੜਤਾਲ ਬੁਹਤ ਕੀਤੀ ਗਈ, ਪਰ ਕੋਈ ਪਤਾ ਨਾ ਲੱਗਾ ਕਿ ਕਿਸ ਆਦਮੀ ਨੇ ਕੱਢੀ ਹੈ ਉਸ ਤੋਂ ਬ੍ਰਾਦ 19 ਤਾਰੀਖ ਐਤਵਾਰ ਨੂੰ ਚਿਠੀਆਂ ਭੇਜ ਕੇ ਸੰਗਤਾਂ ਬੁਲਾਈਆਂ ਗਈਆਂ ਅਤੇ ਸੰਗਤ ਦੇ ਮਾਮਲਾ ਪੇਸ਼ ਕੀਤਾ ਗਿਆ ਅਤੇ ਸੰਗਤ ਨੇ ਸਾਰਾ ਫੈਸਲਾ ਕਰ ਦਿੱਤਾ। ਅਗੇ ਵਾਸਤੇ ਕੋਈ ਆਦਮੀ ਇਸ ਤੇ ਇਤਰਾਜ਼ ਨਹੀ ਕਰ ਸਕਦਾ ਸੀ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ਰ ਆਤਮਾ ਸਿੰਘ ਹੁੰਡਲ**

[*ਨੋਟ :* ਗੋਲਕ ਦੀ ਸੰਦੂਕੜੀ ਵਿਚੋਂ ਮਾਇਆ ਕੱਢਣ ਦੇ ਦੋਸ਼ ਵਿਚ ਅਸਲ ਚੋਰ ਨੂੰ ਛਡ ਕੇ ਸਕੱਤ੍ਰ ਆਤਮਾ ਸਿੰਘ ਹੁੰਡਲ ਨੂੰ ਪੰਜ $5-00 ਡਾਲੇ ਤਨਖਾਹ ਲਾ ਦਿਤੀ ਸੀ। ਦਾਸ ਵੀ ਉਸ ਵੇਲੇ ਗੁਰਦੁਆਰੇ ਵਿਚ ਹਾਜ਼ਰ ਸੀ। *—ਅਰਜਨ ਸਿੰਘ ਚੰਦ*]

30-12-1927 ਅੱਜ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਜੋ ਮਦਰ ਇੰਡੀਆ ਨਾਮ ਦੀ ਕਤਾਬ ਇਕ ਗੋਰੀ ਨੇ ਛਪਾਈ ਹੈ, ਉਸ ਦੇ ਜੁਵਾਬ ਮੇਂ ਜੋ ਮਜ਼ਮੂਨ ਮਹਾਤਮਾ ਗਾਂਧੀ ਵਾ ਟੈਗੋਰ ਅਤੇ ਲਾਲਾ ਲਾਜਪਤ ਰਾਏ ਵਲੋਂ ਨਿਕਲੇ ਹੈ, ਉਸ ਦਾ ਪੈਂਫਲਿਟ ਛਪਵਾ ਕੇ ਮੁਫਤ ਵੰਡਿਆ ਜਾਵੇ ਅਤੇ ਦਸ ਹਜ਼ਾਰ 10000 ਦੀ ਤਦਾਦ ਹੋਵੇ। ਸੰਗਤਾਂ ਨੇ ਭੀ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਿਆ।

2. ਅੱਜ ਦਾ ਦੀਵਾਨ ਸ਼ੰਘਈ ਦੇ ਹਿੰਦੁਸਤਾਨੀ ਭਰਾਵਾਂ ਦੀ ਸੇਵਾ ਵਿਖੇ ਬੇਨਤੀ ਕਰਦਾ ਹੈ ਕੇ ਜੇਹੜੀ ਉਨ੍ਹਾਂ ਦੀ ਫੁਟ ਪਈ ਹੋਈ ਹੈ, ਉਸ ਨੂੰ ਜਲਦੀ ਤੋਂ ਜਲਦੀ ਦੂਰ ਕਰਨ ਦਾ ਯਤਨ ਕਰਨ।
3. ਕੁਮੇਟੀ ਨੇ ਬੁਹ ਸੰਮਤੀ ਨਾਲ ਪਾਸ ਕੀਤਾ ਕਿ ਸ੍ਦਾਰ ਕਾਬਲ ਸਿੰਘ ਹੋਰਾਂ ਨੂੰ ਇਕ ਮਾਨ ਪੱਤ੍ ਅਤੇ ਇਕ ਦਸਤਾਰ ਭੇਟਾ ਕੀਤੀ ਜਾਵੇ ਅਤੇ ਇਕ ਕਰਪਾਨ ਜਥੇਦਾਰ ਦੀ ਹੈਸੀਅਤ ਵਿਚ ਭੀ ਭਾਈ ਹੋਰਾਂ ਦੀ ਨਜ਼ਰ ਕੀਤੀ ਜਾਵੇ। ਏਹ ਗੁਰਮਤਾ ਅਗਲੇ ਐਤਵਾਰ ਨੂੰ ਸੰਗਤ ਦੇ ਪੇਸ਼ ਕੀਤਾ ਗਿਆ। ਸੰਗਤ ਨੇ ਪ੍ਰਵਾਨ ਕੀਤਾ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ ਆਤਮਾ ਸਿੰਘ ਹੁੰਡਲ**

15-1-1928 ਅੱਜ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਜੋ ਬਬਰਾਂ ਦਾ ਫੰਡ ਹੈ, ਉਸ

ਵਿੱਚੋਂ ਪੰਜ ਸੌ ਡਾਲਰ ਬਬਰਾਂ ਦੇ ਪ੍ਵਾਰਾਂ ਨੂੰ ਭੇਜਿਆ ਜਾਵੇ, ਜੋ ਕਿ ਸ੍ਬ ਸੰਮਤੀ ਨਾਲ ਪਾਸ ਹੋ ਕੇ ਭੇਜਿਆ ਗਿਆ।

2. ਭਾਈ ਟੈਂਡਨ ਜੀ ਦੇ ਅਮ੍ਰੀਕਾ ਲੰਘੌਣ ਦਾ ਬੰਦੋਬਸਤ ਕੀਤਾ ਜਾਵੇ, ਉਸ ਨੂੰ ਕਰਾਇਆ ਜਿਥੋਂ ਤੱਕ ਉਸ ਨੇ ਜਾਣਾ ਹੋ ਉਥੋਂ ਤੱਕ ਦਾ ਅਤੇ ਕੁੱਛ ਜੇਬ ਖਰਚ ਦਿੱਤਾ ਜਾਵੇ ਅਤੇ ਏਹ ਮਾਇਆ ਸਾਰਿਆਂ ਦੀਵਾਨਾਂ ਪਾਸੋਂ ਲਈ ਜਾਵੇ। ਜਿਸ ਦਾ ਵੇਰਵਾ ਇਸ ਤਰਾਂ ਸੀ :

ਖਾਲਸਾ ਦੀਵਾਨ ਸ੍ਸਾਇਟੀ ਵਿਕਟੋਰੀਆ	$50-00
ਖਾਲਾਸਾ ਦੀਵਾਨ ਸ੍ਸਾਇਟੀ ਫਰੇਜਰ ਮਿਲ	$25-00
ਖਾਲਸਾ ਦੀਵਾਨ ਸ੍ਸਾਇਟੀ ਐਬਟਸਫੋਰਡ	$15-00
ਖਾਲਸਾ ਦੀਵਾਨ ਸ੍ਸਾਇਟੀ ਸੁਖ ਸਾਗਰ	$15-00

ਬਾਕੀ ਸਾਰੇ ਡਾਲਰ ਖਾਲਸਾ ਦੀਵਾਨ ਸ੍ਸਾਇਟੀ ਵੈਨਕੋਵਰ ਦੇ ਫੰਡ ਵਿਚੋਂ ਪਾਏ ਜਾਣ।

ਪ੍ਰੇਜ਼ੀਡੰਟ ਹੀਰਾ ਸਿੰਘ **ਸਕੱਤ੍ ਆਤਮਾ ਸਿੰਘ ਹੁੰਡਲ**

22-1-1928 ਜੋ ਮੁਨੀ ਲਾਲ ਦੀ ਬਾਬਤ ਪੈਹਿਲੀ ਕੁਮੇਟੀ ਫੈਸਲਾ ਕਰ ਚੁੱਕੀ ਸੀ, ਉਸ ਸੇ ਬ੍ਾਦ ਫਿਰ ਉਸ ਦੀ ਪਾਂਚ ਸੌ ਡਾਲਾ $500-00 ਦੀ ਜਮਾਨਤ ਇਮੀਗਰੇਸ਼ਨ ਨੇ ਅਮ੍ਰੀਕਾ ਜਾਨੇ ਵਾਸਤੇ ਮੰਗੀ ਸੀ, ਕਿਉਂਕੇ ਜਬ ਤੱਕ ਇਸ ਦਾ ਜਨਮ ਪੱਤਰਾ

ਮੁਲਕ ਹਿੰਦੁਸਤਾਨ ਸੇ ਨਹੀਂ ਆਤਾ ਤਬ ਤੱਕ ਇਹ ਜਮਾਨਤ ਇਮੀਗਰੇਸ਼ਨ ਅਮ੍ਰੀਕਾ ਦੇ ਪਾਸ ਪੜੀ ਰਹੇਗੀ ਤੇ ਇਸ ਨੂੰ ਅਮ੍ਰੀਕਾ ਜਾਨੇ ਕੀ ਇਜ਼ਾਜਤ ਮਿਲ ਜਾਵੇਗੀ। ਜਬ ਜਨਮ ਪੱਤਰਾ ਆ ਜਾਵੇਗਾ ਤੋ ਜਮਾਨਤ ਉੱਠਾ ਦੀ ਜਾਵੇਗੀ। ਮਗਰ ਇਸ ਜਮਾਨਤ ਦੇ ਜ਼ੁਮੇਵਾਰ ਭਾਈ ਲਛਮਨ ਸਿੰਘ ਖੁਰਦਪੁਰ, ਜਗਤ ਸਿੰਘ ਜੌਹਲ, ਭਾਈ ਹਰੀ ਸਿੰਘ ਬੋਪਾਰਾਏ ਹੋਏ ਹਨ। ਜੇ ਇਹ ਮੁਨੀ ਲਾਲ ਦੌੜ ਜਾਵੇ ਤੋ ਇਹ ਤਿਨ ਆਦਮੀ ਜੋ ਉਪਰ ਲਿਖੇ ਹਨ ਜਮਾਨਤ ਦੇਣ ਦੇ ਭਾਗੀ ਹੋਵੇਂਗੇ। ਸੋ ਇਹ ਸੰਗਤ ਵਿਚ ਭਰੇ ਦੀਵਾਨ ਵਿਚ ਸ੍ਰਬ ਸੰਮਤੀ ਨਾਲ ਪਾਸ ਹੋਇਆ ਤੇ ਇਹਨਾਂ ਤਿਨਾਂ ਭਾਈਆਂ ਦੇ ਜੋ ਜੁਮੇਂਵਾਰ ਹਨ ਹੇਠਾਂ ਦਸਖਤ ਉਪਰ ਦੇ ਗੁਰਮਤੇ ਨੂੰ ਪੜ੍ਹ ਕਰ ਤੇ ਸੁਨ ਕਰ ਕੀਤੇ ਜਾਂਦੇ ਹਨ।

[*ਨੋਟ :* ਪੰਜ ਸੌ ਡਾਲਰ ਦੀ ਜਮਾਨਤ 23 ਜਨਵਰੀ 1928 ਨੂੰ ਯੂਨਾਇਟਿਡ ਸਟੇਟ ਫਿਡਲਟੀ ਕੌਂਪਨੀ ਦੀ ਮਾਰਫਤ ਰੱਖੀ ਗਈ ਤੇ ਜਮਾਨਤ ਵਾਲਾ ਕਾਗਜ਼ ਖਾਲਸਾ ਦੀਵਾਨ ਸੁਸਾਇਟੀ ਦੇ ਪਾਸ ਰੱਖਾ ਗਿਆ ਹੈ।]

ਪ੍ਰੇਜ਼ੀਡੰਟ ਮੁਨਸ਼ਾ ਸਿੰਘ **ਸਕੱਤ੍ਰ ਵਰਿਆਮ ਸਿੰਘ**

26-3-1928 ਸ੍ਰਬ ਸੰਮਤੀ ਨਾਲ ਪਾਸ ਹੋਇਆ ਬਾਬਤ ਹਰਦਿਆਲ ਸਿੰਘ ਆਏ ਦੀ ਖੁਸ਼ੀ ਵਿਚ ਦੀਵਾਨ ਦੀ ਤਰਫੋਂ ਅਖੰਡ ਪਾਠ ਕਰਵਾਇਆ ਜਾਵੇ ਔਰ ਇਕ ਮਾਨ ਪੱਤ੍ਰ ਅਰ ਇਕ ਦਸਤਾਰ ਦਿੱਤੀ ਜਾਵੇ। ਬੋਈ ਨੂੰ ਸੰਗਤ ਦੀ ਤਰਫੋਂ।

ਪ੍ਰੇਜ਼ੀਡੰਟ ਮੁਨਸ਼ਾ ਸਿੰਘ **ਸਕੱਤ੍ਰ ਵਰਿਆਮ ਸਿੰਘ**

1-4-1928 ਅੱਜ ਸੰਗਤ ਵਿਚ ਮੰਨਜ਼ੂਰ ਹੋ ਗਿਆ, ਗੁਰਮਤਾ ਪਾਸ ਹੋ ਗਿਆ ਕਿ ਰਾਜਾ ਸਿੰਘ ਵਾੜੀਆਂ ਦਾ ਜੋ ਖਰਚ ਹੋਗਾ, ਦੀਵਾਨ ਦੀ ਤਰਫੋਂ ਦਿਤਾ ਜਾਏਗਾ।

2. ਸੰਗਤ ਵਿਚ ਪਾਸ ਹੋ ਗਿਆ ਕਿ ਹਰਦਿਆਲ ਸਿੰਘ ਖੁਰਦਖੁਰ ਨੂੰ ਕਰਪਾਨ ਭੇਟਾ ਕੀਤੀ ਜਾਵੇ। ਦੀਵਾਨ ਦੀ ਤਰਫ ਸੇ ਜਿਸ ਪਰ ਨਾਮ ਉਕਰਿਆ ਜਾਵੇ।

ਪ੍ਰੇਜ਼ੀਡੰਟ ਮੁਨਸ਼ਾ ਸਿੰਘ **ਸਕੱਤ੍ਰ ਵਰਿਆਮ ਸਿੰਘ**

21-4-1928 ਸਰਬ ਸੰਮਤੀ ਨਾਲ ਪਾਸ ਹੋਇਆ ਕਿ ਜੋ ਪਿਛਲੀ ਕੁਮੇਟੀ ਪਾਸ ਕਰ ਚੁੱਕੀ ਹੈ, ਬਰਕਤ ਅਲੀ ਦੀ ਲੱਤ ਦੀ ਕੀਮਤ ਜੋ ਲੱਗੇ ਦੀਵਾਨ ਦੀ ਤਰਫੋਂ ਦਿਤੀ ਜਾਵੇ।

ਪ੍ਰੇਜ਼ੀਡੰਟ ਮੁਨਸ਼ਾ ਸਿੰਘ **ਸਕੱਤ੍ਰ ਵਰਿਆਮ ਸਿੰਘ**

29-7-1928 ਸਰਬ ਸੰਮਤੀ ਨਾਲ ਪਾਸ ਹੋਇਆ ਕਿ ਭਾਈ ਪਿਆਰਾ ਸਿੰਘ ਲੰਗੇਰੀ ਅਤੇ ਭਾਈ ਮਿਤ ਸਿੰਘ ਪੰਡੋਰੀ ਦੀ ਬਾਬਤ ਸ਼੍ਰੋ: ਗੁ: ਪ੍ਰ: ਕੁਮੇਟੀ ਨੂੰ ਚਿਠੀ ਪਾ ਦਿਉ। ਜੈਸਾ ਉਸ ਤਰਫੋਂ ਉਤਰ ਆਊਗਾ, ਉਸ ਤਰਾਂ ਫੈਸਲਾ ਕੀਤਾ ਜਾਊਗਾ।

9-9-1928 ਮਾਈ ਕਿਸ਼ਨ ਕੌਰ ਦੀ ਬਾਬਤ ਭੋਗ ਪਾਇਆ ਗਿਆ ਅਰ ਸ੍ਰਬ ਸੰਮਤੀ ਨਾਲ ਪਾਸ ਹੋਇਆ ਕਿ ਮਾਈ ਕਿਸ਼ਨ ਕੌਰ ਨੂੰ $50-00 ਪੰਜਾਹ ਡਾਲਰ ਭੇਜੇ ਜਾਣ ਅਤੇ ਇਕ ਮਾਨ ਪੱਤਰ ਦਿਤਾ ਜਾਵੇ। ਮਾਨ ਪੱਤਰ ਅਤੇ ਡਾਲੇ ਭੇਜੇ ਗਏ।

12-9-1928 ਲੀਡਰ ਚਮਨ ਲਾਲ, ਗੌਸੁਆਮੀ ਅਤੇ ਇਕ ਹੋਰ ਸਜਣ ਸੀ, ਉਨ੍ਹਾਂ ਨੂੰ ਗੁਰਦੁਆਰਾ ਵੈਨਕੋਵਰ ਵਿਚ ਪ੍ਰਸ਼ਾਦਾ ਛਕਾਇਆ ਗਿਆ। ਆਦਰ, ਮਾਨ ਕੀਤਾ ਗਿਆ। ਗੁਰੂ ਦੀ ਹਜ਼ੂਰੀ ਵਿਚ ਵਖਿਆਨ ਕੀਤਾ ਗਿਆ।

8-12-1928 ਸ੍ਰਬ ਸੰਮਤੀ ਨਾਲ ਪਾਸ ਹੋਇਆ ਕਿ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਮਾਨ ਪੱਤ੍ਰ ਦਿਤਾ ਜਾਵੇ। ਲਾਲਾ ਲਾਜਪਤ ਰਾਇ ਜੀ ਦਾ ਸਧਾਰਨ ਪਾਠ ਰਖਿਆ ਜਾਵੇ।

29-12-1928 ਪਾਸ ਕੀਤਾ ਗਿਆ ਕਿ ਕੋਈ ਅਰਜ਼ ਰਪੋਟ ਨਹੀਂ ਕਰੂ। ਦੀਵਾਨ ਵਿਚ ਸ਼ਰਾਬੀ ਕੋਈ ਨਹੀਂ ਅੰਦਰ ਆਊਗਾ। ਜੋ ਆਊਗਾ ਬਾਹਰ ਕਢਿਆ ਜਾਊ। ਚੌਪਦਾਰਾਂ ਨੂੰ ਹੱਕ ਹੈ ਉਨਾਂ ਨੂੰ ਬਾਹਰ ਨਕਾਲਣੇ ਦਾ।

24-2-1929 ਮਿਸਟਰ ਐਂਡਰੀਊਜ਼ ਦੇ ਮੰਗਵਾਨੇ ਦੀ ਬਾਬਤ ਵਿਚਾਰ ਹੋਈ। ਆਖਰ ਪਾਸ ਹੋਇਆ ਕਿ ਜ਼ਰੂਰ ਹੀ ਮੰਗਵਾਇਆ ਜਾਵੇ ਅਤੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਉਨ੍ਹਾਂ ਪਾਸ ਭੇਜਣੇ ਵਾਸਤੇ ਨੀਯਤ ਕੀਤਾ ਗਿਆ। ਲੇਕਨ ਪਾਸ ਹੋਇਆ ਕਿ ਪੈਹਿਲੇ ਕਲ ਨੂੰ ਸੰਗਤ ਤੋਂ ਪਾਸ ਕਰਵਾਇਆ ਜਾਵੇ, ਜੇਕਰ ਪਾਸ ਹੋ ਗਿਆ ਤਾਂ ਭੇਜਿਆ ਜਾਵੇ।

2. ਐਬਟਸਫੋਰਡ ਦੇ ਗੁਰਦੁਆਰੇ ਵਿਚੋਂ ਜੇਹੜੀ ਥੋੜੀ ਸੀ ਜਗ੍ਹਾ ਗੌਰਮਿੰਟ ਮੰਗਦਾ ਹੈ ਦਿੱਤੀ ਜਾਵੇ।
3. ਪਾਸ ਹੋਇਆ ਕਿ ਸਕੱਤ੍ਰ ਭੀ ਪ੍ਰਸ਼ਾਦਾ ਲੰਗਰ ਵਿਚੋਂ ਛਕੇ ਔਰ ਗਰੰਥੀ ਜਿਤਨੇ ਡਾਲੇ ਰਾਸ਼ਨ ਦੇ ਕਟਾਵੇ ਉਤਨੇ ਹੀ ਸਕੱਤ੍ਰ ਦੇ ਕੱਟੇ ਜਾਣ ਪਰ ਸ਼ਰਤ ਏਹ ਹੈ ਕੇ ਜੇਕਰ ਗਰੰਥੀ ਔਰ ਸਕੱਤ੍ਰ ਦੀ ਰੋਟੀ ਅਕੱਠੀ ਹੋਵੇ ਵਰਨਾ ਨਹੀਂ।

25-2-1929 1. ਉਪਰ ਲਿਖੇ ਹੋਏ ਗੁਰਮਤੇ ਸ੍ਰਬ ਸੰਮਤੀ ਨਾਲ ਦੀਵਾਨ ਵਿਚ ਪਾਸ ਹੋਏ।

2. ਮਿਸਟਰ ਐਂਡਰੀਊਜ਼ ਦਾ ਜੋ ਖਰਚ ਆਵੇ, ਦੀਵਾਨ ਵਲੋਂ ਦਿਤਾ ਜਾਵੇ। ਫੇਰ ਸਾਰਾ ਖਰਚ ਸਾਰੀਆਂ ਸੁਸਾਇਟੀਆਂ ਨੂੰ ਹਿਸੇਵਾਰ ਤਕਸੀਮ ਕੀਤਾ ਜਾਵੇ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

3-3-1929 ਲਾਲਾ ਲਾਜਪੱਤ ਰਾਏ ਜੀ ਦੇ ਨੁਮਿਤ ਰਖੇ ਗਏ ਸਧਾਰਨ ਪਾਠ ਦੇ ਭੋਗ ਤੇ ਜੋ ਕਾਰਰੁਵਾਈ ਦੀਵਾਨ ਵਿਚ ਹੋਈ ਔਰ ਜੋ ਗੁਰਮਤੇ ਪਾਸ ਹੋਏ। ਹੇਠਾਂ ਦਰਜ ਕੀਤੇ ਜਾਂਦੇ ਹਨ:

1. ਅੱਜ ਦਾ ਦੀਵਾਨ ਸੁਰਗਵਾਸੀ ਲਾਲਾ ਲਾਜਪਤ ਰਾਏ ਜੀ ਦੇ ਪ੍ਰਵਾਰ ਤੇ ਉਨ੍ਹਾਂ ਦੇ ਸਬੰਧੀਆਂ ਨਾਲ ਸੱਚੇ ਦਿਲੋਂ ਪੂਰੀ 2 ਹਮਦਰਦੀ ਪ੍ਰਗਟ ਕਰਦਾ ਹੈ ਅਤੇ ਵਾਹਿਗੁਰੂ ਪਾਸ ਪ੍ਰਾਰਥਨਾ ਕਰਦਾ ਹੈ ਕਿ ਲਾਲਾ ਜੀ ਦੀ ਰੂਹ ਨੂੰ ਅਪਨੇ ਚਰਨਾਂ ਵਿਚ ਨਿਵਾਸ ਦੇਵੇ ਤੇ ਉਨ੍ਹਾਂ ਦੇ ਪ੍ਰਵਾਰ ਔਰ ਸਬੰਧੀਆਂ ਨੂੰ ਭਾਣਾ ਮਨਣ ਦਾ ਬਲ ਬਖਸ਼ੇ।
2. ਅੱਜ ਦਾ ਦੀਵਾਨ ਜ਼ਾਲਮ ਗੌਰਮਿੰਟ ਦੇ ਇਸ ਵਤੀਰੇ ਉਪਰ ਜੋ ਕਿ ਉਸ ਨੇ ਹਿੰਦੁਸਤਾਨ ਦੇ ਇਕ ਸੱਚੇ ਤੇ ਸੁੱਚੇ ਬਹਾਦਰ ਦੇਸ ਭਗਤ ਲਾਲਾ ਲਾਜਪਤ ਜੀ ਨੂੰ ਅਸਾਂ ਤੋਂ ਸਦਾ ਲਈ ਵਿਛੋੜਨ ਵਿਚ ਵਰਤਿਆ ਹੈ ਬੁਹਤ ਲਾਹਨਤ

ਪਾਉਂਦਾ ਹੈ ਔਰ ਨੌਕਰਸ਼ਾਹੀ ਨੂੰ ਤਾੜਨਾ ਕਰਦਾ ਹੈ ਕਿ ਉਹ ਇਸ ਪਸ਼ੂ ਪੁਣੇ ਤੋਂ ਬਾਜ਼ ਆ ਜਾਵੇ।

3. ਅੱਜ ਦਾ ਦੀਵਾਨ ਪਾਸ ਕਰਦਾ ਹੈ ਕਿ ਅੱਜ ਦੀ ਸਾਰੀ ਇਕਤ੍ਰ ਹੋਈ ਮਾਇਆ (ਦੋ ਸੌ ਸੱਤ $207-00) ਲਾਲਾ ਲਾਜਪੱਤ ਰਾਏ ਮੈਮੋਰੀਅਲ ਫੰਡ ਨੂੰ ਪਾਈ ਜਾਵੇ।
4. ਅੱਜ ਦਾ ਇਹ ਦੀਵਾਨ ਮਾਸਟਰ ਕਾਬਲ ਸਿੰਘ, ਅਰਜਨ ਸਿੰਘ ਸੱਚ ਖੜੌਂਦੀ ਅਤੇ ਭਾਈ ਬਲਵੰਤ ਸਿੰਘ ਲੰਦਨ ਤੋੜ ਸਿੰਘ ਹੋਰਾਂ ਦੇ ਜੇਹਲ ਵਿਚ ਜਾਣ ਦੀ ਲਖ 2 ਵਧਾਈ ਦਿੰਦਾ ਹੈ ਅਤੇ ਨੌਕਰਸ਼ਾਹੀ ਦੀ ਇਸ ਭੈੜੀ ਕਾਰਰੁਵਾਏ ਤੇ ਜੋ ਉਸ ਨੇ ਉਨ੍ਹਾਂ ਦੇ ਪੈਦਾਇਸ਼ੀ ਹੱਕ (ਅਜ਼ਾਦੀ) ਮੰਗਣ ਤੇ ਉਨ੍ਹਾਂ ਨੂੰ ਜੇਹਲ ਖਾਨੇ ਭੇਜਣੇ ਵਿਚ ਵਰਤੀ ਹੈ, ਘਿਰਨਾ ਪ੍ਰਗਟ ਕਰਦਾ ਹੈ ਤੇ ਨੌਕਰਸ਼ਾਹੀ ਨੂੰ ਵੰਗਾਰਦਾ ਹੈ ਕਿ ਅਸੀ ਭੀ ਇਨ੍ਹਾਂ ਬਹਾਦਰਾਂ ਵਾਂਗੂ ਆਪਣੇ ਮੁਲਕ ਦੀ ਅਜ਼ਾਦੀ ਖਾਤਰ ਹਰ ਇਕ ਕਿਸਮ ਦੀ ਕੁਰਬਾਨੀ ਕਰਨੇ ਨੂੰ ਤਿਆਰ ਹੈ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

23-3-1929 ਦੌਲਤਪੁਰ ਤੋਂ ਆਈ ਹੋਈ ਚਿਠੀ ਪੇਸ਼ ਕੀਤੀ ਗਈ ਔਰ ਕੁਮੇਟੀ ਨੇ ਇਕ ਸੌ $100-00 ਡਾਲਰ ਉਥੇ ਨੂੰ ਪੌਣ ਵਾਸਤੇ ਪ੍ਰਵਾਨ ਕੀਤਾ।

24-3-1929 ਪਾਸ ਹੋਇਆ ਕਿ ਕੁਮੇਟੀ ਦੇ ਪਾਸ ਕੀਤੇ ਹੋਏ ਗੁਰਮਤੇ ਮੁਤਾਬਕ ਇਕ ਸੌ $100-00 ਡਾਲਰ ਦੌਲਤਪੁਰ ਨੂੰ ਬਬਰਾਂ ਵਾਲੇ ਫੰਡ ਵਿਚੋਂ ਪਾਇਆ ਜਾਵੇ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

30-3-1929 ਸ੍ਰਬ ਸੰਮਤੀ ਨਾਲ ਪਾਸ ਹੋਇਆ ਕਿ ਮਿਸਟਰ ਐਂਡਰੀਊਜ਼ ਦਾ ਸਾਰਾ ਪ੍ਰਬੰਧ ਕੁਮੇਟੀ ਕਰੇ ਅਤੇ ਜੋ ਖਰਚ ਆਵੇ, ਕੁਮੇਟੀ ਦੇਵੇ।

2. ਟੈਗੋਰ ਜੀ ਨੂੰ ਪੰਦਰਾਂ ਸੌ ਰੁਪਏ 1500 ਦੀ ਥੈਲੀ ਹੀ ਦਿਤੀ ਜਾਵੇ ਔਰ ਕੁਮੇਟੀਆਂ ਤੋਂ ਲਿਆ ਜਾਵੇ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

26-5-1929 1. ਦੀਵਾਨ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਬਬਰ ਫੰਡ ਵਿਚੋਂ ਇਸ ਸਾਲ ਇਕ ਹਜ਼ਾਰ $1000-00 ਡਾਲਰ ਬਬਰਾਂ ਦੇ ਪ੍ਰਵਾਰਾਂ ਨੂੰ ਸਹਾਇਤਾ ਕੀਤੀ ਜਾਵੇ, ਜੇਕਰ ਕੁਮੇਟੀ ਮੁਨਾਸਬ ਸਮਝੇ ਇਸ ਰਕਮ ਤੋਂ ਜ਼ਿਆਦਾ ਭੀ ਪਾ ਦੇਵੇ, ਬਬਰਾਂ ਦੀ ਗਿਣਤੀ ਦੇ ਮੁਤਾਬਕ।

2. ਅੱਜ ਦਾ ਦੀਵਾਨ ਬਬਰਾਂ ਦੇ ਕੀਤੇ ਹੋਏ ਸ਼ੁਭ ਕੰਮ ਨੂੰ ਨਹਾਇਤ ਹੀ ਚੰਗੀ ਨਜ਼ਰ ਨਾਲ ਵੇਖਦਾ ਹੈ ਅਤੇ ਉਨ੍ਹਾਂ ਦੇ ਪ੍ਰਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਪ੍ਰਵਾਰਾਂ ਨੂੰ ਭਰੋਸਾ ਦਿਵੌਂਦਾ ਹੈ ਕਿ ਏਹ ਦੀਵਾਨ ਉਨ੍ਹਾਂ ਦੀ ਯੱਥਾ ਯੋਗ ਸਹਾਇਤਾ ਕਰਦਾ ਰਹੂਗਾ।

3. ਅੱਜ ਦਾ ਦੀਵਾਨ ਗੌਰਮਿੰਟ ਦੀ ਇਸ ਕਾਰਰੁਵਾਈ ਨੂੰ ਜੋ ਕਿ ਉਸ ਨੇ ਪਬਲਕ ਸੇਫਟੀ ਬਿਲ ਦੇ ਪਾਸ ਕਰਨ ਵਿਚ ਵਰਤੀ ਹੈ, ਬੁਹਤ ਬੁਰੀ ਖਿਆਲ ਕਰਦਾ ਹੈ ਅਤੇ ਹਿੰਦੁਸਤਾਨੀਆਂ ਅਗੇ ਅਪੀਲ ਕਰਦਾ ਹੈ ਕਿ ਇਸ ਬਿਲ ਨੂੰ ਭੀ ਰੋਲਟ ਬਿਲ ਵਾਂਗੂ ਪੈਰਾਂ ਥਲੇ ਰੋਲਿਆ ਜਾਵੇ।

4. ਅੱਜ ਦਾ ਦੀਵਾਨ ਕਿਰਤੀ ਲੀਡਰਾਂ ਨੂੰ ਵਧਾਈ ਦਿੰਦਾ ਹੈ ਅਤੇ ਗੌਰਮਿੰਟ ਦੀ ਇਸ ਜ਼ਾਬਰਾਨਾ ਪਾਲਸੀ ਵਿਰੁਧ ਜ਼ੋਰਦਾਰ ਘਿਰਨਾ ਪ੍ਰਗਟ ਕਰਦਾ ਹੈ।
5. ਅੱਜ ਦਾ ਦੀਵਾਨ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਅਗੇ ਬੇਨਤੀ ਕਰਦਾ ਹੈ ਕਿ ਉਹ ਗੁਰੂ ਸਾਹਿਬਾਨਾਂ ਦਸਾਂ ਪਾਤਸ਼ਾਹੀਆਂ ਯਾ ਹੋਰ ਗੁਰੂ ਇਤਿਹਾਸ ਦੇ ਸੰਬੰਧਤ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਪਾਸ ਕਰ ਦੇਵੇ ਤਾਂ ਕਿ ਜਦੋਂ ਕੋਈ ਸਜਨ ਭੀ ਤਸਵੀਰ ਛਾਪੇ ਤਾਂ ਉਹ ਸ਼੍ਰੋਮਣੀ ਗੁ: ਪ੍ਰ: ਕੁਮੇਟੀ ਦੀ ਪਾਸ ਸ਼ੁਦਾ ਤਸਵੀਰ ਛਾਪੇ।

ਪ੍ਰੇਜ਼ੀਡੈਂਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

9-6-1929 ਸਰਬ ਸੰਮਤੀ ਨਾਲ ਪਾਸ ਕੀਤਾ ਕਿ ਭਾਈ ਦਿਆ ਸਿੰਘ ਪਿੰਡ ਚਨਣਵਾਲ, ਸੁਰਗਵਾਸੀ ਦੇ ਨੁਮਿਤ ਅਖੰਡ ਪਾਠ ਤੇ ਧਰਮ ਕਾਰਜਾਂ ਨੂੰ ਮਾਇਆ ਭੇਜੀ ਜਾਵੇ ਅਤੇ ਇਕ ਸੌ ਰੁਪਿਆ ਪਾਸ ਕੀਤਾ।

[*ਨੋਟ*: ਇਹ ਅਖੰਡ ਪਾਠ ਐਬਟਸਫੋਰਡ ਭਰੇ ਦੀਵਾਨ ਵਿਚ ਸੰਗਤ ਨੇ ਵੈਨਕੋਵਰ ਕਰਨ ਵਾਸਤੇ ਪਾਸ ਕੀਤਾ ਸੀ।]

ਦੀਵਾਨ ਦੀ ਕਾਰਰੁਵਾਈ ਕੁਮੇਟੀ ਦਾ ਪਾਸ ਕੀਤਾ ਹੋਇਆ ਗੁਰਮਤਾ No. 1 ਸੰਗਤ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਅਤੇ ਏਹ ਭੀ ਪਾਸ ਹੋਇਆ ਕਿ ਜਿਨ੍ਹਾਂ ਜਿਨ੍ਹਾਂ ਭਰਾਂਵਾਂ ਵਲ ਭਾਈ ਦੈਆ ਸਿੰਘ ਚਨਣਵਾਲ ਸੁਰਗਵਾਸੀ ਦੀ ਮਾਇਆ ਹੈ, ਉਹ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਉਗਰਾਵੇ ਅਤੇ ਫੇਰ ਦੇਸ ਨੂੰ ਪਾਈ ਜਾਵੇ ਔਰ ਜੋ ਪੈਸਾ ਬੈਂਕ ਵਿਚ ਹੈ, ਉਹ ਭੀ ਸੂਸਾਇਟੀ ਹੀ ਲਵੇ। ਪੈਸੇ ਦੇ ਲੈਣ ਦੇਣ ਦਾ ਪ੍ਰਬੰਧ ਸੂਸਾਇਟੀ ਹੀ ਕਰੇ। ਹੇਠ ਲਿਖੇ ਸਜਨਾਂ ਵੱਲ ਭਾਈ ਦਾ ਪੈਸਾ ਸੀ:

ਨਰੰਜਨ ਸਿੰਘ ਠੌਲੀ	96-00	ਰੰਡਾ ਸਿੰਘ ਬੁਧ ਸਿੰਘ ਵਾਲਾ	32-00
ਸੰਤਾ ਸਿੰਘ ਚੰਦ	100-00	ਭਗਤ ਸਿੰਘ ਚਨਣਵਾਲ	874-00
ਰੰਡਾ ਸਿੰਘ ਦਿਆਲ	20-00	ਰੰਗਾ ਸਿੰਘ ਮਾਧੋਪੁਰ	35-00
ਤ੍ਰਲੋਚਨ ਸਿੰਘ ਜੰਡਿਆਲਾ	50-00	ਸ੍ਦਾਰਾ ਸਿੰਘ ਲੱਖਾ	20-00
ਨਰੈਣ ਸਿੰਘ ਅਮ੍ਰੀਕਾ	84-00	ਹੁਕਮਾਂ ਸਿੰਘ ਗੁਜਰਵਾਲ	22-65
ਲੈਹਣਾ ਸਿੰਘ ਅਮ੍ਰੀਕਾ	160-00	ਰਾਮ ਸਿੰਘ ਰਣੀਆਂ	10-00
ਹਜਾਰਾ ਤੇ ਨੰਦ ਅਮ੍ਰੀਕਾ	30-00	ਮੇਹਰ ਸਿੰਘ ਅਕਲਪੁਰ	63-40
ਸਰਮੁਖ ਸਿੰਘ ਚੱਠੇ	80-00	ਸੁੰਦਰ ਸਿੰਘ ਬਿਰੀ	22-00
	620-00		1079-05
			620-00
Royal Bank of Canada Abbots Ford			676-00
ਇਸ ਸਫੇ ਦੀ ਬਾਕੀ ਦੇਖੋ ਅਗਲਾ ਸਫਾ		ਕੁਲ ਜੋੜ	2375-05

ਉਪਰ ਲਿਖੇ ਸਜਨਾਂ ਵਲੋਂ ਜਿਨ੍ਹਾਂ ਜਿਨ੍ਹਾਂ ਪਾਸੋਂ ਮਾਇਆ ਦੀਵਾਨ ਵਿਚ ਹੀ ਆ ਗਈ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਨਰੰਜਨ ਸਿੰਘ ਠੌਲੀ	96-00	ਸ੍ਦਾਰਾ ਸਿੰਘ ਲੱਖਾ	20-00
ਸੰਤਾ ਸਿੰਘ ਚੰਦ	100-00	ਰੰਗਾ ਸਿੰਘ ਮਾਧੋਪੁਰ	35-00
		ਰੰਡਾ ਸਿੰਘ ਦਿਆਲ	20-00

ਬਾਕੀ ਸਜਨਾਂ ਨੂੰ ਚਿਠੀਆਂ ਪਾਈਆਂ ਗਈਆਂ ਹਨ।

[*ਨੋਟ :* ਭਾਈ ਦੈਆ ਸਿੰਘ ਚਨਣਵਾਲ ਸੁਰਗਵਾਸੀ ਦੇ ਨੁਮਿਤ ਕੈਨੇਡਾ ਦੀ ਸੰਗਤ ਵਲੋਂ ਗੁਰਦੁਆਰਾ ਵੈਨਕੋਵਰ ਵਿਚ ਅਖੰਡ ਪਾਠ ਦੇ ਭੋਗ ਪੈਣ ਤੋਂ ਉਪ੍ਰੰਤ ਜੋ ਕਾਰਰੁਵਾਈ ਅਖਬਾਰਾਂ ਨੂੰ ਭੇਜੀ ਗਈ ਸੀ, ਉਸ ਦਾ ਇਸ਼ਤਿਹਾਰ ਜੋ ਮਨਯੂਟ ਬੁੱਕ ਨਾਲ ਚਸਪਾਂ ਕੀਤਾ ਹੋਇਆ ਹੈ, ਉਸ ਦੀ ਹੂ-ਬਹੂ ਨਕਲ ਦਰਜ਼ ਹੈ।

—ਅਰਜਨ ਸਿੰਘ ਚੰਦ]

ਗੁਰਦੁਆਰਾ ੧ੴ ਸਤਿਗੁਰ ਪ੍ਰਸ਼ਾਦਿ ਵੈਨਕੋਵਰ ਬੀ.ਸੀ.
1866, W2nd Ave, Vancouver, B.C. 20-7-1929

ਇਕ ਸ਼ੋਕ ਮਈ ਚਲਾਣਾ ਤੇ ਸੰਗਤ ਵਲੋਂ ਉਨ੍ਹਾਂ ਦੇ ਨੁਮਿਤ ਅਖੰਡ ਪਾਠ ਭਾਈ ਦੈਆ ਸਿੰਘ ਚਨਣਵਾਲ ਵਾਲੇ 1 ਜੂਨ 1929 ਨੂੰ ਅਚਾਨਕ ਹੀ ਇਸ ਨੁਮਾਣੀ ਮੌਤ ਦੇ ਹਥੋਂ ਪ੍ਰਲੋਕ ਨੂੰ ਸੁਧਾਰ ਗਏ। ਜਦੋਂ ਇਹ ਅਫਸੋਸਨਾਕ ਖਬਰ ਸੰਗਤ ਵੈਨਕੋਵਰ ਦੇ ਕਨਾਂ ਤਾਂਈ ਪੁੱਜੀ, ਸੰਗਤ ਦਾ ਹਿਰਦਾ ਬਹੁਤ ਹੀ ਦੁੱਖਿਆ ਔਰ ਇਹ ਇਕ ਅਚੰਭਾ ਜਿਹਾ ਮਾਲੂਮ ਹੋਇਆ, ਕਿਉਂਕੇ ਭਾਈ ਸਾਹਿਬ ਇਸ ਖਬਰ ਤੋਂ ਪੈਹਿਲੇ ਬੀਮਾਰ ਭੀ ਨਹੀਂ ਸੁਣੇ ਗਏ ਸੀ। ਪਤਾ ਲੈਣ ਤੇ ਮਾਲੂਮ ਹੋਇਆ ਕਿ ਭਾਈ ਸਾਹਿਬ ਸਵੇਰੇ 5 ਬਜੇ ਸੁਤੇ ਉਠੇ ਤੇ ਉਠ ਕੇ ਅਸ਼ਨਾਨ ਕਰਕੇ ਮਹਾਂਰਾਜ ਨੂੰ ਪ੍ਰਕਾਸ਼ ਕੀਤਾ। ਜਿਸ ਤਰਾਂ ਹਰ ਰੋਜ਼ ਕਰਦੇ ਹੁੰਦੇ ਸੀ ਅਤੇ ਫੇਰ 7 ਬਜੇ ਕੰਮ ਤੇ ਚਲੇ ਗਏ। ਡੇਢ ਘੰਟਾ ਕੰਮ ਕੀਤਾ ਤੇ ਕੰਮ ਕਰਦੇ 2 ਬੀਮਾਰ ਹੋ ਗਏ ਤੇ ਬੇਹੋਸ਼ ਹੋ ਕੇ ਜ਼ਮੀਨ ਤੇ ਗਿਰ ਗਏ। ਉਨ੍ਹਾਂ ਦੇ ਨਾਲ ਦੇ ਸਾਥੀ ਭਾਈ ਮੇਹਰ ਸਿੰਘ ਜੀ ਨੇ ਉਨ੍ਹਾਂ ਨੂੰ ਉਠਾਲ ਕੇ ਹਸਪਤਾਲ ਪੁੱਜਾ ਦਿੱਤਾ ਤੇ ਭਾਈ ਭਗਤ ਸਿੰਘ ਚਨਣਵਾਲੀਏ ਨੇ ਡਾਕਟਰ ਨੂੰ ਬੁਲਾ ਕੇ ਇਲਾਜ ਕਰਵਾਨਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਨੂੰ ਬਿਲਕੁਲ ਆਰਾਮ ਨ ਹੋਇਆ ਤੇ ਦੋ ਬਜੇ ਦੋਪੈਹਰ ਦੇ ਇਸ ਜਹਾਨ ਤੇ ਫਤੇ ਗਜ਼ਾ ਗਏ। ਦੂਸਰੇ ਦਿਨ ਬਹੁਤ ਸਾਰੀਆਂ ਵੈਨਕੋਵਰ ਦੀਆਂ ਸੰਗਤਾਂ ਐਬਟਸਫੋਰਡ ਪੁੱਜ ਗਈਆਂ। ਸੰਗਤਾਂ ਦਾ ਅਕੱਠ ਬੁਹਤ ਹੋਇਆ ਹੋਇਆ ਸੀ। ਦੋ 2 ਜੂਨ 1929 ਐਤਵਾਰ ਨੂੰ ਮਾਤਮੀ ਜਲੂਸ ਕਢਿਆ ਗਿਆ ਤੇ ਗੁਰਦੁਆਰਾ ਐਬਟਸਫੋਰਡ ਵਿਖੇ ਉਨ੍ਹਾਂ ਦੇ ਫੋਟੋ ਲਏ ਗਏ। ਚਾਰੋਂ ਤਰਫ ਮਾਤਮ ਹੀ ਮਾਤਮ ਨਜ਼ਰ ਆ ਰਿਹਾ ਸੀ। ਬੁਹਤ ਸਾਰੇ ਗੋਰੇ ਲੋਕ ਭੀ ਉਥੇ ਆਏ ਹੋਏ ਸੀ, ਕਿਉਂਕੇ ਭਾਈ ਸਾਹਿਬ ਦਾ ਸਭ ਨਾਲ ਸਭ ਨਾਲ ਅੱਛਾ ਸਲੂਕ ਸੀ ਤੇ ਗੋਰੇ ਭੀ ਬੁਹਤ ਹੀ ਅੱਛਾ ਉਨ੍ਹਾਂ ਨੂੰ ਖਿਆਲ ਕਰਦੇ ਸੀ। ਸੰਗਤ ਸ਼ਬਦ ਪੜ੍ਹਦੀਆਂ ਹੋਈਆਂ ਚਿਤਾ ਤਾਂਈ ਪੁੱਜੀਆਂ ਅਤੇ ਓਥੇ ਇਕ ਹੋਰ ਫੋਟੋ ਲੈ ਕੇ ਸਸਕਾਰ ਕੀਤਾ ਗਿਆ। ਫੇਰ ਗੁਰਦੁਆਰੇ ਆਣ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਇਕ ਸਧਾਰਨ ਪਾਠ ਓਥੇ ਰੱਖਿਆ ਗਿਆ ਅਤੇ ਸੰਗਤ ਨੇ ਪਾਸ ਕੀਤਾ ਕਿ ਇਨ੍ਹਾਂ ਦੇ ਨੁਮਿਤ ਅਖੰਡ ਪਾਠ ਵੈਨਕੋਵਰ ਗੁਰਦੁਆਰੇ ਵਿਚ ਕਰਾਇਆ ਜਾਵੇ।

7 ਜੂਨ 1929 ਨੂੰ ਭਾਈ ਸਾਹਿਬ ਦੇ ਨੁਮਿਤ ਅਖੰਡ ਪਾਠ ਆਰੰਭ ਕੀਤਾ ਗਿਆ ਤੇ 9 ਜੂਨ 1929 ਨੂੰ ਭੋਗ ਪਾਇਆ ਗਿਆ।

(ਦੀਵਾਨ ਦੀ ਕਾਰਰੁਵਾਈ)

ਅਖੰਡ ਪਾਠ ਦਾ ਭੋਗ 11 ਬਜੇ ਪਾਇਆ ਗਿਆ ਤੇ ਭਾਈ ਗੋਪਾਲ ਸਿੰਘ ਨੇ ਅੱਧਾ ਘੰਟਾ ਗੁਰੂ ਮਹਾਂਰਾਜ ਦੀ ਕੱਥਾ ਕੀਤੀ। 12 ਬਜੇ ਸੰਗਤਾਂ ਪ੍ਰਸ਼ਾਦਾ ਲੰਗਰ ਵਿਚ

ਛਕਨ ਵਾਸਤੇ ਚਲੀਆਂ ਗਈਆਂ ਅਤੇ ਫੇਰ 1 ਬਜੇ ਦੀਵਾਨ ਸਜਾਇਆ ਗਿਆ। ਪੈਹਲੇ ਭਾਈ ਸਾਧੂ ਸਿੰਘ ਹਰਦਾਸਪੁਰ ਵਾਲਿਆਂ ਦੇ ਰਾਗੀ ਜਥੇ ਨੇ ਕੀਰਤਨ ਕੀਤਾ ਤੇ ਭਾਈ ਪੂਰਨ ਸਿੰਘ ਨੇ ਇਕ ਕਵਿਤਾ ਪੜ੍ਹੀ ਅਤੇ ਭਾਈ ਮਿਤ ਸਿੰਘ ਜੀ ਨੇ ਉਨ੍ਹਾਂ ਦੀ ਜ਼ਿੰਦਗੀ ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਭਾਈ ਦੈਆ ਸਿੰਘ ਜੀ ਇਕ ਸੰਤ ਸੁਭਾਉ ਦੇ ਪੁਰਸ਼ ਸਨ ਅਤੇ ਉਨ੍ਹਾਂ ਨੇ 11 ਸਾਲ ਮੁਫਤ ਕੌਮ ਦੀ ਗਰੰਥੀ ਦੀ ਹੈਸੀਅਤ ਵਿਚ ਸੇਵਾ ਕੀਤੀ ਔਰ ਹਰ ਇਕ ਕੌਮੀ ਕੰਮ ਵਿਚ ਦਿਲ ਖੋਲ੍ਹ ਕੇ ਹਿਸਾ ਲੈਂਦੇ ਰਹੇ।

ਭਾਈ ਮਿਤ ਸਿੰਘ ਨੇ ਆਪਣੇ ਲੈਕਚਰ ਦੁਆਰਾ ਕੇਹਾ ਕਿ ਜਿਥੇ ਕੈਨੇਡਾ ਨੁਵਾਸੀ ਖਾਲਸਾ ਨੂੰ ਸੂਰਬੀਰ ਕੌਮੀ ਜੋਧੇ ਪੈਦਾ ਕਰਨੇ ਦਾ ਮਾਨ ਹੈ, ਓਥੇ ਨਾਲ ਹੀ ਸੰਤ ਸੁਭਾਓ ਪੁਰਸ਼ ਪੈਦਾ ਕਰਨੇ ਦਾ ਮਾਨ ਭੀ ਹੈ। ਉਪ੍ਰੰਤ ਹੇਠ ਲਿਖੇ ਗੁਰਮਤੇ ਪਾਸ ਹੋਏ :

1. ਅੱਜ ਦਾ ਦੀਵਾਨ ਉਨ੍ਹਾਂ ਦੇ ਪ੍ਵਾਰਾਂ ਅਤੇ ਹਿਤੂ ਪਿਆਰਿਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ ਤੇ ਗੁਰੂ ਮਹਾਂਰਾਜ ਅਗੇ ਪ੍ਰਾਰਥਨਾਂ ਕਰਦਾ ਹੈ ਕਿ ਗੁਰੂ ਮਹਾਂਰਾਜ ਉਨ੍ਹਾਂ ਨੂੰ ਭਾਣਾ ਮਨਣ ਦਾ ਬਲ ਬਖਸ਼ੇ।
2. ਅੱਜ ਦਾ ਦੀਵਾਨ ਇਕ ਸੌ ਰੁਪਿਆ ਉਨ੍ਹਾਂ ਦੇ ਨੁਮਿਤ ਧਰਮ ਕਾਰਜਾਂ ਵਾਸਤੇ ਭੇਟਾ ਕਰਦਾ ਹੈ।

ਸਕੱਤ੍ ਪੂਰਨ ਸਿੰਘ

6-7-1929 ਭਾਈ ਵਤਨ ਸਿੰਘ ਚੋਬਦਾਰ (ਹਰਨਾਮ ਸਿੰਘ) ਅਤੇ ਭਾਈ ਵਰਿਆਮ ਸਿੰਘ ਸਮਰਾਵਾਂ ਮੈਂਬਰ ਕੈਨੇਡੀਅਨ ਸ਼ਹੀਦੀ ਜੱਥਾ ਦੇਸ ਤੋਂ ਵਾਪਸ ਆਏ ਹੋਇਆਂ ਨੂੰ ਦਸਤਾਰੇ ਤੇ ਮਾਨ ਪੱਤ੍ ਦਿਤੇ ਜਾਣ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ ਪੂਰਨ ਸਿੰਘ**

10-9-1929 ਅੱਜ ਦਾ ਦੀਵਾਨ ਫਖਰੇ ਕੌਮ ਮਾਸਟਰ ਮੋਤਾ ਸਿੰਘ ਜੀ ਨੂੰ ਉਨ੍ਹਾਂ ਦੀ ਗ੍ਰਿਫਤਾਰੀ ਤੇ ਵਧਾਈ ਦਿੰਦਾ ਹੈ ਅਤੇ ਨੌਕਰਸ਼ਾਹੀ ਦੀ ਇਸ ਕੁਮੀਨੀ ਚਾਲ ਉਤੇ ਜੋ ਕਿ ਉਸਨੇ ਇਨ੍ਹਾਂ ਦੀ ਗ੍ਰਿਫਤਾਰੀ ਵਿਚ ਵਰਤੀ ਹੈ ਘਿਰਨਾ ਪੌਂਦਾ ਹੈ ਅਤੇ ਨੌਕਰਸ਼ਾਹੀ ਨੂੰ ਤਾੜਨਾ ਕਰਦਾ ਹੈ ਕਿ ਮਾਸਟਰ ਜੀ ਨੂੰ ਗ੍ਰਿਫਤਾਰ ਕਰਕੇ ਚਲ ਰਹੀ ਅਜ਼ਾਦੀ ਦੀ ਲੈਹਿਰ ਹਰਗਜ਼ ਦਬਾ ਨਹੀਂ ਸਕਦੀ ਅਤੇ ਇਸ ਵਾਸਤੇ ਏਹ ਦੀਵਾਨ ਹਿੰਦੁਸਤਾਨੀ ਨੌਜੁਵਾਨਾਂ ਪਾਸ ਖਾਸ ਕਰ ਅਤੇ ਆਮ ਤੌਰ ਤੇ ਸਾਰੇ ਹਿੰਦੁਸਤਾਨੀਆਂ ਪਾਸ ਬੇਨਤੀ ਕਰਦਾ ਹੈ ਕਿ ਆਇੰਦਾ ਕਾਂਗਰਸ ਨੂੰ ਜ਼ਰੂਰ ਕਾਮਯਾਬ ਬਨੌਣ।

ਅੱਜ ਦਾ ਦੀਵਾਨ ਬਾਬਾ ਗੁਰਦਿਤ ਸਿੰਘ ਨੂੰ ਜੇਲ ਜਾਨ ਦੀ ਵਧਾਈ ਦਿੰਦਾ ਹੈ ਤੇ ਉਨ੍ਹਾਂ ਦੀ ਬਹਾਦਰੀ ਤੇ ਦਲੇਰੀ ਦੀ ਉਪਮਾਂ ਕਰਦਾ ਹੈ।

ਏਹ ਦੀਵਾਨ ਮਾਸਟਰ ਗੱਜਨ ਸਿੰਘ ਜੀ, ਦਸੌਂਧਾ ਸਿੰਘ ਜੀ ਅਤੇ ਭਾਈ ਗੋਂਦਾ ਸਿੰਘ ਜੀ ਦੀ ਰਿਹਾਈ ਤੇ ਉਨ੍ਹਾਂ ਦੇਸ ਭਗਤ ਸੂਰਬੀਰ ਬਹਾਦਰਾਂ ਨੂੰ ਵਧਾਈ ਦਿੰਦਾ ਹੈ ਅਤੇ ਉਮੈਦ ਕਰਦਾ ਹੈ ਕਿ ਏਹ ਸੂਰਬੀਰ ਫਿਰ ਕੌਮੀ ਕੰਮਾਂ ਵਿਚ ਜੁੱਟ ਜਾਣਗੇ।

ਸਕੱਤ੍ ਪੂਰਨ ਸਿੰਘ

22-9-1929 ਭਾਈ ਮੁਨਸ਼ਾ ਸਿੰਘ ਰੀਅਲ ਸਟੇਟ ਨੂੰ ਸ਼ਰਾਬ ਪੀਣ ਬਾਰੇ $1-25 ਸਵਾ ਡਾਲਰ ਤਨਖਾਹ ਸੰਗਤ ਨੇ ਲਾਈ, ਜੋ ਕਿ ਉਸ ਨੇ ਦੇ ਦਿਤੀ ਅਤੇ ਸੰਗਤ ਪਾਸੋਂ ਮਾਫੀ ਮੰਗੀ ਅਤੇ ਅਗੇ ਵਾਸਤੇ ਨਾ ਪੀਣ ਵਾਸਤੇ ਪ੍ਰਣ ਕੀਤਾ। ਨਾਲ ਹੀ ਪਾਸ

ਕੀਤਾ ਕਿ ਇਹ ਸਾਰੀ ਵਾਰਦਾਤ ਮੁਨਸ਼ਾ ਸਿੰਘ ਬਾਰੇ ਇਸ਼ਤਿਹਾਰ ਵਿਚ ਦਿਤੀ ਜਾਵੇ, ਜੋ ਕਿ ਦਿਤੀ ਗਈ।

ਪ੍ਰੈਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

30-9-1929 1. ਇਹ ਦੀਵਾਨ ਸ੍: ਸੇਵਾ ਸਿੰਘ ਜੀ ਦੀ ਰਿਹਾਈ ਤੇ ਉਨ੍ਹਾਂ ਨੂੰ ਵਧਾਈ ਦਿੰਦਾ ਹੈ ਅਤੇ ਆਸ ਰੱਖਦਾ ਹੈ ਕਿ ਸ੍: ਜੀ ਬਾਹਰ ਆ ਕੇ ਅਗੇ ਨਾਲੋਂ ਭੀ ਜ਼ਿਆਦਾ ਕੌਮੀ ਕੰਮਾਂ ਵਿਚ ਹਿਸਾ ਲੈਣਗੇ।

2. ਇਹ ਦੀਵਾਨ ਜੇ.ਐਨ. ਦਾਸ ਜੀ ਦੇ ਚਲਾਣਾ ਦੀ ਖਬਰ ਸੁਣ ਕੇ ਅਫਸੋਸ ਜ਼ਾਹਰ ਕਰਦਾ ਹੈ ਅਤੇ ਉਨ੍ਹਾਂ ਦੇ ਪ੍ਰਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਵਾਹਿਗੁਰੂ ਅਗੇ ਪ੍ਰਾਰਥਨਾ ਕਰਦਾ ਹੈ ਕਿ ਉਨ੍ਹਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਜ਼ਾਲਮ ਨੌਕਰਸ਼ਾਹੀ ਦੇ ਇਸ ਸਲੂਕ ਨੂੰ ਜੋ ਕਿ ਉਸ ਨਾਲ ਕੀਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਬਾਰ 2 ਮੰਗਣ ਤੇ ਭੀ ਪੂਰੀਆਂ ਨਹੀਂ ਕੀਤੀਆਂ ਗਈਆਂ, ਇਸ ਤੇ ਲਾਹਨਤ ਪਾਉਂਦਾ ਹੈ ਅਤੇ ਨੌਕਰਸ਼ਾਹੀ ਨੂੰ ਉਨ੍ਹਾਂ ਦੀ ਲਾਸ਼ ਦਾ ਜ਼ਮੇਵਾਰ ਠਹਿਰੌਂਦਾ ਹੈ ਔਰ ਭਗਤ ਸਿੰਘ ਤੇ ਦੱਤ ਨੂੰ ਵੀ ਆਪਣੀਆਂ ਮੰਗਾਂ ਤੇ ਡਟੇ ਰੈਹਿਣ ਦੀ ਸ਼ਲਾਘਾ ਕਰਦਾ ਹੈ ਅਤੇ ਰਾਜਸੀ ਕੈਦੀਆਂ ਪਾਸ ਬੇਨਤੀ ਕਰਦਾ ਹੈ ਕਿ ਆਪਨੀਆਂ ਮੰਗਾਂ ਪੂਰੀਆਂ ਕਰਨ ਵਾਸਤੇ ਭਗਤ ਸਿੰਘ ਤੇ ਦੱਤ ਦਾ ਸਾਥ ਦੇਣ।

ਸਕੱਤ੍ਰ ਪੂਰਨ ਸਿੰਘ

1929-1930 ਦੇ ਦੌਰਾਨ ਵਿਚ ਮਾਲਵਾ, ਦੁਆਬਾ ਇਲਾਕੇਬਾਜ਼ੀ ਦੌਰ ਬੁਹਤ ਹੀ ਜ਼ੋਰਾਂ ਤੇ ਸੀ ਅਤੇ ਇਲਾਕੇ ਦੀ ਈਰਖਾ ਇਤਨੀ ਵੱਧ ਗਈ ਸੀ ਕਿ 1929-1930 ਦੀ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਵਿਚ ਮਾਲਵੇ ਦਾ ਕੋਈ ਵੀ ਸਜਣ ਨਹੀਂ ਲਿਆ ਗਿਆ ਸੀ, ਸਗੋਂ ਅਖੰਡ ਪਾਠੀਆਂ ਵਿਚ ਵੀ ਏਹੋ ਹੀ ਵਤੀਰਾ ਵਰਤਿਆ ਗਿਆ ਸੀ।

ਜਦ 1930 ਦੀ ਸਲਾਨਾ ਚੋਣ ਹੋ ਰਹੀ ਸੀ, ਤਦ ਹਰਬੰਤ ਸਿੰਘ ਵਲਟੋਹਾ ਅਤੇ ਭਾਈ ਕਰਤਾਰ ਸਿੰਘ ਐਡੀਟਰ ਨੇ ਬੜੇ ਜ਼ੋਰਦਾਰ ਲਫਜ਼ਾਂ ਵਿਚ ਕਿਹਾ ਸੀ ਕਿ ਜੇਹੜੇ ਸਜਣ ਮੁੱਢ ਤੋਂ ਹਰ ਇਕ ਕੌਮੀ ਕੰਮਾਂ ਵਿਚ ਵੱਧ ਚੜ੍ਹ ਕੇ ਸੇਵਾ ਕਰਦੇ ਰਹੇ ਹਨ। ਅੱਜ ਉਨ੍ਹਾਂ ਦਾ ਗੁਰਦੁਆਰੇ ਵਿਚ ਨਾ ਆਉਣਾ ਨਹਾਇਤ ਹੀ ਦੁੱਖ ਵਾਲੀ ਗੱਲ ਹੈ। ਅੱਜ ਦੀ ਚੋਣ ਨੂੰ ਸਹੀ ਚੋਣ ਨਹੀਂ ਕੈਹਿ ਸਕਦੇ।

ਇਸੇ ਈਰਖਾ ਦੇ ਕਾਰਨ ਮਾਲਵਾ ਸੁਧਾਰ ਕੁਮੇਟੀ ਅਤੇ ਹੀਰਾ ਸਿੰਘ ਢੱਡਾ ਦੇ ਖਿਲਾਫ 1929 ਦੇ ਮਨਯੂਟ ਬੁੱਕ ਦੇ ਸਫਿਆਂ ਦੇ ਸਫੇ ਕਾਲੇ ਕੀਤੇ ਪਏ ਹਨ।

ਇਸ ਦਾ ਅਸਲ ਕਾਰਨ 1925 ਵਿਚ ਗੁਰਦੁਆਰਾ ਵੈਨਕੋਵਰ ਦੇ ਅਕੌਂਟ ਵਿਚੋਂ $121ਡਾਲੇ -35ਸੰਟ ਦੀ ਜਾਹਲੀ ਚਿਕ ਕੈਸ਼ ਕਰੌਣਾ ਸੀ, ਕਿਉਂਕੇ ਜਾਹਲੀ ਚਿਕ ਬਨੌਣ ਵਾਲਾ ਜਗਤ ਸਿੰਘ ਜੌਹਲ ਹਰ ਸਾਲ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦਾ ਕਦੇ ਪ੍ਰੈਜ਼ੀਡੰਟ ਕਦੇ ਸਕੱਤ੍ਰ ਰਹਿੰਦਾ ਰਿਹਾ ਹੈ। ਉਹ ਆਪਣੇ ਪਾਪ ਨੂੰ ਛਪੌਣ ਲਈ ਧੜੇਬੰਦੀ ਕਾਇਮ ਰੱਖ ਰਿਹਾ ਸੀ। ਉਸ ਦਾ ਪਾਜ 1930 ਵਿਚ ਉਘੜ ਗਿਆ, ਜਿਸ ਦਾ ਮੁਖਤਸਰ ਨਿਰਨਾ 1928-29-1930 ਦੇ ਹਸਾਬ ਦੀ

ਪੜਤਾਲ ਕਰਨ ਵਾਲੀ ਪੜਤਾਲੀਆ ਕੁਮੇਟੀ ਦੀ ਰਿਪੋਟ ਵਿਚ ਕੀਤਾ ਗਿਆ ਹੈ, ਜੋ ਕਿ 1 ਸਤੰਬਰ 1932 ਨੂੰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੀ ਛੱਤਰ ਛਾਇਆ ਹੇਠ ਪ੍ਰਕਾਸ਼ਤ ਹੋਈ ਹੈ, ਜਿਸ ਦਾ ਲਫਜ਼ 2 ਅਗੇ ਚਲ ਕੇ 1932 ਦੀ ਕਾਰਰੁਵਾਈ ਵਿਚ ਦਰਜ਼ ਕੀਤੀ ਜਾਵੇਗਾ। *—ਲੇਖਕ ਅਰਜਨ ਸਿੰਘ 'ਚੰਦ'*

7-12-1929 ਬਬਰਾਂ ਦੇ ਪ੍ਵਾਰਾਂ ਦੀ ਸਹਾਇਤਾ ਵਾਸਤੇ ਜੋ ਲਿਸਟ ਤਿਆਰ ਕੀਤੀ ਗਈ ਸੀ, ਉਹ ਕਮੇਟੀ ਦੇ ਪੇਸ਼ ਕੀਤੀ। ਤਕਰੀਬਨ 50 ਬਬਰਾਂ ਦੇ ਨਾਮ ਲਿਸਟ ਪਰ ਹਨ। ਕੁਮੇਟੀ ਨੇ ਵਿਚਾਰ ਕਰਕੇ ਪਾਸ ਕੀਤਾ ਹੈ ਕਿ ਤਕਰੀਬਨ $1500-00 ਪੰਦਰਾਂ ਸੌ ਡਾਲਰ ਬਬਰ ਫੰਡ ਵਿਚੋਂ ਇਨ੍ਹਾਂ ਦੀ ਸਹਾਇਤਾ ਵਾਸਤੇ ਭੇਜਿਆ ਜਾਵੇ।
ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ ਪੂਰਨ ਸਿੰਘ**

22-12-1929 ਨੂੰ ਕੁਮੇਟੀ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਕਿ ਖਾਲਸਾ ਦੀਵਾਨ ਸੂਸਾਇਟੀ ਦਾ ਸਾਰਾ ਪੈਸਾ ਜੋ ਕਿ ਇਮਪੀਰੀਅਲ ਬੈਂਕ ਔਫ ਕੈਨੇਡਾ ਫੇਅਰਵੀਊ ਬਰਾਂਚ ਵਿਚ ਚਲੰਤ ਬੁੱਕ ਤੇ ਸੇਵਿੰਗ ਅਤੇ ਬਬਰ ਫੰਡ ਵਾਲੇ ਬੁਕ ਤੇ ਹੈ, ਕੈਨੇਡੀਅਨ ਬੈਂਕ ਔਫ ਕਾਮਰਸ ਫੇਅਰਵੀਊ ਬਰਾਂਚ ਵਿਚ ਬਦਲ ਦਿਤਾ ਜਾਵੇ।
ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ ਪੂਰਨ ਸਿੰਘ**

30-12-1929 ਗੁਰਮਤੇ ਪਾਸ ਹੋਏ :

1. ਚੁਤਾਲੀਵੀਂ ਕਾਂਗਰਸ ਅਜਲਾਸ ਲਾਹੌਰ ਵਾਸਤੇ ਇਕ ਹਜ਼ਾਰ ਰੁਪਿਆ ਪਾਇਆ ਜਾਵੇ।
2. ਗੁਰਦੁਆਰਾ ਸਟਾਕਟਨ ਕੈਲੇਫੋਨੀਆ ਜੋ ਕਿ ਨਵਾਂ ਤਿਆਰ ਹੋ ਰਿਹਾ ਹੈ, ਪੰਜ ਸੌ $500-00 ਡਾਲਰ ਬਾਬਤ ਸਹਾਇਤਾ ਭੇਜਿਆ ਜਾਵੇ।
3. ਜਨਰਲ ਹਸਪਤਾਲ ਵੈਨਕੋਵਰ ਬੀ.ਸੀ. ਵਾਸਤੇ ਇਕ ਇਕ ਸੌ $100-00 ਡਾਲਰ ਸਹਾਇਤਾ ਵਾਸਤੇ ਦਿੱਤਾ ਜਾਵੇ ਔਰ ਜੇਕਰ ਹੋ ਸਕੇ ਤਾਂ ਹਰ ਸਾਲ ਹੀ ਇਕ ਸੌ ਡਾਲਰ ਸਹਾਇਤਾ ਦਿਤੀ ਜਾਵੇ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ ਪੂਰਨ ਸਿੰਘ**

7-1-1930 ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇਸ ਵਿਖੇ ਆਲ ਇੰਡੀਆ ਕਾਂਗਰਸ ਕੁਮੇਟੀ ਦੇ ਮੁਕੰਮਲ ਅਜ਼ਾਦੀ ਦੇ ਪਾਸ ਸ਼ੁਦਾ ਗੁਰਮਤੇ ਨਾਲ ਪੂਰੀ ਪੂਰੀ ਹਮੰਦਰਦੀ ਰਖਦੀ ਹੈ ਅਤੇ ਆਮ ਹਿੰਦੁਸਤਾਨੀਆਂ ਪਾਸ ਬੇਨਤੀ ਕਰਦੀ ਹੈ ਕਿ ਕਾਂਗਰਸ ਦੇ ਝੰਡੇ ਦੇ ਥਲੇ ਰਹਿੰਦੇ ਹੋਏ ਆਜ਼ਾਦੀ ਹਾਸਲ ਕਰਨ ਵਾਸਤੇ ਹਰ ਤਰਾਂ ਦਾ ਜਤਨ ਕਰਨ।

8-1-1930 ਪਾਸ ਹੋਇਆ ਕਿ ਨਜ਼ਾਮ ਦੀਨ ਦੀ ਇਕ ਹਜ਼ਾਰ $1000-00 ਡਾਲਰ ਦੀ ਜ਼ਮਾਨਤ ਦਿਤੀ ਜਾਵੇ ਅਤੇ ਭਾਈ ਗੁਰਬਚਨ ਸਿੰਘ ਟੂਟੋ ਮਜਾਰਾ ਤੇ ਹਰਨਾਮ ਸਿੰਘ ਆਦੇਕਾਲੀ ਜ਼ੁਮੇਵਾਰ ਹੋਏ ਖਰਚ ਦੀ ਜ਼ੁਮੇਵਾਰ ਸੂਸਾਇਟੀ ਨਹੀ ਹੈ। ਉਸ ਤੋਂ $148-25 ਲੈ ਕੇ ਬੈਂਕ ਵਿਚ ਜਮਾਂ ਕੀਤੇ।
ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ ਪੂਰਨ ਸਿੰਘ**

26-1-1930 1. ਜੋਰਿੰਦਰ ਸਿੰਘ ਸਪੁਤ੍ਰ ਭਾਈ ਭਾਗ ਸਿੰਘ ਜੀ ਵਲੋਂ ਆਈ ਹੋਈ ਚਿਠੀ ਸੁਣਾਈ ਗਈ। ਵਿਚਾਰ ਤੇ ਮਾਲੂਮ ਹੋਇਆ ਕਿ ਇਸ ਦਾ ਜ਼ਿਆਦਾ ਤੁਅੱਲਕ ਉਸ ਕੁਮੇਟੀ ਨਾਲ ਹੈ, ਜੋ ਕਿ ਉਨ੍ਹਾਂ ਯਤੀਮਾਂ ਨੂੰ ਦੇਸ ਨੂੰ ਤੋਰਨੇ ਵਕਤ ਬਣਾਈ ਯਾ ਉਨ੍ਹਾਂ ਦੀ ਸਹਾਇਤਾ ਕਰਨ ਵਾਸਤੇ ਖਾਸ ਥਾਪੀ ਗਈ ਸੀ। ਆਖਰ ਪਾਸ ਹੋਇਆ ਕਿ ਮੌਜੂਦਾ ਵਕਤ ਤੇ ਇਹ ਚਿਠੀ ਉਸ ਕੁਮੇਟੀ ਪਾਸ ਦਿਤੀ ਜਾਵੇ। ਜੇਕਰ ਉਹ ਕੁਮੇਟੀ ਯੋਗ ਫੈਸਲਾ ਨਾ ਕਰੇ ਤਾਂ ਦੀਵਾਨ ਦੇ ਹੱਥ ਮੁਆਮਲਾ ਆ ਜਾਵੇ। ਇਸ ਵਾਸਤੇ ਉਹ ਚਿਠੀ ਭਾਈ ਸ਼ਮੀਰ ਸਿੰਘ ਅਲੀਪੁਰ ਨੂੰ ਦਿਤੀ ਗਈ।

2. ਪਾਸ ਹੋਇਆ ਕਿ ਨਵੀਂ ਕੁਮੇਟੀ ਅਪਨੀ ਪੈਹਲੀ ਅਕਤ੍ਰਤਾ ਵਿਚ ਸ਼ਹੀਦੀ ਯਾਦਗਾਰ ਦੇ ਗੁਰਮਤੇ ਤੇ ਜੋ ਮਿਲ ਸਾਇਡ ਜੋੜ ਮੇਲ 1930 ਤੇ ਪਾਸ ਹੋਇਆ ਹੈ, ਵਿਚਾਰ ਕਰੇ।
3. ਪਾਸ ਹੋਇਆ ਕਿ ਦੇਸ ਨੂੰ Independence Day ਮਨਾਣੇ ਦੀ ਖੁਸ਼ੀ ਵਿਚ ਕਾਂਗਰਸ ਨੂੰ ਤਾਰ ਦਿਤੀ ਜਾਵੇ।
4. ਕੁਮੇਟੀ ਮੀਟੰਗ ਵਿਚ ਪਾਸ ਹੋਇਆ ਕਿ ਭਾਈ ਦੈਆ ਸਿੰਘ ਚਨਣਵਾਲ ਸੁਰਗਵਾਸੀ ਦੀ ਉਗਰਾਹੀ ਮਾਇਆ ਜੋ ਕੁਲ $271-00 ਵਿਚੋਂ $250-00 ਦੋ ਸੌ ਪੰਜਾਹ ਡਾਲਰ ਭਾਈ ਕਿਸ਼ਨ ਸਿੰਘ ਭਤੀਜਾ ਭਾਈ ਦੈਆ ਸਿੰਘ ਔਰ ਅਮਰ ਸਿੰਘ ਭਰਾਤਾ ਭਾਈ ਦੈਆ ਸਿੰਘ ਨੂੰ ਨਸਬ 2 ਪਾਇਆ ਜਾਵੇ, ਜੋ ਕਿ ਪਾਇਆ ਗਿਆ।
5. ਭਾਈ ਸ਼ਮੀਰ ਸਿੰਘ ਨੇ ਅਪਨੀ ਜ਼ੁਮੇਵਾਰੀ ਤੇ ਇਕ ਸੌ $100-00 ਡਾਲਰ ਬਬਰ ਫੰਡ ਵਿਚੋਂ ਬਬਰਾਂ ਦੇ ਪ੍ਰਵਾਰਾਂ ਦੀ ਸਹਾਇਤਾ ਵਾਸਤੇ ਲਿਆ, ਜੋ ਨਾਮ ਭਾਈ ਸ਼ਮੀਰ ਸਿੰਘ ਵਲੋਂ ਗੁਰਦਿਤ ਸਿੰਘ ਅਲੀਪੁਰ, ਕਾਲਾ ਸਿੰਘ ਅਲੀਪੁਰ ਅਤੇ ਦੋ ਗੁਰਦਿਤ ਸਿੰਘ ਦੇ ਭਾਈ ਜਿਨ੍ਹਾਂ ਦਾ ਨਾਮ ਨਹੀਂ ਦਿਤਾ ਗਿਆ, ਦਿਤੇ ਗਏ। ਇਨ੍ਹਾਂ ਦੇ ਬਬਰ ਹੋਣ ਦੀ ਸਬੂਤੀ ਸ਼ਮੀਰ ਸਿੰਘ ਜ਼ੁਮੇਂ ਹੈ ਔਰ ਪੈਸੇ ਦੇ ਪਚਾਉਣ ਦਾ ਜ਼ੁਮੇਵਾਰ ਭੀ ਸ਼ਮੀਰ ਸਿੰਘ ਹੈ। ਜੇਕਰ ਪੈਸਾ ਉਨ੍ਹਾਂ ਨੂੰ ਨਾ ਮਿਲੇ ਤਾਂ ਵਾਪਸ ਦੀਵਾਨ ਨੂੰ ਕੀਤਾ ਜਾਉ।

ਦਸ਼ਖਤ ਛਮੀਰ ਸਿੰਘ **ਸਕੱਤ੍ਰ ਪੂਰਨ ਸਿੰਘ**

11-8-1929 ਦੀਵਾਨ ਦੀ ਕਾਰਰੁਵਾਈ 1 ਬਜੇ ਦੁਪੈਹਰ ਦੇ ਸ਼ੁਰੂ ਹੋਈ ਅਤੇ ਸ਼ੁਰੂ ਹੋਣ ਤੇ ਪੈਹਿਲੇ ਭਾਈ ਕਰਤਾਰ ਸਿੰਘ ਸਕਤ੍ਰ ਮਲਾਪ ਕੁਮੇਟੀ ਨੇ ਇਕ ਚਿਠੀ ਦਿਤੀ ਅਤੇ ਕੁਮੇਟੀ ਦੇ 10-8-1929 ਦੇ ਫੈਸਲੇ ਨੂੰ ਮੁਲਤਵੀ ਕਰਨ ਵਾਸਤੇ ਕਿਹਾ ਗਿਆ। ਸਕੱਤ੍ਰ ਨੇ ਇਹ ਚਿਠੀ ਸੰਗਤ ਦੇ ਪੇਸ਼ ਕਰ ਦਿਤੀ ਅਤੇ ਚਿਠੀ ਫੇਲ੍ਹ ਹੋ ਗਈ ਔਰ ਸੰਗਤ ਨੇ ਕਿਹਾ ਕਿ ਸਾਨੂੰ ਮਲਾਪ ਕੁਮੇਟੀ ਜੋ ਕਿ ਭਾਈ ਮਿਤ ਸਿੰਘ ਵਲੋਂ ਸੱਦੀ ਗਈ ਹੈ, ਮਨਜ਼ੂਰ ਨਹੀਂ ਔਰ ਨਾਂ ਹੀ ਉਸ ਦਾ ਕੀਤਾ ਹੋਇਆ ਕੋਈ ਫੈਸਲਾ ਮਨਜ਼ੂਰ ਹੈ। ਇਸ ਵਾਸਤੇ ਜੋ ਕੁਮੇਟੀ ਨੇ ਰਾਤ ਫੈਸਲਾ ਕੀਤਾ ਹੈ, ਉਹ ਸੁਨਾਇਆ ਜਾਵੇ। ਸੰਗਤ ਦੀ ਇਸ ਗੱਲ ਦੀ ਮੰਗ ਹੋਣ ਤੇ ਕੁਮੇਟੀ ਦਾ ਪਾਸ ਹੋਇਆ ਗੁਰਮਤਾ ਸੁਨਾਇਆ ਗਿਆ, ਜੋ ਕਿ ਸੰਗਤ ਨੇ ਪਾਸ ਕਰ ਦਿੱਤਾ।

ਪ੍ਰੇਜ਼ੀਡੰਟ ਜਗਤ ਸਿੰਘ **ਸਕੱਤ੍ਰ ਪੂਰਨ ਸਿੰਘ**

[*ਨੋਟ :* ਦਾਸ ਵਲੋਂ ਜੋ ਸਫਾ 24 (ਮੌਜੂਦਾ 119 ਸਫ਼ਾ) ਪਰ ਕੁੱਛ ਸਤਰਾਂ ਕੈਨੇਡਾ ਦੇ ਹਾਲਾਤ ਬਾਰੇ ਲਿਖੀਆਂ ਹਨ। ਉਪਰ ਲਿਖੀ 11-8-1929 ਦੀ ਲਿਖੀ ਕਾਰਰੁਵਾਈ ਉਨ੍ਹਾਂ ਸਤਰਾਂ ਦੀ ਸ਼ਹਾਦਿਤ ਹੈ ਅਤੇ ਉਨ੍ਹਾਂ ਸਤਰਾਂ ਦੀ ਪੁਸ਼ਟੀ ਕਰਦੀ ਹੈ ਕਿ ਉਸ ਮੌਕੇ ਕਿਤਨੀ ਈਰਖਾ ਵਧੀ ਹੋਈ ਸੀ। *—ਲੇਖਕ ਅਰਜਨ ਸਿੰਘ ਚੰਦ*]

30-3-1930 ਪਾਸ ਹੋਇਆ ਕਿ ਫੁਮਨ ਸਿੰਘ 'ਅਜੀਤ' ਨੂੰ ਉਸ ਦੀ ਰਿਹਾਈ ਤੇ ਵਧਾਈ ਦਿਤੀ ਜਾਵੇ।

11-5-1930 1. ਪਾਸ ਹੋਇਆ ਕਿ ਬਬਰਾਂ ਦੇ ਨੁਮਿਤ 23-5-1930 ਨੂੰ ਅਖੰਡ ਪਾਠ ਅਰੰਭ ਕਰਕੇ 25 ਮਈ ਨੂੰ ਭੋਗ ਪਾਇਆ ਜਾਵੇ।

2. ਪਾਸ ਹੋਇਆ ਕਿ ਈਸ਼ਰ ਸਿੰਘ ਦੇ ਹਵਾਈ ਜਹਾਜ਼ ਦੇ ਕੰਮ ਸਿਖਣ ਦੀ ਤੇ ਛਾਲ ਮਾਰਨ ਦੀ ਕਾਮਯਾਬੀ ਤੇ ਈਸ਼ਰ ਸਿੰਘ ਨੂੰ $300-00 ਤਿੰਨ ਸੌ ਡਾਲਰ ਦਿਤਾ ਜਾਵੇ।

3. ਪਾਸ ਹੋਇਆ ਕਿ ਸਿਖ ਲੀਗ ਨੂੰ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਦੀ ਪ੍ਰਸੰਸਾ ਪ੍ਰਗਟ ਕੀਤੀ ਜਾਵੇ ਤੇ ਝੰਡੇ ਵਿਚ ਸਿਖਾਂ ਦਾ ਰੰਗ ਰਖਣ ਦੀ ਪੁਸ਼ਟੀ ਕੀਤੀ ਜਾਵੇ।

4. ਸੋਜਨੀ ਨੈਡੋ ਤੇ ਉਨ੍ਹਾਂ ਦੇ ਹੋਰ ਸਾਥੀਆਂ ਦੇ ਗ੍ਰਿਫਤਾਰ ਹੋਣ ਤੇ ਵਧਾਈ ਦੀ ਤਾਰ ਦਿਤੀ ਜਾਵੇ।

ਸਕੱਤ੍ਰ ਮੀਹਾਂ ਸਿੰਘ

25-5-1930 ਅੱਜ ਦਾ ਭਾਗੀ ਦੀਵਾਨ ਮਹਾਤਮਾਂ ਗਾਂਧੀ ਤੇ ਹੋਰ ਮੁਲਕੀ ਲੀਡਰਾਂ ਅਤੇ ਵਲੰਟੀਅਰਾਂ ਨੂੰ ਜੇਹਲ ਜਾਣ ਤੇ ਵਧਾਈ ਦਿੰਦਾ ਹੈ ਤੇ ਉਨ੍ਹਾਂ ਨੂੰ ਹੌਸਲਾ ਦਿਵੌਂਦਾ ਹੈ ਕਿ ਅਸੀ ਕਾਂਗਰਸ ਦੇ ਹੁਕਮ ਦੀ ਹਰ ਤਰ੍ਹਾਂ ਪਾਲਣਾ ਕਰਾਂਗੇ।

ਸਕੱਤ੍ਰ ਮੀਹਾਂ ਸਿੰਘ

8-6-1930 ਵਿਚਾਰ ਹੋਈ ਕਿ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਉਨ੍ਹਾਂ ਦੀ ਕੀਤੀ ਮੁਲਕੀ ਸੇਵਾ ਨੂੰ ਮੁਖ ਰਖਦੇ ਹੋਏ ਉਨ੍ਹਾਂ ਨੂੰ ਮਾਨ ਪੱਤ੍ਰ ਤੇ ਸਿਰੋਪਾਉ ਦਿਤਾ ਜਾਵੇ ਅਤੇ $101-00 ਇਕ ਸੌ ਇਕ ਡਾਲਰ ਦੀ ਥੈਲੀ ਭੇਟਾ ਕੀਤੀ ਜਾਵੇ, ਜੋ ਕਿ ਸਰਬ ਸੰਮਤੀ ਨਾਲ ਪਾਸ ਹੋਇਆ ਤੇ ਸੰਗਤ ਨੇ ਭੀ ਸਰਬ ਸੰਮਤੀ ਨਾਲ ਪਾਸ ਕੀਤਾ।

ਸਕੱਤ੍ਰ ਮੀਹਾਂ ਸਿੰਘ

15-11-1930 ਕੁਮੇਟੀ ਵਿਚ ਪਾਸ ਹੋਇਆ ਕਿ ਸ੍ਰ: ਭਗਤ ਸਿੰਘ ਹੋਰਾਂ ਦੀ ਅਪੀਲ ਬਾਰੇ 500-00 ਪੰਜ ਸੌ ਰੁਪੈਆ ਭੇਜਿਆ ਜਾਵੇ, ਗੁਰਦੁਆਰੇ ਦੇ ਫੰਡ ਵਿਚੋਂ।

ਉਪਰ ਦੀਵਾਨ ਵਿਚ ਪਾਸ ਹੋਇਆ ਕਿ ਪੰਜ ਸੌ ਬਬਰ ਫੰਡ ਵਿਚੋਂ ਘਲਿਆ ਜਾਵੇ। 18 ਨਵੰਬਰ ਨੂੰ ਵਜ਼ੀਰ ਚੰਦ ਦੇ ਨਾਮ ਭੇਜਿਆ ਗਿਆ ਕੁਲ 1000-00 ਰਪੈਆ।

ਸਕੱਤ੍ਰ ਮਹਾਂ ਸਿੰਘ

23-11-1930 ਨੂੰ ਪਾਸ ਕੀਤਾ ਗਿਆ ਕਿ ਜਗਤ ਸਿੰਘ ਜੌਹਲ ਨੂੰ ਜੋ ਤਨਖਾਹ ਲਾਈ ਗਈ ਸੀ ਚਿਕ ਵਾਰੇ, ਉਹ ਮੁਆਫ ਕੀਤੀ ਜਾਵੇ।

ਪਾਸ ਹੋਇਆ ਕਿ ਭਾਈ ਰਣਧੀਰ ਸਿੰਘ ਦੀ ਰਿਹਾਈ ਦੀ ਖੁਸ਼ੀ ਵਿਚ ਅਖੰਡ ਪਾਠ ਰਖਿਆ ਜਾਏ, ਜਿਸ ਦਾ ਭੋਗ 7-12-1930 ਨੂੰ ਪਾਇਆ ਜਾਏ।

ਸਕੱਤ੍ਰ ਮਹਾਂ ਸਿੰਘ

7-12-1930 ਪਾਸ ਹੋਇਆ ਕਿ ਭਾਈ ਰਣਧੀਰ ਸਿੰਘ ਨੂੰ ਪੰਜ ਸੌ ਰੁਪਏ ਦੀ ਥੈਲੀ ਭੇਜੀ ਜਾਏ ਤੇ ਇਕ ਕਰਪਾਨ ਵਾਸਤੇ ਮਾਇਆ ਭੇਜੀ ਜਾਏ।

ਸਕੱਤ੍ਰ ਮਹਾਂ ਸਿੰਘ

ਜੋ ਮਾਇਆ ਬਬਰਾਂ ਦੀ ਸਹਾਇਤਾ ਵਾਸਤੇ $490-00 ਡਾਲਰ ਸ਼ਾਮ ਸਿੰਘ ਸਿਧਵਾਂ ਵਾਲੇ ਦੇ ਹਥੀਂ ਭੇਜੀ ਸੀ, ਉਹ ਡਾਲਰ ਮਿਲ ਗਏ ਹਨ।

ਸਕੱਤ੍ਰ ਮਹਾਂ ਸਿੰਘ

14-2-1931 ਪਾਸ ਹੋਇਆ ਕਿ ਮੋਤੀ ਲਾਲ ਜੀ ਨੈਹਰੂ ਸਵਰਗਵਾਸੀ ਦੇ ਅਫਸੋਸ ਦੀ ਤਾਰ ਕਾਂਗਰਸ ਨੂੰ ਦਿਤੀ ਜਾਵੇ ਅਤੇ ਨਾਲ ਹੀ ਉਨ੍ਹਾਂ ਦੇ ਨੁਮਿਤ ਪਾਠ ਰਖਾਇਆ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

24-3-1931 ਅੱਜ ਸ਼ਾਮ ਦੇ ਅੱਠ ਵਜੇ ਸ੍ਰ: ਭਗਤ ਸਿੰਘ ਆਦ ਨੂੰ ਇੰਡੀਆ ਵਿਖੇ ਫਾਂਸੀ ਦਿਤੇ ਜਾਣ ਦੀ ਖਬਰ ਸੁਣ ਕੇ ਕੁਮੇਟੀ ਦੇ ਮੈਂਬਰਾਂ ਦੀ ਮੀਟੰਗ ਬਲਾਈ ਗਈ ਅਤੇ ਪਾਸ ਕੀਤਾ, ਪਾਸ ਹੋਇਆ ਕਿ ਇਨ੍ਹਾਂ ਸ਼ਹੀਦਾਂ ਦੇ ਨੁਮਿਤ ਵੈਨਕੋਵਰ ਦੀਵਾਨ ਵਲੋਂ 5 ਅਪ੍ਰੈਲ 1931 ਨੂੰ ਅਖੰਡ ਪਾਠ ਦਾ ਭੋਗ ਪਾਇਆ ਜਾਵੇ ਅਤੇ ਨਾਲ ਏਹ ਭੀ ਪਾਸ ਹੋਇਆ ਕਿ ਦੇਸ ਨੂੰ ਉਨ੍ਹਾਂ ਦੇ ਪ੍ਵਾਰਾਂ ਨੂੰ ਹਮਦਰਦੀ ਦੀ ਤਾਰ ਪਾਈ ਜਾਵੇ, ਜੋ ਕਿ ਤਾਰ ਦਿਤੀ ਗਈ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

5-4-1931 ਅੱਜ ਦੇ ਭਰੇ ਦੀਵਾਨ ਵਿਚ ਸ੍ਰਬ ਸੰਮਤੀ ਨਾਲ ਹੇਠ ਲਿਖੇ ਗੁਰਮਤੇ ਪਾਸ ਹੋਏ :

1. ਅੱਜ ਦਾ ਦੀਵਾਨ ਵਾਹਿਗੁਰੂ ਜੀ ਪਾਸ ਪ੍ਰਾਰਥਨਾ ਕਰਦਾ ਹੈ ਕਿ ਵਾਹਿਗੁਰੂ ਇਨ੍ਹਾਂ ਸ਼ਹੀਦਾਂ ਦੀ ਰੂਹ ਨੂੰ ਅਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪ੍ਵਾਰ੍ਹਾਂ ਨਾਲ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ।
2. ਅੱਜ ਦਾ ਦੀਵਾਨ ਗੌਰਨਮਿੰਟ ਦੀ ਇਸ ਨਕੱਮੀ ਤੇ ਭੈੜੀ ਚਾਲ ਤੇ ਜੋ ਕਿ ਇਸ ਨੇ ਇਨ੍ਹਾਂ ਸ਼ਹੀਦਾਂ ਦੇ ਬਾਵਜੂਦ ਪਬਲਕ ਦੇ ਬੜਾ ਭਾਰੀ ਪ੍ਰੋਟੈਸਟ ਕਰਨੇ ਤੇ ਭੀ ਵਰਤੀ ਹੈ, ਘਿਰਣਾ ਪ੍ਰਗਟ ਕਰਦਾ ਹੈ।

14-5-1931 ਸ੍ਰਬ ਸੰਮਤੀ ਨਾਲ ਪਾਸ ਹੋਇਆ ਕਿ ਪੰਜ ਸੌ ਡਾਲਰ $500-00 ਬਸੰਤ ਸਿੰਘ ਕੰਗਣੀ ਵਾਲ ਵਾਲੇ ਦੇ ਭੁਝੰਗੀ ਦੀ ਇਮੀਗਰੇਸ਼ਨ ਨੂੰ ਜ਼ਮਾਨਤ ਦਿਤੀ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

24-5-1931 ਸਰਬ ਸੰਮਤੀ ਨਾਲ ਪਾਸ ਹੋਇਆ ਕਿ ਬਬਰ ਅਕਾਲੀਆਂ ਨੂੰ ਇਸ ਸਾਲ ਪੰਜ ਸੌ ਡਾਲਰ ਬਬਰ ਫੰਡ ਵਿਚੋਂ ਸਹਾਇਤਾ ਵਾਸਤੇ ਦੇਸ ਨੂੰ ਭੇਜਿਆ ਜਾਵੇ।

2. ਅੱਜ ਸ਼ਾਮ ਦੇ 7 ਬਜੇ ਗੁਰਦੁਆਰਾ ਹਾਲ ਦੇ ਹੇਠਾਂ ਮੀਟੰਗ ਹੋਈ ਤੇ ਕੋਈ ਕੁਮੇਟੀ ਵਗੈਰਾ ਦੀਵਾਨ ਵਲੋਂ ਚੁਣੀ ਨਾ ਗਈ, ਪਰ ਇਕ ਹੋਰ 16 ਆਦਮੀਆਂ ਦੀ ਆਰਜ਼ੀ ਕੁਮੇਟੀ ਚੁਣੀ ਗਈ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

7-6-1931 ਭਾਈ ਕਰਤਾਰ ਸਿੰਘ ਐਡੀਟਰ ਵਲੋਂ ਖਾ: ਦੀਵਾਨ ਨੂੰ ਇਕ ਅੰਗਰੇਜ਼ੀ ਵਿਚ ਲਿਖੀ ਹੋਈ ਕਾਪੀ, ਜਿਸ ਪਰ ਉਹ ਖਾਲਸਾ ਦੀਵਾਨ ਸੂਸਾਇਟੀ ਦੇ ਸਕੱਤ੍ਰ ਤੇ ਪ੍ਰਧਾਨ ਸਾਹਿਬ ਦੇ ਦਸਖਤ ਕਰਵਾਨੇ ਚਾਹੁੰਦੇ ਸਨ ਤੇ ਸੂਸਾਇਟੀ ਦਾ ਕਾਰੋਬਾਰ ਤੇ ਪੈਸਾ ਅਪਣੇ ਹੱਥ ਵਿਚ ਲੈਣਾ ਚਾਹੁੰਦੇ ਸੀ ਤੇ ਕੁਮੇਟੀ ਨੂੰ ਸੁਣਾਈ ਗਈ ਤੇ ਕੁਮੇਟੀ ਨੇ ਸ੍ਰਬ ਸੰਮਤੀ ਨਾਲ ਉਹ ਫੇਲ ਕਰ ਦਿਤੀ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

[*ਨੋਟ:* 7-6-1931 ਦਾ ਗੁਰਮਤਾ ਈਰਖਾ ਦੇ ਕਾਰਨ ਲਿਖਿਆ ਗਿਆ ਹੈ, ਕਿਉਂਕੇ ਉਕਤ ਸਮੇਂ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਦਾ ਖਜ਼ਾਨਚੀ ਮੇਰੇ ਪਿਤਾ ਜੀ ਸੰਤਾ ਸਿੰਘ ਚੰਦ ਸਨ। ਉਨ੍ਹਾਂ ਤੋਂ ਪਤਾ ਲਗਾ ਕਿ ਕਰਤਾਰ ਸਿੰਘ ਵਲੋਂ ਲਿਖੀ ਚਿਠੀ ਅਸਾਂ ਨਹੀਂ ਦੇਖੀ। ਏਹ ਸਕੱਤ੍ਰ ਵਲੋਂ ਮਨਘੜਤ ਹੀ ਗੁਰਮਤਾ ਬਣਾ ਕੇ ਲਿਖਿਆ ਗਿਆ ਹੈ। ਦਾਸ ਵੀ ਉਸ ਸਮੇਂ ਵੈਨਕੋਵਰ ਹੀ ਰਹਿੰਦਾ ਰਿਹਾ ਹੈ।

—ਦਾਸ ਅਰਜਨ ਸਿੰਘ ਚੰਦ]

15-6-1931 ਨੂੰ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ:

1. ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੀ ਕੁਮੇਟੀ ਸਰਬ ਸੰਮਤੀ ਨਾਲ ਅੱਜ ਕਲ ਦੇ ਸਮੇਂ ਨੂੰ ਮੁਖ ਰਖ ਕੇ ਬੇਨਤੀ ਦੁਆਰਾ ਸੰਗਤਾਂ ਨੂੰ ਚਤਾਵਨੀ ਕਰਵਾਂਦੀ ਹੈ ਕੇ ਜੋ ਭਾਈ ਨਸ਼ਾ ਪੀ ਕੇ ਗੁਰਦੁਆਰੇ ਦੀ ਚਾਰਦੀਵਾਰੀ ਅੰਦਰ ਆਵੇਗਾ ਤੇ ਹਤਕ ਕਰੇਗਾ ਯਾ ਕੋਈ ਹੋਰ ਸਖਤ ਲਫਜ਼ ਕਿਸੇ ਭਰਾ ਦੇ ਬਰਖਲਾਫ ਕਹੇਗਾ, ਜੋ ਕਿ ਉਸ ਦੇ ਹਿਰਦੇ ਨੂੰ ਦੁੱਖ ਦੇਣ ਵਾਲੇ ਹੋਣ ਔਰ ਸਾਥ ਹੀ ਜੋ ਸਕੱਤ੍ਰ ਯਾ ਪ੍ਰਧਾਨ ਦੀ ਆਗਿਆ ਅਨੁਸਾਰ ਨਾ ਚਲੇਗਾ ਤਾਂ ਉਸ ਭਾਈ ਨਾਲ ਬਗੈਰ ਕਿਸੇ ਲਿਹਾਜ਼ ਦੇ ਕਾਨੂੰਨੀ ਕਾਰਰੁਵਾਈ ਕੀਤੀ ਜਾਵੇਗੀ।
2. ਖਾਲਸਾ ਦੀਵਾਨ ਡੰਕਨ ਵਲੋਂ ਆਈ ਹੋਈ ਚਿਠੀ ਕੁਮੇਟੀ ਦੇ ਪੇਸ਼ ਕੀਤੀ ਗਈ ਤੇ ਵਿਕਟੋਰੀਆ ਦੀਵਾਨ ਦੇ ਪ੍ਰਤੀਨਿਧਾਂ ਦੇ ਮੂਵ ਕਰਨ ਤੇ ਸ੍ਰਬ ਸੰਮਤੀ ਨਾਲ ਪਾਸ ਹੋਇਆ ਕਿ ਬਸੰਤ ਸਿੰਘ ਰਟੈਂਡਾ, ਜਗਤ ਸਿੰਘ ਜੌਹਲ, ਸ਼ਾਮ ਸਿੰਘ ਬੱਲਾ, ਦਿਲਬਾਗ ਸਿੰਘ ਰਾਏਪੁਰ ਡੱਬਾ ਤੇ ਹਰਨਾਮ ਸਿੰਘ ਆਦੇਕਾਲੀ ਵਾਲੇ ਨੂੰ ਜੋ ਤਨਖਾਹਾਂ ਲਗੀਆਂ ਹੋਈਆਂ ਹੈ, ਉਸੀ ਤਰਾਂ ਬਹਾਲ ਰੱਖੀਆਂ ਜਾਣ।
3. ਅਤੇ ਸਾਥ ਹੀ ਬੇਨਤੀ ਕਰਦਾ ਹੈ ਕਿ ਆਤਮਾ ਸਿੰਘ ਧੱਦਿਆਲ ਜਗੀਰਦਾਰ ਤੋਂ ਤੇ ਗੁਰਮਖ ਸਿੰਘ ਚੱਕ ਪ੍ਰੇਮਾਂ ਤੋਂ 1927 ਵਾਲੀਆਂ ਲੱਗੀਆਂ ਹੋਈਆਂ ਤਨਖਾਹਾਂ ਲਈਆਂ ਜਾਨ।
4. ਉਪ੍ਰੋਕਤ ਕੁਮੇਟੀ ਪਾਸ ਕਰਦੀ ਹੈ ਕਿ 1928-1929-1930 ਦੇ ਹਸਾਬ ਦੀ ਪੜਤਾਲ ਪੜਤਾਲੀਆ ਕੁਮੇਟੀ ਬਣਾ ਕੇ ਕਰਵਾਈ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

9-8-1931 ਹੇਠ ਲਿਖੇ ਗੁਰਮਤੇ ਪਾਸ ਹੋਏ :

1. ਭਾਈ ਕਰਤਾਰ ਸਿੰਘ* ਐਡੀਟਰ ਵਲੋਂ ਪ੍ਰਕਾਸ਼ਤ ਕੀਤਾ ਹੋਇਆ ਅਖਬਾਰ 'ਇੰਡੀਆ ਤੇ ਕੈਨੇਡਾ' ਜੁਲਾਈ ਮਹੀਨਾ 1931 ਦਾ ਜਿਸ ਵਿਚ ਕਿ ਉਸ ਨੇ ਗੁਰਦੁਆਰੇ ਦੀ ਆਨ ਸ਼ਾਨ ਨੂੰ ਗਰਾਣੇ ਵਾਲੇ ਲਫਜ਼ ਵਰਤੇ ਹਨ, ਪੇਸ਼ ਕੀਤਾ ਗਿਆ ਅਤੇ ਕੁਮੇਟੀ ਨੇ ਸ੍ਰਬ ਸੰਮਤੀ ਨਾਲ ਪਾਸ ਕੀਤਾ ਕਿ ਕਰਤਾਰ ਸਿੰਘ ਨੂੰ ਬੁਲਾਇਆ ਜਾਵੇ ਤੇ ਉਹ ਲਫਜ਼ ਵਾਪਸ ਲੈਣ ਵਾਸਤੇ ਉਸ ਪਾਸ ਬੇਨਤੀ ਕੀਤੀ ਜਾਵੇ।
   [ਏਹ ਹਾਲਤ ਐਤਨੀ ਕਦੇ ਨਾ ਵਿਗੜਦੀ ਜੇ ਗੁਰਦੁਆਰਿਆਂ ਵਿਚ ਮੋਹਰੇ ਹੋ ਚੁਕੇ ਦੋ ਦੋ ਫੁਟ ਲੰਬੇ ਧੌਲੇ ਦਾਹੜੇ ਕਢੀ ਕਈ ਪਾਜੀ ਨਾ ਗਰਕਦੇ]
   ਭਾਈ ਸਾਹਿਬ ਹੋਰਾਂ ਨੂੰ ਬੁਲਾਇਆ ਗਿਆ, ਪਰ ਉਨ੍ਹਾਂ ਆਉਣ ਤੋਂ ਅਨਕਾਰ ਕਰ ਦਿੱਤਾ। ਇਸ ਤੋਂ ਬ੍ਰਾਦ ਕੁਮੇਟੀ ਨੇ ਵਿਚਾਰ ਕੀਤੀ ਤੇ ਪਾਸ ਕੀਤਾ ਕਿ ਇਸ ਨੂੰ ਕਦੀ ਭੀ ਗੁਰਦੁਆਰੇ ਦੇ ਕਿਸੇ ਕੰਮ ਭੀ ਹਿਸਾ ਨਾ ਲੈਣ ਦਿਤਾ ਜਾਵੇ।
2. ਭਾਈ ਜਗਤ ਸਿੰਘ ਜੌਹਲ ਵਲੋਂ ਆਈ ਹੋਈ ਚਿਠੀ ਭਾਈ ਹਰਨਾਮ ਸਿੰਘ ਆਦੇਕਾਲੀ ਵਾਲੇ ਤੇ ਗੁਰਦਿਤ ਸਿੰਘ ਬਿਲਗਾ ਵਾਲੇ ਦੇ ਬਰਖਲਾਫ 1925 ਦੇ ਗੁਰਮਤਿਆਂ ਦਾ ਵਰਕਾ ਪਾੜਨੇ ਬਾਰੇ ਸੁਣਾਈ ਗਈ ਅਤੇ ਪਾਸ ਹੋਇਆ ਕਿ ਇਨ੍ਹਾਂ ਭਾਈਆਂ ਨੂੰ ਸਦਿਆ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

[*ਨੋਟ :* ਤਾਰੀਖ 9-8-1931 ਦੇ ਗੁਰਮਤਾ ਨੰਬਰ 1 ਦੇ ਅਨੁਸਾਰ ਭਾਈ ਕਰਤਾਰ ਸਿੰਘ ਨੇ ਜੋ ਲਫਜ਼ ਆਪਣੇ ਅਖਬਾਰ 'ਇੰਡੀਆ ਕੈਨੇਡਾ' ਵਿਚ ਲਿਖੇ ਸਨ (ਏਹ ਹਾਲਤ ਐਤਨੀ ਕਦੇ ਨਾ ਵਿਗੜਦੀ ਜੇ ਗੁਰਦੁਆਰਿਆਂ ਵਿਚ ਮੋਹਰੇ ਹੋ ਚੁਕੇ ਦੋ ਦੋ ਫੁਟ ਲੰਬੇ ਧੌਲੇ ਦਾਹੜੇ ਕੱਢੀ ਪਾਜੀ ਨਾ ਗਰਕਦੇ) ਜੇਕਰ ਉਪਰ ਲਿਖੇ ਲਫਜ਼ਾਂ ਨੂੰ ਇਨਸਾਫ ਦੀ ਨਿਗਾਹ ਨਾਲ ਦੇਖਿਆ ਜਾਵੇ, ਤਦ ਭਾਈ ਕਰਤਾਰ ਸਿੰਘ ਐਡੀਟਰ ਵਲੋਂ ਲਿਖੇ ਲਫਜ਼ ਸੌ ਫੀ ਸਦੀ ਬਿਲਕੁਲ ਸੱਚੇ ਹਿਰਦੇ ਨਾਲ ਲਿਖੇ ਗਏ ਹਨ, ਕਿਉਂਕੇ :

1. ਪ੍ਰਤਾਪ ਸਿੰਘ ਸ਼ੰਕਰਵਾਲਾ ਜੋ ਕਿ ਗੁਰਦੁਆਰਾ ਵੈਨਕੋਵਰ ਦਾ ਗਰੰਥੀ ਰਹਿ ਚੁਕਿਆ ਸੀ, ਪ੍ਰਤਾਪ ਸਿੰਘ ਨੇ ਇਸੇ ਸਮੇਂ ਦੇ ਦੌਰਾਨ ਵਿਚ ਆਪਣੇ ਪਿੰਡ ਦੇ ਬਿੱਸਾ ਸਿੰਘ ਦੇ ਜੀਉਂਦੇ ਹੀ ਬਿਸਾ ਸਿੰਘ ਦੀ ਸਿੰਘਣੀ ਤੇਜ ਕੌਰ ਨੂੰ ਆਪਣੇ ਘਰ ਜ਼ਬਰਦਸਤ ਵਾੜ ਲਈ ਸੀ, ਜਿਸ ਦਾ ਮੁਕਦਮਾਂ ਕੋਰਟ ਵਿਚ ਭੀ ਹੋਇਆ ਅਤੇ ਸੁਰੈਣ ਸਿੰਘ ਮੁਹਿੰਮ ਪਾਰਟੀ ਨੇ ਪ੍ਰਤਾਪ ਸਿੰਘ ਦੀ ਇਮਦਾਦ ਕੀਤੀ।
2. ਪੂਰਨ ਸਿੰਘ ਪਿੰਡ ਦਿਆਲ ਜ਼ਿਲਾ ਜਲੰਧਰ ਜੋ ਕਿ 1929 ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦਾ ਜਨਰਲ ਸਕੱਤ੍ਰ ਰਿਹਾ ਸੀ, 28 ਸਤੰਬਰ

---

* ਭਾਈ ਕਰਤਾਰ ਸਿੰਘ ਦੀ ਲਿਆਕਤ ਬਾਰੇ ਕੋਈ ਸ਼ੱਕ ਨਹੀਂ, ਆਪ ਜੀ ਅੰਗਰੇਜ਼ੀ ਤੇ ਪੰਜਾਬੀ 'ਚ ਲੇਖ ਲਿਖਣ ਦੇ ਪੂਰੇ ਯੋਗ ਵਿਅਕਤੀ ਸਨ, ਪਰ ਦੂਜੇ ਪਾਸੇ ਇਨ੍ਹਾਂ ਦਾ ਮਨ ਸ਼ਰਾਰਤੀ ਸੀ ਅਤੇ ਆਪਣੀ ਲਿਖਤ ਨਾਲ ਕੌਮੀ ਸੰਕਟ ਪੈਦਾ ਕਰ ਦਿੰਦੇ ਸਨ। ਇਹ ਵੀ ਸੰਭਵ ਹੈ ਕਿ ਲੋਕਾਂ ਨੇ ਇਨ੍ਹਾਂ ਦੇ ਨਾਂਵ ਨਾਲ 'ਕੈਂਚੀ' ਉਪ-ਨਾਮ ਵੀ ਇਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖ ਕੇ ਜੋੜਿਆ ਹੋਵੇ। ਇਨ੍ਹਾਂ ਦਾ ਅਸਲ ਗੋਤਰ ਨਾਂਵ ਹੁੰਦਲ ਸੀ, ਪਰ ਉਸ ਸਮੇਂ ਲੋਕਾਂ ਅੰਦਰ ਗੋਤਰ ਨਾਂਵ ਲਿਖਣ ਦਾ ਰਿਵਾਜ ਨਹੀਂ ਸੀ। *—ਸੰਪਾਦਕ*

1931 ਨੂੰ ਵੈਨਕੋਵਰ ਪੁਲਸ ਨੇ ਪੂਰਨ ਸਿੰਘ ਤੇ ਸ਼ਾਮ ਕੌਰ ਦੋਹਾਂ ਪੁਰ ਇਕ ਦੂਜੇ ਨਾਲ ਮਿਲ ਕੇ ਮਿਹਰ ਸਿੰਘ ਨੂੰ ਮਾਰ ਦੇਣ ਦਾ ਮਤਾ ਪਕੌਣ ਦੇ ਦੋਸ਼ ਦੇ ਵਾਰੰਟ ਜਾਰੀ ਕੀਤੇ। ਸ਼ਾਮ ਕੌਰ ਮੇਹਰ ਸਿੰਘ ਸ਼ੰਕਰਵਾਲੇ ਦੀ ਸਿੰਘਣੀ ਸੀ। ਸ਼ਾਮ ਕੌਰ ਹਾਂਗ ਕਾਂਗ ਜਾਣ ਦੀ ਥਾਂ ਸ਼ੰਘਈ ਹੀ ਜਹਾਜ਼ੋਂ ਉਤਰ ਗਈ ਅਤੇ ਓਥੋਂ 13 ਮਈ 1931 ਨੂੰ ਵੈਨਕੋਵਰ ਆ ਪੁੱਜੀ। 1847, West 2nd Ave, Vancouver ਦੇ ਘਰ ਵਿਚ ਇਕ ਹੀ ਕਮਰੇ ਵਿਚ ਪੂਰਨ ਸਿੰਘ ਅਤੇ ਸ਼ਾਮ ਕੌਰ ਦੋਵੇਂ ਪਤੀ, ਇਸਤਰੀ ਵਾਂਗ ਰਹਿਣ ਲਗ ਪਏ। ਇਸ ਵਕਤ ਉਸ ਹੀ ਘਰ ਵਿਚ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ 1931 ਤੇ 1929 ਪ੍ਰਧਾਨ ਵੀ ਰਹਿੰਦੇ ਸਨ, ਜਦ 28 ਸਤੰਬਰ 1931 ਨੂੰ ਪੂਰਨ ਸਿੰਘ ਨਾਰਥ ਵੈਨਕੋਵਰ ਤੋਂ ਪੁਲਸ ਨੇ ਫੜਿਆ ਸੀ, ਤਦ 1931 ਦੇ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ ਸਕੱਤ੍ਰ ਸ਼ਾਮ ਸਿੰਘ ਜੰਡਾਲੀ ਦੇ ਘਰੋਂ ਫੜਿਆ ਸੀ। ਸੋ ਇਸ ਤੋਂ ਭਲੀ ਪ੍ਰਕਾਰ ਇੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਵਕਤ ਦੇ ਗੁਰਦੁਆਰੇ ਦੇ ਪ੍ਰਬੰਧਕ ਚਾਲ ਚਲਨ ਵਿਚ ਕਿਤਨੇ ਗਿਰੇ ਹੋਏ ਸਨ ਅਤੇ ਇਸ ਸਾਰੀ ਜੁੰਡੀ ਦਾ ਲੀਡਰ ਸੁਰੈਣ ਸਿੰਘ ਮੁਹਿੰਮ ਹੁੰਦਾ ਸੀ।

3. ਜਗਤ ਸਿੰਘ ਜੌਹਲ ਜੋ ਕਿ 1929 ਵਿਚ ਖਾਲਸਾ ਦੀਵਾਨ ਸੂਸਾਇਟੀ ਦਾ ਪ੍ਰਧਾਨ ਅਤੇ ਇਸ ਤੋਂ ਪਹਿਲਾਂ ਕਈ ਵਾਰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦਾ ਸਕੱਤ੍ਰ ਰਹਿ ਚੁਕਿਆ ਸੀ। ਉੱਕਤ ਜਗਤ ਸਿੰਘ ਜੌਹਲ 1925 ਵਿਚ ਸੂਸਾਇਟੀ ਦੇ ਫੰਡ ਵਿਚੋਂ $121-25 ਇਕ ਸੌ ਇਕੀ ਡਾਲਰ ਪੈਂਤੀ ਸੈਂਟ ਦੀ ਜਾਹਲੀ ਚਿਕ ਬਨੌਣ ਅਤੇ ਕੈਸ਼ ਕਰੌਣ ਦੇ ਦੋਸ਼ ਵਿਚ ਪਕੜਿਆ ਗਿਆ ਸੀ ਅਤੇ ਤਨਖਾਹੀਆ ਕੀਤਾ ਗਿਆ। ਉਸ ਦੇ ਨਾਲ ਚਿਕ ਕੈਸ਼ ਕਰੌਣ ਵਿਚ ਬਸੰਤ ਸਿੰਘ ਰਟੈਂਡਾ ਅਤੇ ਸ਼ਾਮ ਸਿੰਘ ਥਲਾ ਵੀ ਦੋਸ਼ੀ ਠਹਿਰਾਏ ਗਏ ਸਨ।
4. ਠਾਕਰ ਸਿੰਘ ਪਿੰਡ ਮਲ੍ਹਾ ਜ਼ਿਲਾ ਹੁਸ਼ਿਆਰਪੁਰ ਆਪਣੀ ਸੱਕੀ ਨੂੰਹ ਨੂੰ ਆਪਣੀ ਔਰਤ ਬਣਾ ਕੇ ਕੈਨੇਡਾ ਵਿਚ ਲੈ ਆਇਆ ਸੀ, ਜੋ ਕਿ ਕਿਸੇ ਮੌਕੇ ਗੁਰਦੁਆਰਾ ਐਬਟਸਫੋਰਡ ਦਾ ਗਰੰਥੀ ਵੀ ਰਹਿ ਚੁੱਕਾ ਸੀ।

ਸੋ ਜੋ ਲਫਜ਼ ਉਪਰ ਭਾਈ ਕਰਤਾਰ ਸਿੰਘ ਵਲੋਂ ਲਿਖੇ ਗਏ ਹਨ, ਮੌਕੇ ਦੀ ਹਾਲਤ ਨੂੰ ਮੁਖ ਰੱਖ ਕੇ ਸਹੀ 2 ਲਿਖੇ ਗਏ ਹਨ। ਜੇ ਕਰ ਮੌਕਾ ਮਿਲ ਗਿਆ, ਤਦ ਨੌਟ ਦੇ ਥੱਲੇ ਲਿਖੇ ਸਾਰੇ ਹਾਲਾਤ ਅਤੇ ਪੂਰਨ ਸਿੰਘ ਦਿਆਲ ਵਲੋਂ ਸ਼ਾਮ ਕੌਰ ਨੂੰ ਲਿਖੀਆਂ ਚਿਠੀਆਂ ਅਤੇ ਮੁਕਦਮੇਂ ਦੇ ਹਾਲਾਤ ਖੋਲ੍ਹ ਕੇ ਲਿਖੇ ਜਾਣਗੇ।

—ਲੇਖਕ ਅਰਜਨ ਸਿੰਘ 'ਚੰਦ']

[*ਨੌਟ:* 9-8-1931 ਦੇ ਨੰਬਰ 2 ਗੁਰਮਤਾ ਬਾਰੇ ਸਹੀ ਹਾਲਾਤ ਇਸ ਤਰਾਂ ਹਨ ਕਿ 1925 ਦੇ ਗੁਰਮਤਿਆਂ ਨਾਲ ਗੁਰਦਿਤ ਸਿੰਘ ਬਿਲਗਾ ਦਾ ਉੱਕਾ ਹੀ ਕੋਈ ਤੁਅੱਲਕ ਨਹੀਂ ਸੀ, ਪਰ ਉਪਰ ਲਿਖੇ ਨੌਟ ਦੇ ਦੋਸ਼ੀਆਂ ਦੇ ਵਿਰੁਧ ਗੁਰਦਿਤ ਸਿੰਘ ਉਕਤ ਦੋਸ਼ੀਆਂ ਨੂੰ ਦੰਡ ਦੇਣ ਦੇ ਹਾਮੀ ਸੀ। ਇਸ ਲਈ ਗੁਰਦਿਤ ਸਿੰਘ ਨੂੰ ਬਦਨਾਮ ਕਰਨ ਲਈ ਏਹ ਗੁਰਮਤਾ ਲਿਖ ਦਿਤਾ ਹੈ। *—ਲੇਖਕ ਅਰਜਨ ਸਿੰਘ 'ਚੰਦ']*

23-8-1931 1. ਪਾਸ ਹੋਇਆ ਕਿ ਵਰਿਆਮਾ ਬੋਪਾਰਾਏ ਸੁਰਗਵਾਸ ਦੇ ਬਚੇ ਉਨ੍ਹਾਂ ਦੇ ਨਗਰ ਨਿਵਾਸੀਆਂ ਨੂੰ ਸੰਭਾਲੇ ਜਾਣ।

1. ਪਾਸ ਹੋਇਆ ਕਿ ਮਾਸਟਰ ਮੋਤਾ ਸਿੰਘ ਜੀ ਨੂੰ ਪੰਜ ਸੌ ਰੁਪੈਏ ਦੀ ਥੈਲੀ ਤੇ ਇਕ ਸੋਨੇ ਦਾ ਤਗਮਾ ਦਿੱਤਾ ਜਾਵੇ।
2. ਪੜਤਾਲੀਆ ਕੁਮੇਟੀ ਦੇ ਇਹ ਮੈਂਬਰ ਚੁਣੇ : (1) ਹਰਬੰਸ ਸਿੰਘ, (2). ਬਾਲ ਮੁਕੰਦ, (3) ਸੁੰਦਰ ਸਿੰਘ, (4) ਅਰਜਨ ਸਿੰਘ, (5) ਸੋਹਣ ਸਿੰਘ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

[*ਨੋਟ :* ਨੰਬਰ 2 ਗੁਰਮਤਾ ਸੰਗਤ ਵਿਚ ਸਨੌਣ ਪੁਰ ਸੰਗਤ ਨੇ ਉਪਰ ਲਿਖੇ ਪੰਜ ਭਾਈਆਂ ਦੇ ਨਾਲ ਹੇਠ ਲਿਖੇ ਚਾਰ ਸਜਣ ਹੋਰ ਸ਼ਾਮਲ ਕਰਕੇ 9 ਸਜਣਾਂ ਨੂੰ ਪੜਤਾਲੀਆ ਕੁਮੇਟੀ ਲਈ ਮੁਕੱਰਰ ਕੀਤਾ ਗਿਆ। ਭਾਈ ਕਰਤਾਰ ਸਿੰਘ ਐਡੀਟਰ, ਕੇਹਰ ਸਿੰਘ ਗਿਲ, ਨਰੰਜਨ ਸਿੰਘ ਜੋਧ, ਬਤਨਾ ਸਿੰਘ ਕਾਲੇਵਾਲ। ਪਰ ਸਕੱਤ੍ਰ ਸ਼ਾਮ ਸਿੰਘ ਜੰਡਾਲੀ ਨੇ ਪੂਰਨ ਸਿੰਘ ਦਿਆਲ ਸਕੱਤ੍ਰ 1929 ਦੀ ਨਾਜਾਇਜ਼ ਮਦਦ ਕਰਨ ਵਾਸਤੇ ਚਾਰ ਸਜਣਾਂ ਦੇ ਨਾਮ ਬੁੱਕ ਤੇ ਦਰਜ ਹੀ ਨਹੀਂ ਕੀਤੇ ਅਤੇ ਉੱਕਤ ਗੁਰਮਤਾ ਵੀ ਪੂਰਨ ਸਿੰਘ ਤੋਂ ਹੀ ਲਿਖਵਾਇਆ ਹੋਇਆ ਹੈ ਅਤੇ ਨੰਬਰ ਵਾਰ ਤੋਂ ਵੀ ਸਾਫ ਜ਼ਾਹਰ ਹੁੰਦਾ ਹੈ ਕੇ ਏਹ ਗੁਰਮਤਾ ਲਿਖਣ ਵਿਚ ਕਿਤਨੀ ਬੇਇਨਸਾਫੀ ਤੋਂ ਕੰਮ ਲਿਆ ਹੈ। ਜੈਸਾ ਕਿ ਨੰਬਰ 1-1-2 ਲਿਖਿਆ ਹੈ। ਹਾਲਾਂਕਿ ਨੰਬਰ 1-2-3 ਹੋਣੇ ਚਾਹੀਦੇ ਸਨ। ਇਨ੍ਹਾਂ ਸਾਰਿਆਂ ਦਾ ਅੱਛੀ ਤਰਾਂ ਖੁਲਾਸਾ ਭਾਈ ਮਿਤ ਸਿੰਘ ਦੀ ਰਪੋਟ ਜੋ ਕਿ 18-6-1933 ਤੋਂ 30-4-1934 ਤੱਕ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਸਕੱਤ੍ਰ ਸਨ, ਉਨ੍ਹਾਂ ਉਸ ਰਪੋਟ ਵਿਚ ਲਿਖਿਆ ਹੈ, ਜੋ ਕਿ ਅਗੇ ਚਲ ਕੇ ਭਾਈ ਮਿਤ ਸਿੰਘ ਦੀ ਰਪੋਟ ਦਾ ਲਫਜ਼ 2 ਲਿਖ ਕੇ ਸਹੀ ਨਿਰਨਾ ਕੀਤਾ ਜਾਵੇਗਾ। *—ਲੇਖਕ ਅਰਜਨ ਸਿੰਘ ਚੰਦ*]

27-9-1931 ਪਾਸ ਹੋਇਆ ਕਿ ਅਗਲੇ ਮਹੀਨੇ ਦੀ ਚਾਰ 4 ਤਾਰੀਖ ਨੂੰ ਸੰਗਤ ਪਾਸੋਂ ਸਿਵਿਆਂ ਦੀ ਜਗ੍ਹਾ ਲੈਣ ਵਾਸਤੇ ਇਜਾਜ਼ਿਤ ਲਈ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

4-10-1931 1. ਪ੍ਰਤਾਪ ਸਿੰਘ ਜੰਡਿਆਲੇ ਵਾਲੇ ਦੇ ਲੜਕੇ ਸੁਰਗਵਾਸੀ ਦਾ ਮੁਆਮਲ਼ਾ ਪੇਸ਼ ਹੋਇਆ ਤੇ ਪਾਸ ਹੋਇਆ ਕਿ ਦੋ ਸੌ ਡਾਲਾ ਮੁਕਦਮੇਂ ਤੇ ਖਰਚ ਕੀਤਾ ਜਾਵੇ। ਜੇਕਰ ਮੁਕਦਮਾ ਹਾਰ ਜਾਵੇ ਤਾਂ ਸਾਰਾ ਹਰਜਾਨਾ ਪ੍ਰਤਾਪ ਸਿੰਘ ਕੁਮੇਟੀ ਨੂੰ ਦੇਵੇਗਾ। ਜਿਸ ਦਾ ਕਿ ਉਹ ਜ਼ੁਮੇਂਵਾਰ ਹੋ ਗਿਆ ਹੈ ਅਤੇ ਏਹ ਵੀ ਪਾਸ ਹੋਇਆ ਕਿ ਪਾਖਰ ਸਿੰਘ ਇਸ ਮੁਕਦਮੇ ਦੀ ਪੈਰਵੀ ਪ੍ਰਤਾਪ ਸਿੰਘ ਨਾਲ ਹੋ ਕੇ ਕਰੇਗਾ।

2. ਭਾਈ ਬਿਸ਼ਨ ਸਿੰਘ ਰਾਏਪੁਰ ਡੱਬੇ ਤੇ ਭਗਤੂ ਦੀ ਆਈ ਹੋਈ ਕਰਤਾਰ ਸਿੰਘ ਬਾਰੇ ਚਿਠੀ ਸੁਣਾਈ ਗਈ ਤੇ ਕੁਮੇਟੀ ਨੇ ਕਰਤਾਰ ਸਿੰਘ ਮੋਰੋਂ ਨੂੰ ਕਸੂਰਵਾਰ ਠਹਿਰਾਇਆ ਤੇ ਏਹ ਮੁਆਮਲਾ ਦੀਵਾਨ ਵਿਚ ਪੇਸ਼ ਕੀਤਾ ਗਿਆ ਤੇ $5-25 ਸਵਾ ਪੰਜ ਡਾਲਰ ਤਨਖਾਹ ਲਾਈ ਗਈ ਜੋ ਸੰਗਤ ਨੇ ਮਾਫ ਕਰ ਦਿਤੀ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

25-11-1931 ਪਾਸ ਹੋਇਆ ਕਿ ਹਰਨਾਮ ਸਿੰਘ ਆਦੇਕਾਲੀ ਵਾਲੇ ਨੂੰ ਮਨਯੂਟ ਬੁਕ ਦੇ ਪਤਰਾ ਪਾੜਨੇ ਬਾਰੇ ਸੱਦਿਆ ਜਾਵੇ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

15-1-1932 ਨੂੰ ਗੁਰੂ ਗੋਬਿੰਦ ਸਿੰਘ ਮਹਾਂਰਾਜ ਜੀ ਦਾ ਜਨਮ ਉਤਸਵ ਬੜੀ ਭਾਰੀ ਖੁਸ਼ੀ ਨਾਲ ਮਨਾਇਆ ਗਿਆ। ਦੀਵਾਨ ਦੀ ਸਮਾਪਤੀ ਬੜੀ ਖੁਸ਼ੀ ਨਾਲ ਹੋਈ। ਸੰਗਤਾਂ ਦੂਰ ਨੇੜਿਉਂ ਸਭ ਹਾਜ਼ਰ ਸਨ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

16-1-1932 ਅੱਜ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੀ ਸਲਾਨਾ ਮੀਟਿੰਗ ਗਿਆਰਾਂ ਬਜੇ ਸਵੇਰ ਤੋਂ ਦੱਸ ਬਜੇ ਤਕ ਹੋਈ। ਉਪਰ ਲਿਖੇ ਵਕਤ ਵਿਚੋਂ ਇਕ ਘੰਟੇ ਦੀ ਛੁਟੀ ਖਾਣੇ ਵਾਸਤੇ ਦਿੱਤੀ ਗਈ। ਅੱਜ ਦੀ ਜੋ ਕਾਰਰੁਵਾਈ ਦੀਵਾਨ ਦੀ ਸੀ, ਪੁਰਾਣੀ ਕੁਮੇਟੀ ਨੇ ਨਭਾਈ। ਪੈਹਿਲਾਂ ਸੰਗਤਾਂ ਨੇ ਪੰਜ ਸ਼ਬਦ ਪੜ੍ਹੇ ਉਸ ਤੋਂ ਬ੍ਰਾਦ ਗੁਰੂ ਸਾਹਿਬ ਜੀ ਦਾ ਵਾਕ ਲਿਆ ਗਿਆ। ਨੀਚੇ ਲਿਖੀ ਕਾਰਰੁਵਾਈ ਸ਼ੁਰੂ ਹੋਈ :

ਭਾਈ ਹਰਬੰਸ ਸਿੰਘ ਨੇ ਪੜਤਾਲੀਆ ਕੁਮੇਟੀ ਵਲੋਂ ਪੜਤਾਲ ਦੀ ਰਪੋਟ ਪੜ੍ਹ ਕੇ ਸੁਣਾਈ ਅਤੇ ਛਾਪ ਕੇ ਜਲਦੀ ਹੀ ਦੇਵਾਂਗੇ।

ਕਈ ਦੀਵਾਨ ਦੇ ਪੁਰਾਣੇ ਅਫਸਰਾਂ ਨੂੰ ਤੇ ਕਈ ਹੋਰ ਸਜਣਾਂ ਨੂੰ ਪਿਛੇ ਲਗੀਆਂ ਤਨਖਾਹਾਂ ਤੇ ਚੋਖੀ ਵਿਚਾਰ ਹੋਈ। ਅੰਤ ਵਿਚ ਹੇਠ ਲਿਖੇ ਭਰਾਵਾਂ ਨੇ ਆਪਣੀਆਂ ਤਨਖਾਹਾਂ ਸਕੱਤ੍ਰ ਦੀਵਾਨ ਨੂੰ ਦਿੱਤੀਆਂ :

ਦਲਬਾਗ ਸਿੰਘ ਰਾਏਪੁਰ ਡਬੇ	5-00	ਜਗਤ ਸਿੰਘ ਜੌਹਲ	$75-00
ਬਸੰਤ ਸਿੰਘ ਰਟੈਂਡਾ	75-00	ਸ਼ਾਮ ਸਿੰਘ ਥੱਲਾ	25-00

ਉਪਰਲੀਆਂ ਤਨਖਾਹਾਂ ਜੋ ਦੀਵਾਨ ਵਿਚੋਂ ਚਿਕ ਜਗਤ ਸਿੰਘ ਤੇ ਬਸੰਤ ਸਿੰਘ ਨੇ ਚੁਰਾਈ ਸੀ, ਉਸ ਬਾਰੇ ਹੁਣ ਬਾਕੀ ਜੋ ਸਜ਼ਾ ਲਗੀ ਹੈ, ਭੁਗਤਣਗੇ।

ਭਾਈ ਜੀਵਾ ਸਿੰਘ ਭੋਜੋਵਾਲ ਨੇ ਜੋ ਆਪਣੀ ਜ਼ੁਮੇਂਵਾਰ ਤੇ $490-00 ਡਾਲੇ ਅਕਾਲੀ ਦਲ ਜਲੰਧਰ ਨੂੰ ਭੇਜੇ ਸਨ, ਉਹ ਡਰਾਫਟ ਗੁੰਮ ਹੋ ਜਾਣ ਦੇ ਕਾਰਨ ਬੈਂਕ ਨੇ ਦੀਵਾਨ ਦੀ ਜ਼ਮਾਨਤ ਰੱਖੀ ਹੈ, ਜ਼ੁਮੇਵਾਰੀ ਲੈਂਦਾ ਹੈ।

ਇਸ ਤੋਂ ਬ੍ਰਾਦ ਪੁਰਾਣੀ ਕੁਮੇਟੀ ਨੇ ਛੁੱਟੀ ਲੈ ਕੇ ਨਿਮਸਕਾਰ ਕਰਕੇ ਬੈਠ ਗਈ ਤੇ ਨਵੀਂ ਕੁਮੇਟੀ ਦੀ ਚੋਣ ਹੋਣੀ ਸ਼ੁਰੂ ਹੋ ਗਈ :

ਮੈਂਬਰ	ਪੇਸ਼ ਕਰਨ ਵਾਲੇ ਦਾ ਨਾਮ	ਤਾਈਦ ਕਰਨ ਵਾਲੇ ਦਾ ਨਾਮ
ਠਾਕਰ ਸਿੰਘ	ਗੋਪਾਲ ਸਿੰਘ	ਗਰਬਚਨ ਸਿੰਘ
ਦਸੌਂਧਾ ਸਿੰਘ	ਪ੍ਰਤਾਪ ਸਿੰਘ	ਦਿਲਬਾਗ ਸਿੰਘ
ਕੇਹਰ ਸਿੰਘ ਗਿਲ	ਵੀਰ ਸਿੰਘ	ਨਗੀਨਾ ਸਿੰਘ
ਬਸੰਤ ਸਿੰਘ	ਚਨਣ ਸਿੰਘ	ਧਰਮਾ
ਬੋਘ ਸਿੰਘ	ਬਿਸ਼ਨ ਸਿੰਘ	ਊਧਮ ਸਿੰਘ
ਜਸਵੰਤ ਸਿੰਘ	ਰੰਗਾ ਸਿੰਘ	ਭਾਨ ਸਿੰਘ
ਹੁਕਮ ਸਿੰਘ	ਈਸ਼ਰ ਸਿੰਘ	ਭਾਨ ਸਿੰਘ
ਨਰੰਜਨ ਸਿੰਘ	ਚਨਣ ਸਿੰਘ	ਦਿਲਬਾਗ ਸਿੰਘ

ਉਪਰ ਲਿਖੇ ਮੈਂਬਰ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ 1932 ਦੇ ਪ੍ਰਬੰਧ ਵਾਸਤੇ ਸਰਬ ਸੰਮਤੀ ਨਾਲ ਭਰੇ ਦੀਵਾਨ ਵਿਚੋਂ ਚੁਣੇ ਗਏ। ਉਪਰੋਕਤ ਭਾਈਆਂ ਨੇ ਗੁਰੂ ਮਹਾਂਰਾਜ ਦੇ ਸਨਮੁਖ ਹੋ ਕੇ ਪਰਨ ਕੀਤਾ ਕਿ ਅਸੀ ਸਾਲ ਵਾਸਤੇ ਸੱਚੇ ਦਿਲੋਂ ਗੁਰੂ ਪੰਥ ਦੀ ਸੇਵਾ ਕਰਾਂਗੇ। ਇਸ ਤੋਂ ਬ੍ਰਾਦ ਗੁਰੂ ਸਾਹਿਬ ਜੀ ਦਾ ਵਾਕ ਲੈ ਕੇ ਭੋਗ ਪਾਇਆ ਗਿਆ ਤੇ ਦੀਵਾਨ ਦੀ ਸਮਾਪਤੀ ਬਹੁਤ ਖੁਸ਼ੀ ਖੁਸ਼ੀ ਹੋਈ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

17-1-1932 ਨੂੰ ਨਵੀਂ ਕੁਮੇਟੀ ਦੇ ਉਹਦੇਦਾਰਾਂ ਦੇ ਨਾਮ ਸੁਣਾਏ :

ਭਾਈ ਦਸੌਂਧਾ ਸਿੰਘ	ਪ੍ਰੇਜ਼ੀਡੰਟ
ਭਾਈ ਨਰੰਜਨ ਸਿੰਘ	ਵਾਈਸ ਪ੍ਰੇਜ਼ੀਡੰਟ
ਭਾਈ ਕੇਹਰ ਸਿੰਘ ਗਿਲ	ਸਕੱਤ੍ਰ
ਭਾਈ ਬਸੰਤ ਸਿੰਘ	ਵਾਈਸ ਸਕੱਤ੍ਰ
ਭਾਈ ਠਾਕਰ ਸਿੰਘ	ਖਜਾਨਚੀ
ਭਾਈ ਜਸਵੰਤ ਸਿੰਘ	ਵਾਈਸ ਖਜਾਨਚੀ

ਉਸ ਤੋਂ ਬ੍ਰਾਦ ਸ਼ਬਦ ਕੀਰਤਨ ਹੋਇਆ ਤੇ ਗੁਰੂ ਸਾਹਿਬ ਜੀ ਦਾ ਵਾਕ ਲੈ ਕੇ ਦੀਵਾਨ ਦੀ ਸਮਾਪਤੀ ਹੋਈ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

31-1-1932 ਨੂੰ ਦੀਵਾਨ ਸਜਿਆ ਤੇ ਸੰਗਤਾਂ ਨੇ ਸਰਬ ਸੰਮਤੀ ਨਾਲ ਹੇਠ ਲਿਖੇ ਗੁਰਮਤੇ ਪਾਸ ਕੀਤੇ :

1. ਇਹ ਸੰਗਤ ਉਹਨਾਂ ਚਿਠੀਆਂ ਨੂੰ ਜੋ ਰੀਡ ਵਕੀਲ ਵਲੋਂ ਪੁਰਾਣੀ ਕੁਮੇਟੀ ਦੇ ਪ੍ਰਧਾਨ ਭਾਈ ਜੀਵਾ ਸਿੰਘ ਤੇ ਸਕੱਤ੍ਰ ਭਾਈ ਸ਼ਾਮ ਸਿੰਘ ਤੇ ਨਵੇਂ ਪ੍ਰੈਜ਼ੀਡੰਟ ਭਾਈ ਦਸੌਂਧਾ ਸਿੰਘ ਤੇ ਸਕੱਤ੍ਰ ਭਾਈ ਕੇਹਰ ਸਿੰਘ ਗਿਲ ਨੂੰ ਆਈਆਂ ਹਨ, ਬੜੀ ਗੌਹ ਨਾਲ ਸੁਣਿਆ ਹੈ ਤੇ ਏਹ ਸੰਗਤ ਸਰਬ ਸੰਮਤੀ ਨਾਲ ਪਾਸ ਕਰਦਾ ਹੈ ਤੇ ਫੈਸਲਾ ਕਰਦੀ ਹੈ ਕਿ ਨਵੀਂ ਕੁਮੇਟੀ ਏਸ ਦੀਵਾਨ ਦੇ ਸਾਲਾਂ ਸਾਲ ਤੋਂ ਚਲ ਰਹੇ ਦਸਤੂਰ ਦੇ ਅਨੁਸਾਰ ਸਾਲਾਨਾ ਮੀਟੰਗ ਵਿਚ ਸ੍ਰਬ ਸੰਮਤੀ ਨਾਲ ਚੁਣੀ ਗਈ ਹੈ ਤੇ ਸੰਗਤ ਨੂੰ ਹਰ ਤਰਾਂ ਪ੍ਰਵਾਨ ਹੈ ਤੇ ਕੁਮੇਟੀ ਵਕੀਲ ਰੀਡ ਤੋਂ ਆਈਆਂ ਚਿਠੀਆਂ ਦੀ ਪ੍ਰਵਾਹ ਨਾ ਕਰੇ ਤੇ ਕਾਰਰੁਵਾਈ ਸਾਂਭੇ ਤੇ ਭੁਗਤਾਵੇ।
2. ਜੋ ਰੀਡ ਵਕੀਲ ਵਲੋਂ ਜਾਂ ਹੋਰ ਕਿਸੇ ਵਲੋਂ ਏਹਨਾਂ ਆਈਆਂ ਚਿਠੀਆਂ ਦੇ ਆਸ਼ੇ ਦੇ ਮੁਤਾਬਕ ਜਾਂ ਮੁਤੱਅਲਕ ਕੋਈ ਹੋਰ ਵਾਧੂ ਕਾਰਰੁਵਾਈ ਹੋਵੇ ਤਾਂ ਦੀਵਾਨ ਕੁਮੇਟੀ ਨੂੰ ਅੱਧਕਾਰ ਦਿੰਦਾ ਹੈ ਕਿ ਨਵੀਂ ਕੁਮੇਟੀ ਇਸ ਦਾ ਯੋਗ ਪ੍ਰਬੰਧ, ਮੁਕਾਬਲਾ ਤੋਂ ਬਚਾਉ ਕਰੇ। ਇਸ ਤੋਂ ਮਗਰੋਂ ਦੀਵਾਨ ਦੀ ਸਮਾਪਤੀ ਹੋਈ।

ਪ੍ਰੇਜ਼ੀਡੰਟ ਜੀਵਾ ਸਿੰਘ **ਸਕੱਤ੍ਰ ਸ਼ਾਮ ਸਿੰਘ**

[*ਜ਼ਰੂਰੀ ਨੋਟ :* ਏਥੇ ਏਹ ਦਸਣਾ ਜ਼ਰੂਰੀ ਹੈ ਕਿ 16-1-1932 ਦੀ ਲਿਖੀ ਸਾਰੀ ਕਾਰਰੁਵਾਈ ਅਨੁਸਾਰ 1932 ਲਈ ਖਾਲਸਾ ਦੀਵਾਨ ਸੁਸਾਇਟੀ ਦੀ ਨਵੀਂ ਪ੍ਰਬੰਧਕ ਕੁਮੇਟੀ ਦੀ ਚੋਣ ਹੋਈ। ਜੈਸਾ ਕਿ ਮੈਂਬਰਾਂ ਦੇ ਹੇਠ 1931 ਦਾ ਸਕੱਤ੍ਰ ਸ਼ਾਮ ਸਿੰਘ ਲਿਖਦਾ ਹੈ (ਉਪਰ ਲਿਖੇ ਮੈਂਬਰ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ 1932

ਦੇ ਪ੍ਰਬੰਧ ਵਾਸਤੇ ਸਰਬ ਸੰਮਤੀ ਨਾਲ ਭਰੇ ਦੀਵਾਨ ਵਿਚੋਂ ਚੁਣੇ ਗਏ। ਉਪ੍ਰੋਕਤ ਭਾਈਆਂ ਨੇ ਗੁਰੂ ਮਹਾਂਰਾਜ ਦੇ ਸਨਮੁਖ ਹੋ ਕੇ ਪਰਨ ਕੀਤਾ ਕਿ ਅਸੀ ਸਾਲ ਵਾਸਤੇ ਸੱਚੇ ਦਿਲੋਂ ਗੁਰੂ ਪੰਥ ਦੀ ਸੇਵਾ ਕਰਾਂਗੇ)...ਤਾਰੀਖ 16-1-1932 ਅਤੇ 17-1-1932 ਉਪ੍ਰੰਤ 31-1-1932 ਦੀ ਲਿਖੀ ਕਾਰਰੁਵਾਈ ਹੇਠ 1931 ਦੇ ਪ੍ਰਧਾਨ ਭਾਈ ਜੀਵਾ ਸਿੰਘ ਅਤੇ ਸਕੱਤ੍ਰ ਭਾਈ ਸ਼ਾਮ ਸਿੰਘ ਦੇ ਦਸਖਤ ਹਨ।

ਉਪਰਲੀ ਲਿਖਤ ਦੇ ਹੁੰਦਿਆਂ ਹੋਇਆਂ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਤੇ ਅਤੇ ਪ੍ਰਬੰਧਕ ਕੁਮੇਟੀ ਤੇ ਲਗਾਤਾਰ ਜੋ ਮੁਕਦਮੇਂ ਕੀਤੇ ਗਏ ਸਨ, ਉਨ੍ਹਾਂ ਦਾ ਵੇਰਵਾ ਜੋ ਇਸ਼ਤਿਹਾਰ 1932 ਦੀ ਪ੍ਰਬੰਧਕ ਕੁਮੇਟੀ ਨੇ ਛਾਇਆ ਕੀਤਾ ਸੀ, ਉਸ ਇਸ਼ਤਿਹਾਰ ਦੇ ਲਫਜ਼ ਲਫਜ਼ ਦੀ ਨਕਲ ਹੇਠਾਂ ਦਰਜ਼ ਕੀਤੀ ਜਾਂਦੀ ਹੈ ਅਤੇ ਉਕਤ ਇਸ਼ਤਿਹਾਰ ਵੀ ਇਸੇ ਬੁਕ ਦੇ ਸਫਾ 35 ਪੁਰ 'ਚਸਪਾਂ' ਲਾਇਆ ਜਾਂਦਾ ਹੈ, ਕਿਉਂਕੇ 1932-1933 ਅਤੇ 1934 ਦੀ ਕਾਰਰੁਵਾਈ ਜਿਸ ਮਨਿਯੁਟ ਬੁੱਕ ਤੇ ਲਿਖੀ ਗਈ ਸੀ। ਉਕਤ ਬੁੱਕ ਅਤੇ ਹੋਰ ਕਈ ਜ਼ਰੂਰੀ ਕਾਗਜ਼ਾਤ ਸੁਰੈਣ ਸਿੰਘ ਮੁਹਿੰਮ ਅਤੇ ਉਸ ਦੇ ਸਾਥੀ ਚੋਰੀ ਚੁੱਕ ਕੇ ਲੈ ਗਏ ਸਨ, ਜਿਨ੍ਹਾਂ ਦਾ ਨਿਰਨਾ ਅਗੇ ਚਲ ਕੇ ਦਿੱਤਾ ਜਾਵੇਗਾ।

ਦਰਅਸਲ ਉਕਤ ਮੁਕੱਦਮੇਂ ਕਰਨ ਦੀ ਅੰਦਰੂਨੀ ਚਾਲ ਪੂਰਨ ਸਿੰਘ ਦਿਆਲ ਨੂੰ ਬਚੌਣ ਦੀ ਸੀ, ਕਿਉਂਕੇ ਪੂਰਨ ਸਿੰਘ ਦਿਆਲ ਅਤੇ ਸ਼ਾਮ ਕੌਰ ਪੁਰ ਉਸੇ ਸਮੇਂ ਜੋ ਮੁਕਦਮਾਂ ਮੇਹਰ ਸਿੰਘ ਸ਼ੰਕਰ ਨੂੰ ਜ਼ੈਹਰ ਦੇ ਕੇ ਮਾਰਨ ਦੇ ਇਲਜ਼ਾਮ ਵਿਚ ਚੱਲ ਰਿਹਾ ਸੀ, ਸੁਰੈਣ ਸਿੰਘ ਮੁਹਿੰਮ ਅਤੇ ਸ਼ਾਮ ਸਿੰਘ ਜੰਡਾਲੀ ਆਦਿਕ ਗੁਰਦੁਆਰੇ ਵਿਚ ਆਪਣੀ ਚੌਧਰ ਕਾਇਮ ਕਰਕੇ ਪੂਰਨ ਸਿੰਘ ਦਿਆਲ ਅਤੇ ਸ਼ਾਮ ਕੌਰ ਦੀ ਨਜਾਇਜ਼ ਮਦਦ ਕਰਨੀ ਚਾਹੁੰਦੇ ਸਨ, ਜੋ ਕਿ ਉਸ ਵਕਤ ਦੀਆਂ ਸੰਗਤਾਂ ਨੇ ਸੁਰੈਣ ਸਿੰਘ ਆਦਿਕ ਦੀਆਂ ਚਾਲਾਂ ਨੂੰ ਸਮਝ ਕੇ ਹੌਸਲੇ ਅਤੇ ਦਿਆਨਤਦਾਰੀ ਦੁਆਰਾ ਮੁਕਾਬਲਾ ਕਰਕੇ ਦੋਸ਼ੀਆਂ ਨੂੰ ਬੁਰੀ ਤਰਾਂ ਪਛਾੜਿਆ।

—ਲੇਖਕ ਅਰਜਨ ਸਿੰਘ ਚੰਦ]

[*ਨੋਟ*: 1932 ਦੀ ਪ੍ਰਬੰਧਕ ਕੁਮੇਟੀ ਵਲੋਂ ਮੁਕੱਦਮਿਆਂ ਬਾਰੇ ਛਾਪੇ ਹੋਏ ਇਸ਼ਤਿਹਾਰ ਦੀ ਹੂ-ਬਹੂ ਨਕਲ ਨੀਚੇ ਦਰਜ ਕੀਤੀ ਜਾਂਦੀ ਹੈ। *—ਅਰਜਨ ਸਿੰਘ ਚੰਦ*]

"ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਤੇ ਉਸ ਦੀ ਪ੍ਰਬੰਧਕ ਕੁਮੇਟੀ ਦੇ ਪੁਰ ਤੇ ਨਾਲ.....1932 ਵਿਚ ਕੀਤੇ ਗਏ ਤੇ ਧਾਰਜ ਹੋ ਚੁਕੇ ਤੇ ਫੇਰ ਝੱਖ ਮਾਰ ਕੇ ਕੀਤੇ ਜਾ ਰਹੇ ਮੁਕੱਦਮਿਆਂ ਦੀ ਸੰਖੇਪ ਰੀਪੋਟ ਸਾਲਾਨਾ ਜੋੜ ਮੇਲ ਦੀ ਭੇਟਾ"

ਕੈਨੇਡਾ ਨਵਾਸੀ ਸਾਧ ਸੰਗਤ ਜੀ! ਵਾਹਿਗੁਰੂ ਸਿਰਜਨਹਾਰ ਦਾ ਕੋਟਾਨ ਕੋਟ ਸ਼ੁਕਰ ਹੈ ਕਿ ਆਪ ਦੇ ਸੇਵਕ ਜਿਨਾਂ ਨੂੰ ਆਪ ਨੇ ਜਨਵਰੀ 1932 ਵਿਚ ਮਾਣ ਬਖਸ਼ ਕੇ ਦੀਵਾਨ ਦੀ ਸੇਵਾ ਬਖਸ਼ੀ ਸੀ ਤੇ ਜਿਨਾਂ ਨੇ ਆਪ ਦੇ ਟੈਹਲੂਏ ਬਨਣ ਵੇਲੇ ਸਤਿਗੁਰੂ ਜੀ ਦੇ ਤੇ ਆਪ ਦੇ ਹਜ਼ੂਰ ਖੜੇ ਹੋ ਕੇ ਸਾਲ ਭਰ ਸੇਵਾ ਨਿਭੌਣ ਦਾ ਪ੍ਰਣ ਕੀਤਾ ਸੀ, ਉਹ ਪ੍ਰਣ ਕਿਰਪਾਲੂ, ਸਤਿਗੁਰੂ ਤੇ ਦਿਆਲੂ ਸਾਧ ਸੰਗਤ ਦੀ ਮਿਹਰ ਨਾਲ ਨਿਭ ਗਿਆ ਹੈ। ਆਪ ਦੇ ਟੈਹਲੂਆਂ ਨੂੰ ਦੀਵਾਨ ਦੀ ਸੇਵਾ ਨਿਭੌਂਦਿਆਂ ਜੇ ਕੋਈ ਔਕੜਾਂ ਪੇਸ਼ ਆਇਆਂ ਹਨ ਤਾਂ ਉਹ ਸਮੇਂ 2 ਸਿਰ ਭਰਪੂਰ ਤੇ ਜੁੜੇ ਦੀਵਾਨਾਂ ਵਿਚ

ਸਾਧ ਸੰਗਤ ਦੇ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ ਤੇ ਸਾਧ ਸੰਗਤ ਦਾ ਹੁਕਮ ਲੈਂਦੇ ਹੋਏ ਆਪ ਦੇ ਟੈਹਲੂਏ ਅਪਣੇ ਫਰਜ਼ ਨੂੰ ਨੁਭੌਣ ਲਈ ਯਥਾਛਕਤ ਕੋਸ਼ਸ਼ ਕਰਦੇ ਰਹੇ ਹਨ।

ਸੂਸਾਇਟੀ ਪੁਰ ਤੇ ਪ੍ਰਬੰਧਕ ਕੁਮੇਟੀ ਦੇ ਆਪ ਦੇ ਸੇਵਕਾਂ ਪੁਰ ਜੋ ਮੁਕੱਦਮੇਂ ਕੀਤੇ ਗਏ ਹਨ ਉਨ੍ਹਾਂ ਦੀ ਬਾਬਤ ਆਪ ਨੂੰ ਪਤਾ ਹੀ ਹੈ ਕਿ ਉਨ੍ਹਾਂ ਕਰਨ ਵਾਲਿਆਂ ਨੂੰ ਹਾਰ ਹੀ ਹੁੰਦੀ ਰਹੀ ਹੈ।

ਪਰ ਹੁਣ ਇਸ ਸਾਲਾਨਾ ਜੋੜ ਮੇਲ ਤੋਂ 10 ਦਿਨ ਪਹਿਲਾਂ 24 ਦਸੰਬਰ ਨੂੰ ਕਰਮ ਸਿੰਘ ਚੁਮਿਆਰੀਏ ਨੇ ਆਪਣੇ ਵਲੋਂ ਤੇ ਸੂਸਾਇਟੀ ਦੇ ਬਾਕੀ ਮੈਂਬਰਾਂ ਵਲੋਂ ਸੂਸਾਇਟੀ ਪੁਰ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਪੁਰ ਇਕ ਨਵਾਂ ਮੁਕੱਦਮਾਂ ਜਾਰੀ ਕੀਤਾ ਹੈ ਤੇ ਏਸ ਵਿਚ ਕੋਰਟ ਤੋਂ ਏਹ ਭੀ ਹੁਕਮ ਮੰਗਿਆ ਹੈ ਕਿ ਖਾਲਸਾ ਦੀਵਾਨ ਸੂਸਾਇਟੀ ਦੇ ਪੈਸੇ ਤੇ ਜਾਇਦਾਦ ਨੂੰ ਸਾਂਭਣ ਲਈ ਸਰਕਾਰ ਵਲੋਂ ਇਕ (ਰਸੀਵਰ) ਸਰਕਾਰੀ ਅਫਸਰ ਮੁਕੱਰਰ ਕੀਤਾ ਜਾਏ। ਏਸ ਤੋਂ ਸਾਫ ਪ੍ਰਤੀਤ ਹੈ ਕਿ ਪੰਥ ਦੇ ਵਰੋਧੀ ਜਿਨ੍ਹਾਂ ਨੇ ਅਨੇਕ ਵਧੀਕੀਆਂ ਕੀਤੀਆਂ ਹਨ, ਏਸ ਦੀਵਾਨ ਨੂੰ ਤੋੜਨ ਲਈ ਹਰ ਤਰਾਂ ਝੱਖ ਮਾਰ ਰਹੇ ਹਨ, ਏਸ ਲਈ ਆਪ ਦੇ ਸੇਵਕਾਂ ਨੇ ਇਨਾਂ ਮੁਕਦਮਿਆਂ ਦੀ ਤ੍ਰੀਕ ਵਾਰ ਸੰਖੇਪ ਰਪੋਟ ਆਪ ਦੇ ਪੇਸ਼ ਕਰਨੀ ਜ਼ਰੂਰੀ ਸਮਝੀ ਹੈ, ਜੋ ਆਪ ਦੀ ਭੇਟਾ ਹੈ।

ਦੀਵਾਨ ਤੇ ਸ਼ਾਮ ਸਿੰਘ

ਹੋਰ ਮੁਕੱਦਮਿਆਂ ਦਾ ਹਾਲ ਦੱਸਣ ਤੋਂ ਪਹਿਲਾਂ ਏਹ ਦੱਸ ਲਈਏ ਕੇ ਜਦ ਮਾਰਚ ਮਹੀਨੇ ਵਿਚ ਸੁਰੈਣ ਸਿੰਘ ਮੁਹੇਮ ਨੇ ਦੀਵਾਨ ਪੁਰ ਦਾਹਵਾ ਕੀਤਾ ਤਾਂ ਦੀਵਾਨ ਦੀਆਂ ਕੁੱਛ ਕਤਾਬਾਂ ਕੈਸ਼ ਬੁਕ ਆਦ 1931 ਦੇ ਸਕੱਤ੍ਰ ਸ਼ਾਮ ਸਿੰਘ ਜੰਡਿਆਲੀ ਕੋਲ ਸਨ। ਸ਼ਾਮ ਸਿੰਘ ਦੇ ਕਤਾਬਾਂ ਮੋੜਨੋਂ ਨਾਂਹ ਕਰਨ ਪੁਰ ਦੀਵਾਨ ਵਲੋਂ ਛਰਫ ਭੇਜ ਕੇ ਉਹ ਕਤਾਬਾਂ ਲਈਆਂ ਗਈਆਂ। ਸ਼ਾਮ ਸਿੰਘ ਨੇ ਡੀਫੈਂਨਸ ਵਿਚ ਏਹ ਭੀ ਕਿਹਾ ਕਿ ਮੈਂ 1931 ਦਾ ਦੀਵਾਨ ਦਾ ਸਕੱਤ੍ਰ ਹਾਂ ਤੇ 1932 ਦਾ ਭੀ ਮੈਂ ਹੀ ਸਕੱਤ੍ਰ ਹਾਂ। ਏਹ ਕੇਸ ਅਜੇ ਕੌਂਟੀ ਕੋਰਟ ਵੈਨਕੋਵਰ ਵਿਚ ਭੁਗਤੇਗਾ।

ਸ਼ਾਮ ਸਿੰਘ ਖੁਦ ਦਸਖਤ ਕਰਕੇ 1932 ਕੁਮੇਟੀ ਨੂੰ ਚਾਰਜ ਦੇ ਚੁਕਿਆ ਹੈ।

ਸੁਰੈਣ ਸਿੰਘ ਮੁਹੇਮ* ਦਾ ਸੂਸਾਇਟੀ ਪੁਰ ਮੁਕੱਦਮਾ

21 ਮਾਰਚ 1932 ਨੂੰ ਬਰਿਟਿਸ਼ ਕੋਲੰਬੀਆ ਦੀ ਸੁਪ੍ਰੀਮ ਕੋਰਟ ਵਿਚੋਂ ਤੇ ਵੈਨਕੋਵਰ ਰਜਿਸਟਰੀ ਔਫਸ ਤੋਂ ਹੁਕਮ ਨੰਬਰ S526-1932 ਜਾਰੀ ਹੋਇਆ, ਜਿਸ ਪੁਰ ਦਰਜ ਸੀ ਕਿ

---

* ਜਦੋਂ ਖ਼ਾਲਸਾ ਦੀਵਾਨ ਸੁਸਾਇਟੀ ਦੇ ਵਿਧਾਨ 'ਚ ਤਰਮੀਮ ਕਰ ਕੇ ਸਿੱਖੀ ਸਰੂਪ ਤੋਂ ਰਹਿਤ ਵਿਅਕਤੀਆਂ ਨੂੰ ਵੀ ਗੁਰਦੁਆਰਾ ਸਾਹਿਬ ਦੀ ਕਮੇਟੀ ਵਿਚ ਲਇਆ ਜਾਣ ਲੱਗਾ ਤਾਂ ਉਸ ਸਮੇਂ ਕੁਝ ਸੱਜਣਾਂ ਨੇ ਫ਼ੈਸਲਾ ਕਰ ਕੇ ਇਕ ਨਵਾਂ ਗੁਰਦੁਆਰਾ ਸਾਹਿਬ ਬਣਾਉਣ ਦਾ ਫ਼ੈਸਲਾ ਕੀਤਾ। ਇਹ ਗੁਰਦੁਆਰਾ ਸਾਹਿਬ 'ਅਕਾਲੀ ਸਿੰਘ ਸਿੱਖ ਸੁਸਇਟੀ' ਦੇ ਨਾਂਵ ਨਾਲ ਵੈਨਕੂਵਰ ਵਿਚ ਹੀ 1952 ਵਿਚ ਸ਼ੁਰੂ ਕੀਤਾ ਗਿਆ ਅਤੇ ਇਸ ਦੇ ਮੋਢੀ ਸਿੱਖਾਂ ਵਿਚ ਭਾਈ ਸੁਰੈਣ ਸਿੰਘ ਮੁਹੇਮ ਵੀ ਸੀ। 'ਅਕਾਲੀ ਸਿੰਘ ਸਿੱਖ ਸੁਸਾਇਟੀ' ਵਿਚ ਹਰ ਮੈਂਬਰ ਨੂੰ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਸੀ ਅਤੇ ਇਹੀ ਸ਼ਰਤ 1952 ਤੋਂ ਪਹਿਲਾਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਵਿਧਾਨ ਵਿਚ ਸੀ। *—ਸੰਪਾਦਕ*

ਸੁਰੈਣ ਸਿੰਘ ਖਾਲਸਾ ਦੀਵਾਨ ਸੂਸਾਇਟੀ ਦੇ ਮੈਂਬਰ ਦੀ ਹੈਸੀਅਤ ਵਿਚ, ਅਪਣੇ ਵਲੋਂ ਤੇ ਨਾਲ ਹੀ ਉਕਤ ਸੂਸਾਇਟੀ ਦੇ ਥੋੜੀ ਸੱਮਤੀ (ਮਿਨੌਰਟੀ) ਮੈਂਬਰਾਂ ਵਲੋਂ ਦਾਹਵਾ ਕਰਦਾ ਹੈ, ਮੁਦੱਈ ਹੈ.....ਤੇ

ਖਾਲਸਾ ਦੀਵਾਨ ਸੂਸਾਇਟੀ ਅਤੇ ਦਸੌਂਧਾ ਸਿੰਘ, ਕੇਹਰ ਸਿੰਘ ਗਿਲ, ਠਾਕਰ ਸਿੰਘ, ਜਸਵੰਤ ਸਿੰਘ, ਬਸੰਤ ਸਿੰਘ, ਬੋਘ ਸਿੰਘ, ਹੁਕਮ ਸਿੰਘ ਤੇ ਨਰੰਜਨ ਸਿੰਘ ਏਨਾ ਪੁਰ ਦਾਹਵਾ ਕਰਦਾ ਹੈ.....ਏਹ ਮੁੱਦਾਲਾ ਹਨ।

ਏਸ ਜਾਰੀ ਹੋਏ ਹੁਕਮ ਦੇ ਅਨੁਸਾਰ ਸੁਰੈਣ ਸਿੰਘ (ਮੁਹੇਮ) ਨੇ ਅਪਣੇ ਉਪਰ ਦੱਸੇ ਦਾਹਵੇ ਵਿਚ ਕੋਰਟ ਤੋਂ ਹੇਠ ਲਿਖੀਆਂ ਮੰਗਾਂ ਕੀਤੀਆਂ :

1. ਕੋਰਟ ਏਸ ਗਲ ਦਾ ਨਿਰਨਾ ਤੇ ਹੁਕਮ ਕਰੇ ਕੇ ਸੂਸਾਇਟੀ ਦਾ ਸਾਲਾਨਾ ਜੋੜ ਮੇਲ ਜੋ 16 ਜਨਵਰੀ 1932 ਨੂੰ ਹੋਇਆ, ਉਹ ਬੇਦਸਤੂਰਾ ਸੀ। ਬੇਦਸਤੂਰੀ ਨਾਲ ਸੱਦਿਆ ਗਿਆ ਸੀ।
2. ਪ੍ਰਬੰਧਕ ਕੁਮੇਟੀ ਦੇ ਮੈਂਬਰ ਜਿਨਾਂ ਪੁਰ ਦਾਹਵਾ ਕੀਤਾ ਜਾਂਦਾ ਹੈ ਦਸਤੂਰ ਅਨੁਸਾਰ ਪ੍ਰਬੰਧਕ ਕੁਮੇਟੀ ਦੇ ਮੈਂਬਰ ਨਹੀਂ ਚੁਣੇ ਗਏ ਤੇ ਪ੍ਰਬੰਧਕ ਕੁਮੇਟੀ ਨਹੀਂ ਹਨ।
3. ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਨੂੰ ਸਰਕਾਰੀ ਹੁਕਮ ਦੁਆਰਾ ਹਟਾਇਆ ਜਾਏ ਤਾਂ ਕੇ ਉਹ ਪ੍ਰਬੰਧਕ ਕੁਮੇਟੀ ਦਾ ਕੰਮ ਨਾ ਕਰ ਸਕਣ ਜਾਂ ਖਾਲਸਾ ਦੀਵਾਨ ਸੂਸਾਇਟੀ ਦੀ ਪ੍ਰਬੰਧਕ ਕੁਮੇਟੀ ਦੇ ਅੱਧਕਾਰ ਨਾ ਵਰਤ ਸਕਣ।

ਏਸ ਮੁਕੱਦਮੇਂ ਵਿਚ ਖਾਲਸਾ ਦੀਵਾਨ ਸੂਸੈਟੀ ਵਲੋਂ ਅਤੇ ਹੁਕਮ ਸਿੰਘ ਤੋਂ ਛੁੱਟ ਪ੍ਰਬੰਧਕ ਕੁਮੇਟੀ ਦੇ ਬਾਕੀ ਮੈਂਬਰਾਂ ਵਲੋਂ ਸੂਸੈਟੀ ਦਾ ਉਹ ਹੀ ਪੁਰਾਣੀ ਵਕੀਲ ਜੇ.ਈ. ਬਰਡ ਸੀ, ਜੋ ਕਿ 1914 ਤੋਂ ਕੋਮਾਗਾਟਾ ਮਾਰੂ ਦੇ ਵਕਤ ਤੋਂ ਸੂਸੈਟੀ ਦਾ ਵਕੀਲ ਰਿਹਾ ਹੈ ਅਤੇ ਸੁਰੈਣ ਸਿੰਘ ਵਲੋਂ ਹੈਮਲਟਨ ਰੀਡ ਵਕੀਲ ਸੀ, ਜੋ ਕਿ ਬੇਲਾ ਸਿੰਘ ਦੇ ਸਾਥੀਆਂ ਟੱਟੂ ਵਾਲੇ ਆਦ ਦਾ ਵਕੀਲ ਹੁੰਦਾ ਸੀ। ਸੂਸੈਟੀ ਦੇ ਵਕੀਲ ਮਿਸਟਰ ਜੇ.ਈ. ਬਰਡ ਨੇ 9 ਮਈ 1932 ਨੂੰ ਕੋਰਟ ਤੋਂ ਹੁਕਮ ਮੰਗਿਆ ਕਿ ਸੁਰੈਣ ਸਿੰਘ ਦਾ ਮੁਕੱਦਮਾ ਖਾਰਜ ਕੀਤਾ ਜਾਏ। ਹੋਰ ਦਲੀਲਾਂ ਦੇ ਨਾਲ ਏਹ ਬੀ ਦਲੀਲ ਦਿੱਤੀ ਕਿ ਸੁਰੈਣ ਸਿੰਘ ਦੁਵਾਲੀਆ ਹੈ। 9 ਮਈ ਤੋਂ ਪਹਿਲਾਂ ਹੀ ਸੁਰੈਣ ਨੂੰ ਮੁਕੱਦਮਾ ਛਡਣਾ ਪਿਆ ਤੇ ਸੂਸੈਟੀ ਦਾ ਖਰਚਾ ਉਸ ਦੇ ਸਿਰ ਪਿਆ।

ਲਾਭ ਸਿੰਘ ਪੁਰ ਹੀਰਾਂ ਦਾ ਮੁਕੱਦਮਾ ਸੂਸੈਟੀ ਪੁਰ

ਸੁਰੈਣ ਸਿੰਘ ਮੁਹੇਮ ਵਲੋਂ ਕੀਤਾ ਮੁਕੱਦਮਾ ਡਿਗਦੇ ਸਾਰ ਹੀ ਇਕ ਹਫਤੇ ਦੇ ਅੰਦਰ 2 ਲਾਭ ਸਿੰਘ ਨੇ ਸੂਸੈਟੀ ਪੁਰ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਪੁਰ 12 ਮਈ ਨੂੰ ਸੁਪ੍ਰੀਮ ਕੋਰਟ ਵੈਨਕੋਵਰ ਵਿਚ ਹੁਕਮ ਨੰਬਰ L783-1932 ਅਨੁਸਾਰ ਮੁਕੱਦਮਾ ਜਾਰੀ ਕਰ ਦਿੱਤਾ। ਏਹ ਮੁਕੱਦਮਾ ਐਨ ਉਹ ਹੀ ਸੀ, ਜੋ ਸੁਰੈਣ ਸਿੰਘ ਨੇ ਕੀਤਾ ਸੀ ਤੇ ਵਕੀਲ ਬੀ ਉਹ ਹੀ ਸੀ, ਜੋ ਸੁਰੈਣ ਸਿੰਘ ਦਾ ਸੀ, ਪਰ ਸਿਰਫ ਇਤਨਾ ਹੀ ਫਰਕ ਸੀ ਕਿ ਲਾਭ ਸਿੰਘ ਨੇ ਕਿਹਾ ਕਿ ਮੈਂ ਅਪਣੇ ਵਲੋਂ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਤੋਂ ਛੁੱਟ ਬਾਕੀ ਸਾਰੇ ਮੈਂਬਰਾਂ ਵਲੋਂ ਸੂਸੈਟੀ ਪੁਰ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਪੁਰ ਦਾਹਵਾ ਕਰਦਾ ਹਾਂ।

[ਇਸ ਤੋਂ ਅਗੇ ਅਗਲੇ ਸਫੇ ਪੁਰ ਦੇਖੋ--ਅਰਜਨ ਸਿੰਘ ਚੰਦ]

ਮੁਕੱਦਮਾ ਖਾਰਜ ਤੇ ਖਰਚੇ ਦੀ ਡਿਗਰੀ

ਲਾਭ ਸਿੰਘ ਦੇ ਕੀਤੇ ਮੁਕੱਦਮੇ ਦੀ ਪੇਸ਼ੀ 7 ਦਸੰਬਰ 1932 ਨੂੰ ਮਿਸਟਰ ਜਸਟਸ ਡਬਲਯੂ. ਏ. ਮੈਕਡਾਨਲਡ ਦੇ ਮੋਹਰੇ ਹੋਈ। ਲਾਭ ਸਿੰਘ ਦਾ ਮੁਕੱਦਮਾ ਖਾਰਜ ਹੋ ਗਿਆ ਤੇ ਸੂਸੈਟੀ ਦੀ ਜਿਤ ਹੋਈ। ਲਾਭ ਸਿੰਘ ਦੇ ਸਿਰ ਦੋਹਾਂ ਧਿਰਾਂ ਦਾ ਖਰਚਾ ਜੱਜ ਨੇ ਪਾਇਆ। ਸੂਸੈਟੀ ਦੇ ਖਰਚੇ ਦੀ $543-35 ਦੀ ਡਿਗਰੀ ਲਾਭ ਸਿੰਘ ਦੇ ਸਿਰ ਹੋ ਗਈ।

ਕਰਮ ਸਿੰਘ ਚੁਮਿਆਰੀਏ ਵਲੋਂ ਸੂਸੈਟੀ ਪੁਰ ਕੇਸ

ਲਾਭ ਸਿੰਘ ਦਾ ਸੂਸੈਟੀ ਪੁਰ ਕੀਤਾ ਮੁਕੱਦਮਾ 7 ਦਸੰਬਰ ਨੂੰ ਖਾਰਜ ਹੋਇਆ। 24 ਦਸੰਬਰ ਨੂੰ ਕਰਮ ਸਿੰਘ ਚੁਮਿਆਰੀਏ ਦੀ ਤਰਫੋਂ ਸੂਸਾਇਟੀ ਪੁਰ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਪੁਰ ਇਕ ਨਵਾਂ ਮੁਕਦਮਾਂ ਸ਼ੁਰੂ ਕੀਤਾ ਗਿਆ। ਸਮਨਾਂ ਦੇ ਕਾਗਜ਼ਾਂ ਪੁਰ ਜੋ ਸੁਪ੍ਰੀਮ ਕੋਰਟ ਵਿਚ ਨੰਬਰ ਕੇ K1888-1932 ਹੈ। ਐਓਂ ਲਿਖਿਆ ਹੋਇਆ ਹੈ :

ਮੁਦੱਈ ਕਰਮ ਸਿੰਘ ਅਪਣੇ ਵਲੋਂ ਤੇ ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਤੋਂ ਬਿਨਾਂ ਜਿਨਾਂ ਪੁਰ ਦਾਹਵਾ ਹੈ ਬਾਕੀ ਦੇ ਸੂਸੈਟੀ ਦੇ ਸਾਰੇ ਮੈਂਬਰਾਂ ਵਲੋਂ ਮੁਕੱਦਮਾ ਕਰਦਾ ਹੈ।

ਤੇ.....ਦਾਹਵਾ ਦਾਇਰ ਹੈ ਖਾਲਸਾ ਦੀਵਾਨ ਸੂਸੈਟੀ ਪੁਰ ਅਤੇ ਦਸੌਂਧਾ ਸਿੰਘ, ਕੇਹਰ ਸਿੰਘ ਗਿਲ, ਠਾਕਰ ਸਿੰਘ, ਜਸਵੰਤ ਸਿੰਘ, ਬਸੰਤ ਸਿੰਘ, ਬੋਘ ਸਿੰਘ, ਹੁਕਮ ਸਿੰਘ, ਨਰੰਜਨ ਸਿੰਘ ਪੁਰ।

ਮੁਦੱਈ ਕਰਮ ਸਿੰਘ ਹੇਠ ਲਿਖੀਆਂ ਗੱਲਾਂ ਦਾ ਦਾਹਵਾ ਕਰਦਾ ਹੈ :

1. ਕੋਰਟ ਏਸ ਗੱਲ ਦਾ ਨਿਰਨਾ ਕਰੇ ਕਿ ਸੂਸਾਇਟੀ ਦੀ ਸਾਲਾਨਾ ਮੀਟੰਗ ਜੋ ਕਿ 16 ਜਨਵਰੀ 1932 ਨੂੰ ਸੂਸੈਟੀ ਦੀ ਪ੍ਰਬੰਧਕ ਕੁਮੇਟੀ ਦੀ ਚੋਣ ਲਈ ਹੋਈ ਆਖੀਦੀ ਹੈ, ਉਹ ਬੇਦਸਤੂਰੀ ਸੀ। ਬੇਦਸਤੂਰੀ ਤੌਰ ਪੁਰ ਸੱਦੀ ਗਈ ਸੀ ਤੇ ਸੂਸੈਟੀ ਦੀ ਸਾਲਾਨਾ ਮੀਟੰਗ ਚੋਣ ਕਰਨ ਲਈ ਹੋਈ ਹੀ ਨਹੀਂ।
2. ਕੋਰਟ ਇਸ ਗਲ ਦਾ ਨਿਰਨਾ ਕਰੇ ਕਿ 16 ਜਨਵਰੀ 1932 ਨੂੰ ਜੋ ਵੋਟ ਸੂਸਾਇਟੀ ਦੇ ਮੈਂਬਰਾਂ ਵਲੋਂ 1932 ਦੀ ਪ੍ਰਬੰਧਕ ਕੁਮੇਟੀ ਨੂੰ ਚੁਨਣ ਲਈ ਉਨ੍ਹਾਂ ਪੁਰ ਜਿਨ੍ਹਾਂ ਪੁਰ ਹੁਣ ਦਾਹਵਾ ਜਾਰੀ ਹੈ ਪਏ ਸਨ, ਉਹ ਬੇਦਸਤੂਰੀ ਨਾਲ ਪਏ ਤੇ ਜਿਨ੍ਹਾਂ ਪੁਰ ਹੁਣ ਮੁਕੱਦਮਾ ਹੈ, ਉਨ੍ਹਾਂ ਨੂੰ ਐਸੀ ਕੁਮੇਟੀ ਬਨੌਣ ਲਈ ਵਰਤੇ ਗਏ ਸਨ।
3. ਜਿਨਾਂ ਪੁਰ ਮੁਕੱਦਮਾ ਹੈ ਉਹ 1932 ਦੀ ਪ੍ਰਬੰਧਕ ਕੁਮੇਟੀ ਠੀਕ ਤੌਰ ਪਰ ਨਹੀਂ ਚੁਣੇ ਗਏ ਤੇ ਉਹ ਪ੍ਰਬੰਧਕ ਕੁਮੇਟੀ ਨਹੀਂ ਹਨ।
4. ਜਿਨਾਂ ਪੁਰ ਏਹ ਮੁਕੱਦਮਾ ਹੈ ਉਹ ਸੂਸੈਟੀ ਦੀ 1932 ਦੀ ਪ੍ਰਬੰਧਕ ਕੁਮੇਟੀ ਚੁਣੇ ਜਾਣ ਦੇ ਯੋਗ ਨਹੀਂ ਸਨ।
5. ਉਨ੍ਹਾਂ ਦੀ ਜਿਨਾਂ ਪੁਰ ਏਹ ਮੁਕੱਦਮਾ ਹੈ, ਹੋ ਚੁਕੀ ਚੋਣ ਸੂਸੈਟੀ ਦੇ ਕਾਨੂੰਨੀ ਅਧਕਾਰ ਤੋਂ ਬਾਹਰ ਹੈ।
6. ਪ੍ਰਬੰਧਕ ਕੁਮੇਟੀ ਦੇ ਮੈਂਬਰਾਂ ਨੂੰ ਜਿਨਾਂ ਪੁਰ ਏਹ ਮੁਕੱਦਮਾ ਦਾਇਰ ਹੈ, ਰੋਕਿਆ ਜਾਏ ਕਿ ਉਹ ਸੂਸੈਟੀ ਦੀ ਪ੍ਰਬੰਧਕ ਕੁਮੇਟੀ ਦੇ ਫਰਜ਼ ਨੂੰ ਨਾਂ ਨੁਭੌਣ ਜਾਂ ਸੂਸਾਇਟੀ ਦੀ ਕੁਮੇਟੀ ਦੇ ਅਧਕਾਰ ਨਾ ਵਰਤਨ।

7. ਸੂਸਾਇਟੀ ਦੀ ਜੋ ਜੋ ਜਾਇਦਾਦ ਤੇ ਪੈਸਾ ਉਨ੍ਹਾਂ ਨੇ ਜਿਨ੍ਹਾਂ ਪੁਰ ਏਹ ਮੁਕੱਦਮਾ ਹੈ, ਵਸੂਲਿਆ ਹੈ ਜਾਂ ਖਰਚਿਆ ਹੈ, ਉਸ ਦਾ ਏਨ੍ਹਾਂ ਤੋਂ ਹਸਾਬ ਲਿਆ ਜਾਏ ਤੇ ਕੋਰਟ ਹੁਕਮ ਕਰੇ ਕਿ ਉਹ ਪੈਸਾ ਤੇ ਜਾਇਦਾਦ ਸੂਸੈਟੀ ਨੂੰ ਵਾਪਸ ਦੇ ਦੇਣ।
8. ਸੂਸਾਇਟੀ ਦੇ ਪੈਸੇ ਤੇ ਜਾਇਦਾਦ ਨੂੰ ਸਾਂਭਣ ਲਈ ਇਕ (ਰਸੀਵਰ) ਸਰਕਾਰ ਵਲੋਂ ਅਫਸਰ ਮੁਕੱਰਰ ਕੀਤਾ ਜਾਏ।

ਹੋਰਨਾਂ ਦੇ ਨਾਲ ਲਗਦਾ ਖਾਲਸਾ ਦੀਵਾਨ ਸੂਸਾਇਟੀ ਪੁਰ ਏਸ ਕਰਕੇ ਮੁਕੱਦਮਾ ਕੀਤਾ ਗਿਆ ਹੈ, ਕਿਉਂਕੇ ਸੂਸਾਇਟੀ ਨੇ ਉਪਰ ਲਿਖਿਆਂ ਮਾਮਲਿਆਂ ਦੇ ਬਾਰੇ ਉਨਾਂ ਆਦਮੀਆਂ ਪੁਰ ਜਿਨਾਂ ਪੁਰ ਏਹ ਮੁਕੱਦਮਾ ਹੈ, ਆਪ ਦਾਹਵਾ ਕਰਨ ਤੋਂ ਇਨਕਾਰ ਕੀਤਾ ਹੈ।

ਕਰਮ ਸਿੰਘ ਦਾ ਉਹੀ ਵਕੀਲ ਮਿਸਟਰ ਗੀਡ ਹੈ, ਜੋ ਸੁਰੈਣ ਸਿੰਘ, ਲਾਭ ਸਿੰਘ, ਸ਼ਾਮ ਸਿੰਘ ਵਲੋਂ ਭੀ ਸੀ ਤੇ ਗੁਰਦੁਆਰੇ ਦੇ ਚੁਰਾਏ ਪੈਸੇ ਦੇ ਬਾਰੇ ਜੋ ਸਰਕਾਰੀ ਮੁਕੱਦਮਾ ਪੂਰਨ ਸਿੰਘ ਪੁਰ ਹੈ, ਉਸ ਵਿਚ ਪੂਰਨ ਸਿੰਘ ਦਾ ਵਕੀਲ ਹੈ, ਭਾਵੇਂ ਮੁਕੱਦਮਾ ਕਰਮ ਸਿੰਘ ਵਲੋਂ ਹੈ, ਪਰ ਪ੍ਰਬੰਧਕ ਕੁਮੇਟੀ ਦੇ ਸੇਵਕਾਂ ਨੂੰ ਸਮਾਨ ਸੁਰੈਣ ਸਿੰਘ ਮੁਹੇਮ ਤੇ ਸੁਰੈਣ ਸਿੰਘ ਤੇ ਲਾਭ ਸਿੰਘ ਪੁਰ ਹੀਰਾਂ ਨੇ ਫੜਾਏ ਹਨ।

ਆਪ ਦੇ ਸੇਵਕਾਂ ਨੇ ਸੂਸੈਟੀ ਦੇ ਵਕੀਲ ਮਿਸਟਰ ਬਰਡ ਨੂੰ ਕਿਹਾ ਹੈ ਕਿ ਉਹ ਕੋਰਟ ਅਗੇ ਅਰਜੀ ਕਰੇ ਕਿ ਏਹ ਮੁਕੱਦਮਾ ਖਾਰਜ ਹੋਵੇ ਜਾਂ ਏਸਦੀ ਉਦੋਂ ਤਕ ਤ੍ਰੀਕ ਨਾ ਪਵੇ, ਜਦ ਤੱਕ ਕਿ ਲਾਭ ਸਿੰਘ ਸੂਸੈਟੀ ਦਾ ਉਸਦੇ ਸਿਰ ਪਿਆ ਖਰਚਾ ਨਹੀਂ ਤਾਰਦਾ।

ਸੰਗਤ ਦੇ ਦਾਸ ਪ੍ਰਬੰਧਕ ਕੁਮੇਟੀ ਦੇ ਮੈਂਬਰ

1933 ਵਿਚ ਸੇਵਕਾਂ ਪੁਰ ਕੀਤੇ ਗਏ ਮੁਕੱਦਮੇ

ਭਾਈ ਸੁਰੈਣ ਸਿੰਘ ਮੁਹਿਮ ਤੇ ਭਾਈ ਲਾਭ ਸਿੰਘ ਪੁਰ ਹੀਰਾਂ ਦੇ ਸੂਸਾਇਟੀ ਪੁਰ ਤੇ ਸੇਵਕਾਂ ਪੁਰ 1932 ਵਿਚ ਕੀਤੇ ਗਏ ਮੁਕੱਦਮਿਆਂ ਦਾ ਹਾਲ ਏਸ ਕਾਗਜ਼ ਦੇ ਦੂਜੇ ਪਾਸੇ ਪੜ੍ਹੋ। ਭਾਈ ਕਰਮ ਸਿੰਘ ਚੁਮਿਆਰੀਏ ਨੇ ਜੋ ਮੁਕੱਦਮਾ 24 ਦਸੰਬਰ 1932 ਨੂੰ ਕੀਤਾ ਸੀ, ਉਹ ਅਜੇ ਕੋਰਟ ਵਿਚ ਉਸੇ ਤਰਾਂ ਲਟਕਦਾ ਸੀ ਕਿ ਜਦ 21 ਮਾਰਚ 1933 ਨੂੰ ਭਾਈ ਸੁਰੈਣ ਸਿੰਘ ਮੁਹਿਮ, ਨਥਾ ਸਿੰਘ ਹਰੀਪੁਰ, ਘਨੈਈਆ ਸਿੰਘ ਕੰਗਣੀਵਾਲ ਤੇ 11 ਗਿਆਰਾਂ ਹੋਰ ਸਜਣਾਂ ਨੇ ਅਪਣੇ ਆਪ ਨੂੰ ਖਾਲਸਾ ਦੀਵਾਨ ਸੂਸਾਇਟੀ ਦੀ ਪ੍ਰਬੰਧਕ ਕੁਮੇਟੀ ਦੱਸ ਕੇ ਖਾਲਸਾ ਦੀਵਾਨ ਸੁਸਾਇਟੀ ਵਲੋਂ ਭਾਈ ਦਸੌਂਧਾ ਸਿੰਘ ਪ੍ਰਧਾਨ ਤੇ ਕੇਹਰ ਸਿੰਘ ਗਿਲ ਸਕੱਤ੍ਰ ਪਰ ਮੁਕੱਦਮਾ ਸ਼ੁਰੂ ਕੀਤਾ। ਗੁਰਦੁਆਰੇ ਦੇ ਵਕੀਲ ਦੀ ਲਿਖਿਤ ਤੋਂ ਪ੍ਰਤੀਤ ਹੁੰਦਾ ਹੈ ਕਿ ਜਦ ਉਪਰਲੇ ਮੁਕੱਦਮਾ ਕਰਨ ਵਾਲਿਆਂ ਤੇ ਉਨ੍ਹਾਂ ਦੇ ਵਕੀਲ ਨੂੰ ਪਤਾ ਲਗਾ ਕਿ ਉਹ ਖਾਲਸਾ ਦੀਵਾਨ ਸੂਸਾਇਟੀ ਵਲੋਂ ਸੇਵਾ ਕਰ ਰਹੇ ਸੇਵਕਾਂ ਪੁਰ ਏਸ ਤਰਾਂ ਮੁਕੱਦਮਾ ਕਰਕੇ ਕੁੱਛ ਲੰਬਾ ਨੁਕਸਾਨ ਨਹੀਂ ਪੁਚਾ ਸਕਦੇ ਤਾਂ 23 ਦਿਨਾਂ ਦੇ ਵਿਚ ਹੀ ਉਨ੍ਹਾਂ ਏਹ ਚਾਲ ਬਦਲੀ ਕਿ 13 ਅਪ੍ਰੈਲ 1933 ਨੂੰ ਹੇਠ ਲਿਖੇ 14 ਸਜਣਾਂ—ਨਥਾ ਸਿੰਘ ਹਰੀਪੁਰ, ਘਨੈਈਆ ਸਿੰਘ ਕੰਗਣੀਵਾਲ, ਬੋਘ ਸਿੰਘ ਜਲਾਲਦੀਵਾਲ, ਬਸੰਤ ਸਿੰਘ ਨਗਰ, ਸੁਰੈਣ ਸਿੰਘ ਮੁਹਿਮ, ਬਸੰਤ ਸ਼ਿੰਘ ਕੰਗਣੀਵਾਲ, ਜਵਾਲਾ ਸਿੰਘ ਲਿੱਤਰ, ਦਲੀਪ ਸਿੰਘ

ਪਿਪਲਾਂਵਾਲਾ, ਵਰਿਆਮ ਸਿੰਘ ਸੰਘਾ, ਬਤਨ ਸਿੰਘ ਬੋਪਾਰਾਏ, ਭਾਨ ਸਿੰਘ ਕੋਟਲੀ, ਦਲੀਪ ਸਿੰਘ ਉਪਲ, ਮੱਲਾ ਸਿੰਘ ਬੀਰ ਪਿੰਡ ਤੇ ਈਸ਼ਰ ਸਿੰਘ ਘੋਲੀਆ ਨੇ ਅਪਣੇ ਆਪ ਨੂੰ ਪ੍ਰਬੰਧਕ ਕੁਮੇਟੀ ਦੀ ਹੈਸੀਅਤ ਵਿਚ ਦੱਸ ਕੇ ਅਪਣੇ ਵਲੋਂ ਤੇ ਜਿਨਾਂ ਪੁਰ ਮੁਕੱਦਮਾ ਹੈ, ਉਨ੍ਹਾਂ ਤੋਂ ਬਿਨਾਂ ਬਾਕੀ ਦੇ ਸੁਸਾਇਟੀ ਦੇ ਮੈਂਬਰਾਂ ਵਲੋਂ ਲਿਖ ਕੇ ਹੇਠ ਲਿਖੇ ਦੀਵਾਨ ਦੇ ਸੇਵਕਾਂ—ਭਾਈ ਦਸੌਂਧਾ ਸਿੰਘ, ਕੇਹਰ ਸਿੰਘ ਗਿਲ, ਬਚਿਤ੍ਰ ਸਿੰਘ, ਚਨਣ ਸਿੰਘ ਜੰਡਿਆਲਾ, ਨੱਥਾ ਸਿੰਘ ਜੈਣ, ਮਿਤ ਸਿੰਘ ਪੰਡੋਰੀ, ਜਸਵੰਤ ਸਿੰਘ, ਮੀਹਾਂ ਸਿੰਘ ਭੂਤ, ਤਰਲੋਚਨ ਸਿੰਘ ਤੇ ਚੇਤ ਸਿੰਘ ਪੁਰ ਇਕ ਹੋਰ ਮੁਕੱਦਮਾ ਸ਼ੁਰੂ ਕਰ ਦਿਤਾ।

* ਏਸ ਬਾਰੇ ਕਿਸੇ ਹੋਰ ਜਗਾ ਦਾਸ ਨੇ ਕੁੱਛ ਹੋਰ ਬੇਨਤੀ ਕੀਤੀਆਂ ਹਨ, ਪਰ ਇਥੇ ਇਹ ਯਾਦ ਰਖਣ ਤੇ ਵਚਾਰਨ ਦੀ ਲੋੜ ਹੈ ਕਿ ਪ੍ਰਬੰਧਕ ਕੁਮੇਟੀ ਦੇ ਸੇਵਕਾਂ ਵਲੋਂ ਜਗਾ 2 ਇਸ਼ਤਿਹਾਰ ਪੁਜੇ ਹੋਏ ਸਨ ਕਿ ਸਾਧ ਸੰਗਤ ਜੀ 16 ਅਪ੍ਰੈਲ ਨੂੰ ਆ ਕੇ ਨਵੀਂ ਕੁਮੇਟੀ ਚੁਣੋ। ਜਦੋਂ ਉਪਰ ਲਿਖੇ ਮੁਕੱਦਮਾ ਕਰਨ ਵਾਲੇ 14 ਸਜਣਾਂ ਨੂੰ ਪਤਾ ਲੱਗਾ ਕਿ 16 ਅਪ੍ਰੈਲ ਨੂੰ ਸੰਗਤਾਂ ਨੇ ਗੁਰਦੁਆਰਾ ਵੈਨਕੋਵਰ ਵਿਚ ਜਨਰਲ ਇਕਤ੍ਰਤਾ ਵਿਚ ਨਵੀਂ ਕੁਮੇਟੀ ਚੁਣ ਲੈਣੀ ਹੈ ਤਾਂ ਉਸ ਵਿਚ ਵਿਘਨ ਪੌਣ ਲਈ ਏਹਨਾਂ ਨੇ ਤਿਨ ਦਿਨ ਪਹਿਲਾਂ 13 ਅਪ੍ਰੈਲ ਨੂੰ ਹੋਰ ਮੁਕੱਦਮਾ ਸ਼ੁਰੂ ਕਰ ਦਿਤਾ।

[*ਨੋਟ :* ਨਿਸ਼ਾਨ + ਦੀ ਸੱਤਰ ਵਿਚ ਜੋ ਲਿਖਿਆ ਹੈ (ਮੁਕੱਦਮਿਆਂ ਦਾ ਹਾਲ ਏਸ ਕਾਗਜ਼ ਦੇ ਦੂਜੇ ਪਾਸੇ ਪੜ੍ਹੋ) ਸੋ ਉਕਤ ਸਾਰੀ ਕਾਰਰੁਵਾਈ ਇਸ ਬੁਕ ਦੇ ਸਫੇ 32 (ਮੌਜੂਦਾ 130 ਸਫ਼ਾ) ਤੋਂ ਸ਼ੁਰੂ ਹੋ ਕੇ ਸਫਾ 35 (ਮੌਜੂਦਾ 135 ਸਫ਼ਾ) ਤਕ ਲਿਖੀ ਜਾ ਚੱਕੀ ਹੈ। *—ਅਰਜਨ ਸਿੰਘ ਚੰਦ*

ਨਿਸ਼ਾਨ * ਦੀ ਸੱਤਰ ਵਿਚ (ਏਸ ਬਾਰੇ ਕਿਸੇ ਹੋਰ ਜਗਾ ਦਾਸ ਨੇ ਕੁੱਛ ਹੋਰ ਬੇਨਤੀਆਂ ਕੀਤੀਆਂ ਹਨ) ਦੇ ਮਾਮਲੇ ਦੇ ਮੁਤਅੱਲਕ ਜੋ ਕੁੱਛ ਕੇਹਰ ਸਿੰਘ ਗਿਲ ਸਕੱਤ੍ਰ ਖਾਲਸਾ ਦੀਵਾਨ ਸੁਸਾਇਟੀ ਦੇ ਅਪਣੀ ਸਾਲਾਨਾ ਰਪੋਟ ਵਿਚ ਲਿਖਿਆ ਹੈ। ਉਸ ਦਾ ਲਫਜ਼ 2 ਹੇਠਾਂ ਦਰਜ਼ ਕੀਤਾ ਜਾਂਦਾ ਹੈ। *—ਲੇਖਕ 'ਅਰਜਨ ਸਿੰਘ ਚੰਦ']*

ਅਪ੍ਰੈਲ 1933 ਦੇ ਵਿਚ ਜਦੋਂ ਕਿ ਜਨਰਲ ਇਕੱਤ੍ਰਤਾ ਲਈ ਸੰਗਤਾਂ ਪ੍ਰਤੀ ਨੋਟਸ ਭੇਜੇ ਹੋਏ ਸਨ ਕਿ 16 ਅਪ੍ਰੈਲ ਨੂੰ ਵੈਨਕੋਵਰ ਗੁਰਦੁਆਰੇ ਦੇ ਵਿਚ ਪੁੱਜ ਕੇ 1933 ਦੀ ਸੇਵਾ ਲਈ ਗੁਰਦੁਆਰਾ ਪ੍ਰਬੰਧਕ ਕੁਮੇਟੀ ਦੇ ਸੇਵਕ ਚੁਣ ਲਵੋ ਤੇ ਏਹ ਭੀ ਬੇਨਤੀ ਕੀਤੀ ਗਈ ਸੀ ਕਿ ਉਪ੍ਰੋਕਤ ਤਰੀਕ ਤੋਂ ਮਗਰੋਂ ਸੇਵਾ ਕਰ ਰਹੇ ਪ੍ਰਬੰਧਕ ਗੁਰਦੁਆਰੇ ਦੇ ਪ੍ਰਬੰਧ ਦੇ ਜ਼ੁਮੇਂਵਾਰ ਨਹੀਂ ਹੋਣਗੇ। ਉਪ੍ਰੋਕਿਤ ਨੋਟਸ ਤੇ ਗੁਰਦੁਆਰੇ ਦੇ ਹਾਲਾਤ ਨੂੰ ਦੱਸਨ ਬਾਰੇ ਭਾਈ ਦਸੌਂਧਾ ਸਿੰਘ ਜੀ ਜੰਡੂ ਸੰਘਾ ਪ੍ਰਧਾਨ, ਭਾਈ ਚੇਤ ਸਿੰਘ ਗ੍ਰੰਥੀ ਤੇ ਮਿਤ ਸਿੰਘ ਪੰਡੋਰੀ ਵੈਨਕੋਵਰ ਆਈਲੈਂਡ ਪੁੱਜੇ। ਵੈਨਕੋਵਰ ਆਈਲੈਂਡ ਤੇ ਵਿਕਟੋਰੀਆ ਦੀਆਂ ਸੰਗਤਾਂ ਨੇ ਉਪ੍ਰੋਕਿਤ ਤਿਨ ਸਜਨਾਂ ਦੇ ਨਾਲ ਭੀ ਗਲ ਬਾਤ ਕੀਤੀ ਤੇ ਫੇਰ ਵਿਕਟੋਰੀਆ ਦੀਵਾਨ ਦੇ ਵਲੋਂ ਵੈਨਕੋਵਰ ਦੀਵਾਨ ਦੇ ਸੇਵਕਾਂ ਨੂੰ ਸਦਾ ਪੱਤ੍ਰ ਭੇਜਿਆ, ਜਿਸ ਹੁਕਮ ਦੀ ਪਾਲਨਾ ਕਰਨ ਲਈ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਦੇ ਵਲੋਂ ਭਾਈ ਦਸੌਂਧਾ ਸਿੰਘ ਜੀ ਪ੍ਰਧਾਨ ਤੇ ਦਾਸ ਕੇਹਰ ਸਿੰਘ ਗਿਲ ਸਕੱਤ੍ਰ ਵਿਕਟੋਰੀਏ ਪੁੱਜੇ, ਜਿਥੇ ਕਿ ਭਰੇ ਦੀਵਾਨ ਦੇ ਵਿਚ ਸੰਗਤਾਂ ਨੇ ਸਾਥੋਂ ਇਹ ਪੁਛਿਆ

ਕਿ ਜੇ ਤੁਸੀਂ ਕਹੋ ਤਾਂ ਅਸੀਂ ਦੀਵਾਨ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਦੀ ਚੋਣ ਤੇ ਬਾਕੀ ਸਾਰੇ ਮੁਕਦਮਿਆਂ ਤੇ ਮਾਮਲਿਆਂ ਆਦ ਦਾ ਬੀੜਾ ਚੁਕਣ ਦੇ ਲਈ ਤਿਆਰ ਹਾਂ। ਸਾਡੇ ਦੋਹਾਂ ਵਲੋਂ ਏਹ ਬੇਨਤੀ ਉੱਤਰ ਵਿਚ ਕੀਤੀ ਗਈ ਕਿ ਅਸੀਂ ਹਰ ਘੜੀ ਗੁਰੂ ਸੰਗਤਾਂ ਦੇ ਦਾਸ ਹਾਂ ਤੇ ਜੋ ਹੁਕਮ ਹੋਵੇ ਮੰਨਣ ਨੂੰ ਤਿਆਰ ਹਾਂ। ਬੜੀ ਖੁਸ਼ੀ ਦੀ ਗੱਲ ਹੈ ਕੇ ਜੇ ਵਿਕੋਟਰੀਏ ਦੀ ਸੰਗਤ ਏਸ ਉੱਤਮ ਕੰਮ ਨੂੰ ਸਿਰੇ ਨਿਭੌਣ ਦਾ ਬੀੜਾ ਚੁੱਕੇ ਤਾਂ ਸਾਨੂੰ ਤੇ ਸਾਡੇ ਬਾਕੀ ਸਾਥੀ ਸੇਵਕਾਂ ਨੂੰ ਧਨਵਾਦੀ ਬਣੌਂਦੀ ਹੈ। ਗੁਰੂ ਘਰ ਤੇ ਉਸ ਦੇ ਪ੍ਰਬੰਧਕਾਂ ਪਰ ਮੁਕੱਦਮਾਂ ਕਰਨ ਵਾਲਿਆਂ ਦਾ ਪ੍ਰਤੀਨਿਧ ਭਾਈ ਘਨੈਈਆ ਸਿੰਘ ਕੰਗਨੀਵਾਲ ਭੀ ਵਿਕਟੋਰੀਏ ਦੀਵਾਨ ਵਿਚ ਪੁੱਜਾ ਹੋਇਆ ਸੀ। ਉਸ ਨੇ ਭੀ ਸੰਗਤਾਂ ਦਾ ਉਪ੍ਰੋਕਿਤ ਹੁਕਮ ਮਨਜ਼ੂਰ ਕੀਤਾ। ਸੰਗਤਾਂ ਨੇ ਭਰੇ ਦੀਵਾਨ ਦੇ ਵਿਚ 13 ਆਦਮੀਆਂ ਦੀ ਕੁਮੇਟੀ ਇਸ ਕੰਮ ਨੂੰ ਸਿਰੇ ਚੜੌਣ ਲਈ ਚੁਣੀ ਤੇ ਉਪ੍ਰੋਕਤ ਕੁਮੇਟੀ ਦੇ ਮੈਂਬਰਾਂ ਨੇ ਗੁਰੂ ਸਾਹਿਬ ਦੇ ਹਜ਼ੂਰ ਖੜ ਕੇ ਸੇਵਾ ਨੂੰ ਨਿਰਪਖਤਾ ਤੇ ਸਚਾਈ ਦੇ ਨਾਲ ਨਿਭੌਣ ਦਾ ਪ੍ਰਣ ਕੀਤਾ ਜਿਸ ਤੋਂ ਮਗਰੋਂ ਸਾਡੇ ਦੋਹਾਂ ਦੇ ਤੇ ਭਾਈ ਘਨੈਈਆ ਸਿੰਘ ਦੇ ਦਸਖਤ ਲਏ ਗਏ ਕਿ ਜੋ ਭੀ ਫੈਸਲਾ 13 ਦੀ ਕੁਮੇਟੀ ਕਰੇਗੀ, ਉਹ ਸਾਨੂੰ ਤੇ ਸਾਡੇ ਸਾਥੀ ਪ੍ਰਬੰਧਕਾਂ ਨੂੰ ਤੇ ਭਾਈ ਘਨੈਈਆ ਸਿੰਘ ਤੇ ਉਸ ਦੇ ਬਾਕੀ ਸਾਥੀਆਂ ਨੂੰ ਮਨਜ਼ੂਰ ਹੋਵੇਗਾ। ਅਗਲੇ ਦਿਨ 13 ਦੀ ਉਪ੍ਰੋਕਤ ਕੁਮੇਟੀ ਦੇ ਨਾਲ ਹੀ ਜਦੋਂ ਅਸੀਂ ਵੈਨਕੋਵਰ ਬੋਟ ਤੋਂ ਉਤਰੇ। ਉਥੇ ਘਾਟ ਪੁਰ ਹੀ ਭਾਈ ਲਾਭ ਸਿੰਘ ਪੁਰ ਹੀਰਾਂ ਨੇ 13 ਅਪ੍ਰੈਲ ਨੂੰ ਸ਼ੁਰੂ ਕੀਤੇ ਦੇ ਸਮਨ ਸਾਨੂੰ ਫੜਾਏ, ਜਿਸ ਤੋਂ ਪਤਾ ਲੱਗਾ ਕਿ ਉਪ੍ਰੋਕਤ ਮੁਕੱਦਮਾ ਕਰਨ ਵਾਲਿਆਂ ਦੇ ਵਲੋਂ ਅਰਜ਼ੀ ਕੀਤੀ ਗਈ ਹੈ ਕਿ 16 ਅਪ੍ਰੈਲ ਨੂੰ ਗੁਰਦੁਆਰਾ ਵੈਨਕੋਵਰ ਵਿਚ ਹੋਣ ਵਾਲੇ ਅਕੱਠ ਤੇ ਚੋਣ ਨੂੰ ਕੋਰਟ ਬੰਦ ਕ਼ਰੇ ਤੇ ਜਿਸ ਬਾਰੇ ਸਾਨੂੰ ਹੁਕਮ ਸੀ ਕਿ ਅਸੀਂ 15 ਅਪ੍ਰੈਲ ਨੂੰ ਅਗਲੇ ਦਿਨ ਸੁਵੇਰੇ ਕੋਰਟ ਵਿਚ ਹਾਜ਼ਰ ਹੋ ਕੇ ਅਪਨਾ ਡੀਫੈਂਸ ਦੇਈਏ ਕਿ ਮੀਟੰਗ ਹੋਣੀ ਜ਼ਰੂਰੀ ਹੈ। 13 ਦੇ ਕੁਮੇਟੀ ਨੇ ਸਾਰਾ ਮਾਮਲਾ ਕੋਰਟ ਦੇ ਵਿਚ ਜਾ ਕੇ ਸੰਭਾਲਿਆ। 16 ਅਪ੍ਰੈਲ ਨੂੰ ਦੀਵਾਨ ਸਜਾਇਆ ਤੇ 13 ਦੀ ਕੁਮੇਟੀ ਨੇ ਕੁਝ ਕਾਰਰੁਵਾਈ ਭਗਤੌਣ ਮਗਰੋਂ ਬਾਕੀ ਕਾਰਰੁਵਾਈ 17 ਅਪ੍ਰੈਲ ਪੁਰ ਮੁਲਤਵੀ ਕਰ ਦਿੱਤੀ। 17 ਅਪ੍ਰੈਲ ਨੂੰ ਫਿਰ ਬੜਾ ਭਾਰੀ ਦੀਵਾਨ ਸਜਿਆ ਤੇ ਵਿਕਟੋਰੀਏ ਦੀ 13 ਦੀ ਕੁਮੇਟੀ ਨੇ ਵੈਨਕੋਵਰ ਦੀਆਂ ਸੰਗਤਾਂ ਤੋਂ ਇਹ ਮੰਗ ਕੀਤੀ ਕਿ 24 ਦਸੰਬਰ 1934 ਤੱਕ (ਕਰੀਬਨ 8 ਮਹੀਨੇ) ਕੁਮੇਟੀ ਦੀ ਚੋਣ ਮੁਲਤਵੀ ਕੀਤੀ ਜਾਵੇ ਤੇ ਉਪ੍ਰੋਕਤ 13 ਦੀ ਕੁਮੇਟੀ ਉਤਨਾਂ ਚਿਰ ਵੈਨਕੋਵਰ ਗੁਰਦੁਵਾਰੇ ਦਾ ਪ੍ਰਬੰਧ ਕਰੇਗੀ। ਸੰਗਤਾਂ ਨੇ ਉਪ੍ਰੋਕਤ ਬੇਨਤੀ ਸਰਬ ਸੰਮਤੀ ਦੇ ਨਾਲ ਪ੍ਰਵਾਨ ਕਰ ਲਈ। ਭਾਈ ਕਾਬਲ ਸਿੰਘ ਲਿਤਰ ਉਪ੍ਰੋਕਤ ਕੁਮੇਟੀ ਵਲੋਂ ਸਕੱਤ੍ਰ ਚੁਣੇ ਗਏ ਤੇ ਦਾਸ ਨੇ ਉਪ੍ਰੋਕਤ ਸਕੱਤ੍ਰ ਭਾਈ ਕਾਬਲ ਸਿੰਘ ਲਿਤਰ ਨੂੰ ਚਾਰਜ ਦੇ ਦਿੱਤਾ ਤੇ ਇਸ ਦਿਨ ਤੋਂ 1932 ਦੀ ਪ੍ਰਬੰਧਕ ਕੁਮੇਟੀ ਦੀ ਜ਼ੁਮੇਵਾਰੀ ਮੁੱਕ ਗਈ।

ਸਕੱਤ੍ਰ ਕੇਹਰ ਸਿੰਘ ਗਿਲ

[*ਨੋਟ*: 16-1-1932 ਨੂੰ ਸੰਗਤ ਵਲੋਂ ਸਰਬ ਸੰਮਤੀ ਨਾਲ ਚੁਣੀ ਖਾਲਸਾ ਦੀਵਾਨ ਸੂਸਾਇਟੀ ਦੀ ਪ੍ਰਬੰਧਕ ਕੁਮੇਟੀ ਪੁਰ ਜੋ ਜੋ ਮੁਕਦਮੇਂ ਕੀਤੇ ਗਏ, ਉੱਕਤ ਮੁਕਦਮਿਆਂ

ਦੀ ਡੀਫੈਂਸ ਪੁਰ ਜੋ ਖਰਚ ਹੋਇਆ, ਕੇਹਰ ਸਿੰਘ ਗਿਲ ਸਕੱਤ੍ਰ ਖਾਲਸਾ ਦੀਵਾਨ ਸੁਸਾਇਟੀ ਦੀ ਸਾਲਾਨਾ ਰਪੋਟ ਵਿਚ ਨੀਚੇ ਲਿਖੇ ਵਿਰਵੇ ਅਨੁਸਾਰ ਦਰਜ਼ ਹੈ।

—ਅਰਜਨ ਸਿੰਘ ਚੰਦ]

ਡਾਲੇ-ਸੰਟ

ਭਾਈ ਸੁਰੈਣ ਸਿੰਘ ਮੁਹਿਮ ਨੇ ਜੋ ਮੁਕਦਮਾਂ 1932 ਦੇ ਸ਼ੁਰੂ ਵਿਚ ਹੀ ਦੀਵਾਨ ਪੁਰ ਤੇ ਦੀਵਾਨ ਦੇ ਸੇਵਕਾਂ ਪੁਰ ਕੀਤਾ, ਉਸ ਦੇ ਡੀਫੈਂਸ ਦਾ ਖਰਚ	$55-00
ਦੁਵਾਲੀਆ ਹੋਣ ਕਰਕੇ ਭਾਈ ਸੁਰੈਣ ਸਿੰਘ ਨੂੰ ਮੁਕੱਦਮਾਂ ਵਾਪਸ ਲੈਣਾ ਪਿਆ ਤੇ ਉਸ ਦੇ ਸਿਰ ਖਰਚਾ ਪਿਆ	$34-00
ਦੀਵਾਨ ਨੂੰ ਤਾਰਨੇ ਪਏ	$21-00
ਭਾਈ ਸੁਰੈਣ ਸਿੰਘ ਮੁਹੇਮ ਤੇ ਉਸ ਦੇ ਨਾਲ ਦਿਆਂ ਨੇ ਜਦ ਹੈਮਲਟਨ ਰੀਡ ਵਕੀਲ ਦੇ ਰਾਂਹੀ ਦੀਵਾਨ ਦਾ ਅਕੌਂਟ ਰੋਕਨ ਦਾ ਯਤਨ ਕੀਤਾ, ਉਸ ਦੇ ਬਚਾਉ ਕਰਨ ਦਾ ਖਰਚ	$12-50
ਭਾਈ ਲਾਭ ਸਿੰਘ (ਸੰਗਤ ਸਿੰਘ) ਪੁਰ ਹੀਰਾਂ ਨੇ ਜੋ ਮੁਕਦਮਾਂ ਭਾਈ ਸੁਰੈਣ ਸਿੰਘ ਤੋਂ ਬ੍ਰਾਦ ਹੀ ਦੀਵਾਨ ਤੇ ਦੀਵਾਨ ਦੇ ਪ੍ਰਬੰਧਕਾਂ ਪੁਰ ਕੀਤਾ, ਉਸਦੇ ਡੀਫੈਂਸ ਦਾ ਖਰਚ ਸਿਰਫ 22 ਨਵੰਬਰ 1932 ਤੱਕ	$363-50
1932 (ਉਨੀ ਸੌ ਬੱਤੀ) ਦੇ ਸਕੱਤ੍ਰ ਨੂੰ ਚਾਰਜ ਦੇਨ ਤੋਂ ਮਗਰੋਂ ਭਾਈ ਸ਼ਾਮ ਸਿੰਘ ਜੰਡਿਆਲੀ ਸਕੱਤ੍ਰ 1931 ਨੇ ਜਦ ਦੀਵਾਨ ਦੀਆਂ ਕੁੱਛ ਕਤਾਬਾਂ ਤੇ ਕਾਗਜ਼ ਪੱਤ੍ਰ ਦੇਣ ਤੋਂ ਇਨਕਾਰ ਕੀਤਾ ਤਾਂ ਸ਼ੈਰਫ ਨੇ ਕਤਾਬਾਂ ਲਈਆਂ ਤੇ ਜੋ ਮੁਕੱਦਮਾ ਜਾਰੀ ਹੋਇਆ ਇਸ ਦੀ ਕਾਰਰੁਵਾਈ ਆਦ ਦਾ ਸਾਰਾ ਹੀ ਖਰਚ	$111-75
1929 ਦੇ ਸਕੱਤ੍ਰ ਪੂਰਨ ਸਿੰਘ ਦਿਆਲਪੁਰ ਜੋ ਮੁਕਦਮਾ ਹੋਇਆ ਉਸ ਦਾ ਕਾਨੂੰਨੀ ਖਰਚ	$89-25
ਗੁਰਦੁਆਰੇ ਦੇ ਵਰੋਧੀਆਂ ਵਲੋਂ ਗੁਰੂ ਸਾਹਿਬ ਦੀ ਹਾਜ਼ਰੀ ਵਿਚ ਦੀਵਾਨ ਦੀ ਕਾਰਰੁਵਾਈ ਤੇ ਆਮ ਸੰਗਤ ਦੇ ਅਮਨ ਵਿਚ ਭੰਗ ਪਾਉਣ ਦੇ ਬਚਾਉ ਲਈ ਪੁਲਸ ਦਾ ਖਰਚ	$28-00
ਦਾਨ ਤੇ ਮਾਣ :	
,, ਭਾਈ ਚੇਤ ਸਿੰਘ ਗਰੰਥੀ ਨੂੰ ਥੈਲੀ	$101-00
,, ਭਾਈ ਚੇਤ ਸਿੰਘ ਗਰੰਥੀ ਨੂੰ ਸਰੋਪਾਉ ਤੇ ਮਾਨ ਪੱਤ੍ਰ	$19-40
,, ਦੌਲੇ ਪਹਿਲਵਾਨ ਨੂੰ	$100-00
,, ਪਟੇਲ ਜੀ ਨੂੰ	$500-00
ਜ਼ਮਾਨਤਾਂ ਦਿਤੀਆਂ :	
,, ਜਗਤ ਸਿੰਘ ਪਹਿਲਵਾਨ ਜਾਮਨ ਕੇਹਰ ਸਿੰਘ ਗਿਲ	$1000-00
,, ਪਾਲ ਸਿੰਘ ਪੁੱਤ੍ਰ ਮੰਗਲ ਸਿੰਘ ਜਾਮਨ ਬਿਸ਼ਨ ਸਿੰਘ ਰਾਏਪੁਰ ਡੱਬੇ	$1000-00

,, ਲਾਲ ਸਿੰਘ ਪੁੱਤ੍ਰ ਵਰਿਆਮ ਸਿੰਘ ਜਾਮਨ
ਪਾਲ ਸਿੰਘ, ਤਾਰਾ ਸਿੰਘ ਹਰਦਾਸਪੁਰ $1000-00
,, ਬਤਨ ਸਿੰਘ ਪੁੱਤ੍ਰ ਅਮਰ ਸਿੰਘ ਜਾਮਨ
ਪਾਲ ਸਿੰਘ, ਤਾਰਾ ਸਿੰਘ ਹਰਦਾਸਪੁਰ $1000-00
,, ਗੁਰਦੇਵ ਪੁੱਤ੍ਰ ਵਰਿਆਮ ਸਿੰਘ ਜਾਮਨ
ਲਾਭ ਸਿੰਘ ਰਾਏਪੁਰ ਡੱਬੇ $500-00

ਸਸਕਾਰ ਆਦਿਕ :

,, ਮੰਗਲ ਸਿੰਘ ਜੱਜੇ ਸਸਕਾਰ $40-00
,, ਸਸਕਾਰ ਤੇ ਡਾਕਟਰ (ਹਾਕੂ ਗੋਲੀਆਂ) $48-00
,, ਪ੍ਰਤਾਪ ਸਿੰਘ ਦੇ ਸੁਰਗਵਾਸੀ ਭੁਝੰਗੀ ਪ੍ਰਗਾਸ਼ ਬਾਰੇ ਮੁਕਦਮਾ $66-00
,, ਪਾਲ ਸਿੰਘ ਦੀ ਭਾਲ ਪੁਰ ਬਿਸ਼ਨ ਸਿੰਘ ਦੇ ਕਹੇ ਪੁਰ $24-47

[*ਨੋਟ:* 16-1-1932 ਨੂੰ ਪ੍ਰਬੰਧਕ ਕੁਮੇਟੀ ਦੇ ਗੁਰਦੁਆਰੇ ਵੈਨਕੋਵਰ ਦੇ ਚੁਣੇ ਖਜਾਨਚੀ ਭਾਈ ਨੱਥਾ ਸਿੰਘ ਜੈਣ ਨੇ 16 ਮਾਰਚ 1933 ਤੋਂ 16 ਅਪ੍ਰੈਲ 1933 ਤੱਕ ਇਕ ਮਹੀਨੇ ਦੀ ਜੋ ਰਪੋਟ ਛਾਇਆ ਕੀਤੀ ਹੈ ਉਕਤ ਰਪੋਟ ਵਿਚ ਵੀ ਗੁਰੂ ਘਰ ਅਤੇ ਪ੍ਰਬੰਧਕ ਕੁਮੇਟੀ ਦੇ ਖਿਲਾਫ ਮੁਕਦਮੇ ਕਰਨ ਵਾਲੇ ਉਪਰ ਦੱਸੇ ਭਾਈਆਂ ਵਲੋਂ ਰੁਕਾਵਟਾਂ ਪਾਉਣ ਦੇ ਕਾਰਨ ਦੱਸੇ ਗਏ ਹਨ। ਵਿਰੋਧੀ ਸਜਣਾਂ ਦੇ ਮੁਕਦਮਿਆਂ ਕਾਰਨ ਹੀ ਨੱਥਾ ਸਿੰਘ ਜੈਣ ਨੇ ਗੁਰਦੁਆਰੇ ਦੀ ਆਈ ਮਾਇਆ ਨੂੰ ਸੰਭਾਲ ਕੇ ਆਮਦਨ, ਖਰਚ ਦਾ ਹਿਸਾਬ ਲਿਖਦਿਆਂ ਮੁਕਦਮੇ ਦੀ ਡੀਫੈਂਸ ਪੁਰ ਹੋਏ ਖਰਚ ਦਾ ਵਿਰਵਾ ਹੇਠ ਲਿਖੇ ਅਨੁਸਾਰ ਕੀਤਾ ਹੈ। *—ਅਰਜਨ ਸਿੰਘ ਚੰਦ*]

ਬਰਡ ਵਕੀਲ ਨੂੰ, ਲਾਭ ਸਿੰਘ ਪੁਰ ਹੀਰਾਂ ਦੇ ਦੀਵਾਨ ਪੁਰ ਦੇ ਮੁਕਦਮੇ ਦੇ ਬਾਰੇ ਰਹਿੰਦੇ $270-20 ਦੇ ਵਿਚੋਂ ਦਿਤੇ	$70-20
ਗੁਰਦੁਆਰੇ ਦੇ ਵਰੋਧੀਆਂ ਵਲੋਂ ਗੁਰੂ ਸਾਹਿਬ ਦੇ ਹਜ਼ੂਰ ਦੀਵਾਨ ਦੀ ਕਾਰਰੁਵਾਈ ਤੇ ਆਮ ਸੰਗਤ ਦੇ ਅਮਨ ਵਿਚ ਭੰਗ ਪੌਣ ਤੋਂ ਬਚਾਉ ਲਈ ਪੁਲਸ ਦਾ ਖਰਚ	$32-00

ਦਾਸ ਨਥਾ ਸਿੰਘ ਖਜਾਨਚੀ
ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਬੀ.ਸੀ.

[*ਨੋਟ:* ਇਸੇ ਬੁੱਕ ਦੇ ਸਫਾ 24 (ਮੌਜੂਦਾ 119 ਸਫ਼ਾ) ਪੁਰ ਦਾਸ ਵਲੋਂ ਦਿਤੇ ਨੋਟ ਵਿਚ ਲਿਖਿਆ ਹੈ ਕਿ 1928-29-1930 ਦੇ ਹਸਾਬ ਦੇ ਪੜਤਾਲ ਕਰਨ ਵਾਲੀ ਪੜਤਾਲੀਆ ਕੁਮੇਟੀ ਦੀ ਰਪੋਟ ਬਾਰੇ ਜ਼ਿਕਰ ਕੀਤਾ ਹੈ। ਉੱਕਤ ਰਪੋਟ ਨੂੰ ਨੀਚੇ ਦਰਜ ਕੀਤਾ ਜਾਂਦਾ ਹੈ। *—ਲੇਖਕ ਅਰਜਨ ਸਿੰਘ 'ਚੰਦ'*]

ੴ ਸਤਿਗੁਰ ਪ੍ਰਸਾਦਿ
ਕੂੜ ਨਖੁਟੈ ਨਾਨਕਾ ਓੜਕ ਸਚੁ ਰਹੀ

ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਵਲੋਂ ਉਕਤ ਸੁਸਾਇਟੀ ਦੇ ਹਸਾਬ ਕਤਾਬ ਆਦ ਨੂੰ ਪੜਤਾਲ ਕਰਨ ਲਈ ਖਾਸ ਥਾਪੀ ਗਈ "ਪੜਤਾਲੀਆ ਕੁਮੇਟੀ" ਦੀ

ਰੀਪੋਰਟ 3 ਸਾਲਾਂ 1928-1929 ਤੇ 1930 ਦੇ ਬਾਰੇ ਜਿਸ ਨੂੰ "ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਬੀ.ਸੀ ਕੈਨੇਡਾ" ਦੀ ਪ੍ਰਬੰਧਕ ਕੁਮੇਟੀ ਨੇ ਪ੍ਰਕਾਸ਼ਤ ਕੀਤਾ :
ਗੁਰਦੁਆਰਾ ਵੈਨਕੋਵਰ 1866 ਸੈਕੰਡ ਐਵਨੀਊ ਵੈਸਟ—1 ਸਤੰਬਰ 1932

ਪੜਤਾਲੀਆ ਕੁਮੇਟੀ ਦੀ ਕਾਇਮੀ

20 ਸਤੰਬਰ 1931 ਨੂੰ ਗੁਰਦੁਆਰਾ ਵੈਨਕੋਵਰ ਵਿਚ ਸਕੱਤ੍ ਖਾਲਸਾ ਦੀਵਾਨ ਵੈਨਕੋਵਰ ਵਲੋਂ ਇਕ ਇਸ਼ਤਿਹਾਰ ਦੁਆਰਾ ਸਦਿਆ ਖਾਸ ਦੀਵਾਨ ਸਜਿਆ, ਜਿਸ ਵਿਚ 9 ਸਜਣਾਂ ਦੀ ਇਕ ਪੜਤਾਲੀਆ ਕੁਮੇਟੀ ਸਰਬ ਸਮਤੀ ਨਾਲ ਚੁਣੀ ਗਈ। ਭਾਈ ਸ਼ਾਮ ਸਿੰਘ ਜੰਡਿਆਲੀ, ਉਸ ਵਕਤ ਸਕੱਤ੍ ਖਾਲਸਾ ਦੀਵਾਨ ਵੈਨਕੋਵਰ ਨੇ ਏਸ ਦੀਵਾਨ ਵਿਚ ਪਾਸ ਹੋਏ ਗੁਰਮਤੇ ਦੀ ਨਕਲ ਪੜਤਾਲੀਆ ਕੁਮੇਟੀ ਨੂੰ ਦਿਤੀ ਤੇ ਕਿਹਾ ਕਿ ਤੁਸੀਂ ਇਸ ਸੇਵਾ ਨੂੰ ਪੂਰੀ ਕਰੋ। ਗੁਰਮਤੇ ਦੀ ਨਕਲ ਹੇਠਾਂ ਦਰਜ਼ ਹੈ।

ਸਰਬ ਸਮਤੀ ਨਾਲ ਅਜ ਦੇ ਦੀਵਾਨ ਨੇ ਗੁਰਦੁਆਰਾ ਵੈਨਕੋਵਰ ਵਿਚ ਫੈਸਲਾ ਕੀਤਾ ਕਿ ਇਕ ਪੜਤਾਲੀਆ ਕੁਮੇਟੀ ਸੰਨ 1928-1929 ਤੇ 1930 ਏਨਾਂ 3 ਸਾਲਾਂ ਦਾ ਖਾਲਸਾ ਦੀਵਾਨ ਵੈਨਕੋਵਰ ਦਾ ਹਸਾਬ ਕਤਾਬ ਪੜਤਾਲ ਕਰਨ ਲਈ ਨੀਅਤ ਕੀਤੀ ਜਾਵੇ ਤੇ ਇਸ ਪੜਤਾਲ ਦੀ ਰੀਪੋਰਟ ਦੀਵਾਨ ਦੇ ਪੇਸ਼ ਕਰੇ। ਹੇਠ ਲਿਖੇ ਮੈਂਬਰ ਇਸ ਕੁਮੇਟੀ ਵਿਚ ਸੇਵਾ ਕਰਨ ਲਈ ਸਰਬ ਸਮਤੀ ਨਾਲ ਚੁਣੇ ਗਏ : (1) ਭਾਈ ਸੁੰਦਰ ਸਿੰਘ ਲੰਗੇਰੀ, (2) ਭਾਈ ਕੇਹਰ ਸਿੰਘ ਗਿਲ, (3) ਭਾਈ ਹਰਬੰਤ ਸਿੰਘ ਵਲਟੋਹਾ, (4) ਪੰਡਤ ਬਾਲ ਮਕੰਦ, (5) ਨਰੰਜਨ ਸਿੰਘ ਜੋਧਾਂ, (6) ਵਤਨਾ ਸਿੰਘ ਕਾਲੇਵਾਲ, (7) ਕਰਤਾਰ ਸਿੰਘ, (8) ਅਰਜਨ ਸਿੰਘ ਚੰਦ, ਸੋਹਨ ਸਿੰਘ ਬੁਡਾਲਾ।

[*ਨੋਟ :* ਪੰਡਤ ਬਾਲ ਮਕੰਦ ਜੀ ਦੇਸ ਨੂੰ ਜਾਣ ਲਈ ਤਿਆਰ ਹੋ ਗਏ ਤੇ ਉਨ੍ਹਾਂ ਕੁਮੇਟੀ ਦੇ ਕੰਮ ਵਿਚ ਕੋਈ ਹਿਸਾ ਨਹੀਂ ਲਿਆ ਤੇ ਭਾਈ ਸੁੰਦਰ ਸਿੰਘ ਲੰਗੇਰੀ ਚੋਖੀ ਸਾਰੀ ਪੜਤਾਲ ਹੋਣ ਤੋਂ ਬ੍ਰਾਦ ਦੇਸ ਨੂੰ ਚਲੇ ਗਏ।]

ਰੀਪੋਰਟ ਦੇ ਹਿੱਸੇ

ਇਸ ਪੜਤਾਲ ਦੇ ਹੋਣ ਕਰਕੇ ਜੋ ਨੁਕਸ ਤੇ ਬੇਦਸਤੂਰੀਆਂ ਖਾਲਸਾ ਦੀਵਾਨ ਵੈਨਕੋਵਰ ਦੇ ਕਾਰ ਵਿਹਾਰ ਤੇ ਹਸਾਬ ਕਤਾਬ ਵਿਚ ਪ੍ਰਗਟ ਹੋਈਆਂ ਹਨ। ਉਨ੍ਹਾਂ ਦਾ ਖੋਜ ਕੱਢਣ ਤੇ ਉਨ੍ਹਾਂ ਨੂੰ ਪੂਰੀ ਤਰਾਂ ਸਮਝੌਣ ਲਈ ਇਸ ਰੀਪੋਰਟ ਨੂੰ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ ਤੇ ਉਹ ਏਹ ਹਨ :

1. ਜਾਣ ਬੁਝ ਕੇ ਤੇ ਮਿਥ ਕੇ ਕੀਤੀਆਂ ਜਾਲਸਾਜੀਆਂ ਤੇ ਬੇਦਸਤੂਰੀਆਂ ਤੇ ਉਨ੍ਹਾਂ ਦੇ ਕਰਨ ਵਾਲਿਆਂ ਦਾ ਪ੍ਰਬੰਧਕ ਕੁਮੇਟੀ ਦੇ ਤੇ ਦੀਵਾਨ ਦੇ ਮੁਖੀਏ ਤੇ ਆਗੂ ਬਣੇ ਰਹਣਾਂ। ਇਸ਼ ਦੀ ਸੰਖੇਪ ਵਿਥਿਆ ਬੇਦਸਤੂਰੀਆਂ ਤੇ ਉਪੱਦਰਵਾਂ ਦੇ ਵਧਣ ਦੀ ਸਾਖੀ ਦੇ ਸਿਰਨਾਮੇਂ ਹੇਠ ਪੜ੍ਹੋ।
2. ਹਸਾਬ ਕਤਾਬ ਜੈਸਾ ਕੇ ਪੜਤਾਲੀਆ ਕੁਮੇਟੀ ਨੂੰ ਹਸਾਬ ਦੀਆਂ ਕਤਾਬਾਂ ਪੁਰ ਚੜਿਆ ਮਿਲਿਆ ਉਸ ਦੀ ਪੜਤਾਲ ਦਾ ਪੂਰਾ ਨਤੀਜਾ ਏਹ ਕੁੱਛ "ਹਸਾਬ ਦੀ ਪੜਤਾਲ ਦੇ ਸਿਰਨਾਮੇਂ ਹੇਠ ਪੜ੍ਹੋ"।

ਖਾਲਸਾ ਦੀਵਾਨ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਵਲੋਂ ਬੇਨਤੀ

ਸਤਿਗੁਰੂ ਦੀ ਪਿਆਰੀ ਕਨੇਡਾ ਨੁਵਾਸੀ ਸਾਧ ਸੰਗਤ ਜੀਉ

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ ਪ੍ਰਵਾਨ ਹੋਵੇ। 20 ਸਤੰਬਰ 1931 ਨੂੰ ਪਿਛਲੇ ਸਾਲ ਦੀ ਕੁਮੇਟੀ ਦੀ ਛੱਤਰ ਛਾਇਆ ਹੇਠ ਸਰਬ ਸੰਗਤਾਂ ਵਲੋਂ ਸਾਜੀ ਪੜਤਾਲੀਆ ਕੁਮੇਟੀ ਦੀ ਰੀਪੋਟ ਜੋ ਅਗੇ ਦਰਜ਼ ਹੈ। ਏਸ ਦਾ ਪੂਰਨ ਖਰੜਾ ਪ੍ਰਕਾਸ਼ਤ ਹੋਣ ਲਈ ਪੜਤਾਲੀਆ ਕੁਮੇਟੀ ਵਲੋਂ ਦੀਵਾਨ ਦੇ ਹੇਠ ਲਿਖੇ ਸੇਵਕਾਂ ਦੇ ਪਾਸ 1 ਜੁਲਾਈ 1932 ਨੂੰ ਪੁੱਜਾ ਤੇ ਹੁਣ ਆਪ ਦੇ ਟੈਹਲੂਏ ਏਸ ਰੀਪੋਟ ਨੂੰ ਪ੍ਰਕਾਸ਼ਤ ਕਰਕੇ ਆਪ ਜੀ ਦੀ ਸੇਵਾ ਵਿਚ ਅਧੀਨਗੀ ਸਹਿਤ ਪੇਸ਼ ਕਰਦੇ ਹਨ।

ਪ੍ਰਬੰਧਕ ਕੁਮੇਟੀ ਦੇ ਸੇਵਕ ਤੇ ਸਾਧ ਸੰਗਤ ਦੇ ਦਾਸ:

ਦਸੌਂਧਾ ਸਿੰਘ ਜੰਡੂ ਸੰਘਾ, ਪ੍ਰਧਾਨ

ਨਰੰਜਨ ਸਿੰਘ ਜੋਧ, ਮੀਤ ਪ੍ਰਧਾਨ

ਕੇਹਰ ਸਿੰਘ ਗਿਲ, ਸਕੱਤ੍ਰ

ਬਸੰਤ ਸਿੰਘ ਸੰਧਮ, ਮੀਤ ਸਕੱਤ੍ਰ

ਠਾਕਰ ਸਿੰਘ ਕੰਦੋਲਾ, ਖਜਾਨਚੀ

ਬੇਦਸਤੂਰੀਆਂ ਤੇ ਉਪੱਦਰਵਾਂ ਦੇ ਵਧਣ ਦੀ ਸਾਖੀ

1928-1929 ਤੇ 1930 ਦਾ ਹਸਾਬ ਕਤਾਬ ਤੇ ਦੀਵਾਨ ਦੇ ਮਾਮਲੇ ਫੋਲਣ ਮਗਰੋਂ ਇਹ ਸਾਫ ਮਲੂਮ ਹੁੰਦਾ ਹੈ ਕਿ 1924 ਤੱਕ ਜਦ ਤਾਂਈ ਕਿ ਭਾਈ ਭਗਵਾਨ ਸਿੰਘ ਜੀ ਦੁਸਾਂਝ ਸੇਵਾ ਦੇ ਸਿਰ ਪੁਰ ਸਨ। ਦੀਵਾਨ ਦਾ ਕਾਰ ਵਿਹਾਰ ਸਫਾਈ ਤੇ ਨਿਗਰਤਾ ਪੁਰ ਚਲਦਾ ਰਿਹਾ ਪਰ ਭਾਈ ਹੋਰਾਂ ਦੇ ਕਨੇਡੀਅਨ ਸ਼ਹੀਦੀ ਜਥੇ ਵਿਚ ਦੇਸ ਨੂੰ ਚਲੇ ਜਾਣ ਤੋਂ ਬ੍ਰਾਦ 1925 ਤੋਂ ਹੀ ਵਿਰਲੀਆਂ 2 ਬੇਦਸਤੂਰੀਆਂ ਹੋਣੀਆਂ ਆਰੰਭ ਹੋ ਗਈਆਂ। ਖਾਸ ਕਰ 1925 ਵਿਚ ਜਦ ਕਿ 1924 ਦੇ ਸਕੱਤ੍ਰ ਭਾਈ ਜਗਤ ਸਿੰਘ ਜੌਹਲ ਨੇ ਜਾਲ੍ਹਸਾਜ਼ੀ ਕਰਕੇ ਦੀਵਾਨ ਦੇ ਬੈਂਕ ਵਿਚੋਂ ਇਕ ਚਿਕ ਤੁੜੌਣ ਵਿਚ ਹਿਸਾ ਲਿਆ ਉਦੋਂ ਤੋਂ ਤਾਂ ਇਕ ਖਨਾਮੀ ਵਾਲੇ ਤੇ ਗਿਰੇ ਹੋਏ ਕਰਮ ਨੇ ਦੀਵਾਨ ਦੇ ਸੁੱਚੇ ਕੰਮ ਵਿਚ ਐਸੀ ਜ਼ੋਹਰ ਪਾ ਦਿੱਤੀ ਕਿ ਸਾਲ ਬਸਾਲ ਕੰਮ ਬਿਗੜਦਾ ਹੀ ਗਿਆ ਤੇ ਸੰਗਤਾਂ ਵਿਚ ਘਬਰਾਹਟ ਹੀ ਵਧਦੀ ਰਹੀ। ਇਸ ਘਬਰਾਹਟ ਦੇ ਕਾਰਨ ਭੀ ਵਧਦੇ ਗਏ। ਗੁਮ ਸੁਮ ਹੋਏ ਇਕ ਅਪ੍ਰਾਧ ਤੋਂ ਬ੍ਰਾਦ ਦੂਜਾ ਹੋਇਆ ਤੇ ਐਸੀ ਨਾਮੁਰਾਦ ਲੜੀ ਤੁਰ ਪਈ ਕਿ ਜਿਸ ਨੇ ਅੰਤ ਅੱਤ ਲੈ ਆਂਦੀ। ਭਰੋਸੇ ਤੇ ਵਿਸ਼ਵਾਸ ਦੀ ਸੂਖਸ਼ਮ ਤਾਰ ਸਹਿਜ ਸਹਿਜ ਕਮਜ਼ੋਰ ਹੁੰਦੀ ਤੇ ਤੁੱਟਦੀ ਗਈ ਤੇ ਬੇਇਤਬਾਰੀ, ਈਰਖਾ, ਖਿਚੋਤਾਈ, ਜ਼ਾਤੀ ਬਖੇੜੇ ਤੇ ਇਲਾਕੇਬਾਜ਼ੀ ਦੀ ਹਨੇਰੀ ਜ਼ੋਰ ਸ਼ੋਰ ਨਾਲ ਵਗਦੀ ਰਹੀ। ਧਾਰਮਕ ਭਰੋਸੇ, ਨੇਕ ਚਲਨੀ, ਅਸ਼ਰਾਫਤ ਤੇ ਉਚੇ ਆਦਰਸ਼ ਵਾਲੇ ਸੱਜਣ ਜੋ ਅੱਗੇ ਹੀ ਵਿਰਲੇ ਸਨ। ਹੁਣ ਤਾਂ ਹਰ ਐਤਵਾਰ ਨੂੰ ਰੌਲੇ ਪੁਰ ਰੌਲਾ ਵਧਦਾ ਦੇਖ ਕੇ ਤੇ ਏਸ ਨਾਲ ਦੁੱਖੀ ਤੇ ਨਰਾਸ ਹੋ ਕੇ ਗੁਰਦੁਵਾਰੇ ਔਣ ਤੋਂ ਭੀ ਹੱਟਦੇ ਗਏ ਤੇ ਹੈਰਾਨਗੀ ਦੀ ਗਲ ਏਹ ਸੀ ਤੇ ਇਸ ਤੋਂ ਹੀ ਬਿਗੜ ਰਹੀ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਹੀ ਭਾਈ ਜਗਤ ਸਿੰਘ ਜੌਹਲ ਜੋ 1924 ਵਿਚ ਗੁਰਦੁਆਰਾ ਕੁਮੇਟੀ ਦਾ ਸਕੱਤ੍ਰ ਸੀ ਤੇ ਜਿਸ ਨੇ 1925 ਦੇ ਵਿਚ ਜਾ੍ਲੀ ਚਿਕ ਬਣਾਈ ਸੀ (ਤੇ ਜਿਸ ਦੀ ਇਸ ਕਰਤੂਤ ਦਾ ਪਤਾ 1930 ਤਕ ਨਾ ਨਿਕਲਿਆ) ਉਹ ਹੀ

ਜਗਤ ਸਿੰਘ ਜੌਹਲ 1927 ਵਿਚ ਗੁਰਦੁਆਰਾ ਪ੍ਰਬੰਧਕ ਕੁਮੇਟੀ ਦਾ ਮੈਂਬਰ 1928 ਵਿਚ ਗੁਰਦੁਆਰਾ ਕੁਮੇਟੀ ਦਾ ਸਕੱਤ੍ਰ ਤੇ 1929 ਵਿਚ ਗੁਰਦੁਆਰਾ ਕੁਮੇਟੀ ਦਾ ਪ੍ਰਧਾਨ ਚੁਣਿਆ ਗਿਆ ਤੇ ਇਹ ਸੱਜਣ ਜਿਸ ਦੀ ਕੀਤੀ ਹੋਈ ਜਾ੍ਲਸਾਜ਼ੀ ਅਜੇ ਲੁਕੀ ਛਿਪੀ ਗੱਲ ਸੀ। ਕੈਨੇਡਾ ਦੇ ਸਿੱਖਾਂ ਦਾ ਚੁਣਿਆ ਹੋਇਆ ਸ਼੍ਰੋਮਣੀ ਆਗੂ ਸੀ। ਬਿਗੜੀ ਦਸ਼ਾ ਦਾ ਅੰਦਾਜ਼ਾ ਕੇਵਲ ਇਸ ਉਪਰ ਦਿੱਤੀ ਮਸਾਲ ਤੋਂ ਹੀ ਲੱਗ ਸਕਦਾ ਹੈ ਕਿ ਕਿਸ ਕਿਸਮ ਦੇ ਆਦਮੀ ਗੁਰਦੁਆਰਾ ਕੁਮੇਟੀ ਦੇ ਮੈਂਬਰ ਤੇ ਜੱਥੇਦਾਰ ਚਣੇ ਜਾ ਸਕਦੇ ਸਨ।

ਉਪਰ ਦੱਸੀ ਚਿਕ ਦੀ ਜਾ੍ਲਸਾਜ਼ੀ ਦਾ ਮਾਮਲਾ ਕਾਨੂੰਨੀ ਤੌਰ ਪੁਰ ਇਕ ਖਤਰਨਾਕ ਗੱਲ ਸੀ। ਬੈਂਕ ਵਾਲਿਆਂ ਨੇ ਇਕ ਲੰਬੀ ਚੌੜੀ ਦਰਿਆਫਤ ਕੀਤੀ। ਟੋਰੰਟੋ ਤੇ ਉਟਾਵੇ ਆਦ ਤੱਕ ਪੁਲਸ ਛਨਾਖਤਾਂ ਕਰਦੀ ਰਹੀ ਤੇ ਇਧਰ ਵੱਧੀ ਤੇ ਬੇਇਤਬਾਰੀ ਤੇ ਗੁਰੂ ਘਰ ਵਿਚ ਇਥੇ ਪਹਿਲੀ ਵਾਰ ਹੋਏ ਐਸੇ ਪਾਪ ਦੀ ਜ਼ੈਹਰ ਨੇ ਸੰਗਤ ਵਿਚ ਭੀ ਚੈਨ ਨਾ ਔਣ ਦਿੱਤਾ। ਇਕ ਖਾਸ ਕੁਮੇਟੀ ਦਰਿਆਫਤ ਕਰਨ ਲਈ ਬਣਾਈ ਗਈ। 1926 ਵਿਚ ਭੀ ਏਹ ਹੀ ਰੌਲਾ ਪੈਂਦਾ ਰਿਹਾ ਜੇ ਤਾਂ ਇਸ ਖੁਨਾਮੀ ਦਾ ਪੂਰਾ ਪਤਾ ਉਦੋਂ ਹੀ ਨਿਕਲ ਔਂਦਾ ਤੇ ਅਪਰਾਧੀਆਂ ਨੂੰ ਕਸੂਰੀ ਕਰਕੇ ਸਜ਼ਾਵਾਂ ਹੁੰਦੀਆਂ ਤਾਂ ਸੁਫਾਈ ਤੇ ਸੁੱਚਤਾ ਫੇਰ ਕਾਇਮ ਹੋ ਜਾਂਦੇ। ਪਰ 1926 ਵਿਚ ਦਾ ਰੌਲਾ ਪੈਂਦਿਆਂ 1927 ਆ ਪੁੱਜਾ ਤੇ ਇਸ ਪ੍ਰਚਲਤ ਖਿਚੋਤਾਈ ਦਾ ਨਤੀਜਾ ਗੁਰਦੁਆਰੇ ਦੀ ਸੰਦੂਕੜੀ ਭੰਨੀ ਗਈ। 1928 ਤਾਂਈ ਕੰਮ ਹੋਰ ਭੀ ਢਿਲਾ ਹੋ ਗਿਆ। 1929 ਦੇ ਸ਼ੁਰ ਵਿਚ 1928 ਦਾ ਹਸਾਬ ਫੋਲਣ ਲਈ ਪੰਜਾਂ ਆਦਮੀਆਂ ਦੀ ਇਕ ਪੜਤਾਲੀਆ ਕੁਮੇਟੀ ਮੁਕੱਰਰ ਹੋਈ। ਉਨ੍ਹਾਂ ਦੀ ਰਪੋਟ ਦੱਸਦੀ ਹੈ ਕਿ ਏਸ ਸਾਲ ਦੇ ਬਾਰੇ ਉਗਰਾਹੀ ਦੀਆਂ ਰਸੀਦਾਂ ਜਾਂ ਲਿਸਟਾਂ ਦੇ ਨਾ ਹੋਣ ਕਰਕੇ ਕੋਈ ਪਤਾ ਨਹੀਂ ਲਗਦਾ ਕਿ ਦੀਵਾਨ ਨੂੰ ਅਸਲੀ ਕਿਤਨਾ ਡਾਲਰ ਆਇਆ ਹੈ ਤੇ ਇਸ ਹਾਲਤ ਵਿਚ ਜੋ ਕਤਾਬਾਂ ਪੁਰ ਦਰਜ ਸੀ, ਬਿਨਾਂ ਚੈਕ ਕੀਤਿਆਂ ਉਹ ਹੀ ਮੰਨਣਾ ਪਿਆ। ਇਸ ਪੜਤਾਲੀਆ ਕੁਮੇਟੀ ਨੇ ਸੁਫਾਰਸ਼ ਕਰੀ ਕਿ ਅੱਗੇ ਨੂੰ ਇਕ ਉਹ ਭਾਈ ਦੀਵਾਨ ਦਾ ਸਕੱਤ੍ਰ ਬਣਾਇਆ ਜਾਏ ਜੋ ਹਸਾਬ ਕਤਾਬ ਰੱਖਣ ਦਾ ਪੂਰਾ ਜਾਣੂੰ ਹੋਵੇ। ਏਸਦਾ ਤੇ ਪ੍ਰਚਲਤ ਹਿਲਜੁਲ ਦਾ ਨਤੀਜਾ ਏਹ ਹੋਇਆ ਕਿ ਦੋ ਨੌਜੁਵਾਨ ਵਿਦਿਆਰਥੀ ਇਕ ਤਾਂ ਪੂਰਨ ਸਿੰਘ ਦਿਆਲ ਸਕੱਤ੍ਰ ਤੇ ਵਤਨ ਸਿੰਘ ਪਾਨੇਸਰ ਗਰੰਥੀ ਬਣਾਏ ਗਏ। ਸੰਗਤਾਂ ਨੂੰ ਹੁਣ ਆਸ ਹੋਈ ਕਿ ਕੰਮ ਕੁੱਛ ਦਰੁਸਤੀ ਪੁਰ ਤੁਰ ਪਏਗਾ। ਪਰ 1929 ਦੀ ਪੜਤਾਲ ਦਾ ਨਤੀਜਾ ਜੋ ਕਿ ਇਸ ਰੀਪੋਟ ਵਿਚ ਇਥੇ ਤੇ ਅੱਗੇ ਚਲ ਕੇ ਦਰਜ ਹੈ, ਉਹ ਦਸਦਾ ਹੈ ਕਿ ਸੰਗਤਾਂ ਨੂੰ ਇਸ ਆਸ ਵਿਚ ਨਰਾਸ ਹੀ ਹੋਣਾ ਪਿਆ। 1929 ਦੀ ਕੁਮੇਟੀ ਦੇ ਅਫਸਰਾਂ ਭਾਈ ਜਗਤ ਸਿੰਘ ਜੌਹਲ ਤੇ ਪੂਰਨ ਸਿੰਘ ਦਿਆਲ ਸਕੱਤ੍ਰ ਨੇ ਅਪਣਾ ਸਾਲ ਪੂਰਾ ਹੋਣ ਪੁਰ ਅਗਲੀ ਕੁਮੇਟੀ ਨੂੰ ਚਾਰਜ ਦੇਣ ਤੋਂ ਵੀਹ ਦਿਨ ਪਹਿਲਾਂ ਸੰਗਤ ਦੀ ਆਗਿਆ ਲਏ ਤੋਂ ਬਿਨਾਂ ਦੀਵਾਨ ਦਾ ਪੈਸਾ ਇਕ ਬੈਂਕ ਵਿਚੋਂ ਚੁਕ ਕੇ ਜਿਥੇ ਕੇ 21 ਸਾਲ ਸੁਸਾਇਟੀ ਦਾ ਹਸਾਬ ਰਿਹਾ ਸੀ, ਇਕ ਹੋਰ ਬੈਂਕ ਵਿਚ ਬਦਲਣਾ ਸ਼ੁਰੂ ਕੀਤਾ ਤੇ ਬਦਲ ਦਿੱਤਾ। ਇਸ ਦੀ ਬਾਬਤ ਸੰਗਤਾਂ ਵਿਚ ਘਬਰਾਹਟ ਬਹੁਤ ਵਧਦੀ ਗਈ। ਇਸ ਮਾਮਲੇ ਦਾ ਹੋਰ ਪੂਰਾ ਹਾਲ ਆਪ ਅਗੇ ਜਾ ਕੇ ਪੜ੍ਹੋਗੇ ਪਰ ਹੁਣ ਸਿਰਫ ਇਹ ਦਸਣਾ ਜ਼ਰੂਰੀ ਹੈ ਕਿ ਦੀਵਾਨ ਦੇ ਨਾਮ ਇਮਪੀਰੀਅਲ ਬੈਂਕ ਦੀ ਚਿਠੀ ਜਿਸ ਵਿਚ ਪੂਰਨ ਸਿੰਘ ਤੇ ਸੁਰੈਣ ਸਿੰਘ ਦੋਹਾਂ ਦਾ ਜ਼ਿਕਰ ਹੈ ਤੇ ਜੋ

ਅਗੇ ਜਾ ਕੇ ਦਰਜ਼ ਹੈ, ਸਾਫ ਦਸਦੀ ਹੈ ਕਿ ਸੰਗਤਾਂ ਦਾ ਭਰਮ ਐਵੇਂ ਨਹੀਂ ਸੀ ਤੇ ਗੁਰਦੁਆਰੇ ਦੇ ਅਫਸਰ ਦੀਵਾਨ ਦੇ ਪੈਸੇ ਨੂੰ ਇਕ ਬੈਂਕ ਤੋਂ ਦੂਜੇ ਵਿਚ ਬਦਲ ਕੇ ਜਾਂ ਬਦਲੀ ਛਦਲੀ ਕਰਨ ਦਾ ਭਰੋਸਾ ਦੇ ਕੇ ਆਪ ਅਪਣੀਆਂ ਨਿਜ ਦੀਆਂ ਗਰਜ਼ਾਂ ਲਈ ਬੈਂਕਾਂ ਤੋਂ ਪੈਸੇ ਉਧਾਰੇ ਲੈਂਦੇ ਸਨ।

ਕਿਥੇ ਭਾਈ ਭਗਵਾਨ ਸਿੰਘ ਦੁਸਾਂਝ ਦੇ ਸਮੇਂ, ਪ੍ਰੇਮ ਤੇ ਪਿਆਰ ਨਾਲ ਚਲ ਰਿਹਾ ਖਾਲਸਾ ਦੀਵਾਨ ਵੈਨਕੋਵਰ ਦਾ ਉੱਚਾ ਕੰਮ ਤੇ ਭਰਪੂਰ ਖਜ਼ਾਨੇ ਤੇ ਕਿਥੇ ਪੰਜ ਸਾਲਾਂ ਬ੍ਹਾਦ ਹੀ ਸਾਲ ਪੁਰ ਸਾਲ ਗਿਰਦਿਆਂ ਐਸਾ ਹਨੇਰ ਆਇਆ ਕਿ ਈਰਖਾ ਤੇ ਇਲਾਕੇ ਬਾਜ਼ੀ ਦੀ ਅੱਗ ਨੇ ਭੀ ਮੂੰਹ ਆ ਦਿਖਾਇਆ ਤੇ 1929 ਵਿਚ ਇਕ ਮਾਮੂਲੀ ਜਿਹੀ ਗਲ ਤੋਂ ਦੁਆਬੀਆਂ ਤੇ ਮਲਵਈਆਂ ਦੀ ਖਿਚੋਤਾਈ ਗੁਰਦੁਆਰੇ ਵਿਚ ਹੁੰਦੀ ਰਹੀ ਤੇ ਇਸ ਈਰਖਾ ਪੁਰ ਖੁਲੀ ਤਰਾਂ ਵਰਤੱਨ ਲਈ ਦੇਸ ਦੇ ਅਖਬਾਰਾਂ ਤਾਂਈ ਭੀ ਏਸ ਦੇ ਨੋਟਸ ਜਾ ਪਹੁੰਚੇ। ਏਸ ਖਿਚੋਤਾਈ ਨੂੰ ਨਜਿਠਣ ਲਈ ਦੁਆਬੇ ਤੇ ਮਾਲਵੇ ਦੇ ਜਿਨ੍ਹਾਂ ਨਿਰਪਖ ਤੇ ਭਲੇ ਪੁਰਸ਼ਾਂ ਨੇ ਅਵਾਜ਼ ਉਠਾਈ, ਉਨ੍ਹਾਂ ਨੂੰ ਭੀ ਧੱਕੇ ਪਏ। ਅੱਤ ਵੱਧਦੀ ਗਈ ਤੇ 1930 ਵਿਚ ਪ੍ਰਗਟ ਹੋਇਆ ਕਿ 1925 ਵਿਚ ਹੋਈ ਜ਼ਾਲਸਾਜ਼ੀ ਕਰਨ ਵਾਲਿਆਂ ਦੀ ਸੂਹ ਨਿਕਲ ਆਈ ਹੈ। ਸਭ ਮੁਜਰਮ ਦੁਆਬੇ ਤੋਂ ਸਨ। ਗੁਪਤੋ ਗੁਪਤੀ ਦੁਆਬੇ ਦੇ 18 ਆਦਮੀਆਂ ਦੀ ਇਕ ਕੁਮੇਟੀ ਦੇ ਸਾਹਮਣੇ ਉਹ ਪੇਸ਼ ਹੋਏ ਤੇ ਬਿਆਨ ਲੈਣ ਤੋਂ ਸਾਬਤ ਹੋਇਆ ਕਿ ਅਪ੍ਰਾਧੀ ਲੱਭ ਪਏ ਹਨ। ਪੰਜ ਪਿਆਰੇ ਚੁਣੇ ਗਏ ਤੇ ਉਨ੍ਹਾਂ ਨੂੰ ਬਿਆਨ ਦੱਸ ਕੇ ਕਿਹਾ ਗਿਆ ਕਿ ਤੁਸੀਂ ਕਸੂਰੀਆਂ ਨੂੰ ਤਨਖਾਹਾਂ ਲਾਓ। ਏਹ ਤਨਖਾਹਾਂ ਤੇ ਸਜ਼ਾਵਾਂ ਗੁਰਦੁਆਰੇ ਦੇ ਵਿਚ ਭਰੇ ਅਕੱਠ ਵਿਚ ਲਾਈਆਂ ਗਈਆਂ ਤੇ ਸਭਨਾਂ ਨੇ ਸੱਤ ਬਚਨ ਕਹਿ ਕੇ ਮੰਨੀਆਂ।

ਹੁਣ ਏਹ ਸਮਾਂ ਤੇ ਮੌਕਾ ਸੀ ਜਦ ਕਿ ਕਸੂਰੀਆਂ ਨੂੰ ਡੱਨ ਤੇ ਤਨਖਾਹਾਂ ਲੱਗ ਚੁੱਕੀਆਂ ਸਨ ਤੇ ਪ੍ਰਬੰਧਕਾਂ ਦਾ ਫਰਜ਼ ਸੀ ਕਿ ਇਨ੍ਹਾਂ ਨੂੰ ਉਗਰੌਹਣ ਦਾ ਪ੍ਰਬੰਧ ਕਰਦੇ ਤੇ ਇਸ ਤਰਾਂ ਸੰਗਤਾਂ ਵਿਚ ਭਰੋਸਾ ਤੇ ਵਿਸ਼ਵਾਸ ਕਾਇਮ ਹੋਣ ਲਗਦੇ। ਬਜਾਏ ਇਸ ਦੇ ਪੱਖਬਾਜ਼ੀਆਂ ਤੇ ਭਾਈਬੰਦੀਆਂ ਦਾ ਰਾਜ ਕਾਇਮ ਰਿਹਾ ਤੇ ਇਕ ਐਤਵਾਰ ਨੂੰ ਜਦ ਕਿ ਗੁਰਦੁਆਰੇ ਵਿਚ ਚੰਦ ਇਕ ਸੱਜਣ ਸਨ, ਹਮਜੋਲੀਆਂ ਨੇ ਹੀ ਇਹ ਪਾਸ ਕਰ ਲਿਆ ਕਿ ਚਿਕ ਪੁਰ ਜ਼ਾਲੀ ਦਸਖਤ ਕਰਨ ਵਾਲੇ ਤੇ 1929 ਵਿਚ ਰਹਿ ਚੁਕੇ ਦੀਵਾਨ ਦੇ ਪ੍ਰਧਾਨ ਭਾਈ ਜਗਤ ਸਿੰਘ ਜੌਹਲ ਨੂੰ ਲੱਗੀ ਤਨਖਾਹ ਮਾਫ ਕੀਤੀ ਜਾਵੇ ਤੇ ਦੀਵਾਨ ਦੀ ਮਿਨਟ ਬੁੱਕ ਸਫਾ 91 ਪੁਰ 23 ਨਵੰਬਰ 1930 ਦੀ ਤਰੀਕ ਦੇ ਕੇ ਸਕੱਤ੍ਰ ਦੀ ਅਪਣੀ ਹਥੀ ਨਹੀਂ, ਸਗੋਂ ਕਿਸੇ ਓਪਰੇ ਦੀ ਲਿਖਤ ਵਿਚ ਹੇਠ ਲਿਖੇ ਲਫਜ਼ ਦਰਜ਼ ਹਨ :

23-11-1930 ਨੂੰ ਪਾਸ ਕੀਤਾ ਕਿ ਜਗਤ ਸਿੰਘ ਜੌਹਲ ਨੂੰ ਜੋ ਤਨਖਾਹ ਲਾਈ ਗਈ ਸੀ ਚਿਕ ਵਾਰੇ ਉਹ ਮੁਆਫ ਕੀਤੀ ਜਾਵੇ।

ਇਸ ਨਾਲ ਦਸਖਤ ਸਕੱਤ੍ਰ ਮਹਾਂ ਸਿੰਘ ਦੇ ਹਨ। ਇਸ ਗੱਲ ਦੀ ਖਬਰ ਸੁਣਦਿਆਂ ਸਾਰ ਸੰਗਤਾਂ ਵਿਚ ਫੇਰ ਗੜਬੜ ਮੱਚ ਗਈ। ਡੰਕਨ, ਵਿਕਟੋਰੀਏ ਤੇ ਹੋਰ ਜਗਾ ਤੇ ਦੀਵਾਨਾਂ ਵਲੋਂ ਵੈਨਕੋਵਰ ਦੀਵਾਨ ਨੂੰ ਚਿਠੀਆਂ ਔਣ ਲਗੀਆਂ ਤੇ ਵਿਕਟੋਰੀਏ ਅਤੇ ਡੰਕਨ ਦੋਹਾਂ ਥਾਵਾਂ ਦੀਆਂ ਸੰਗਤਾਂ ਨੇ ਏਹ ਪਾਸ ਕਰ ਦਿੱਤਾ ਕਿ ਅਸੀਂ ਉਦੋਂ ਤੱਕ ਗੁਰਦੁਆਰਾ ਵੈਨਕੋਵਰ ਨੂੰ ਕੋਈ ਸਹਾਇਤਾ ਨਹੀਂ ਭੇਜਾਂਗੇ, ਜਦ ਤੱਕ ਕਿ ਜ਼ਾਲਸਾਜ਼ੀ ਦਾ ਉਪ੍ਰਾਧ ਕਰਨ ਵਾਲਿਆਂ ਨੂੰ ਲੱਗ ਚੁੱਕੀਆਂ ਤਨਖਾਹਾਂ ਨਹੀਂ

ਵਸੂਲੀਆਂ ਜਾਂਦੀਆਂ ਤੇ ਨਤੀਜਾ ਇਹ ਹੈ ਕਿ ਹੇਠ ਲਿਖੀਆਂ 1930 ਬੜੇ ਦਿਨ ਦੇ ਜੋੜ ਮੇਲ ਲਈ ਗੁਰਦੁਆਰਾ ਵੈਨਕੋਵਰ ਲਈ ਉਗਰਾਹੀਆਂ ਰਕਮਾਂ ਡੰਕਨ ਤੇ ਵਿਕਟੋਰੀਏ ਤੋਂ ਅਜੇ ਵੈਨਕੋਵਰ ਦੀਵਾਨ ਨੂੰ ਨਹੀਂ ਪੁੱਜੀਆਂ...

ਡੰਕਨ ਦੀਵਾਨ $220-50 ਵਿਕਟੋਰੀਆ ਦੀਵਾਨ $113-50

1930 ਦਾ ਸਾਲਾਨਾ ਜੋੜ ਮੇਲ ਹੋ ਹੀ ਰਿਹਾ ਸੀ, ਜਦ ਕਿ ਅਖਬਾਰਾਂ ਵਿਚ ਪ੍ਰਕਾਸ਼ਤ ਹੋਇਆ ਕਿ ਗੁਰਦੁਆਰਾ ਵੈਨਕੋਵਰ ਦਾ ਸਕੱਤ੍ ਭਾਈ ਮਹਾਂ ਸਿੰਘ ਅਪਣੇ ਘਰ ਨੂੰ ਅੱਗ ਲਾ ਦੇਣ ਦੇ ਜ਼ੁਰਮ ਵਿਚ ਪੁਲਸ ਨੇ ਗਰਿਫਤਾਰ ਕਰ ਲਿਆ ਹੈ। ਇਸੇ ਸਮੇਂ ਦੇ ਨੇੜੇ ਹੀ ਇਹ ਭੀ ਪ੍ਰਗਟ ਹੋਇਆ ਕਿ ਭਾਈ ਸੁਰੈਣ ਸਿੰਘ ਮੁਹੇਮ 1930 ਵੈਨਕੋਵਰ ਗੁਰਦੁਆਰਾ ਕੁਮੇਟੀ ਦੇ ਪ੍ਰਧਾਨ (ਤੇ ਹੁਣ ਨਧੜਕ ਕਨੇਡੀਅਨ ਪਰਚੀ ਦੇ ਐਡੀਟਰ) ਨੂੰ ਵੈਨਕੋਵਰ ਪੁਲਸ ਕੋਰਟ ਵਿਚ ਚੋਰੀ ਕਰਨ ਦਾ ਮੁਜ਼ਰਮ ਹੋਣ ਕਰਕੇ $200-00 ਦੋ ਸੌ ਡਾਲਰ ਜ਼ੁਰਮਾਨੇ ਦੀ ਸਜ਼ਾ ਹੋਈ ਹੈ। 1930 ਦੀ ਵੈਨਕੋਵਰ ਗੁਰਦੁਆਰਾ ਕੁਮੇਟੀ ਦੇ ਏਨ੍ਹਾਂ ਆਗੂਆਂ ਤੇ ਅਫਸਰਾਂ ਦੇ ਪ੍ਰਗਟ ਹੋਏ ਹਾਨੀਕਾਰਕ ਕਰਮਾਂ ਨੇ ਸੰਗਤ ਦੇ ਦਿਲ ਪੁਰ ਭਾਰੀ ਸੱਟ ਮਾਰੀ ਤੇ ਉਨ੍ਹਾਂ ਦਾ ਹਿਰਦਾ ਦਿਨ ਪੁਰ ਦਿਨ ਗੁਰਦੁਆਰੇ ਵਲੋਂ ਹੋਰ ਭੀ ਨਰਾਸ ਤੇ ਖੱਟਾ ਹੁੰਦਾ ਗਿਆ ਤੇ ਮੰਗ ਪੁਰ ਮੰਗ ਔਣ ਲੱਗੀ ਕਿ ਜਦ ਤੱਕ ਪਿਛਲੇ ਸਾਲਾਂ ਦੀ ਫੋਲਾ ਫਾਲੀ ਨਹੀਂ ਹੁੰਦੀ, ਕਸੂਰੀਆਂ ਤੋਂ ਤਨਖਾਹਾਂ ਨਹੀਂ ਉਗਰਾਹੀਆਂ ਜਾਂਦੀਆਂ ਤੇ ਏਹ ਨਹੀਂ ਸਮਝਾਇਆ ਜਾਂਦਾ ਕਿ ਬੈਂਕਾਂ ਦੀ ਬਦਲੀ ਕਿਉਂ ਕੀਤੀ ਗਈ ਸੀ, ਓਦੋਂ ਤੱਕ ਦੀਵਾਨ ਦੇ ਤੇ ਗੁਰਦੁਆਰੇ ਦੇ ਕੰਮ ਦੇ ਬਾਰੇ ਸੰਗਤਾਂ ਵਿਚ ਧੀਰਜ ਤੇ ਸ਼ਾਂਤੀ ਨਹੀਂ ਆ ਸਕਦੇ। ਇਸ ਹਾਲਤ ਵਿਚ ਇਕ ਖਾਸ ਅਕੱਠ ਵਿਚ 20 ਸਤੰਬਰ 1931 ਨੂੰ ਸੰਗਤਾਂ ਨੇ ਇਹ ਪੜਤਾਲੀਆ ਕੁਮੇਟੀ ਚੁਣੀ। ਪੜਤਾਲੀਆ ਕੁਮੇਟੀ ਵਲੋਂ ਇਹ ਰੀਪੋਰਟ 16 ਜਨਵਰੀ 1932 ਨੂੰ ਸਾਲਾਨਾ ਜੋੜ ਮੇਲ ਵਿਚ ਸੁਣਾਈ ਗਈ ਤੇ ਦਸਿਆ ਗਿਆ ਕਿ ਛਾਪ ਕੇ ਸੰਗਤਾਂ ਕੋਲ ਭੇਜੀ ਜਾਵੇਗੀ। ਉਸੇ ਹੀ ਵੇਲੇ ਸਾਲਾਨਾ ਜੋੜ ਮੇਲ ਵਿਚ ਚਿਕ ਦੀ ਜਾਲਸਾਜ਼ੀ ਕਰਨ ਵਾਲੇ ਦੋਸੀਆਂ ਨੂੰ ਖੜ੍ਹਾ ਕਰਕੇ ਪੁੱਛਿਆ ਗਿਆ ਕਿ ਤੁਸੀਂ ਤਨਖਾਹਾਂ ਤੇ ਸਜ਼ਾਵਾਂ ਕਿਉਂ ਨਹੀਂ ਦਿੰਦੇ। ਸਾਰੇ ਕਸੂਰੀਆਂ ਨੇ ਸਣੇ ਭਾਈ ਜਗਤ ਸਿੰਘ ਜੌਹਲ ਦੇ ਉੱਠ ਕੇ ਤਨਖਾਹਾਂ ਮੰਨੀਆਂ ਤੇ ਉਸੇ ਹੀ ਵੇਲੇ ਚਿਕਾਂ ਦੇ ਦਿਤੀਆਂ। ਪਰ ਬ੍ਰਾਦ ਵਿਚ ਪਤਾ ਲੱਗਾ ਕਿ ਭਾਈ ਜਗਤ ਸਿੰਘ ਜੌਹਲ ਨੇ $75-00 ਡਾਲਰਾਂ ਦੀ ਬਜਾਏ ਸਿਰਫ $25-00 ਡਾਲਰਾਂ ਦੀ ਚਿਕ ਦਿੱਤੀ ਹੈ ਤੇ ਉਹ ਭੀ ਬੈਂਕ ਵਿਚ ਜਾ ਕੇ ਕੈਸ਼ ਹੋਣ ਤੋਂ ਰੋਕ ਦਿੱਤੀ ਹੈ ਤੇ ਉਹ ਭੀ ਅਜੇ ਤੱਕ ਨਹੀਂ ਤੁੱਟੀ। ਬਾਕੀਆਂ ਦੀਆਂ ਤਨਖਾਹਾਂ ਨਿਬੜ ਰਹੀਆਂ ਹਨ।

ਥੋੜੇ ਅੱਖਰਾਂ ਵਿਚ ਏਹ ਅਫਸੋਸਨਾਕ ਵਿਥਿਆ ਉਸ ਸਮੇਂ ਦੀ ਹੈ, ਜਦ ਕੇ ਖਾਲਸਾ ਦੀਵਾਨ ਵੈਨਕੋਵਰ ਦੇ ਕੰਮ ਵਿਚ ਉਹ ਬੇਦਸਤੂਰੀਆਂ ਤੇ ਉੱਪਦਰਵ ਵਧੇ ਜੋ ਕਿ ਜਾਣ ਬੁੱਝ ਕੇ ਕੀਤੇ ਗਏ, ਪਰ ਵਾਹਿਗੁਰੂ ਦਾ ਸ਼ੁਕਰ ਹੈ ਕਿ ਸਮੇਂ ਨੇ ਪਲਟਾ ਖਾਧਾ ਹੈ ਤੇ ਸਾਰੇ ਔਗੁਣ ਕੱਢ ਕੇ ਪੜਤਾਲੀਆ ਕੁਮੇਟੀ ਦੀਆਂ ਸੁਫਾਰਸ਼ਾਂ ਦੇ ਅਨੁਸਾਰ ਹੁਣ 1932 ਦੀ ਦੀਵਾਨ ਦੀ ਕੁਮੇਟੀ ਨੇ ਦੀਵਾਨ ਦੇ ਹਸਾਬ ਕਤਾਬ ਤੇ ਕੰਮ ਨੂੰ ਪੂਰਨ ਤੇ ਵਧੀਆ ਤਰੀਕਿਆਂ ਪੁਰ ਲੈ ਆਂਦਾ ਹੈ।

ਉੱਪਰ ਲਿਖਿਆ ਛਪਣ ਨੂੰ ਤਿਆਰ ਹੋ ਜਾਣ ਤੋਂ ਬ੍ਰਾਦ ਪੜਤਾਲੀਆ ਕੁਮੇਟੀ ਨੂੰ ਪਤਾ ਲੱਗਾ ਹੈ ਕਿ ਪੂਰਨ ਸਿੰਘ ਜੋ 1929 ਵਿਚ ਦੀਵਾਨ ਦਾ ਸੈਕਰੇਟਰੀ ਸੀ ਤੇ ਜਿਸ ਦਾ ਹਸਾਬ ਪੜਤਾਲੀਆ ਕੁਮੇਟੀ ਨੇ ਫੋਲਿਆ ਹੈ ਉਹ 1931 ਵਿਚ ਆਪ

ਨੂੰ ਖਾਲਸਾ ਦੀਵਾਨ ਦਾ ਸਕੱਤ੍ਰ ਲਿਖ ਕੇ ਬਾਹਰ ਚਿਠੀਆਂ ਲਿਖਦਾ ਰਿਹਾ ਸੀ। ਇਸ ਦੇ ਸਬੂਤ ਲਈ ਉਸ ਦੀ ਅਪਣੀ ਹਥੀ ਲਿਖੀ ਚਿਠੀ ਦਾ ਫੋਟੋ ਛਾਪ ਕੇ ਸੰਗਤਾਂ ਦੀ ਭੇਟਾ ਕੀਤਾ ਜਾਂਦਾ ਹੈ। ਸੱਚ ਤਾਂ ਏਹ ਹੈ ਕਿ 1931 ਵਿਚ ਖਾਲਸਾ ਦੀਵਾਨ ਵੈਨਕੋਵਰ ਦਾ ਸਕੱਤ੍ਰ ਭਾਈ ਸ਼ਾਮ ਸਿੰਘ ਜੰਡਿਆਲੀ ਸੀ ਤੇ ਇਹ ਗਲ ਹੈਰਾਨਗੀ ਵਾਲੀ ਹੈ ਕਿ ਪੂਰਨ ਸਿੰਘ ਸਕੱਤ੍ਰ ਖਾਲਸਾ ਦੀਵਾਨ ਵੈਨਕੋਵਰ ਦੇ ਨਾਮ ਗੁਰਦੁਆਰੇ ਦੇ ਪੱਤੇ ਆਈਆਂ ਚਿਠੀਆਂ ਉਸ ਨੂੰ ਬਗੈਰ ਸਕੱਤ੍ਰ ਸ਼ਾਮ ਸਿੰਘ ਦੀ ਮਦੱਤ ਤੋਂ ਕਿਸ ਤਰਾਂ ਮਿਲਣ ਦੀ ਆਸਾ ਹੋ ਸਕਦੀ ਸੀ। ਪੜਤਾਲੀਆ ਕੁਮੇਟੀ ਇਸ ਧੋਖੇਬਾਜ਼ੀ ਨੂੰ ਸੰਗਤ ਦੇ ਅਗੇ ਪੇਸ਼ ਕਰਦੀ ਹੈ।

[ਨੋਟ: ਪੂਰਨ ਸਿੰਘ ਦਿਆਲ ਦੀ ਜਿਸ ਚਿਠੀ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਉਸ ਦਾ ਲਫਜ਼ 2 ਲਿਖਿਆ ਜਾਂਦਾ ਹੈ। —*ਅਰਜਨ ਸਿੰਘ ਚੰਦ*]

Vancouver, B.C.
D. 5/4/31

ੴ ਸਤਿਗੁਰ ਪ੍ਰਸਾਦਿ

ਸ਼੍ਰੀਮਾਨ ਮਾਨਯੋਗ ਪ੍ਰਮ ਕਿਰਪਾਲੂ ਗ੍ਰੰਥੀ ਜੀਉ। ਆਪ ਜੀ ਨੂੰ ਦਾਸ ਵਲੋਂ ਫਤਹ ਪ੍ਰਵਾਨ ਹੋਵੇ ਜੀ।

ਦਾਸ ਹਰ ਤਰਾਂ ਤੇ ਸੁਖ ਅਨੰਦ ਹੈ ਜੀ ਤੇ ਆਪ ਜੀ ਹੋਰਾਂ ਦੀ ਸੁਖ ਅਨੰਦ ਸਦਾ ਹੀ ਵਾਹਿਗੁਰੂ ਜੀ ਪਾਸੋਂ ਚਾਹੁੰਦਾ ਹੈ ਜੀ। ਸਮਾਚਾਰ ਇਹ ਹੈ ਜੀ ਕਿ ਦਾਸ ਨੇ ਤਿਨ ਚਿਠੀਆਂ ਬੀਬੀ ਸ਼ਿਆਮ ਕੌਰ ਸਪਤਨੀ ਭਾਈ ਮੇਹਰ ਸਿੰਘ ਪਿੰਡ ਸ਼ੰਕਰ ਜ਼ਿਲਾ ਜਲੰਧਰ ਵਾਲੇ ਦੇ ਨਾਮ ਤੇ ਪਾਇਆ ਹੈ ਜੀ ਤੇ ਉਨਾਂ ਵਿਚੋਂ ਇਕ ਚਿਠੀ ਰਜਸਟ੍ਰੀ ਹੈ ਜੀ ਤੇ ਇਹ ਸਭ ਚਿਠੀਆਂ ਇਕ ਹੀ ਦਿਨ ਆਪ ਨੂੰ ਮਿਲਣਗੀਆਂ ਜੀ। ਜਿਸ ਵਖਤ ਇਹ ਚਿਠੀਆਂ ਆਪ ਜੀ ਨੂੰ ਮਿਲਣ ਆਪ ਨੇ ਕਿਰਪਾ ਕਰ ਕੇ ਇਹ ਓਨਾਂ ਨੂੰ ਦੇ ਦੇਨੀਆਂ ਜੀ। ਆਪ ਦਾ ਅਤੀ ਧਨਵਾਦੀ ਹੂੰਗਾ ਜੀ। ਇਹ ਕੰਮ ਜ਼ਰੂਰੀ ਹੈ ਜੀ ਤੇ ਇਹ ਚਿਠੀਆਂ ਓਨਾਂ ਨੂੰ ਦਿੰਦਿਆਂ ਹੋਇਆਂ ਆਪ ਨੇ ਸ਼ਿਆਮ ਕੌਰ ਨੂੰ ਕਹ ਦੇਣਾ ਕਿ ਕਿਸੀ ਬਾਇਤਬਾਰ ਆਦਮੀ ਤੋਂ ਪੜਾਹਵੇ ਔਰ ਆਪ ਨੇ ਦਾਸ ਨੂੰ ਭੀ ਇਸ ਚਿਠੀ ਦਾ ਜਵਾਬ ਦੇਣਾ ਜੀ। ਜੋ ਕਿ ਇਸ ਵਖਤ ਮੈਂ ਆਪ ਨੂੰ ਲਿਖ ਰਿਹਾ ਹੈ ਜੀ ਤੇ ਬੀਬੀ ਸ਼ਿਆਮ ਕੌਰ ਜਿਸ ਵੇਲੇ ਗੁਰਦਿਵਾਰੇ ਪਹੁੰਚੇ ਉਨਾਂ ਦੀ ਤਨਦਰੁਸਤੀ ਦੀ ਬਾਬਤ ਪਤਾ ਲੈ ਕੇ ਲਿਖਨਾ ਜੀ, ਕਿਉਂਕੇ ਓਹ ਇਥੋਂ ਬੀਮਾਰ ਹੋ ਕੇ ਤੁਰੇ ਹੈ ਜੀ ਔਰ ਦੂਸਰੇ ਆਦਮੀ ਭੀ ਬੀਮਾਰ ਹੈ ਜੀ। ਇਸ ਕਰਕੇ ਆਪ ਜ਼ਰੂਰ ਹੀ ਓਨਾਂ ਹੀ ਖਬਰਗੀਰੀ ਰਖਨੀ ਜੀ। ਜਿਤਨਾ ਚਿਰ ਓਹ ਆਪ ਰਹਿਣ ਜੀ ਤੇ ਜੇ ਕੋਈ ਤਕਲੀਫ ਹੋਵੇ ਤਾਂ ਦਾਸ ਨੂੰ ਲਿਖਨਾ ਜੀ। ਉਮੈਦ ਹੈ ਕਿ ਓਹ ਆਪ ਪਾਸ 24 ਅਪ੍ਰੈਲ ਨੂੰ ਪਹੁੰਚ ਜਾਣਗੇ ਜੀ। ਇਸ ਤੋਂ ਬ੍ਰਾਦ ਵਿਚ ਭੀ ਦਾਸ ਆਪ ਦੀ ਸੇਵਾ ਚਿਠੀ ਲਿਖੇਗਾ ਜੀ। ਜਵਾਬ ਜ਼ਰੂਰੀ ਦੇਣਾ ਜੀ। ਸਭ ਸੰਗਤ ਜੀ ਕੋ ਫਤਹ ਪ੍ਰਵਾਨ ਹੋਵੇ ਜੀ।

ਆਪ ਦਾ ਦਾਸ

ਪੂਰਨ ਸਿੰਘ ਸਕੱਤ੍ਰ, ਖਾਲਸਾ ਦੀਵਾਨ ਸੋਸਾਇਟੀ ਵੈਨਕੋਵਰ

ਇਸ ਐਡਰੈਸ ਤੇ ਚਿਠੀ ਦਾ ਜੁਵਾਬ ਦੇਣਾ ਜੀ।

Puran Singh Secretary, Khalsa Diwan Society, Vancouver, B.C.

ਹਸਾਬ ਦੀ ਪੜਤਾਲ 1928

2-1928 ਕੰਮ ਸ਼ੁਰੂ ਕਰਦਿਆਂ ਸਾਰ ਹੀ ਪੜਤਾਲੀਆ ਕੁਮੇਟੀ ਨੂੰ ਪਤਾ ਲੱਗਾ ਕਿ 1929 ਵਿਚ ਦੀਵਾਨ ਵਲੋਂ ਇਕ ਖਾਸ ਮੁਕਰਰ ਹੋਈ ਪੜਤਾਲੀਆ ਕੁਮੇਟੀ 1928 ਦੇ ਹਸਾਬ ਦੀ ਪੜਤਾਲ ਕਰ ਚੁਕੀ ਹੈ ਤੇ ਰੀਪੋਰਟ ਦੀਵਾਨ ਦੇ ਪੇਸ਼ ਹੋ ਚੁੱਕੀ ਹੈ ਤੇ ਖੋਜ ਕਰਨ ਤੋਂ ਇਹ ਭੀ ਮਲੂਮ ਹੋਇਆ ਕਿ 1929 ਵਿਚ ਪੜਤਾਲ ਹੋ ਚੁਕੀ ਕਰਕੇ ਹੁਣ 1928 ਦੇ ਬਾਰੇ ਰਸੀਦਾਂ ਪੱਤ੍ਰ ਭੀ ਪੂਰੇ ਨਹੀਂ ਲੱਭ ਸਕਦੇ। ਇਸ ਲਈ ਇਸ ਲਾਚਾਰੀ ਕਰਕੇ ਪੜਤਾਲੀਆ ਕੁਮੇਟੀ ਦੇ ਮੈਂਬਰਾਂ ਨੇ ਇਹ ਹੀ ਫੈਸਲਾ ਕੀਤਾ ਕਿ 1928 ਦੇ ਬਾਰੇ 1929 ਵਿਚ ਦੀਵਾਨ ਦੇ ਪੇਸ਼ ਹੋ ਚੁਕੀ ਰੀਪੋਰਟ ਨੂੰ ਹੀ ਸੰਗਤ ਮਨਜ਼ੂਰ ਕਰੇ ਤੇ ਇਸ ਤੋਂ ਜ਼ਿਆਦਾ ਹੁਣ ਹੋਰ ਕੁੱਛ ਨਹੀਂ ਹੋ ਸਕਦਾ। ਉਹ ਰੀਪੋਰਟ ਵਖਰੀ ਛਾਪ ਕੇ ਇਸ ਰੀਪੋਰਟ ਦੇ ਨਾਲ ਹੀ ਪ੍ਰਕਾਸ਼ਤ ਕੀਤੀ ਗਈ ਹੈ। ਬਾਕੀ 1929 ਤੇ 1930 ਦੋ ਸਾਲਾਂ ਦੀ ਫੋਲਾ ਫਾਲੀ ਹੁਣ ਕੀਤੀ ਗਈ ਹੈ ਤੇ ਉਸ ਦਾ ਨਤੀਜਾ ਆਪ ਦੇ ਹੁਣ ਪੇਸ਼ ਕੀਤਾ ਜਾਂਦਾ ਹੈ।

1929

ਸੰਨ 1929 ਦੀ ਪ੍ਰਬੰਧਕ ਕੁਮੇਟੀ ਦਾ ਸਕੱਤ੍ਰ ਭਾਈ ਪੂਰਨ ਸਿੰਘ ਦਿਆਲ ਸੀ ਤੇ ਉਸ ਦਾ ਸਾਲ ਫਰਵਰੀ 1-1929 ਤੋਂ ਤੁਰ ਕੇ 31 ਜਨਵਰੀ 1930 ਤੱਕ ਪੂਰਾ ਹੋਇਆ। ਪੂਰਨ ਸਿੰਘ ਦਿਆਲ ਦੇ ਅਪਣੇ ਹੱਥੀ ਲਿਖੇ ਹਸਾਬ ਨੂੰ ਪੂਰੀ ਤਰਾਂ ਚੈੱਕ ਕੀਤਾ ਤੇ ਪਰਖਿਆ ਗਿਆ ਹੈ ਅਤੇ ਦੀਵਾਨ ਦੀਆਂ ਕਤਾਬਾਂ ਦੇ ਅਨੁਸਾਰ ਤੇ ਪੂਰਨ ਸਿੰਘ ਦਿਆਲ ਦੇ ਅਪਣੇ ਹੱਥੀ ਲਿਖੇ ਦੇ ਅਨੁਸਾਰ ਉਸ ਨੇ ਇਸ ਵਕਤ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ $201-01 ਦੇਣੇ ਹਨ। ਇਸ ਨੂੰ ਖੋਲ ਕੇ ਸਮਝੌਣ ਲਈ ਅਸੀ ਦੀਵਾਨ ਦੀ ਕੈਸ਼ ਬੁੱਕ ਦੇ ਸਫਿਆਂ 487 ਤੇ 488 ਦਾ ਅਕੱਠਾ ਫੋਟੋ ਅਗਲੇ ਸਫੇ ਪੁਰ ਛਾਪਦੇ ਹਾਂ। ਏਹ ਹੂ-ਬਹੂ ਪੂਰਨ ਸਿੰਘ ਦੀ ਆਪਣੀ ਹਥੀ ਲਿਖਤ ਹੈ ਤੇ ਇਸ ਵਿੱਚ ਉਹ ਅਗਲੇ (1930) ਦੇ ਸਕੱਤ੍ਰ ਨੂੰ ਚਾਰਜ ਦਿੱਤੀ ਰਕਮ ਦਾ ਭੀ ਵੇਰਵਾ ਦੱਸਦਾ ਹੈ। ਇਸ ਵਿਚ ਜੋ ਥੋੜਾਂ ਜਾਂ ਗਲਤੀਆਂ ਹਨ, ਉਨ੍ਹਾਂ ਨੂੰ ਅਸੀ ਹੁਣ ਹੇਠਾਂ ਸਮਝੌਂਦੇ ਹਾਂ :

ਪੜਤਾਲੀਆ ਕੁਮੇਟੀ ਨੇ ਦਰੁਸਤ ਕਰੀਆਂ ਰਕਮਾਂ :	*ਡਾਲੇ-ਸੈਂਟ*
ਜੋ ਰਕਮ ਪੂਰਨ ਸਿੰਘ ਨੇ 1928 ਦੇ ਸਕੱਤ੍ਰ ਤੋਂ ਚਾਰਜ ਲਈ	$15230-56
ਪੂਰਨ ਸਿੰਘ ਦੇ ਵਕਤ 1929 ਦੀ ਕੁਲ ਆਮਦਨ	$6950-16
ਟੋਟਲ	$22180-72
ਪੂਰਨ ਸਿੰਘ ਦੇ ਵਕਤ 1929 ਦਾ ਕੁਲ ਖ਼ਰਚ	$11358-71
ਜੋ ਰਕਮ ਪੂਰਨ ਸਿੰਘ ਨੇ 1930 ਦੇ ਸਕੱਤ੍ਰ ਮੀਹਾਂ ਸਿੰਘ ਨੂੰ ਦੇਣੀ ਸੀ	$10822-01
ਜੋ ਰਕਮ ਪੂਰਨ ਸਿੰਘ ਨੇ ਅਸਲ ਵਿਚ ਮੀਹਾਂ ਸਿੰਘ ਨੂੰ ਦਿੱਤੀ	$10621-00
ਪੂਰਨ ਸਿੰਘ ਨੇ ਚਾਰਜ ਦੇਣ ਵਿਚ ਅਗਲੇ ਸਕੱਤ੍ਰ ਨੂੰ ਜੋ ਰਕਮ ਘੱਟ ਦਿੱਤੀ ਤੇ ਜੋ ਉਹ ਹੁਣ ਦੀਵਾਨ ਦਾ ਦੇਣਹਾਰ ਹੈ	$201-01

ਇਹ ਤਾਂ ਅਸੀਂ ਅੱਗੇ ਦਸ ਹੀ ਚੁਕੇ ਹਾਂ ਕਿ 1929 ਦੀ ਕੁਮੇਟੀ 26 ਜਨਵਰੀ 1930 ਨੂੰ ਬਦਲ ਜਾਣੀ ਸੀ ਤੇ ਇਸ ਤੋਂ ਕਰੀਬ ਇਕ ਮਹੀਨਾ ਪਹਿਲਾਂ 22 ਦਸੰਬਰ 1929 ਨੂੰ ਦੀਵਾਨ ਦੀ ਮਿਨਟ ਬੁੱਕ ਪੁਰ ਐਉਂ ਦਰਜ ਹੈ :

ਕੁਮੇਟੀ ਦੇ ਮੈਂਬਰਾਂ ਦੀ ਮੀਟਿੰਗ (ਅੱਜ 22 ਦਸੰਬਰ 1929 ਨੂੰ) ਕੁਮੇਟੀ ਦੇ ਦਫਤਰ ਵਿਚ ਹੋਈ ਤੇ ਹੇਠ ਲਿਖੇ ਮੈਂਬਰ ਹਾਜ਼ਰ ਹੋਏ : ਜਗਤ ਸਿੰਘ ਜੌਹਲ ਪ੍ਰਧਾਨ, ਪੂਰਨ ਸਿੰਘ ਸਕੱਤ੍ਰ, ਵਤਨ ਸਿੰਘ ਲੇਟ ਗਰੰਥੀ, ਸ਼ਿਆਮ ਸਿੰਘ ਜੰਡਿਆਲੀ, ਸ਼ਮੀਰ ਸਿੰਘ ਖਜਾਨਚੀ।

ਕੁਮੇਟੀ ਨੇ ਸਰਬ ਸਮਤੀ ਨਾਲ ਪਾਸ ਕੀਤਾ ਕਿ ਖਾਲਸਾ ਦੀਵਾਨ ਸੁਸਾਇਟੀ ਦਾ ਸਾਰਾ ਪੈਸਾ ਜੋ ਕੇ ਇਮਪੀਰੀਅਲ ਬੈਂਕ ਔਫ ਕੈਨੇਡਾ ਫੇਅਰਵਿਊ ਬਰਾਂਚ ਵਿਚ ਚਲਤ ਬੁੱਕ ਤੇ ਸੇਵਿੰਗ ਤੇ ਬਬਰ ਫੰਡ ਵਾਲੇ ਬੁੱਕ ਤੇ ਹੈ, ਕੈਨੇਡੀਅਨ ਬੈਂਕ ਔਫ ਕਾਮਰਸ ਫੇਅਰਵਿਊ ਬਰਾਂਚ ਵਿਚ ਬਦਲਿਆ ਜਾਵੇ।

ਦਸਖਤ ਜਗਤ ਸਿੰਘ, ਪੂਰਨ ਸਿੰਘ

ਸੰਗਤਾਂ ਵਿਚ ਗੜਬੜ ਏਹ ਸ਼ੱਕ ਦੇ ਕਾਰਨ ਭੀ ਸੀ ਕਿ ਇਨ੍ਹਾਂ ਅਫਸਰਾਂ ਨੇ ਜਾਣ ਲਗਿਆਂ ਹਫੜਾ ਦਫੜੀ ਵਿਚ ਏਸ ਤਰਾਂ ਬਗੈਰ ਸੰਗਤ ਨੂੰ ਪੁਛਿਆਂ ਦੀਵਾਨ ਦਾ ਪੈਸਾ ਬਦਲਣ ਦਾ ਕੰਮ ਨਵੇਂ ਬੈਂਕ ਤੋਂ ਆਪਣੀਆਂ ਨਿਜ ਦੀਆਂ ਗਰਜ਼ਾਂ ਲਈ ਕਰਜ਼ੇ ਆਦ ਲੈਣ ਲਈ ਕੀਤਾ ਹੈ। ਏਸ ਗਲ ਦੀ ਖੋਜ ਜਿਥੇ ਤੱਕ ਹੋ ਸਕਿਆ ਹੈ ਪੜਤਾਲਿਆ ਕੁਮੇਟੀ ਦੇ ਮੈਂਬਰਾਂ ਨੇ ਕੀਤੀ ਹੈ ਤੇ ਇਹ ਸਾਬਤ ਹੋਇਆ ਹੈ ਕਿ ਇਨ੍ਹਾਂ ਅਫਸਰਾਂ ਦੇ ਜਾਤੀ ਕਾਰ ਵਿਹਾਰ ਤਾਂ ਨਵੇਂ ਬੈਂਕ ਨਾਲ ਰਹੇ ਹਨ, ਪਰ ਇਮਪੀਰੀਅਲ ਬੈਂਕ ਦੇ ਮੈਨੇਜਰ ਦੀ ਦੀਵਾਨ ਦੇ ਨਾਮ ਆਈ ਚਿਠੀ ਜੋ ਕਿ ਹੇਠਾਂ ਛਾਪੀ ਜਾਂਦੀ ਹੈ, ਉਸ ਵਿਚ ਜੋ ਕੁੱਛ ਭੀ ਲਿਖਿਆ ਹੋਇਆ ਹੈ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਸੰਗਤਾਂ ਦਾ ਭਰਮ ਐਵੇਂ ਨਹੀਂ ਸੀ ਤੇ ਦੀਵਾਨ ਦੇ ਅਫਸਰ ਜ਼ਰੂਰ ਅਪਣੀਆਂ ਗਰਜ਼ਾਂ ਦੇ ਲਈ ਦੀਵਾਨ ਦੇ ਬੈਂਕਾਂ ਦੀ ਅਦਲਾ ਬਦਲੀ ਕਰਕੇ ਜਾਂ ਕਰਨ ਦੇ ਭਰੋਸੇ ਦੇ ਕੇ ਨਿਜ ਦੇ ਕਰਜ਼ੇ ਆਦ ਲੈਂਦੇ ਰਹੇ ਹਨ। ਇਮਪੀਰੀਅਲ ਬੈਂਕ ਦੀ ਦੀਵਾਨ ਦੇ ਨਾਮ ਆਈ ਚਿਠੀ ਹੇਠਾਂ ਪੜ੍ਹੋ :

[*ਨੋਟ :* ਇਮਪੀਰੀਅਲ ਬੈਂਕ ਦੇ ਮੈਨੇਜਰ ਵਲੋਂ ਅੰਗਰੇਜ਼ੀ ਵਿਚ ਭੇਜੀ ਚਿਠੀ ਦਾ ਉਲਥਾ ਗੁਰਮਖੀ ਵਿਚ ਹੈ, ਜੋ ਕਿ ਨੀਚੇ ਲਫਜ਼ ਲਫਜ਼ ਲਿਖਿਆ ਜਾਂਦਾ ਹੈ।

—ਅਰਜਨ ਸਿੰਘ ਚੰਦ]

ਇਮਪੀਰੀਅਲ ਬੈਂਕ ਔਫ ਕੈਨੇਡਾ ਫੇਅਰਵੀਊ ਬਰਾਂਚ

ਵੈਨਕੋਵਰ ਬੀ.ਸੀ. ਜੁਲਾਈ 29, 1931

ਜੋਗ ਖਾਲਸਾ ਦੀਵਾਨ ਸੁਸਾਇਟੀ ਸਿਖ ਟੈਂਪਲ ਵੈਸਟ ਸੈਕਿੰਡ ਐਵਨੀਊ, ਵੈਨਕੋਵਰ

ਪਿਆਰੇ ਜੀ, ਸਾਥੋਂ ਮੰਗ ਕੀਤੀ ਗਈ ਹੈ ਕਿ ਅਸੀਂ ਬੈਂਕ ਨਾਲ ਸੁਸਾਇਟੀ ਦੇ ਪਿਛਲੇ ਦੋ ਤਿਨ ਸਾਲਾਂ ਦੇ ਹਸਾਬ ਕਤਾਬ ਦੇ ਬਾਰੇ ਕੁੱਛ ਪਤਾ ਦੇਈਏ ਤੇ ਖਾਸ ਕਰਕੇ ਜਨਵਰੀ ਤੇ ਫਰਵਰੀ 1930 ਵਿਚ ਸੁਸਾਇਟੀ ਦੇ ਹਸਾਬ ਦੀ ਕੈਨੇਡੀਅਨ ਬੈਂਕ ਔਫ ਕਾਮਰਸ ਨੂੰ ਬਦਲਣ ਦੀ ਬਾਬਤ ਦਸੀਏ ਤੇ ਨਾਲ ਹੀ ਸੁਰੈਣ ਸਿੰਘ ਨਾਲ ਸਾਡੇ ਹੋਏ ਬਿਹਾਰਾਂ ਦੀ ਬਾਬਤ ਜੋ ਕਿ 1930 ਵਿਚ ਸੁਸਾਇਟੀ ਦਾ ਪ੍ਰਧਾਨ ਸੀ, ਪਤਾ ਦੇਈਏ।

11 ਜਨਵਰੀ 1930 ਦੀ ਤਰੀਕ ਨੂੰ ਬੈਂਕ ਨੂੰ ਕਿਸੇ ਪ੍ਰਕਾਰ ਦਾ ਭੀ ਨੋਟਸ ਦਿੱਤੇ ਤੋਂ ਬਿਨਾਂ ਉਨਾਂ ਅਫਸਰਾਂ ਨੇ ਜਿਨ੍ਹਾਂ ਨੂੰ ਸੂਸਾਇਟੀ ਦੇ ਹਸਾਬ ਦੇ ਬਾਰੇ ਚਿਕਾਂ ਪੁਰ ਦਸਖਤ ਕਰਨ ਦਾ ਅੱਧਕਾਰ ਸੀ, ਸੇਵਿੰਗ ਹਸਾਬ ਨੰਬਰ 2 ਕੈਨੇਡੀਅਨ ਬੈਂਕ ਔਫ ਕਾਮਰਸ ਫੇਅਰਵੀਊ ਬਰਾਂਚ ਨੂੰ ਬਦਲ ਦਿੱਤਾ। ਅਸੀ ਪੂਰਨ ਸਿੰਘ ਦਿਆਲ ਨੂੰ ਜੋ ਸੂਸਾਇਟੀ ਦਾ ਸਕੱਤ੍ਰ ਸੀ, ਮਿਲੇ ਤੇ ਉਸ ਨੂੰ ਪੁਛਿਆ ਕਿ ਅਕੌਂਟ ਦੀ ਬਦਲੀ ਕਿਸ ਕਾਰਨ ਕੀਤੀ ਜਾ ਰਹੀ ਹੈ। ਉਸ ਨੇ ਬਿਆਨ ਕੀਤਾ ਕਿ ਸੂਸਾਇਟੀ ਮਹਿਸੂਸ ਕਰਦੀ ਹੈ ਕਿ ਪੈਸਾ ਇਕ ਹੀ ਬੈਂਕ ਵਿਚ ਨਹੀ ਰਹਿਣਾ ਚਾਹੀਦਾ। ਇਸ ਕਰਕੇ ਸੂਸਾਇਟੀ ਸਿਰਫ ਅਕੌਂਟ ਦੋ ਥਾਂਈ ਕਰ ਰਹੀ ਹੈ। ਜੇ ਸੂਸਾਇਟੀ ਦੇ ਮੈਂਬਰਾਂ ਦੀ ਇਹ ਸਲਾਹ ਹੈ ਤਾਂ ਸਾਨੂੰ ਇਸ ਵਿਚ ਕੋਈ ਬਹੁਤ ਉਜਰ ਨਹੀ ਸੀ ਤੇ ਅਸੀ ਖਿਆਲ ਕੀਤਾ ਕਿ ਗੱਲ ਮੁੱਕ ਗਈ। ਪਰ 1 ਫਰਵਰੀ 1930 ਨੂੰ ਕੈਨੇਡੀਅਨ ਬੈਂਕ ਔਫ਼ ਕਾਮਰਸ ਵਲੋਂ ਸਾਨੂੰ ਪਰਵਾਨਾ ਆਇਆ ਕਿ ਨੰਬਰ 1 ਸੇਵਿੰਗ ਅਕੌਂਟ ਜਿਸ ਵਿਚ $74-00 ਤੋਂ ਉਪਰ ਜਮਾ ਸੀ ਭੀ ਬਦਲਿਆ ਜਾਏ। ਅਸੀ ਇਹ ਬਦਲੀ ਉਦੋਂ ਤੱਕ ਕਰਨ ਤੋਂ ਨਾਂਹ ਕਰ ਦਿੱਤੀ ਜਦੋਂ ਤਕ ਕਿ ਸੂਸਾਇਟੀ ਵਲੋਂ ਇਕ ਚਿਠੀ ਨਾ ਆਵੇ, ਜਿਸ ਵਿਚ ਦਸਿਆ ਹੋਵੇ ਕਿ ਮੈਂਬਰਾਂ ਦੀ ਇਹ ਚਾਹ ਹੈ ਕਿ ਸੂਸਾਇਟੀ ਦਾ ਹਸਾਬ ਇਮਪੀਰੀਅਲ ਬੈਂਕ ਔਫ ਕੈਨੇਡਾ ਤੋਂ ਚੁੱਕਿਆ ਜਾਵੇ ਤੇ ਕੈਨੇਡੀਅਨ ਬੈਂਕ ਔਫ ਕਾਮਰਸ ਵਿਚ ਰਖਿਆ ਜਾਵੇ। ਦੋ ਕੁ ਦਿਨ ਮਗਰੋਂ ਸੂਸਾਇਟੀ ਦੇ ਛਪੇ ਪੱਤ੍ਰ ਪੁਰ ਲਿਖੀ ਹੋਈ ਸਾਨੂੰ ਇੱਕ ਚਿਠੀ ਮਿਲੀ ਜਿਸ ਵਿਚ ਦਰਜ ਸੀ ਕਿ ਸਾਰੀ ਸੂਸਾਇਟੀ ਦੀ ਇਹ ਇਛਆ ਹੈ ਕਿ ਪੈਸਾ ਕੈਨੇਡੀਅਨ ਬੈਂਕ ਔਫ ਕਾਮਰਸ ਨੂੰ ਬਦਲਿਆ ਜਾਵੇ। ਇਸ ਚਿਠੀ ਪੁਰ ਪੂਰਨ ਸਿੰਘ ਦਿਆਲ ਦੇ ਦਸਖਤ ਸਕੱਤ੍ਰੀ ਦੀ ਹੈਸੀਅਤ ਵਿਚ ਸਨ ਤੇ ਇਸ ਪੁਰ ਸੂਸਾਇਟੀ ਦੀ ਮੋਹਰ ਵੀ ਲੱਗੀ ਹੋਈ ਸੀ। ਉਦ ਤੋਂ ਲੈ ਕੇ ਹੁਣ ਤਕ ਜੋ ਕੁਛ ਬੀਤਿਆ ਹੈ ਉਸ ਨੂੰ ਮੁਖ ਰਖਦੇ ਹੋਏ ਹੁਣ ਇਹ ਗਲ ਸ਼ੱਕ ਭਰੀ ਮਲੂਮ ਹੁੰਦੀ ਹੈ ਕਿ ਜੇ ਸੂਸਾਇਟੀ ਦੇ ਮੈਂਬਰਾਂ ਨੂੰ ਇਨ੍ਹਾਂ ਪੈਸੇ ਦੀਆਂ ਬਦਲੀਆਂ ਦਾ ਪਤਾ ਸਾਰਖਾ ਭੀ ਸੀ ਤੇ ਜੇ ਉਨ੍ਹਾਂ ਐਸਾ ਕਰਨ ਦੀ ਮਨਜੂਰੀ ਭੀ ਦਿਤੀ ਸੀ ਤੇ ਸਾਡੀ ਇਹ ਰਾਇ ਹੈ ਕਿ ਮੈਂਬਰਾਂ ਦੀ ਸਲਾਹ ਉੱਕੀ ਹੀ ਨਹੀ ਲਈ ਗਈ ਤੇ ਅਦਲਾ ਬਦਲੀ ਉਨਾਂ ਚੰਦ ਅਫਸਰਾਂ ਦੇ ਜ਼ੋਰ ਨਾਲ ਕੀਤੀ ਗਈ ਸੀ ਜੋ ਕਿ ਉਸ ਵਕਤ ਕਾਰ ਮੁਖਤਾਰ ਸਨ। ਉਪਰ ਦੱਸੀ ਚਿਠੀ ਔਣ ਪੁਰ ਅਸੀਂ ਪੈਸੇ ਨੂੰ ਹੋਰ ਚਿਰ ਨਹੀ ਅਟਕਾ ਸਕਦੇ ਸਾਂ ਤੇ ਅਕੌਂਟ 4 ਫਰਵਰੀ 1930 ਨੂੰ ਬਦਲ ਦਿਤਾ ਗਿਆ।

ਉਸ ਤੋਂ ਕੁੱਛ ਚਿਰ ਤਾਈਂ ਅਸੀ ਜਤਨ ਕੀਤਾ ਕਿ ਇਹ ਅਕੌਂਟ ਮੁੜ ਵਾਪਸ ਏਸ ਬੈਂਕ ਵਿਚ ਬਦਲੇ ਜਾਣ ਪਰ ਇਸਦਾ ਨਤੀਜਾ ਸਿਰਫ ਇਹ ਹੀ ਹੋਇਆ ਕਿ ਚਿਕਾਂ ਚਲੌਣ ਵਾਲਾ ਅਕੌਂਟ ਕੁੱਛ ਮਹੀਨਿਆ ਬਾਦ ਫੇਰ ਸਾਡੇ ਕੋਲ ਖੋਹਲਿਆ ਗਿਆ।

1930 ਲਈ ਸੁਰੈਣ ਸਿੰਘ ਪ੍ਰੈਜੀਡੰਟ (ਖਾਲਸਾ ਦੀਵਾਨ ਸੂਸਾਇਟੀ) ਚੁਣਿਆ. ਗਿਆ ਤੇ ਔਂਦੇ ਜਾਂਦਿਆ ਏਸ ਸਜਣ ਨੂੰ ਅਸੀਂ ਮਿਲੇ ਤੇ ਉਸ ਨਾਲ ਗਲ ਬਾਤ ਕਰਦਿਆ ਹੋਇਆ ਅਸੀ ਏਹ ਜ਼ਿਕਰ ਕੀਤਾ ਕਿ ਜੇ ਉਸਦੀ ਰਜ਼ਾਮੰਦੀ ਹੋਵੇ ਤਾਂ ਅਸੀ ਚਾਹਵਾਨ ਹਾਂ ਕਿ ਅਕੌਂਟ ਵਾਪਸ ਸਾਡੇ ਪਾਸ ਆ ਜਾਣ। 12 ਮਈ 1930 ਨੂੰ ਸੁਰੈਣ ਸਿੰਘ ਸਾਡੇ ਪਾਸ ਆਇਆ ਤੇ ਉਸ ਨੇ ਸਾਥੋਂ 230 ਡਾਲਰ ਕਰਜ਼ਾ ਮੰਗਿਆ ਤੇ ਦੱਸਿਆ ਕਿ ਏਹ ਕਰਜ਼ਾ ਮੈਂ ਆਪਣੀ ਆਰੀ (ਲੱਕੜ ਮਿੱਲ) ਜਿਸ

ਦਾ ਨਾਮ ਸਨਰਾਈਜ਼ ਵੁੱਡ ਐਂਡ ਕੰਪਨੀ ਹੈ, ਲੌਗ (ਲੱਕੜ) ਲੈਣ ਲਈ ਮੰਗਦਾ ਹਾਂ ਤੇ ਸਿਰਫ ਮੈਂ ਹੀ ਇਸ ਬਿਜਨਸ ਦਾ ਮਾਲਕ ਹਾਂ ਤੇ ਇਸ ਪੁਰ ਕੋਈ ਕਰਜਾ ਨਹੀਂ ਹੈ। ਇਹ ਸਮਝਦੇ ਹੋਏ ਕਿ ਏਹ ਕਰਜ਼ਾ ਦੇਣ ਵਿਚ ਕੁੱਛ ਹੱਦ ਤਾਈਂ ਖੱਤਰਾ ਥੀ ਹੈ, ਅਸੀਂ ਸੁਰੈਣ ਸਿੰਘ ਨੂੰ ਕਿਹਾ ਕਿ ਉਸਦਾ ਸਾਤੋਂ ਕਰਜ਼ਾ ਮੰਗਣ ਦਾ ਕੋਈ ਹੱਕ ਨਹੀਂ ਹੈ, ਪਰ ਜੇ ਉਹ ਪ੍ਰਧਾਨ ਦੀ ਹੈਸੀਅਤ ਵਿਚ ਆਪਣਾ ਦਬ ਦਬਾ ਆਪਣੀ ਸੁਸਾਇਟੀ ਦੇ ਅਕੌਂਟ ਸਾਡੇ ਬੈਂਕ ਵਿਚ ਵਾਪਸ ਲਿਔਣ ਲਈ ਵਰਤੇ ਤਾਂ ਅਸੀਂ ਸਿਰਫ ਇਕ ਸ਼ਰਤ ਪੁਰ ਕਰਜਾ ਦੇਣ ਨੂੰ ਤਿਆਰ ਹਾਂ ਕਿ ਤੀਹਾਂ ਦਿਨਾਂ ਦੇ ਅੰਦਰ ਅੰਦਰ ਸਾਨੂੰ ਕਰਜਾ ਵਾਪਸ ਤਾਰ ਦੇਵੇ। ਜੇ ਸੁਰੈਣ ਸਿੰਘ ਸੁਸਾਇਟੀ ਦੇ ਪ੍ਰਧਾਨ ਦੇ ਉਹਦੇ (ਔਹਦੇ) ਪੁਰ ਨਾ ਹੁੰਦਾ ਤਾਂ ਅਸੀਂ ਕਦੀ ਵੀ ਕਰਜਾ ਨਾ ਦਿੰਦੇ। ਪਰ ਅਸੀਂ ਸੋਚਿਆ ਕਿ ਜੇ ਸੁਸਾਇਟੀ ਨੂੰ ਇਤਨਾ ਭਰੋਸਾ ਹੈ ਕਿ ਉਸ ਨੂੰ ਪ੍ਰਧਾਨਗੀ ਦਾ ਰੁਤਬਾ ਦਿਤਾ ਹੈ ਤਾਂ ਇਹ ਜ਼ਰੂਰ ਇਜ਼ਤ ਵਾਲਾ ਆਦਮੀ ਹੋਵੇਗਾ ਤੇ ਉਹ ਆਪਣੇ ਬਚਨ ਤੇ ਇਕਰਾਰ ਅਨੁਸਾਰ ਕਰਜ਼ਾ ਮੋੜ ਦੇਵੇਗਾ। ਜੋ ਕੁੱਛ ਬੀਤੀ ਹੈ ਉਹ ਇਹ ਹੈ ਕਿ ਉਸ ਨੇ ਤੀਹਾਂ ਦਿਨਾਂ ਦੇ ਵਿਚ ਕਰਜਾ ਨਾ ਮੋੜਿਆ ਤੇ ਆ ਕੇ ਕਿਹਾ ਕਿ ਨਵਾਂ ਨੋਟ ਬਣਵਾ ਲਵੋ ਤੇ ਉਹ ਭੀ ਨਾ ਤਾਰਿਆ ਅਤੇ ਛੋਟੀਆਂ ਛੋਟੀਆਂ ਰਕਮਾਂ ਤਾਕੇ ਕਈ ਬਾਰ ਨਵੇਂ ਨੋਟ ਬਣਵਾਏ। ਐਸ ਸਾਲ ਦੀ 1 ਫਰਵਰੀ ਦੇ ਨੇੜੇ ਤੇੜੇ ਸੁਰੈਣ ਸਿੰਘ ਨੇ ਆਪਣਾ ਬਿਜਨਸ ਗੁਰਦਿਤ ਸਿੰਘ ਨੂੰ ਵੇਚਿਆ ਤੇ ਏਹ ਪ੍ਰਗਟ ਹੋਇਆ ਕਿ ਬਿਜਨਸ ਤਾਂ ਉਕਾ ਹੀ ਉਸਦੇ ਨਾਮ ਪੁਰ ਨਹੀਂ ਸੀ ਪਰ ਪੂਰਨ ਸਿੰਘ ਦਿਆਲ ਦੇ ਨਾਮ ਪੁਰ ਸੀ। ਇਸ ਲਈ ਸੁਰੈਣ ਸਿੰਘ ਨੇ ਅਸਾਂ ਤੋਂ ਕਰਜਾ ਝੂਠ ਬੋਲ ਕੇ ਲਿਆ। ਉਸ ਵਕਤ ਉਸਨੇ ਸਾਡੇ $108-50 ਡਾਲਰ ਦੇਣੇ ਸਨ ਤੇ ਅਜੇ ਭੀ ਉਸਨੇ ਸਾਡੇ ਇਹ ਡਾਲਰ ਦੇਣੇ ਹਨ ਤੇ ਅਸੀਂ ਵਸੂਲ ਨਹੀਂ ਕਰ ਸਕਦੇ ਤੇ ਨਾ ਹੀ ਉਹ ਬੈਂਕ ਦੇ ਨੇੜੇ ਆਉਂਦਾ ਹੈ।

ਕਿਉਂਕਿ ਸੁਰੈਣ ਸਿੰਘ ਨੇ ਬੈਂਕ ਤੋਂ ਪੈਸਾ ਉਧਾਰ ਲੈਣ ਲਈ ਖ਼ਾਲਸਾ ਦੀਵਾਨ ਸੁਸਾਇਟੀ ਦੀ ਪ੍ਰਧਾਨਗੀ ਪੁਨੇ ਦਾ ਰੋਹਬ ਇਹ ਜ਼ਾਹਰ ਕਰਕੇ ਵਰਤਿਆ ਕਿ ਮੈਂ ਆਪਣਾ ਸਾਰਾ ਦਬ ਦਬਾ ਵਰਤਾਂਗਾ ਕਿ ਸੁਸਾਇਟੀ ਦੇ ਅਕੌਂਟ ਇਸ ਬੈਂਕ ਨੂੰ ਮੁੜ ਔਣ ਤੇ ਇਹ ਕਹਿ ਕੇ ਝੂਠ ਬੋਲਿਆ ਕਿ ਸਿਰਫ ਮੈਂ ਹੀ ਸਨਰਾਇਜ਼ ਵੁੱਡ ਐਂਡ ਕੋਲ ਕੰਪਨੀ ਦਾ ਮਾਲਕ ਹਾਂ, ਜਦ ਕਿ ਪੂਰਨ ਸਿੰਘ ਦਿਆਲ ਉਸਦਾ ਰਜਿਸਟਰ ਹੋਇਆ ਮਾਲਕ ਸੀ। ਬੈਂਕ ਦੀ ਇਹ ਰਾਇ ਹੈ ਕਿ ਸੁਸਾਇਟੀ ਨੂੰ ਚਾਹੀਦਾ ਹੈ ਕਿ ਇਹ ਮਾਮਲਾ ਮੈਂਬਰਾਂ ਦੇ ਸਾਮਣੇ ਲਿਆਂਦਾ ਜਾਏ ਤੇ ਸੁਰੈਣ ਸਿੰਘ ਨੂੰ ਮਜਬੂਰ ਕਰਨ ਦਾ ਜਤਨ ਕਰੇ ਕਿ ਉਹ ਬੈਂਕ ਦਾ ਉਸ ਵਲ ਹੁਣ ਤੱਕ ਰਹਿੰਦਾ ਬਕਾਇਆ ਜੋ ਕਿ $108-50 ਹੈ, ਬੈਂਕ ਨੂੰ ਅਦਾ ਕਰ ਦੇਵੇ। ਇਹ ਰਕਮ 16 ਫਰਵਰੀ 1931 ਤੋਂ ਪਛੜੀ ਹੋਈ ਹੈ।

ਆਪ ਦਾ ਸ਼ੁਭ ਚਿੰਤਕ
ਜੇ.ਕੇ. ਐਂਡਰਸਨ (ਮੈਨੇਜਰ)

[*ਨੋਟ:* ਬੈਂਕ ਵੱਲੋਂ ਲਿਖੀ ਚਿੱਠੀ, ਜੋ ਕਿ ਮੈਨੇਜਰ ਐਂਡਰਸਨ ਵਲੋਂ ਅੰਗਰੇਜ਼ੀ ਵਿਚ ਸੀ, ਇਹ ਉਸ ਦਾ ਪੰਜਾਬੀ ਉਲਥਾ ਹੈ। ਅੰਗਰੇਜ਼ੀ ਵਾਲੀ ਚਿੱਠੀ ਵੀ ਅੰਤਿਕਾ-1 ਵਜੋਂ ਛਾਪੀ ਜਾ ਰਹੀ ਹੈ। *—ਸੰਪਾਦਕ*]

ਭਾਰੀ ਖਿਆਨਤ ਤੇ ਚੋਰੀ

ਇਸ ਰੀਪੋਰਟ ਦੇ ਸਫਾ 6 ਪੁਰ ਅਸੀਂ ਪੂਰਨ ਸਿੰਘ ਦਿਆਲ ਦੇ ਅਪਣੇ ਹੱਥੀ ਲਿਖੇ ਹਸਾਬ ਦੇ ਪੜ੍ਹੇ ਦਾ ਫੋਟੋ ਦੇ ਕੇ ਸਮਝਾ ਤੇ ਸਾਬਤ ਕਰ ਚੁਕੇ ਹਾਂ ਕਿ ਉਸ ਨੇ ਰਕਮਾਂ ਦੀ ਹੇਰਾ ਫੇਰੀ ਕਰਕੇ ਤੇ ਜੋੜਾਂ ਵਿਚ ਛੁਪਾ ਕੇ ਕਿਸ ਤਰਾਂ ਖਾਲਸਾ ਦੀਵਾਨ ਵੈਨਕੋਵਰ ਦੇ $201-01 ਹੜੱਪ ਕੀਤੇ। ਹੁਣ ਅਸੀ ਦਸਣਾ ਚਾਹੁੰਦੇ ਹਾਂ ਕਿ ਏਸ $201-01 ਤੋਂ ਇਲਾਵਾ ਪੂਰਨ ਸਿੰਘ ਦਿਆਲ ਨੇ $474-80 ਦੀ ਹੋਰ ਖਿਆਨਤ ਤੇ ਚੋਰੀ ਕਿਸ ਧੋਖੇ ਤੇ ਚਲਾਕੀ ਨਾਲ ਕੀਤੀ ਹੈ। ਉਸ ਨੇ $474-80 ਨਕਦ ਰਕਮ ਦੀਵਾਨ ਦੀ ਆਮਦਨ ਵਿਚੋਂ ਕੱਢ ਕੇ ਆਪ ਵਰਤ ਲਏ ਤੇ ਏਸ ਰਕਮ ਨੂੰ ਪੂਰਾ ਕਰਨ ਲਈ ਜੋ ਜੋ ਬੀਆਜ ਦੀਵਾਨ ਦੇ ਸੇਵਿੰਗ ਪੈਸੇ ਪੁਰ ਬੈਂਕ ਵਲੋਂ ਆਇਆ ਉਹ ਕੈਸ਼ ਬੁੱਕ ਪੁਰ ਨਾ ਚੜ੍ਹਾਇਆ ਤੇ ਏਸ ਤਰਾਂ ਆਮਦਨੀ ਵਿਚ ਉੱਕਾ ਹੀ ਨਾ ਗਿਣਿਆ ਤੇ ਅਕਲੇ ਸਕੱਤ੍ਰ ਮੀਹਾਂ ਸਿੰਘ ਨੂੰ ਚਾਰਜ ਦੇਣ ਵੇਲੇ ਇਹ ਹੀ ਬਿਆਜ ਜੋ ਕਿ ਬੈਂਕ ਵਲੋਂ ਬੈਂਕ ਬੁੱਕ ਪੁਰ ਚੜਿਆ ਹੋਇਆ ਸੀ, ਚੁਰਾਏ ਪੈਸੇ ਦੀ ਥਾਂਹ ਗਿਣ ਕੇ ਦਿੱਤਾ। ਏਥੇ ਹੀ ਬਸ ਨਹੀਂ, ਸਗੋਂ ਜੋ ਰੀਪੋਟ ਪੂਰਨ ਸਿੰਘ ਦਿਆਲ ਨੇ ਸਾਲ ਦੇ ਹਸਾਬ ਦੀ ਪ੍ਰਕਾਸ਼ਤ ਕੀਤੀ, ਉਸ ਵਿਚ ਉਸ ਨੇ ਚੋਰੀ ਨੂੰ ਛਪੌਣ ਤੇ ਆਮ ਸੰਗਤਾਂ ਨੂੰ ਧੋਖਾ ਦੇਣ ਲਈ ਬੈਂਕ ਵਲੋਂ ਆਏ ਬਿਆਜ ਦੀ ਇਕ ਫਰਜ਼ੀ ਰਕਮ ਲਿਖ ਦਿਤੀ ਤਾਂ ਕੇ ਸ਼ੱਕ ਨਾ ਹੋਵੇ ਕਿ ਉਸ ਨੇ ਬਿਆਜ ਨੂੰ ਆਮਦਨੀ ਵਿਚ ਨਹੀ ਲਿਆਂਦਾ। ਏਹ ਧੋਖੇਬਾਜ਼ੀ ਤੇ ਖਿਆਨਤ ਐਸੀ ਚਲਾਕੀ ਨਾਲ ਕੀਤੀ ਗਈ ਹੈ ਕਿ ਜੇ ਪੜਤਾਲੀਆ ਕੁਮੇਟੀ ਦੇ ਵਿਚ ਹਸਾਬ ਕਤਾਬ ਦੇ ਪੂਰੇ ਜਾਣੂ ਆਦਮੀ ਨਾ ਹੁੰਦੇ ਤੇ ਇਕ ਇਕ ਰਕਮ ਨੂੰ ਅੱਜ ਕੱਲ ਦੇ ਪੂਰੇ ਪਰਖੂ ਤ੍ਰੀਕਿਆਂ ਦੇ ਮੁਤਾਬਕ ਨਾ ਨਖੇਰਦੇ ਤੇ ਪਰਖਦੇ ਤਾਂ ਏਹ $474-80 ਦੀ ਚੋਰੀ ਲਭਣੀ ਬਹੁਤ ਕਠਣ ਹੁੰਦੀ। ਹੁਣ ਅਸੀ ਰਕਮਾਂ ਅਨੁਸਾਰ ਇਹ ਸਮਝੌਣ ਦੀ ਕੋਸ਼ਸ਼ ਕਰਦੇ ਹਾਂ ਕਿ ਏਹ ਖਿਆਨਤ ਤੇ ਚੋਰੀ ਕੈਸੇ ਧੋਖੇ ਤੇ ਚਲਾਕੀ ਨਾਲ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਏਹ ਸਮਝ ਲਵੋ ਤੇ ਏਸ ਗਲ ਦੀ ਗੱਠ ਬੰਨ੍ਹ ਲਵੋ ਕਿ ਸੇਵਿੰਗ ਪੈਸੇ ਪੁਰ ਕਿਤਨਾ ਬਿਆਜ ਆਇਆ, ਉਹ ਹੇਠ ਦਰਜ ਹੈ :

ਤਰੀਕ	*ਹਸਾਬ ਨੰਬਰ*	*ਬੈਂਕ*	*ਬਿਆਜ ਦੀ ਰਕਮ*
ਅਪ੍ਰੈਲ 30	1	ਇਮਪੀਰੀਅਲ	$171-14
ਅਪ੍ਰੈਲ 30	2	ਇਮਪੀਰੀਅਲ	$24-15
ਅਕਤੂਬਰ 31	1	ਇਮਪੀਰੀਅਲ	$174-31
ਅਕਤੂਬਰ 31	2	ਇਮਪੀਰੀਅਲ	$28-26
ਜਨਵਰੀ 11	2	ਇਮਪੀਰੀਅਲ	$11-11
ਫਰਵਰੀ 4	1	ਇਮਪੀਰੀਅਲ	$65-83
		ਜੋੜ ਕੁਲ ਬਿਆਜ ਦਾ	$474-80

ਇਕ ਇਹ ਗੱਲ ਭੀ ਹੁਣ ਹੀ ਸਮਝ ਲਵੋ ਕਿ ਬਿਆਜ ਦੀਆਂ ਆਖਰੀ ਦੋ ਰਕਮਾਂ $11-11 ਤੇ $65-83 ਉਨ੍ਹਾਂ ਤ੍ਰੀਕਾਂ ਤੱਕ ਹਨ, ਜਦ ਕਿ ਚਾਰਜ ਦੇਣ ਤੋਂ ਪਹਿਲਾਂ ਪੂਰਨ ਸਿੰਘ ਦਿਆਲ ਤੇ ਜਗਤ ਸਿੰਘ ਜੌਹਲ ਨੇ ਹਸਾਬ 11 ਜਨਵਰੀ ਤੇ 4 ਫਰਵਰੀ ਨੂੰ ਕਾਮਰਸ ਬੈਂਕ ਵਿਚ ਹਫੜਾ ਦਫੜੀ ਵਿਚ ਬਦਲ ਦਿਤੇ।

ਹੁਣ ਆਪ ਸਫਾ 6 ਪੁਰ ਪੂਰਨ ਸਿੰਘ ਦਿਆਲ ਦੀ ਹੱਥੀ ਲਿਖਤ ਤੇ ਚਾਰਜ ਦਿੱਤੀਆਂ ਰਕਮਾਂ ਵੱਲ ਭੀ ਨਾਲ 2 ਦੇਖੀ ਜਾਵੋ ਤੇ ਅਸੀ ਤੁਹਾਨੂੰ ਹੁਣ ਸਮਝੌਂਦੇ ਹਾਂ ਕਿ ਏਹ $474-80 ਕਿਸ ਤਰਾਂ ਚੁਰਾਏ ਗਏ :

ਜੋ ਰਕਮ ਪੂਰਨ ਸਿੰਘ ਨੇ 1928 ਦੇ ਸਕੱਤ੍ਰ ਤੋਂ ਚਾਰਜ ਲਈ		$15230-56
ਪੂਰਨ ਸਿੰਘ ਦੇ ਵਕਤ ਦੀ ਕੁਲ ਆਮਦਨ ਉਸ ਦੇ ਹੱਥੀ ਲਿਖੀ	$6828-66	
[ਇਸ ਜੋੜ ਵਿਚ ਉਹ $100-00 ਛੁਪਾ ਗਿਆ ਹੈ। ਉਸ ਦੀਆਂ ਆਮਦਨ ਰਕਮਾਂ ਨੂੰ ਫੋਟੋ ਪੁਰ ਜਮਾ ਕਰਕੇ ਪਰਖੋ ਤੇ ਨਤੀਜਾ ਏਹ ਹੋਵੇਗਾ ਕਿ $6026-86 ਦੀ ਥਾਂ $6126-86 ਹੋਣਗੇ ਤੇ $6828-66 ਦੀ ਥਾਂ $6928-66 ਬਣਦੇ ਹਨ।]		
ਪੂਰਨ ਸਿੰਘ ਦੇ ਹੱਥੀ ਲਿਖੀ ਆਮਦਨ ਦਰੁਸਤ ਕੀਤੀ	$6950-16	
ਬਿਆਜ ਦੀ ਰਕਮ ਜੋ ਪੂਰਨ ਸਿੰਘ ਨੇ ਕੈਸ਼ ਬੁੱਕ ਪੁਰ ਨਾ ਚਾਹੜੀ ਤੇ ਆਮਦਨ ਵਿਚ ਗਿਣੀ ਤੇ ਹੁਣ ਅਸੀ ਜਮਾਂ ਕਰਦੇ ਹਾਂ	$474-80	$15230-56
	$7424-96	$7424-96
		$22655-52

ਜੋ ਰਕਮ ਪੂਰਨ ਸਿੰਘ ਨੇ 1928 ਦੇ ਸਕੱਤ੍ਰ ਤੋਂ ਚਾਰਜ ਲਈ		$15230-56
ਪੂਰਨ ਸਿੰਘ ਦੇ ਮੌਕੇ ਦੀ ਅਸਲੀ ਆਮਦਨ		$7424-96
	ਜੋੜ	$22655-52
ਪੂਰਨ ਸਿੰਘ ਦੇ ਵਕਤ 1929 ਦਾ ਕੁਲ ਖਰਚ		$11358-71
ਜੋ ਰਕਮ ਪੂਰਨ ਸਿੰਘ ਨੇ ਅਗਲੇ ਸਕੱਤ੍ਰ ਮੀਹਾਂ ਸਿੰਘ ਨੂੰ ਚਾਰਜ ਦੇਣੀ ਸੀ		$11296-81
		$11296-81
ਜੋ ਰਕਮ ਪੂਰਨ ਸਿੰਘ ਨੇ ਮੀਹਾਂ ਸਿੰਘ ਨੂੰ ਚਾਰਜ ਦਿਤੀ		$10621-00
ਪੂਰਨ ਸਿੰਘ ਨੇ ਜੋ ਰਕਮ ਦੀਵਾਨ ਦੀ ਸਮੇਤ $201-01 ਦੇ ਚੁਰਾਈ		$675-81

ਉਪਰਲੀ ਦੱਸੀ ਤੇ ਪੂਰੀ ਤਰਾਂ ਨਾਲ ਸਮਝਾਈ ਤੇ ਸਾਬਤ ਕੀਤੀ $675-81 ਦੀ ਖਿਆਨਤ ਤੇ ਚੋਰੀ ਹਸਾਬ ਦੀਆਂ ਕਤਾਬਾਂ ਵਿਚ ਉਨ੍ਹਾਂ ਦੋ ਜਗਾਂ ਪੁਰ ਹੈ, ਜਿਥੇ ਆਪ ਉਂਗਲੀ ਰੱਖ ਸਕਦੇ ਹੋ ਤੇ ਪ੍ਰਗਟ ਹੋਈ ਧੋਖੇਬਾਜ਼ੀ ਸ਼ੀਸ਼ੇ ਵਾਂਗ ਦਿਸਦੀ ਹੈ। ਏਹ ਕੁੱਛ ਲੱਭ ਕੇ ਪੜਤਾਲੀਆ ਕੁਮੇਟੀ ਏਸ ਨਤੀਜੇ ਪੁਰ ਪੁੱਜੀ ਹੈ ਕਿ 1929 ਦੇ ਕੈਸ਼ ਖਰਚ ਵਿਚ ਭੀ ਜਿਸ ਦੀਆਂ ਭੰਨੀਆਂ ਰਕਮਾਂ ਦੀ ਮਸਾਲ ਸਫਾ 7 ਪਰ ਦਿਤੀ ਜਾ ਚੁੱਕੀ ਹੈ, ਖਿਆਨਤ ਹੋਈ ਹੈ। ਆਮਦਨ ਦੇ ਪੈਸੇ ਦੀ ਕਿਸੇ ਨੂੰ ਰਸੀਦ ਨਹੀਂ ਦਿਤੀ ਗਈ। ਏਸ ਲਈ ਜੋ ਆਮਦਨ ਹਸਾਬ ਦੀਆਂ ਕਤਾਬਾਂ ਪੁਰ ਚਾਹੜੀ ਗਈ ਹੈ, ਉਸ ਤੋਂ ਏਹ ਪਰਖ ਨਹੀਂ ਹੋ ਸਕਦੀ ਕਿ ਸਾਰੀ ਆਮਦਨ ਚੜ੍ਹੀ ਹੈ ਜਾਂ ਨਹੀਂ ਤੇ $474-80 ਦੀ ਪ੍ਰਗਟ ਹੋਈ ਖਿਆਨਤ ਏਸ ਚੜ੍ਹੀ ਆਮਦਨ ਦੀ ਦਰੁਸਤੀ ਪੁਰ ਭੀ ਸ਼ੱਕ ਪਾਉਂਦੀ ਹੈ।

ਪੜਤਾਲੀਆ ਕੁਮੇਟੀ ਦੀ ਸਫਾਰਸ਼ ਹੈ ਕਿ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ $675-81 ਦੀ ਖਿਆਨਤ ਦੀ ਦਰੁਸਤੀ ਦਾ ਕਾਨੂੰਨੀ ਸਾਰਟੀਫਿਕਟ ਲੈਣ ਲਈ ਹਸਾਬ ਦੀਆਂ ਕਤਾਬਾਂ ਕਿਸੇ ਚਾਰਟਰਡ ਅਕੌਂਟੈਂਟ ਨੂੰ ਦਖਾਵੇ ਤੇ ਉਸ ਤੋਂ ਏਸ ਖਿਆਨਤ ਤੇ ਚੋਰੀ ਦੀ ਪੁਸ਼ਟੀ ਕਰਵਾ ਲਵੇ ਤੇ ਸੰਗਤ ਦਾ ਹੁਕਮ ਲੈ ਕੇ ਦੀਵਾਨ ਦੇ ਚੁਰਾਏ $675-81 ਪੂਰਨ ਸਿੰਘ ਦਿਆਲ ਤੋਂ ਲਵੇ। ਇਸ ਖਿਆਨਤ ਤੇ ਚੋਰੀ ਨੂੰ ਵਕੀਲ ਤੇ ਅਕੌਂਟੈਂਟ ਫੁਰਤੀ ਨਾਲ ਸਮਝ ਲੈਣਗੇ।

ਹੁਣ ਏਸ ਭਾਰੀ ਖਿਆਨਤ ਤੇ ਚੋਰੀ ਦੇ ਮਾਮਲੇ ਨੂੰ ਮਕੌਣ ਤੋਂ ਪਹਿਲਾਂ ਪੜਤਾਲੀਆ ਕਮੇਟੀ ਸੰਗਤ ਦੇ ਅੱਗੇ ਇਕ ਹੋਰ ਸ਼ੋਕਦਾਇਕ ਮਸਾਲ ਤੇ ਗੱਲ ਪੇਸ਼ ਕਰਦੀ ਹੈ, ਜੋ ਦਸਦੀ ਹੈ ਕਿ ਕਿਸ ਕੁਚਲਤਾ ਤੇ ਧੋਖੇਬਾਜ਼ੀ ਨਾਲ ਖਾਲਸਾ ਦੀਵਾਨ ਵੈਨਕੋਵਰ ਦੇ ਮਾਮਲਿਆਂ ਵਿਚ ਕਈ ਜਾਲਸਾਜ਼ ਤੇ ਫਰੇਬੀ ਆਦਮੀਆਂ ਦਾ ਹੱਥ ਰਿਹਾ ਹੈ ਤੇ ਐਸੀ ਹਾਲਤ ਵਿਚ ਕੌਮੀ ਵਾਧੇ ਤੇ ਧਾਰਮਕ ਸਚਿਆਈ ਦੀ ਰੂਹ ਏਨ੍ਹਾਂ ਭੱਦਰ ਪੁਰਸ਼ਾਂ ਦੀ ਕਿਰਪਾ ਨਾਲ ਸਾਲ ਬਸਾਲ ਕਮਜ਼ੋਰ ਤੇ ਕਾਲੀ ਹੁੰਦੀ ਗਈ ਹੈ ਤੇ ਇਹ ਹੀ ਕਾਰਨ ਹੈ ਕਿ ਕੈਨੇਡਾ ਦੇ ਸਿੱਖਾਂ ਦੀ ਸ਼ੋ੍ਮਣੀ ਜਥੇਬੰਦੀ ਦੀਆਂ ਜੜਾਂ ਏਸ ਤਰਾਂ ਗੰਦ ਦੇ ਵੱਧਣ ਨਾਲ ਖੋਖਲੀਆਂ ਹੁੰਦੀਆਂ ਗਈਆਂ ਹਨ ਤੇ ਕੋਈ ਹੈਰਾਨਗੀ ਦੀ ਗੱਲ ਨਹੀਂ ਕਿ ਕੈਨੇਡਾ ਦੇ ਸਿੱਖਾਂ ਵਿਚੋਂ ਉਹ ਸੁੱਚਤਾ, ਬਹਾਦਰੀ, ਕੁਰਬਾਨੀ ਤੇ ਕੌਮੀ ਪਿਆਰ ਘੱਟ ਗਏ, ਜੋ ਕਿ ਅੱਗੇ ਹਾਜ਼ਰ ਸਨ। ਸੰਗਤਾਂ ਵਿਚ ਮੁੜ ਉਹ ਹੀ ਪ੍ਰੇਮ, ਜੋਸ਼ ਤੇ ਜਿੰਦ ਆ ਸਕਦੇ ਹਨ, ਉਹ ਹੀ ਭਾਗਾਂ ਭਰੇ ਸਮੇਂ ਤੇ ਕੁਰਬਾਨੀਆਂ ਦੀ ਬਸੰਤ ਰੁਤ ਜਿਸ ਦੇ ਲਈ ਕੈਨੇਡਾ ਦੇ ਸਿਖ ਮਸ਼ਹੂਰ ਸਨ, ਫੇਰ ਆਪਣਾ ਸੁੰਦਰ ਮੁਖੜਆ ਦਖਾ ਸਕਦੀ ਹੈ, ਪਰ ਪਹਿਲਾਂ ਇਹ ਜ਼ਰੂਰੀ ਹੈ ਕੇ ਕੈਨੇਡਾ ਦੇ ਇਸ ਸ਼ੋ੍ਮਣੀ ਧਾਰਮਕ ਅਸਥਾਨ ਤੇ ਰੂਹਾਨੀ ਤੇ ਕੌਮੀ ਜਿੰਦ ਦੇ ਸੋਮੇਂ ਵਿਚ ਮੁੜ ਫੇਰ ਜਾਲਸਾਜ਼ਾਂ, ਧੋਖੇਬਾਜ਼ਾਂ ਤੇ ਚੋਰਾਂ ਦਾ ਹੱਥ ਨਾ ਪੈ ਸਕੇ ਤੇ ਅੰਦਰ ਘੁਸ ਕੇ ਉਹ ਅਪਣੇ ਉਪਦਰਵਾਂ ਨਾਲ ਏਸ ਇਕੋ ਇਕ ਤਵਾਰੀਖੀ ਧਾਰਮਕ ਕੇਂਦਰ ਦੇ ਨਾਮ ਨੂੰ ਦਾਗ਼ੀ ਤੇ ਸ਼ਾਨ ਨੂੰ ਨੀਵਾਂ ਨਾ ਕਰ ਸਕਣ। ਲਓ, ਹੁਣ ਸੁਣੋ ਕਿ ਉਪਰ ਦੱਸੀ ਸ਼ੋਕ ਮਈ ਮਸਾਲ ਤੇ ਗੱਲ ਕੀ ਹੈ।

ਏਹ ਤਾਂ ਹੁਣ ਆਪ ਨੂੰ ਪਤਾ ਲੱਗ ਹੀ ਗਿਆ ਹੈ ਕਿ 1929 ਦੇ ਸਕੱਤ੍ ਪੂਰਨ ਸਿੰਘ ਦਿਆਲ ਨੇ ਦੀਵਾਨ ਦੇ $675-81 ਚੁਰਾਏ। ਪੂਰਨ ਸਿੰਘ ਨੇ ਅਗਲੀ ਕੁਮੇਟੀ ਨੂੰ ਚਾਰਜ ਫਰਵਰੀ 1930 ਦੇ ਸ਼ੁਰੂ ਵਿਚ ਦਿੱਤਾ ਤੇ ਸੁਰੈਣ ਸਿੰਘ ਮੁਹੇਮ ਅਗਲੀ

ਕੁਮੇਟੀ 1930 ਦਾ ਪ੍ਰਧਾਨ ਬਣਿਆ। ਸੁਰੈਣ ਸਿੰਘ ਮੁਹੇਮ ਏਸ ਵਕਤ ਦੁਵਾਲੀਆ ਸੀ ਤੇ ਅਪਣੇ ਨਾਮ ਪੁਰ ਉਸ ਲਈ ਬਿਜਨਸ ਵਿਹਾਰ ਕਰਨਾ ਏਸ ਕਰਕੇ ਮਾਲੀ ਤੌਰ ਪਰ ਖਤਰਨਾਕ ਸੀ। ਆਪ ਇਮਪੀਰੀਅਲ ਬੈਂਕ ਔਫ ਕੈਨੇਡਾ ਦੇ ਮੈਨੇਜਰ ਦੀ ਦੀਵਾਨ ਦੇ ਨਾਮ ਆਈ ਚਿਠੀ ਵਿਚ ਏਹ ਤਾਂ ਪੜ੍ਹ ਹੀ ਚੁੱਕੇ ਹੋ ਕਿ ਸੁਰੈਣ ਸਿੰਘ ਮੁਹੇਮ ਦੀ ਆਰੀਸਨਰਾਇਜ਼ ਵੁੱਡ ਐਂਡ ਕੋਲ ਪੁਰਨ ਸਿੰਘ ਦੇ ਨਾਮ ਰਜਿਸਟਰ ਸੀ ਤੇ ਸੁਰੈਣ ਸਿੰਘ ਨੇ ਕਰਜ਼ਾ ਮੰਗਣ ਲਗੇ ਝੂਠ ਬੋਲਿਆ ਸੀ ਕਿ ਬਿਜਨਸ ਮੇਰੇ ਨਾਮ ਹੈ। ਏਹ ਗੱਲ ਜ਼ਾਹਰ ਕਰਦੀ ਹੈ ਕਿ ਪੂਰਨ ਸਿੰਘ ਦੇ ਤੇ ਸੁਰੈਣ ਸਿੰਘ ਦੇ ਤੁਅਲਕਾਤ ਬੁਹਤ ਗੂਹੜੇ ਤੇ ਡੂੰਘੇ ਸਨ, ਪਰ ਜੋ ਸ਼ੋਕਦਾਇਕ ਗੱਲ ਇਨ੍ਹਾਂ ਤੁਅਲਾਕਾਤ ਵਿਚੋਂ ਮਲੂਮ ਹੋਈ ਹੈ, ਉਹ ਇਹ ਹੈ ਕਿ ਜਦ ਪੂਰਨ ਸਿੰਘ ਦਿਆਲ ਨੇ ਫਰਵਰੀ 1930 ਦੇ ਸ਼ੁਰੂ ਵਿਚ ਅਗਲੀ ਕੁਮੇਟੀ ਨੂੰ ਚਾਰਜ ਦੇ ਦਿਤਾ ਤੇ ਸੁਰੈਣ ਸਿੰਘ ਮੁਹੇਮ ਇਸ ਅਗਲੀ ਕੁਮੇਟੀ ਦਾ ਪ੍ਰਧਾਨ ਬਣਿਆ ਤਾਂ ਸੁਰੈਣ ਸਿੰਘ ਮੁਹੇਮ ਨੇ ਪਹਿਲੇ ਹੀ ਮਹੀਨੇ ਵਿਚ ਨਵੀਂ ਕੁਮੇਟੀ ਦੇ ਅਗੇ ਇਹ ਤਜ਼ਵੀਜ਼ ਪੇਸ਼ ਕੀਤੀ ਕਿ ਪੂਰਨ ਸਿੰਘ ਦਿਆਲ ਨੂੰ ਖਾਲਸਾ ਦੀਵਾਨ ਵੈਨਕੋਵਰ ਵਲੋਂ ਉਹਦੀ ਦਿਆਨਤਦਾਰੀ ਦੀ ਇਕ ਚਿਠੀ ਦਿੱਤੀ ਜਾਵੇ। ਇਹ ਗੱਲ ਕੁਮੇਟੀ ਦੇ ਬਾਕੀ ਮੈਂਬਰਾਂ ਨੇ ਮਨਜ਼ੂਰ ਨਾ ਕੀਤੀ।

ਹੁਣ ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਪੂਰਨ ਸਿੰਘ ਦਿਆਲ ਤੇ ਸੁਰੈਣ ਸਿੰਘ ਦੇ ਤੁਅਲਕਾਤ ਡੂੰਘੇ ਸਨ ਤੇ ਹੁਣ ਸਾਬਤ ਹੋ ਗਿਆ ਹੈ ਕਿ ਪੂਰਨ ਸਿੰਘ ਦਿਆਲ ਨੇ ਉਸ ਵਕਤ ਦੀਵਾਨ ਦੇ $675-81 ਚੁਰਾਏ ਹੋਏ ਸਨ। ਏਸ ਲਈ ਪ੍ਰਧਾਨ ਸੁਰੈਣ ਸਿੰਘ ਮੁਹੇਮ ਦਾ ਜੋ ਕਿ ਦੀਵਾਲੀਆ ਸੀ, ਪੂਰਨ ਸਿੰਘ ਦਿਆਲ ਲਈ ਜੋ ਕਿ ਉਦੋਂ ਦੀਵਾਨ ਦਾ ਚੋਰ ਸੀ, ਖਾਲਸਾ ਦੀਵਾਨ ਵੈਨਕੋਵਰ ਵਲੋਂ ਦਿਆਨਤਦਾਰੀ ਦੀ ਚਿਠੀ ਦੇਣ ਦੀ ਤਜ਼ਵੀਜ਼ ਪੇਸ਼ ਕਰਨੀ ਕਿਸ ਕੱਦਰ ਹਾਨੀਕਾਰਕ ਤੇ ਗੰਦਾ ਕਰਮ ਸੀ। ਜੇ ਦੀਵਾਨ ਦੀ ਕੁਮੇਟੀ ਪ੍ਰਧਾਨ ਸੁਰੈਣ ਸਿੰਘ ਦੇ ਦਬਦਬੇ ਹੇਠ ਆ ਕੇ ਪੂਰਨ ਸਿੰਘ ਦਿਆਲ ਨੂੰ ਬਗੈਰ ਪੜਤਾਲ ਕੀਤਿਆਂ, ਬਗੈਰ ਖੋਜਿਆਂ ਦਿਆਨਤਦਾਰੀ ਦੀ ਚਿਠੀ ਦੇ ਦਿੰਦੀ ਤਾਂ ਅੱਜ ਖਾਲਸਾ ਦੀਵਾਨ ਵੈਨਕੋਵਰ ਦੀ ਇਸ ਪ੍ਰਗਟ ਹੋਈ ਚੋਰੀ ਪੁਰ ਕਿਤਨੀ ਹਾਸੋ ਹੀਣੀ ਹਾਲਤ ਹੁੰਦੀ।

ਸੁਰੈਣ ਸਿੰਘ ਮੁਹੇਮ ਤੇ ਪੂਰਨ ਸਿੰਘ ਦਿਆਲ ਦੇ ਤੁਅੱਲਕਾਤ ਬਹੁਤ ਡੂੰਘੇ ਸਨ ਤੇ ਸੁਵਾਲ ਤਾਂ ਇਹ ਹੈ ਕਿ ਕੀ ਏਹ ਸਾਰੇ ਹਾਲਾਤ ਸ਼ੱਕ ਨਹੀਂ ਪਾਉਂਦੇ ਕਿ ਸੁਰੈਣ ਸਿੰਘ ਮੁਹੇਮ ਨੂੰ ਉਸ ਵਕਤ ਹੀ ਪਤਾ ਸੀ ਕਿ ਪੂਰਨ ਸਿੰਘ ਦਿਆਲ ਨੇ ਭਾਰੀ ਖਿਆਨਤ ਤੇ ਚੋਰੀ ਕੀਤੀ ਹੈ ਤੇ ਸੁਰੈਣ ਸਿੰਘ ਕੈਨੇਡਾ ਦੇ ਸਿੱਖਾਂ ਦੇ ਸ਼ੋ੍ਮਣੀ ਦੀਵਾਨ ਤੇ ਧਾਰਮਕ ਅਸਥਾਨ ਦੀ ਪਹਿਲਾਂ ਹੀ ਇਸ ਗੱਲ ਪੁਰ ਮੋਹਰ ਲੁਅੌਣੀ ਮੰਗਦਾ ਸੀ ਕਿ ਪੂਰਨ ਸਿੰਘ ਦਿਆਲ ਨੂੰ ਦਿਆਨਤਦਾਰੀ ਦਾ ਤਗਮਾ ਹੁਣੇ ਹੀ ਦਿੱਤਾ ਜਾਵੇ।

1930

ਸੰਨ 1930 ਵਿਚ ਹਸਾਬ ਕਤਾਬ ਦਾ ਜ਼ੁਮੇਵਾਰ ਤੇ ਦੀਵਾਨ ਦਾ ਸਕੱਤ੍ ਮੀਹਾਂ ਸਿੰਘ ਭੂਤ ਸੀ ਤੇ ਮੀਤ ਸਕੱਤ੍ ਵਤਨ ਸਿੰਘ ਪਾਨੇਸਰ ਸੀ। ਦਸਵੇਂ ਮਹੀਨੇ ਦੀ 13 ਤ੍ੀਕ ਨੂੰ ਮੀਹਾਂ ਸਿੰਘ ਕਾਰ ਬਿਹਾਰ ਲਈ ਸ਼ਹਿਰ ਛੱਡ ਕੇ ਵੈਨਕੋਵਰ ਆਈਲੈਂਡ ਨੂੰ ਜਾਣਾ ਪਿਆ ਤੇ ਉਸ ਨੇ 13 ਅਕਤੂਬਰ ਨੂੰ ਸਕੱਤ੍ ਪੁਣੇ ਦਾ ਚਾਰਜ ਮਹਾਂ ਸਿੰਘ ਲਿੱਤਰ ਨੂੰ ਦੇ ਦਿੱਤਾ ਤੇ ਰਹਿੰਦੇ ਕਾਰਜ 22 ਅਕਤੂਬਰ ਤੱਕ ਮੁਕਾ ਕੇ 23 ਅਕਤੂਬਰ ਨੂੰ

ਉਹ ਸ਼ਹਿਰੋਂ ਚਲਾ ਗਿਆ। ਏਸ ਹਸਾਬ ਮੀਹਾਂ ਸਿੰਘ ਨੇ 9 ਮਹੀਨੇ ਸਕੱੜ ਦੀ ਸੇਵਾ ਕੀਤੀ ਤੇ 3 ਮਹੀਨੇ ਦੇ ਕਰੀਬ ਮਹਾਂ ਸਿੰਘ ਨੇ ਚਾਰਜ ਭੁਗਤਾਇਆ। ਸਾਰੇ ਸਾਲ ਦੀ ਰੀਪੋਰਟ ਮੀਹਾਂ ਸਿੰਘ ਨੇ ਅਪਣੀ ਜ਼ੁਮੇਵਾਰੀ ਪੁਰ ਕੱਢੀ। ਏਨਾ ਦੋਹਾਂ ਦਾ ਹਸਾਬ ਵੱਖਰਾ 2 ਕਰਕੇ ਪੜਤਾਲ ਕੀਤਾ ਤੇ ਪਰਖਿਆ ਗਿਆ ਹੈ ਤੇ ਨਤੀਜਾ ਹੇਠਾਂ ਦਰਜ ਹੈ:

ਜੋ ਰਕਮ ਮੀਹਾਂ ਸਿੰਘ ਨੇ 1929 ਦੇ ਸਕੱੜ੍		
ਪੂਰਨ ਸਿੰਘ ਤੋਂ ਚਾਰਜ ਲਈ		$10621-00
ਇਕ ਪੁਰਾਣਾ ਬੈਲੈਂਸ ਲੱਭਾ		$0-57
		$10621-57
ਮੀਹਾਂ ਸਿੰਘ ਦੇ ਵਕਤ ਦੀ ਕੁਲ ਆਮਦਨ		
ਉਸ ਦੀ ਲਿਖਤ ਅਨੁਸਾਰ	$3676-10	
ਚਿੱਕਾਂ ਜੋ ਦੀਵਾਨ ਦੇ ਬੈਂਕ ਵਿਚ		
ਜਮਾਂ ਹਨ; ਕੈਸ਼ ਬੁੱਕ ਪੁਰ ਦਰਜ ਨਹੀਂ:		
ਦੀਵਾਨ ਫਰੇਜਰ ਮਿਲਜ਼ $100-00		
ਭਾਈ ਦੈਆ ਸਿੰਘ $60-00		
ਜੋੜ $160-00	$160-00	
ਮੀਹਾਂ ਸਿੰਘ ਦੀ ਸਹੀ ਆਮਦਨ	$3836-10	$3836-10
	ਜੋੜ	$14457-67
ਮੀਹਾਂ ਸਿੰਘ ਦੇ ਵਕਤ ਦਾ ਕੁਲ ਖਰਚ		$5862-66
ਜੋ ਰਕਮ ਮੀਹਾਂ ਸਿੰਘ ਨੇ ਮਹਾਂ ਸਿੰਘ ਨੂੰ ਦੇਣੀ ਸੀ		$8595-01
ਜੋ ਰਕਮ ਮੀਹਾਂ ਸਿੰਘ ਨੇ ਮਹਾਂ ਸਿੰਘ ਨੂੰ ਚਾਰਜ ਵਿਚ ਦਿੱਤੇ		$8513-18
ਜੋ ਕਿ ਮੀਹਾਂ ਸਿੰਘ ਨੇ ਮਹਾਂ ਸਿੰਘ ਨੂੰ ਘੱਟ ਚਾਰਜ ਦਿੱਤੇ		$81-83
ਜੋ ਰਕਮ ਮਹਾਂ ਸਿੰਘ ਨੇ ਮੀਹਾਂ ਸਿੰਘ ਤੋਂ ਚਾਰਜ ਲਈ		$8513-18
ਮਹਾਂ ਸਿੰਘ ਦੀ ਆਮਦਨ ਉਸ ਦੀ ਲਿਖਤ ਅਨੁਸਾਰ ਕੈਸ਼		$2954-95
	ਜੋੜ	$11468-13
ਮਹਾਂ ਸਿੰਘ ਦੀ ਕਲ ਆਮਦਨ ਦਾ ਜੋੜ		$11468-13
ਮਹਾਂ ਸਿੰਘ ਦੇ ਵਕਤ ਦਾ ਕੁਲ ਖਰਚ		$1975-28
ਮਹਾਂ ਸਿੰਘ ਨੇ ਅਗਲੇ ਸਕੱੜ੍ ਸ਼ਾਮ ਸਿੰਘ ਨੂੰ ਚਾਰਜ ਦੇਣੇ ਸਨ		$9492-85
ਜੋ ਮਹਾਂ ਸਿੰਘ ਨੇ ਅਗਲੇ ਸਕੱੜ੍ ਸ਼ਾਮ ਸਿੰਘ ਨੂੰ ਚਾਰਜ ਵਿੱਚ ਦਿੱਤੇ		$9575-62
ਮਹਾਂ ਸਿੰਘ ਨੇ ਜੋ ਆਪਣੇ ਹਸਾਬ ਨਾਲੋਂ ਵਾਧੂ ਡਾਲਰ ਅਗਲੇ ਸਕੱੜ੍ ਨੂੰ ਚਾਰਜ ਦਿਤੇ		$82-77

ਦੋਹਾਂ ਮਹਾਂ ਸਿੰਘ ਤੇ ਮੀਹਾਂ ਸਿੰਘ ਦੇ ਸਾਫ ਖੋਲ ਕੇ ਦੱਸੇ ਤੇ ਅਕੱਠੇ ਸਾਮਣੇ ਰਖ ਕੇ ਟਕਰਾਏ ਹਸਾਬ ਤੋਂ ਪ੍ਰਗਟ ਹੈ ਕਿ ਮੀਹਾਂ ਸਿੰਘ ਦੇ $81-83 ਘਟਦੇ ਹਨ ਤੇ ਮਹਾਂ ਸਿੰਘ ਦੇ 94 ਸੈਂਟਾਂ ਤੋਂ ਛੁਟ ਉਤਨੇ ਹੀ ਡਾਲਰ ਵਧਦੇ ਹਨ। ਪੜਤਾਲੀਆ ਕੁਮੇਟੀ ਨੇ ਜਦ ਮਹਾਂ ਸਿੰਘ ਨੂੰ ਪੁੱਛਿਆ ਕਿ ਤੂੰ ਦੀਵਾਨ ਦੀ ਮਾਇਆ ਤੋਂ ਬਿਨਾਂ ਅਪਣੇ ਨਿਜ ਦੇ $82-77 ਅਗਲੇ ਸਕੱਤ੍ਰ ਨੂੰ ਚਾਰਜ ਦੇ ਗਿਆ ਤਾਂ ਉਸ ਨੇ ਉੱਤਰ ਦਿਤਾ ਕਿ ਉਹ ਡਾਲਰ ਮੇਰੇ ਨਹੀਂ ਹਨ ਤੇ ਮੈਨੂੰ ਪਤਾ ਨਹੀਂ ਕਿ ਕਿਥੋਂ ਆਏ ਹਨ। ਜੇ ਸਾਰੇ ਸਾਲ ਦੇ ਵਾਧੇ ਘਾਟੇ ਨੂੰ ਅਕੱਠਾ ਕੀਤਾ ਜਾਵੇ ਤਾਂ ਨਤੀਜਾ ਏਹ ਹੈ:

(ਰੋਕੇ ਹੋਏ) ਡੰਕਨ ਦੀਵਾਨ	220-50
ਵਿਕਟੋਰੀਆ ਦੀਵਾਨ	113-00
	333-50
ਮਹਾਂ ਸਿੰਘ ਦੇ ਵਧਦੇ ਹਨ	$82-77
ਮੀਹਾਂ ਸਿੰਘ ਦੇ ਘਟਦੇ ਹਨ	$81-83
ਦੀਵਾਨ ਨੂੰ ਵਾਧੂ ਆਏ	$0-94

ਪਰ ਕਤਾਬਾਂ ਦੇ ਅਨੁਸਾਰ ਮੀਹਾਂ ਸਿੰਘ ਨੇ ਠੀਕ $81-83 ਘੱਟ ਚਾਰਜ ਦਿਤੇ ਹਨ। ਏਸ ਉਲਝਾ ਵਿਚ ਇਕ ਹੋਰ ਗੱਲ ਅਗੇ ਨਾਲੋਂ ਭੀ ਹੋਰ ਉਲਝਾ ਪਾਉਂਦੀ ਹੈ ਕਿ ਉਹ ਏਹ ਹੈ ਕਿ ਖਾਲਸਾ ਦੀਵਾਨ ਫਰੇਜ਼ਰ ਮਿਲ ਦੇ ਸਕੱਤ੍ਰ ਭਾਈ ਵਰਿਆਮ ਸਿੰਘ ਨੇ ਦਸਿਆ ਕਿ ਉਨ੍ਹਾਂ 100-00 ਦੀ ਚਿਕ ਮਹਾਂ ਸਿੰਘ ਨੂੰ ਦਿਤੀ ਸੀ। ਚਿਕ ਪੁਰ ਤਰੀਕ ਉਹ ਹੀ ਹੈ, ਜਿਸ ਦਿਨ ਸਕੱਤ੍ਰਾਂ ਦੀ ਬਦਲੀ ਹੋਈ। 22 ਅਕਤੂਬਰ ਨੂੰ ਜਾਣ ਤੋਂ ਇਕ ਦਿਨ ਅਗੇ ਚਿਕ ਮੀਹਾਂ ਸਿੰਘ ਨੇ ਸਕੱਤ੍ਰ ਪੁਣੇ ਦੇ ਦਸਖਤ ਕਰਕੇ ਦੀਵਾਨ ਦੇ ਬੈਂਕ ਵਿਚ ਜਮਾਂ ਕੀਤੀ ਅਤੇ ਕੈਸ਼ ਬੁੱਕ ਪੁਰ ਨਾ ਹੀ ਮੀਹਾਂ ਸਿੰਘ ਨੇ ਤੇ ਨਾ ਹੀ ਮਹਾਂ ਸਿੰਘ ਨੇ ਦਰਜ ਕੀਤੀ ਹੈ। ਪੜਤਾਲੀਆ ਕੁਮੇਟੀ ਦਾ ਫੈਸਲਾ ਹੈ ਕਿ ਏਸ ਦਾ ਜ਼ੁਮੇਵਾਰ ਮੀਹਾਂ ਸਿੰਘ ਨੂੰ ਠਹਿਰਾਇਆ ਜਾਏ, ਕਿਉਂਕਿ ਉਸ ਨੇ ਹੀ ਏਹ ਚਿਕ ਦੀਵਾਨ ਦੇ ਬੈਂਕ ਵਿਚ ਜਮਾ ਕੀਤੀ ਹੈ ਤੇ ਉਸ ਦੇ ਸਮੇਂ ਦੇ ਹਸਾਬ ਵਿਚ ਹੀ ਏਹ ਗਿਣੀ ਗਈ ਹੈ।

"ਪੜਤਾਲੀਆ ਕਮੇਟੀ ਦੀ ਰਪੋਰਟ ਸਮਾਪਤ"

[*ਨੋਟ*: ਦਾਸ ਨੇ ਏਸੇ ਬੁੱਕ ਦੇ ਸਫਾ 31 ਵਿਚ ਵੀ 'ਜ਼ਰੂਰੀ ਨੋਟ' ਦੇ ਹੇਠਾਂ ਲਿਖਿਆ (ਕਿਉਂਕੇ 1932-1933 ਤੇ 1934 ਦੀ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੀ ਕਾਰਰੁਵਾਈ ਜਿਸ ਮਨਿਯੂਟ ਬੁੱਕ ਤੇ ਲਿਖੀ ਸੀ, ਉਕਤ ਬੁੱਕ ਅਤੇ ਹੋਰ ਕਾਗਜ਼ਾਤ ਸਰੈਣ ਸਿੰਘ ਮੁਹੇਮ ਅਤੇ ਉਸਦੇ ਸਾਥੀ ਚੋਰੀ ਚੁੱਕ ਕੇ ਲੈ ਗਏ ਸਨ) ਸੋ ਉਸ ਵਕਤ ਦੀ ਕੋਈ ਕਾਰਰੁਵਾਈ ਨਹੀਂ ਮਿਲਦੀ। 1932 ਦੀ ਪ੍ਰਬੰਧਕ ਕੁਮੇਟੀ ਵਲੋਂ ਇਕ ਛਾਇਆ ਕੀਤਾ ਹੋਇਆ ਇਸ਼ਤਿਹਾਰ ਜੋ ਕਿ ਕੇਹਰ ਸਿੰਘ ਗਿਲ ਸਕੱਤ੍ਰ ਖਾਲਸਾ ਦੀਵਾਨ 1932 ਦੀ ਰਿਪੋਟ ਵਿਚ ਚਸਪਾਂ ਕੀਤਾ ਹੋਇਆ ਸੀ, ਉਸ ਦਾ ਲਫਜ਼ 2 ਅਤੇ ਕੁੱਛ ਕੁ ਹਾਲਾਤ ਅਤੇ ਮੁਕਦਮਿਆਂ ਦੀ ਡੀਫੈਂਸ ਪੁਰ ਖਰਚ ਦਾ ਵੇਰਵਾ ਏਸੇ ਬੁਕ ਦੇ ਸਫਾ 32 ਤੋਂ ਸ਼ੁਰੂ ਕਰਕੇ ਸਫਾ 38 ਤੱਕ ਲਿਖਿਆ ਹੈ। ਉਸ ਤੋਂ ਉਪ੍ਰੰਤ

20 ਸਤੰਬਰ 1931 ਨੂੰ ਸਰਬ ਸੰਮਤੀ ਨਾਲ ਚੁਣੀ ਪੜਤਾਲੀਆ ਕੁਮੇਟੀ ਦੀ ਰਿਪੋਰਟ ਦਾ ਲਫਜ਼ 2 ਸਫਾ 38 ਤੋਂ ਲੈ ਕੇ ਸਫਾ 49 ਤਕ ਏਸੇ ਬੁਕ ਵਿਚ ਦਾਸ ਨੇ ਦਰਜ ਕੀਤਾ ਹੈ। ਹੁਣ ਭਾਈ **ਮਿਤ ਸਿੰਘ ਪੰਡੋਰੀ** ਸਕੱਤ੍ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੀ ਰਿਪੋਟ ਜੋ ਕਿ 18 ਜੂਨ 1933 ਤੋਂ ਲੈ ਕੇ 30 ਅਪ੍ਰੈਲ 1934 ਤਕ ਛੱਪੀ ਹੈ ਉਸ ਰਿਪੋਰਟ ਦਾ ਲਫਜ਼ 2 ਹੇਠਾਂ ਦਰਜ ਕੀਤਾ ਜਾਂਦਾ ਹੈ।

—ਲੇਖਕ ਅਰਜਨ ਸਿੰਘ 'ਚੰਦ']

ੴ ਸੀ ਵਾਹਿਗਰ ਜੀ ਕੀ ਫਤੇ। ਜਿਸ ਦਾ ਕਾਰਜ ਤਿਨ ਹੀ ਕੀਆ ਮਾਨਸ ਕਿਆ ਵਿਚਾਰਾ ਰਾਮ। ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਬੀ.ਸੀ. ਕੈਨੇਡਾ ਦੇ ਸਕੱਤ੍ ਦੀ ਰੀਪੋਰਟ ਸੁਸਾਇਟੀ ਦੇ ਮੈਂਬਰਾਂ ਪ੍ਰਤੀ 18 ਜੂਨ 1933 ਤੋਂ ਲੈ ਕੇ 30 ਅਪ੍ਰੈਲ 1934 ਤਕ। **ਦਾਸ ਮਿਤ ਸਿੰਘ ਪੰਡੋਰੀ, ਸਕੱਤ੍**

ਪਿਆਰੀ ਕਨੇਡਾ ਵਾਸੀ ਸਾਧ ਸੰਗਤ ਜੀਓ, ਕਬੀਲੇ ਤੇ ਬਾਲ ਬੱਚੇ ਸੁਮੇਤ 1929 ਵਿਚ ਦੇਸ ਤੋਂ ਵਾਪਸ ਆ ਕੇ ਭਾਵੇਂ ਦਾਸ ਖਾਲਸਾ ਦੀਵਾਨ ਵੈਨਕੋਵਰ ਦੀ ਪ੍ਰਬੰਧਕ ਕੁਮੇਟੀ ਦੇ ਵਿਚ ਸਮੇਂ 2 ਸਿਰ ਸੇਵਾ ਕਰਦਾ ਰਿਹਾ ਸੀ, ਪਰ ਕਬੀਲਦਾਰੀ ਦੀਆਂ ਵੱਧ ਗਈਆਂ ਜ਼ੁਮੇਵਾਰੀਆਂ ਕਰਕੇ ਤੇ ਵੈਨਕੋਵਰੋਂ ਕਰੀਬਨ 15 ਮੀਲ ਪੁਰ ਰਹਾਇਸ਼ ਹੋਣ ਕਰਕੇ ਦਾਸ ਡਰਦਾ ਰਿਹਾ ਸੀ ਕਿ ਸਕੱਤ੍ ਦੀ ਭਾਰੀ ਸੇਵਾ ਦਾ ਕੰਮ ਜੋ 1914 ਤੱਕ ਦੇ ਖਤਰਨਾਕ ਸਮੇਂ ਵਿਚ ਤੇ ਫੇਰ 1920 ਵਿਚ ਦਾਸ ਦੇ ਸਪੁਰਦ ਸੀ, ਕਿਤੇ ਸਾਧ ਸੰਗਤ ਫੇਰ ਉਹ ਭਾਰੀ ਸੇਵਾ ਦਾਸ ਦੇ ਸਪੁਰਦ ਨਾ ਕਰ ਦੇਵੇ।

ਪਰ 18 ਜੂਨ 1933 ਨੂੰ ਜਦ ਫੇਰ ਉਲਝੇ ਹੋਏ ਤੇ ਬਿਖੜੇ ਸਮੇਂ ਵਿਚ ਸਾਧ ਸੰਗਤ ਨੇ ਵੋਟਾਂ ਪਾ ਕੇ ਤੇ ਫੇਰ ਸਰਬ ਸੰਮਤੀ ਦੇ ਨਾਲ ਦੀਵਾਨ ਦੀ ਪ੍ਰਬੰਧਕ ਕੁਮੇਟੀ ਚੁਣੀ ਤੇ ਏਸ ਭਾਵ ਨੂੰ ਮੁੱਖ ਰਖਦੇ ਹੋਏ ਕਿ ਸਤਿਗੁਰਾਂ ਦੇ ਏਸ ਉਘੇ ਅਸਥਾਨ ਦੀ ਆਨ ਸ਼ਾਨ ਵਧੇ ਭਾਈ ਲਾਭ ਸਿੰਘ ਜੀ ਰੁੜਕੇ ਵਾਲਿਆਂ ਵਰਗੇ ਸੰਗੀਲੇ ਤੇ ਨਿਰਮਾਣ ਗੁਰਮੁਖਾਂ ਨੂੰ ਭੀ ਸੇਵਾ ਲਈ ਚੁਣ ਕੇ ਖੜੇ ਕਰ ਲਿਆ ਤਾਂ ਦਾਸ ਲਈ ਭੀ ਔਖੀ ਤੋਂ ਔਖੀ ਸੇਵਾ ਤੋਂ ਭਜਣਾ ਕਠਨ ਹੋ ਗਿਆ। ਦਾਸ ਨੂੰ ਸਕੱਤ੍ ਦੀ ਸੇਵਾ ਪੁਰ ਥਾਪਿਆ ਗਿਆ ਤੇ ਸਤਿਗੁਰਾਂ ਦਾ ਕੋਟਾਨ ਕੋਟ ਸ਼ੁਕਰ ਹੈ ਕਿ ਅਨੇਕ ਕਰੜਾਈਆਂ ਤੇ ਉਖਿਆਈਆਂ ਵਿਚ ਦੀ ਲੰਘਦੇ ਹੋਏ, ਏਹ ਸੇਵਾ ਨਿਭ ਗਈ ਹੈ, ਕਿਉਂਕੇ ਸਮਾਂ ਗੁਰੂ ਘਰ ਦੇ ਕੰਮ ਤੇ ਸੇਵਾ ਲਈ ਖਾਸ ਕਰਕੇ ਬਿਖੜਾ ਤੇ ਔਖਾ ਸੀ ਤੇ ਏਸ ਸਮੇਂ ਦੇ ਵਿਚ ਪ੍ਰਬੰਧਕ ਕੁਮੇਟੀ ਅਤੇ ਸੇਵਕਾਂ ਦੇ ਬਾਰੇ ਅਨੇਕ ਗਲਤ ਫਹਿਮੀਆਂ ਫੈਲਾਈਆਂ ਗਈਆਂ। ਸੇਵਕਾਂ ਪੁਰ ਮੁਕਦਮੇਂ ਕੀਤੇ ਗਏ ਤੇ ਗਲਤ ਕਾਗਜ਼ ਪੱਤ੍ ਕੱਢੇ ਗਏ। ਏਸ ਲਈ ਜ਼ਰੂਰੀ ਹੈ ਕਿ ਦਾਸ ਅਪਣੀ ਰਪੋਟ ਵਿਚ ਹੁਣ ਕੁਝ ਗੱਲਾਂ ਦਾ ਮੁਖਤਸਿਰ ਨਿਰਨਾ ਕਰ ਦੇਵੇ। ਪਹਿਲ ਪਿਰਥਮੇਂ ਹਸਾਬ ਕਤਾਬ ਦੇ ਬਾਰੇ ਕੁੱਛ ਗੱਲਾਂ ਆਪ ਦੇ ਪੇਸ਼ ਕਰਦਾ ਹਾਂ:

ਹਸਾਬ ਕਤਾਬ—18 ਜੂਨ 1933 ਤੋਂ ਦਾਸ ਨੇ ਸਕੱਤ੍ ਦੀ ਸੇਵਾ ਸਾਂਭੀ ਤੇ 1 ਮਈ 1934 ਨੂੰ ਅਗਲੇ ਸਕੱਤ੍ ਭਾਈ ਗੋਪਾਲ ਸਿੰਘ ਨੂੰ ਚਾਰਜ ਦਿਤਾ।

16 ਅਪ੍ਰੈਲ 1933 ਨੂੰ ਜਿਸ ਦਿਨ ਕਿ ਭਾਈ ਕਾਬਲ ਸਿੰਘ ਨੇ ਵਿਕਟੋਰੀਆ ਦੀਵਾਨ ਦੇ 13 (ਤੇਹਰਾਂ) ਦੀ ਕੁਮੇਟੀ ਵਲੋਂ ਭਾਈ ਨੱਥਾ ਸਿੰਘ ਜੈਣ ਤੋਂ ਚਾਰਜ

ਲਿਆ, ਉਸ ਦਿਨ ਤੋਂ ਲੈ ਕੇ 18 ਜੂਨ 1933 ਤੱਕ ਦੇ ਹਸਾਬ ਕਤਾਬ ਆਮਦਨ, ਖਰਚ ਦਾ ਮੈਨੂੰ ਕੋਈ ਥੌਹ ਪਤਾ ਨਹੀਂ ਹੈ। ਏਸ ਸਮੇਂ ਦੀ ਆਮਦਨ, ਖਰਚ, ਉਗਰਾਹੀ, ਬਕਾਏ ਤੇ ਹਸਾਬ ਕਤਾਬ ਦੇ ਬਾਰੇ ਸੰਗਤ ਭਾਈ ਕਾਬਲ ਸਿੰਘ ਲਿਤਰ ਤੋਂ ਪੁੱਛੇ ਤੇ ਉਸ ਤੋਂ ਹਸਾਬ ਲਵੋ। ਜਦ ਤੱਕ ਭਾਈ ਸਾਹਿਬ ਵਲੋਂ ਏਸ ਸਮੇਂ ਦੀ ਰਪੋਟ ਨਹੀਂ ਨਿਕਲਦੀ ਤੇ ਰਹਿੰਦੀ ਬਕਾਇਆ ਮਾਇਆ ਦੀਵਾਨ ਦੇ ਖਜ਼ਾਨੇ ਦੇ ਵਿਚ ਨਹੀਂ ਆਉਂਦੀ, ਦੀਵਾਨ ਦੀਆਂ ਕਤਾਬਾਂ ਪੁਰ $18-98 ਭਾਈ ਸਾਹਿਬ ਦਰਜ ਹਨ। ਮੈਂ ਇਹ ਭੀ ਦੱਸ ਦੇਵਾਂ ਕਿ ਭਾਈ ਕਾਬਲ ਸਿੰਘ ਦੇ ਵਕਤ ਵਿਚ ਹੀ ਬਬਰਾਂ ਦਾ ਜੋੜ ਮੇਲ ਹੋਇਆ। ਉਸ ਜੋੜ ਮੇਲ ਦੇ ਰਾਸ਼ਣ ਦੇ ਬਿਲ ਜੋ ਭਾਈ ਸਾਹਿਬ ਨੇ ਨਹੀਂ ਤਾਰੇ ਸਨ, ਦਾਸ ਨੇ ਅਪਣੇ ਸਮੇਂ ਵਿਚ ਤਾਰੇ ਤੇ ਦਾਸ ਦੇ ਸਮੇਂ ਦੇ ਖਰਚ ਵਿਚ ਦਰਜ ਹਨ, ਪਰ ਬਬਰਾਂ ਦੇ ਉੱਕਤ ਜੋੜ ਮੇਲ ਦੀ ਉਗਰਾਹੀ ਜੋ ਭਾਈ ਕਾਬਲ ਸਿੰਘ ਦੇ ਕੋਲ ਆਈ, ਉਹ ਦੀਵਾਨ ਦੇ ਖਜ਼ਾਨੇ ਵਿਚ ਨਹੀਂ ਪੁੱਜੀ। ਭਾਈ ਸਾਹਿਬ ਦੇ ਹੱਥਾਂ ਦਾ ਲਿਖਿਆ ਹੋਇਆ ਇਕ ਨੋਟ ਦੀਵਾਨ ਦੇ ਦਫਤਰ ਵਿਚੋਂ ਲੱਭਾ ਹੈ, ਜਿਸ ਦੀ ਅਬਾਰਤ ਏਹ ਹੈ:

> ਮੈਂ ਘਨਈਆ ਸਿੰਘ ਨੂੰ 166 ਦਿਤੇ। ਸਾਰੀ ਰਕਮ ਇਹ ਦਿਤੇ ਹੈ। 16 ਅਪ੍ਰੈਲ ਤੋਂ ਲੈ ਕੇ 14 ਜੂਨ ਤਾਂਈ 11 ਗਿਰਾਂ ਡਾਲੇ ਮੈਂ ਬਾਬੁਸ ਲੈ ਲੈਏਆ। ਘਨਈਆ ਸਿੰਘ ਬਲਿ ਇਕੋ ਸੁ ਪਚਬਜਾਂ ($155-00)

ਇਹ $155-00 ਡਾਲਰ ਦੀਵਾਨ ਦੇ ਖਜ਼ਾਨੇ ਦੇ ਵਿਚ ਨਹੀਂ ਆਏ। ਭਾਈ ਕਾਬਲ ਸਿੰਘ ਜੀ ਲਿਤਰ $18-98 ਸਣੇ, ਜੋ ਉਨ੍ਹਾਂ ਭਾਈ ਨੱਥਾ ਸਿੰਘ ਜੈਣ ਤੋਂ ਲਏ 16 ਅਪ੍ਰੈਲ 1933 ਤੋਂ ਲੈ ਕੇ 18 ਜੂਨ 1933 ਤੱਕ ਦਾ ਆਮਦਨੀ ਤੇ ਖਰਚ ਆਦ ਦਾ ਹਸਾਬ ਦੇਣ ਦੇ ਜ਼ੁਮੇਵਾਰ ਹਨ। ਦਾਸ ਦੇ ਸਮੇਂ ਵਿਚ ਆਏ ਇਕ 2 ਸੈਂਟ ਦੀ ਰਸੀਦ ਦਿੱਤੀ ਗਈ ਹੈ ਅਤੇ ਕੁਲ ਹਸਾਬ ਕਤਾਬ ਰਸੀਦ ਪੱਤ੍ਰ, ਆਮਦਨ, ਖਰਚ ਮਿਸਟਰ ਵਾਲਟਰ ਏ. ਜੈਕਨਲ ਚਾਰਟਰਡ ਅਕੌਂਟੈਂਟ ਨੇ ਪੜਤਾਲ ਕੀਤਾ ਹੈ ਤੇ ਅਪਣੇ ਦਸਖਤ ਦੇ ਕੇ ਸਾਰਟੀਫਿਕਟ ਦਿਤਾ ਹੈ ਕਿ ਠੀਕ ਹੈ।

ਦੀਵਾਨ ਦੇ ਕਾਗਜ਼ ਪੱਤ੍ਰ ਗੁੰਮ—18 ਜੂਨ 1933 ਨੂੰ ਚੋਣ ਤੋਂ ਬ੍ਰਾਦ ਭਾਈ ਘਨਈਆ ਸਿੰਘ ਕੰਗਣੀ ਵਾਲੇ ਨੇ ਗੁਰਦੁਆਰੇ ਦੀਆਂ ਚਾਬੀਆਂ ਭਾਈ ਲਾਭ ਸਿੰਘ ਰੁੜਕਾ ਖਜ਼ਾਨਚੀ ਨਵੀਂ ਕੁਮੇਟੀ ਦੇ ਸਪੁਰਦ ਕੀਤੀਆਂ ਤੇ ਨਵੀਂ ਕੁਮੇਟੀ ਦੇ ਸਾਰੇ ਮੈਂਬਰਾਂ ਦੇ ਨਾਲ ਅਕਰਾਰ ਕੀਤਾ ਕਿ ਦਫਤਰ ਦੀਆਂ ਚਾਬੀਆਂ ਤੇ ਹੋਰ ਸਭ ਕੁੱਛ ਕਲ ਨੂੰ ਸੋਮਵਾਰ ਤ੍ਰਕਾਲਾਂ ਨੂੰ ਦਿੱਤਾ ਜਾਇਗਾ। ਅਕਰਾਰ ਅਨੁਸਾਰ ਨਵੇਂ ਚੁਣੇ ਮੈਂਬਰ ਸੋਮਵਾਰ ਤ੍ਰਕਾਲਾਂ ਨੂੰ ਗੁਰਦੁਆਰੇ ਹਾਜ਼ਰ ਹੋਏ। ਪਰ ਭਾਈ ਘਨਈਆ ਸਿੰਘ ਆਦਕ ਕੋਈ ਨਾ ਪੁਜਿਆ। 20 ਜੂਨ ਟੀਊਜਡੇ ਤਰਕਾਲਾਂ ਨੂੰ ਭਾਈ ਨਿਹਾਲ ਸਿੰਘ ਤੋਂ ਜੋ ਗੁਰਦੁਆਰੇ ਰਹਿੰਦਾ ਸੀ, ਪਤਾ ਲੱਗਾ ਕਿ ਦਿਨ ਦੇ ਵੇਲੇ ਭਾਈ ਨਥਾ ਸਿੰਘ ਹਰੀਪੁਰ ਤੇ ਘਨਈਆ ਸਿੰਘ ਕੰਗਣੀ ਵਾਲਾ ਗੁਰਦੁਆਰੇ ਦਾ ਦਫਤਰ ਖੋਲ ਕੇ ਕੁੱਛ ਚੀਜ਼ਾਂ ਬੋਰੀ ਵਿਚ ਪਾ ਕੇ ਲੈ ਗਏ ਹਨ। ਦੀਵਾਨ ਦੇ ਦਫਤਰ ਵਿਚੋਂ ਗੁਮ ਹੋਈਆਂ ਚੀਜ਼ਾਂ ਅਜੇ ਤਕ ਸੁਸਾਇਟੀ ਨੂੰ ਨਹੀਂ ਮਿਲੀਆਂ। ਭਾਵੇਂ ਭਾਈ ਨੱਥਾ ਸਿੰਘ ਹਰੀਪੁਰ ਤੇ ਉਨ੍ਹਾਂ ਦੇ ਸਾਥੀ ਦੀਵਾਨ ਵਿਚ ਮੰਨ ਗਏ ਹਨ ਕੇ ਏਹ ਸਭ ਕੁੱਛ ਸਾਡੇ ਪਾਸ ਹੈ।

ਪਹਿਲਾਂ ਏਹ ਦਸ ਕੇ ਕਿ ਏਹਨਾਂ ਗੁੰਮ ਹੋਈਆਂ ਚੀਜ਼ਾਂ ਦਾ ਪਤਾ ਕਿਸ ਤਰਾਂ ਲੱਗਾ, ਫੇਰ ਦਾਸ ਏਨਾਂ ਚੀਜ਼ਾਂ ਦੀ ਫਰਿਸਤ ਸੰਗਤ ਦੇ ਪੇਸ਼ ਕਰਦਾ ਹੈ:

ਜਦ ਦਾਸ ਨੂੰ ਤੇ ਨਵੀਂ ਕੁਮੇਟੀ ਦੇ ਬਾਕੀ ਮੈਂਬਰਾਂ ਨੂੰ ਪਤਾ ਲੱਗਾ ਕਿ ਉਹ ਸਜਣ ਜਿਨ੍ਹਾਂ ਨੂੰ ਭਾਈ ਕਾਬਲ ਸਿੰਘ ਲਿਤਰ ਦੀਵਾਨ ਦੇ ਦਫਤਰ ਤੇ ਸੇਫ ਆਦ ਦੀਆਂ ਕੁੰਜੀਆਂ ਦੇ ਗਿਆ ਹੈ। ਦੀਵਾਨ ਦੀਆਂ ਕਈ ਚੀਜਾਂ ਦਫਤਰ ਤੋਂ ਬਾਹਰ ਲੈ ਗਏ ਹਨ ਤੇ ਅਕਰਾਰ ਕਰਕੇ ਭੰਗ ਕਰ ਚੁਕੇ ਹਨ ਤੇ ਨਵੇਂ ਚੁਣੇ ਗਏ ਸੇਵਕਾਂ ਨੂੰ ਦਫਤਰ ਅਤੇ ਸੇਫ ਦੀਆਂ ਚਾਬੀਆਂ ਨਹੀਂ ਦਿਤੀਆਂ ਤਾਂ ਸੁਸਾਇਟੀ ਦੇ ਵਕੀਲ ਦੀ ਸਲਾਹ ਲਈ ਗਈ ਤੇ ਵਕੀਲ ਨੇ ਸਲਾਹ ਦਿੱਤੀ ਕਿ ਏਸ ਹਾਲਤ ਵਿਚ ਜਦ ਕਿ ਸੁਸਾਇਟੀ ਦੀਆਂ ਚੀਜਾਂ ਗੁੱਮ ਹੋ ਰਹੀਆਂ ਪ੍ਰਤੀਤ ਹੁੰਦੀਆਂ ਹਨ, ਨਵੀਂ ਕੁਮੇਟੀ ਲਈ ਜ਼ਰੂਰੀ ਹੈ ਤੇ ਨਵੀਂ ਕੁਮੇਟੀ ਦਾ ਹੱਕ ਹੈ ਕਿ ਚਾਬੀਆਂ ਵਾਲੇ ਨੂੰ ਸੱਦ ਕੇ ਤੇ ਇਕ ਚਾਰਟਰਡ ਅਕੌਂਟੈਂਟ ਦੀ ਹਾਜ਼ਰੀ ਵਿਚ ਦੀਵਾਨ ਦੇ ਦਫਤਰ ਤੇ ਸੇਫ ਦਾ ਬੂਹਾ ਘਲਵਾਵੇ ਤੇ ਜੋ ਭੀ ਦਫਤਰ ਵਿਚੋਂ ਲੱਭੇ, ਉਸ ਦੀ ਚਾਰਟਰਡ ਅਕੌਂਟੈਂਟ ਫਰਿਸਤ ਬਣਾਵੇ ਤੇ ਗਵਾਹੀ ਦੇ ਤੌਰ ਪੁਰ ਅਪਣੇ ਦਸਖਤ ਦੇਵੇ ਕਿ ਆਹ 2 ਚੀਜ਼ਾਂ ਲੱਭੀਆਂ ਹਨ ਤੇ ਏਸ ਤਰਾਂ ਉਹ ਲੱਭੀਆਂ ਚੀਜ਼ਾਂ ਸਾਂਭ ਕੇ ਫੇਰ ਤਫਤੀਸ਼ ਕੀਤੀ ਜਾਵੇ ਕਿ ਕੀ ਕੀ ਕਾਗਜ਼ ਪੱਤ੍ਰ ਤੇ ਚੀਜ਼ਾਂ ਚੁਕੀਆਂ ਗਈਆਂ ਹਨ। ਏਸ ਤਰਾਂ ਕੀਤਾ ਗਿਆ। ਕੁੰਜੀਆਂ ਵਾਲੇ ਨੇ ਵਾਲਟਰ ਏ. ਜੈਕਲਨ ਚਾਰਟਰਡ ਅਕੈਂਟੈਂਟ ਦੇ ਰੂ ਬਰੂ ਦਫਤਰ ਦਾ ਬੂਹਾ ਖੋਲਿਆ ਤੇ ਫੇਰ ਸੇਫ ਤੇ ਡੈਸਕ ਖੋਲੇ। ਜੋ ਚੀਜ਼ਾਂ ਅੰਦਰੋਂ ਲੱਭੀਆਂ, ਉਨ੍ਹਾਂ ਦੀ ਫਹਿਰਿਸਤ ਬਣਾਈ :

[*ਨੋਟ :* ਜੋ ਦਫਤਰ ਵਿਚੋਂ ਲੱਭੇ ਕਾਗਜ਼ਾਂ ਪੱਤ੍ਰਾਂ ਦੀ ਲਿਸਟ ਅਤੇ ਗੁੱਮ ਹੋਏ ਜਾਂ ਚੁੱਕ ਕੇ ਲੈ ਗਏ ਕਾਗਜ਼ਾਂ ਦੀ ਲਿਸਟ ਜੋ ਕਿ ਸਾਰੀ ਹੀ ਰਪੋਟ ਵਿਚ ਦਰਜ ਹੈ, ਪਰ ਉੱਕਤ ਲਿਸਟਾਂ ਨੂੰ ਜ਼ਰੂਰੀ ਨਾ ਸਮਝ ਕੇ ਐਥੇ ਲਿਖਿਆ ਨਹੀਂ ਗਿਆ। ਇਸ ਤੋਂ ਅਗਲੇ ਰਪੋਟ ਦੇ ਸਾਰੇ ਕਾਂਡ ਦਰਜ ਕੀਤੇ ਜਾਂਦੇ ਹਨ। *—ਅਰਜਨ ਸਿੰਘ 'ਚੰਦ'*]

ਪ੍ਰਬੰਧਕ ਕੁਮੇਟੀ ਦਾ ਹੁਕਮ—1 ਮਈ 1934 ਨੂੰ ਦੀਵਾਨ ਦੀ ਪ੍ਰਬੰਧਕ ਕੁਮੇਟੀ ਨੇ (ਜਿਸ ਦੀ ਕਾਰਰੁਵਾਈ ਮਿਨਟ ਬੁੱਕ ਸਫਾ 21 ਪੁਰ ਦਰਜ ਹੈ) ਦਾਸ ਨੂੰ ਹੇਠਾਂ ਦਰਜ ਕਰਨ ਦਾ ਹੁਕਮ ਕੀਤਾ :

"ਸਕੱਤ੍ਰ ਨੂੰ ਬੇਨਤੀ ਕੀਤੀ ਜਾਏ ਕਿ ਅਪਣੀ ਰਪੋਟ ਦੇ ਵਿਚ ਜ਼ਰੂਰ ਸੰਗਤਾਂ ਨੂੰ ਇਸ ਸਮੇਂ ਦੇ ਵਿਚ ਹੋਏ ਮੁਕਦਮਿਆਂ ਦਾ ਭੀ ਨਿਰਨਾ ਤੇ ਹਾਲ ਦਸ ਦੇਣ ਤਾਂ ਕਿ ਕੁਮੇਟੀ ਦੇ ਬਾਰੇ ਜੋ ਗਲਤ ਫਹਿਮੀਆਂ ਸਮੇਂ 2 ਸਿਰ ਫੈਲਾਈਆਂ ਗਈਆਂ ਨੇ ਤੇ ਪੰਥ ਦੇ ਭਲੇ ਨੂੰ ਮੁੱਖ ਰਖਦੇ ਹੋਏ, ਜਿਨ੍ਹਾਂ ਗਲਤਫਹਿਮੀਆਂ ਦੀ ਬਾਬਤ ਕੁਮੇਟੀ ਨੇ ਚੁਪ ਹੀ ਰਖਣੀ ਸਿਆਣਪ ਸਮਝੀ ਸੀ, ਹੁਣ ਉਹ ਅਸਲੀਅਤ ਤੇ ਸੱਚ ਦਸ ਕੇ ਦਰੁਸਤ ਕਰ ਦਿਤੀਆਂ ਜਾਣ। ਸਕੱਤ੍ਰ ਨੇ ਉੱਤਰ ਦਿਤਾ ਕਿ ਏਹ ਹੁਕਮ ਪੂਰਾ ਕੀਤਾ ਜਾਏਗਾ।

ਹੁਣ ਦਾਸ ਉਪਰਲੇ ਹੁਕਮ ਦੀ ਪਾਲਣਾ ਕਰਨ ਦੇ ਲਈ ਏਨਾਂ ਉਪਰ ਦਸੇ ਮੁਕਦਮਿਆਂ ਦਾ ਸੰਖੇਪ ਨਿਰਨਾ ਕਰਨ ਦੀ ਕੋਸ਼ਸ਼ ਕਰਦਾ ਹੈ।

ਪਹਿਲਾ ਮੁਕੱਦਮਾ—ਦਾਸ ਦੇ ਸਮੇਂ ਦੇ ਵਿਚ ਪ੍ਰਬੰਧਕ ਕੁਮੇਟੀ ਦੇ ਸੇਵਕਾਂ ਤੇ ਸੁਸਾਇਟੀ ਦੇ ਉਪਰ ਦੋ ਮੁਕੱਦਮੇ ਸੁਪ੍ਰੀਮ ਕੋਰਟ ਦੇ ਵਿਚ ਪੇਸ਼ ਹੋਏ ਜਿਨ੍ਹਾਂ ਨੂੰ ਤੋੜਨ ਦੇ ਲਈ ਦਾਸ ਨੂੰ ਦੋਵੇਂ ਵਾਰੀ ਅਸਲੀਅਤ ਨੂੰ ਦੱਸਣ ਦੀ ਖਾਤਰ, ਸਕੱਤ੍ਰ ਦੀ ਹੈਸੀਅਤ ਦੇ ਵਿਚ ਪੇਛ ਹੋਣਾ ਪਿਆ ਜਾਂ ਲਿਖਤੀ ਬਿਆਨ ਦੇਣੇ ਪਏ ਤੇ ਏਸ ਤਰਾਂ ਸੱਚ ਨੂੰ ਪ੍ਰਗਟ ਕਰਕੇ ਦੋਵੇਂ ਮੁਕੱਦਮੇ ਤੋੜੇ।

ਪਹਿਲਾਂ ਹੁਣ ਦਾਸ ਉਸ ਮੁਕਦਮੇਂ ਦਾ ਵੇਰਵਾ ਦਿੰਦਾ ਹੈ, ਜੋ ਕਿ 18 ਜੂਨ 1933 ਦੀ ਚੋਣ ਤੋਂ ਬ੍ਰਾਦ ਉਨ੍ਹਾਂ ਹੀ 14 ਭਾਈਆਂ ਨੇ ਜੋ ਕਿ ਪਿਛਲੀ ਕੁਮੇਟੀ ਪਰ ਮੁਕਦਮੇਂ ਕਰਦੇ ਚਲੇ ਆਏ ਸਨ, ਦਾਸ ਪੁਰ, ਭਾਈ ਸੁਹਾਵਾ ਸਿੰਘ ਪ੍ਰਧਾਨ, ਭਾਈ ਲਾਭ ਸਿੰਘ ਖਜਾਨਚੀ ਤੇ ਭਾਈ ਚਨਣ ਸਿੰਘ ਜੰਡਿਆਲਾ ਮੀਤ ਪ੍ਰਧਾਨ ਪੁਰ ਕਰ ਦਿੱਤਾ। ਅਪਣਾ ਸਾਲ ਪੂਰਾ ਕਰਕੇ ਤੇ ਏਸ ਮੁਕੱਦਮੇ ਨੂੰ ਤੋੜ ਕੇ ਤੇ ਮੁੱਕਾ ਕੇ ਦਾਸ ਨੇ ਅਪਣਾ ਚਾਰਜ ਅਗਲੇ ਸਕੱਤ੍ਰ ਨੂੰ ਦਿੱਤਾ।

ਏਹ ਮੁਕਦਮਾਂ ਲਿਖਤੀ ਵੋਟਾਂ ਪਾ ਕੇ 18 ਜੂਨ ਨੂੰ ਹੋਈ ਚੋਣ ਨੂੰ ਜਿਸ ਵਿਚ ਕੇ ਮੁਕਦਮੇ ਕਰਦੇ ਆਏ ਭਾਈ ਹਾਰ ਗਏ ਸਨ ਤੇ ਏਹ ਹਾਰ ਉਨ੍ਹਾਂ ਨੂੰ ਅਪੁਣੇ ਮੁਰੈਲੀ ਭਾਈ ਰਘਬੀਰ ਸਿੰਘ ਕੰਦੋਲਾ ਨੇ ਉਨ੍ਹਾਂ ਨੂੰ ਤੇ ਸੰਗਤ ਨੂੰ ਅਪਨੇ ਮੁਖਾਰਬਿੰਦ ਤੋਂ ਸੁਣਾਈ ਸੀ, ਤੋੜਨ ਮਰੋੜਨ ਦੇ ਯਤਨ ਲਈ ਕੀਤਾ ਗਿਆ ਸੀ। ਏਸ ਲਈ ਦਾਸ ਚੋਣ ਦੀ ਵਿਥਿਆ ਦਸਣੀ ਜ਼ਰੂਰੀ ਸਮਝਦਾ ਹੈ।

(ਦੇਖੋ ਅਗਲਾ ਸਫਾ ਅਰਜਨ ਸਿੰਘ 'ਚੰਦ')

18 ਜੂਨ 1933 ਦੀ ਚੋਣ—18 ਜੂਨ 1933 ਨੂੰ ਗੁਰਦੁਆਰਾ ਵੈਨਕੋਵਰ ਦੇ ਵਿਚ ਜੁੜੀ ਖਾਲਸਾ ਦੀਵਾਨ ਵੈਨਕੋਵਰ ਦੀ ਜਨਰਲ ਇਕੱਤ੍ਰਤਾ ਨੇ ਸਿਰਫ ਇਸ ਇਕੱਤ੍ਰਤਾ ਦੀ ਕਾਰਰੁਵਾਈ ਨੂੰ ਸਿਰੇ ਚਾਹੜਨ ਤੇ ਨਿਭੌਣ ਦੇ ਲਈ ਭਾਈ ਲਾਭ ਸਿੰਘ ਰੁੜਕਾ ਨੂੰ ਪ੍ਰਧਾਨ, ਭਾਈ ਰਘਬੀਰ ਸਿੰਘ ਕੰਦੋਲਾ ਨੂੰ ਸਕੱਤ੍ਰ ਤੇ ਭਾਈ ਬਹਾਲ ਸਿੰਘ ਅਲੀਪੁਰ ਨੂੰ ਤੀਜਾ ਸਹਾਇਕ ਮੈਂਬਰ ਮੁਕੱਰਰ ਕੀਤਾ ਤੇ ਇਹ ਤਿਨ ਜਣੇ ਗੁਰੂ ਸਾਹਿਬ ਦੀ ਹਜ਼ੂਰੀ ਦੇ ਵਿਚ ਸੰਗਤ ਦੇ ਅੱਗੇ ਖੜੇ ਹੋਏ ਤੇ ਭਾਈ ਰਘਬੀਰ ਸਿੰਘ ਨੇ ਤਿਨਾਂ ਦੇ ਵਲੋਂ ਇਹ ਸੁਣਾਇਆ ਕਿ ਅਸੀ ਤਿਨੇ ਹੀ ਸੰਗਤ ਦੇ ਹੁਕਮ ਨੂੰ ਮੰਨਦੇ ਹੋਏ ਅੱਜ ਦੀ ਕਾਰਰੁਵਾਈ ਨੁਭਾਵਾਂਗੇ। ਅੰਤ ਲਿਖਤੀ ਵੋਟਾਂ ਪਈਆਂ ਤੇ ਏਹ ਫੈਸਲਾ ਹੋਇਆ :

ਕਿ ਉਹ ਭਾਈ ਜੋ ਕਹਿੰਦੇ ਹਨ ਕਿ ਉਹ 19 ਮਾਰਚ ਨੂੰ ਦੀਵਾਨ ਦੀ ਪ੍ਰਬੰਧਕ ਕੁਮੇਟੀ ਚੁਣੇ ਗਏ ਸਨ, ਪ੍ਰਬੰਧਕ ਕੁਮੇਟੀ ਨਾ ਮੰਨੇ ਜਾਣ ਪੁਰ ਨਵੀਂ ਚੋਣ ਕੀਤੀ ਜਾਵੇ।

ਸਰਬ ਸਮਤੀ ਦੇ ਨਾਲ ਬਗੈਰ ਕਿਸੇ ਭੀ ਵਲੋਂ ਕਿਸੇ ਬੀ ਉਜਰ ਦੇ ਹੇਠ ਲਿਖੇ ਪੰਜ ਮੈਂਬਰ ਦੀਵਾਨ ਦੀ ਪ੍ਰਬੰਧਕ ਕੁਮੇਟੀ ਚੁਣੇ ਗਏ : (1) ਭਾਈ ਸੁਹਾਵਾ ਸਿੰਘ ਨਦੌੜ, (2) ਭਾਈ ਲਾਭ ਸਿੰਘ ਰੁੜਕਾ, (3) ਭਾਈ ਮਿਤ ਸਿੰਘ ਪੰਡੋਰੀ, (4) ਭਾਈ ਨੱਥਾ ਸਿੰਘ ਹਰੀਪੁਰ, (5) ਭਾਈ ਚਨਣ ਸਿੰਘ ਜੰਡਿਆਲਾ।

ਭਾਈ ਰਘਬੀਰ ਸਿੰਘ ਨੇ ਮੌਕੇ ਦੇ ਸਕੱਤ੍ਰ ਦੀ ਹੈਸੀਅਤ ਵਿਚ ਉਪਰਲੇ ਪੰਜ ਚੁਣੇ ਮੈਂਬਰਾਂ ਦੀ ਚੋਣ ਦਾ ਏਲਾਨ ਕੀਤਾ ਤੇ ਹੁਣ ਸਰਬ ਸਮਤੀ ਦੇ ਨਾਲ ਏਹ ਭੀ ਪਾਸ ਹੋਇਆ ਤੇ ਭਾਈ ਰਘਬੀਰ ਸਿੰਘ ਨੇ ਏਲਾਨ ਕੀਤਾ ਕਿ ਏਹਨਾਂ ਚੁਣੇ ਗਏ ਪੰਜ ਸੇਵਕਾਂ ਨੂੰ ਅਧਕਾਰ ਦਿੱਤਾ ਜਾਂਦਾ ਹੈ ਕਿ (10) ਹੋਰ ਮੈਂਬਰਾਂ ਨੂੰ ਅਪਣੇ ਨਾਲ ਰਲਾ ਲੈਣ। ਜਦ ਚੁਣੇ ਪੰਜ ਮੈਂਬਰਾਂ ਨੂੰ ਹੁਕਮ ਹੋਇਆ ਕਿ ਗੁਰੂ ਸਾਹਿਬ ਦੇ ਹਜ਼ੂਰ ਖੜੇ ਹੋਵੋ ਤੇ ਜਦ ਚਾਰ ਮੈਂਬਰ ਹੱਥ ਜੋੜ ਕੇ ਖੜੇ ਹੋ ਗਏ ਤਾਂ ਸੰਗਤ ਨੂੰ ਪਤਾ ਲਗਾ ਕਿ ਭਾਈ ਨਥਾ ਸਿੰਘ ਹਰੀਪੁਰ ਨੇ ਕਿਹਾ ਹੈ ਕਿ ਮੈਂ ਸੇਵਾ ਦੇ ਲਈ ਤਿਆਰ ਨਹੀਂ ਹਾਂ। ਏਹ ਪਤਾ ਲਗਣ ਪੁਰ ਬਾਕੀ ਖੜੇ ਚਾਰ ਮੈਂਬਰਾਂ ਨੂੰ ਸਰਬ ਸੰਗਤ ਵਲੋਂ ਹੁਕਮ ਹੋਇਆ ਤੇ ਸੰਗਤ ਨੇ ਉਨ੍ਹਾਂ ਨੂੰ ਅਧਿਕਾਰ ਦਿਤਾ ਕਿ ਭਾਈ ਨੱਥਾ ਸਿੰਘ ਹਰੀਪੁਰੀਏ

ਦੀ ਜਗਾ ਤੁਸੀਂ ਪੰਜਵਾਂ ਮੈਂਬਰ ਆਪ ਰਲਾ ਲਵੋ। ਭਾਈ ਰਘਬੀਰ ਸਿੰਘ ਨੇ ਇਹ ਫੈਸਲਾ ਸੁਣਾਇਆ ਤੇ ਬ੍ਰਾਦ ਵਿਚ ਚਾਰ ਮੈਂਬਰਾਂ ਨੇ ਭਾਈ ਅਰਜਨ ਸਿੰਘ 'ਚੰਦ' ਨੂੰ ਪੰਜਵਾਂ ਮੈਂਬਰ ਰਲਾ ਲਿਆ.....

ਚੋਣ ਤੋਂ ਮਗਰੋਂ ਭਾਈ ਘਨਈਆ ਸਿੰਘ ਕੰਗਣੀਵਾਲੇ ਨੇ ਗੁਰਦੁਆਰੇ ਦੀਆਂ ਚਾਬੀਆਂ ਭਾਈ ਲਾਭ ਸਿੰਘ ਰੁੜਕਾ ਖਜ਼ਾਨਚੀ ਨਵੀਂ ਕੁਮੇਟੀ ਨੂੰ ਸੌਂਪ ਦਿਤੀਆਂ ਤੇ ਅਕਰਾਰ ਕੀਤਾ ਕਿ ਸੇਫ ਤੇ ਦਫਤਰ ਦੀਆਂ ਚਾਬੀਆਂ ਕਲ ਸੋਮਵਾਰ ਤ੍ਰਕਾਲਾਂ ਨੂੰ ਨਵੇਂ ਸੇਵਕਾਂ ਦੇ ਹਵਾਲੇ ਕੀਤੀਆਂ ਜਾਣਗੀਆਂ।

ਸੂਸਾਇਟੀ ਦੀ ਏਹ ਜਨਰਲ ਇਕਤ੍ਰਤਾ ਹੋਈ। ਚੋਣ ਹੋਈ। ਸੰਗਤਾਂ ਸਾਂਨਤੀ, ਪ੍ਰੇਮ ਤੇ ਖੁਸ਼ੀ ਦੇ ਨਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਘਰਾਂ ਤੇ ਦੂਰ ਦੁਰਾਡੇ ਟਕਾਣਿਆਂ ਨੂੰ ਛਿੜ ਗਈਆਂ।

ਤਾਂ ਹੀ ਪਤਾ ਲੱਗਾ ਜਦ ਚੋਣ ਤੋਂ ਪੰਜ ਦਿਨ ਬ੍ਰਾਦ 23 ਜੂਨ ਦਿਨ ਫਰਾਈਡੇ ਨੂੰ ਭਾਈ ਰਘਬੀਰ ਸਿੰਘ ਕੰਦੋਲਾ, ਜਿਸ ਨੇ ਅਪਣੇ ਮੂੰਹੋਂ ਸਭ ਏਲਾਨ ਸੁਣਾਏ ਸਨ ਤੇ ਕਿਹਾ ਸੀ ਕਿ ਸਾਧ ਸੰਗਤ ਜੀ ਸਭ ਕਾਰਰੁਵਾਈ ਪੂਰਨ ਸਿੰਘ ਕਾਨੂੰਨੀ ਦਸਤੂਰ ਸਿਰ ਤੇ ਨਿਰਪਖਤਾ ਦੇ ਨਾਲ ਸੱਚੀ 2 ਹੋਈ ਹੈ, ਉਸ ਹੀ ਭਾਈ ਰਘਬੀਰ ਸਿੰਘ ਨੇ ਇਕ ਕਾਗਜ਼ ਕੱਢ ਮਾਰਿਆ, ਜਿਸ ਵਿਚ ਲਿਖਤੀ ਵੋਟਾਂ ਨਾਲ ਹੋਈ ਕਾਰਰੁਵਾਈ ਨੂੰ ਨਾਜਾਇਜ਼ ਦੱਸਿਆ।

ਭਾਈ ਲਾਭ ਸਿੰਘ ਰੁੜਕਾ ਤੇ ਭਾਈ ਬਹਾਲ ਸਿੰਘ ਅਲੀਪੁਰ ਨੂੰ ਹੈਰਾਨੀ ਹੋਈ ਕਿ ਉਨ੍ਹਾਂ ਦੇ ਸਾਥੀ ਭਾਈ ਰਘਬੀਰ ਸਿੰਘ ਨੇ ਹੁਣ ਚੋਣ ਤੋਂ ਪੰਜ ਦਿਨ ਬ੍ਰਾਦ ਕਿਉਂ ਕਾਇਆਂ ਪਲਟੀ ਹੈ ਤੇ ਓਸ ਨੇ ਭਰੇ ਦੀਵਾਨ ਵਿਚ ਪਾਸ ਹੋਈ ਅਤੇ ਅਪਣੇ ਮੂੰਹੋਂ ਏਲਾਨ ਕੀਤੀ ਕਾਰਰੁਵਾਈ ਦੇ ਪੁਰ ਕਿਉਂ ਮਿਟੀ ਪੌਣ ਦਾ ਯਤਨ ਕੀਤਾ ਹੈ। ਭਾਈ ਲਾਭ ਸਿੰਘ ਤੇ ਬਹਾਲ ਸਿੰਘ ਨੇ ਏਸ ਹਾਲਤ ਦੇ ਵਿਚ ਜ਼ਰੂਰੀ ਸਮਝਿਆ ਕਿ ਭਾਈ ਰਘਬੀਰ ਸਿੰਘ ਦੇ ਏਸ ਅਚੰਭਾ ਭਰੇ ਕਰਤਬ ਦਾ ਪਾਜ ਖੋਲਣ ਤੇ ਸੰਗਤ ਨੂੰ ਟਪਲਾ ਲਗਣ ਤੋਂ ਬਚੌਣ। ਉਨ੍ਹਾਂ ਦੋਹਾਂ ਨੇ ਸਤ 7 ਸਫੇ ਦੇ ਏਲਾਨ ਦੁਆਰਾ ਅਸਲੀਅਤ ਦੱਸ ਕੇ ਭਾਈ ਰਘਬੀਰ ਸਿੰਘ ਦੇ ਕਢੇ ਕਾਗਜ਼ ਤੇ ਚਲੇ ਕਰਤਬ ਦਾ ਪਾਜ ਉਘੇੜਿਆ। ਏਸ ਏਲਾਨ ਦੇ ਵਿਚੋਂ ਦਾਸ ਥੋੜੀਆਂ ਸਤਰਾਂ ਹੇਠਾਂ ਦਰਜ ਕਰਦਾ ਹੈ। ਭਾਈ ਲਾਭ ਸਿੰਘ ਤੇ ਬਹਾਲ ਸਿੰਘ ਨੇ ਕਿਹਾ :

"ਜਦ ਵੋਟਾਂ ਲਿਖੀਆਂ ਜਾ ਰਹੀਆਂ ਸਨ, ਜਾਂ ਜਦ ਨਤੀਜਾ ਸੁਣਾਇਆ ਗਿਆ ਜਾਂ ਉਸ ਤੇ ਬ੍ਰਾਦ ਭੀ ਉਸ ਦਿਹਾੜੇ ਸਭ ਕਾਰਰੁਵਾਈ ਸ਼ਾਨਤੀ, ਪ੍ਰੇਮ ਤੇ ਦਸਤੂਰ ਨਾਲ ਹੋਈ ਹੈ ਤੇ ਕਿਸੇ ਇਕ ਭਾਈ ਨੇ ਭੀ ਉਜਰ ਪੇਸ਼ ਨਹੀਂ ਕੀਤਾ ਕਿ ਇਸ ਵਿਚ ਕੋਈ ਕਸਰ ਹੈ। ਸਾਡਾ ਤਿਨਾਂ ਦਾ ਫਰਜ਼ ਸਿਰਫ 18 ਜੂਨ ਦੀ ਕਾਰਰੁਵਾਈ ਨੁਭਾ ਦੇਣਾ ਸੀ, ਜੋ ਕਿ ਅਸੀਂ ਦਸਤੂਰ, ਸਫਾਈ ਤੇ ਇਨਸਾਫ ਦੇ ਨਾਲ ਨੁੱਭਾ ਦਿੱਤੀ ਤੇ ਸਰਬ ਸੰਗਤ ਨੇ ਉਸ ਵਕਤ ਪ੍ਰਵਾਨ ਕੀਤੀ। ਭਾਈ ਰਘਬੀਰ ਸਿੰਘ ਨੇ ਖੁੱਦ ਸਾਨੂੰ ਬਾਕੀ ਦੋ ਸਾਥੀਆਂ ਨੂੰ ਵੋਟਾਂ ਦਾ ਨਤੀਜਾ ਸਨੌਣ ਵੇਲੇ ਕਿਹਾ ਕਿ ਸਭ ਕਾਰਰੁਵਾਈ ਕਾਨੂੰਨੀ ਦਸਤੂਰ ਸਿਰ, ਸੱਚੀ ਤੇ ਨਿਰਪਖਤਾ ਦੇ ਨਾਲ ਹੋਈ ਹੈ ਤੇ ਨਾ ਹੀ ਕਿਸੇ ਹੋਰ ਨੇ ਕੋਈ ਉਜਰ ਪੇਸ਼ ਕੀਤਾ, ਪਰ ਉਸ ਹੀ ਭਾਈ ਰਘਬੀਰ ਸਿੰਘ ਨੇ ਸਾਰੀ ਕਾਰਰੁਵਾਈ ਸਾਧ ਸੰਗਤ ਦੇ ਸਾਮਣੇ ਅਪਣੇ ਹਥੀਂ ਕਰਕੇ ਤੇ ਸੁਣਾ ਕੇ, ਕੁੱਛ ਦਿਨਾਂ

ਦੇ ਬ੍ਰਾਦ ਜੋ ਕਾਇਆਂ ਪਲਟੀ ਹੈ ਤੇ ਇਕ ਕਾਗਜ਼ ਕੱਢ ਮਾਰਿਆ ਹੈ। ਇਸ ਪੁਰ ਅਸਾਂ ਨੂੰ ਉਸ ਦੇ ਸਾਥੀ ਦੋ ਮੈਂਬਰਾਂ ਨੂੰ ਨਾ ਸਿਰਫ ਅਤੀ ਹੀ ਅਫਸੋਸ ਹੈ, ਪਰ ਅਸੀਂ ਇਹ ਕਹਿੰਦੇ ਹਾਂ ਕਿ ਭਾਈ ਸਾਹਿਬ ਨੇ ਜੋ ਕੁੱਛ ਲਿਖ ਕੇ ਬਾਹਰ ਭੇਜਿਆ ਹੈ ਇਹ ਸੱਚ ਨਹੀਂ ਹੈ।"

ਚੋਣ ਤੋਂ ਬ੍ਰਾਦ, ਦਾਸ ਤੇ ਪ੍ਰਬੰਧਕ ਕੁਮੇਟੀ ਦੇ ਬਾਕੀ ਮੈਂਬਰਾਂ ਨੇ ਜਿਸ ਪ੍ਰਕਾਰ ਦੀਵਾਨ ਦੇ ਰਹਿੰਦੇ ਖੂੰਹਦੇ ਕਾਗਜ਼ ਪੱਤ੍ਰ ਤੇ ਚੀਜ਼ਾਂ ਸਾਂਭੀਆਂ, ਉਸ ਦੀ ਸਾਰੀ ਵਿਥਿਆ ਤੇ ਲਭੀਆਂ ਤੇ ਨਾਲੇ ਚੁੱਕੀਆਂ ਚੀਜ਼ਾਂ ਦੀਆਂ ਫਰਿਸਤਾਂ, ਦਾਸ ਇਸ ਤੋਂ ਪਹਿਲਾਂ ਆਪ ਦੇ ਪੇਸ਼ ਕਰ ਚੁੱਕਾ ਹੈ। ਹੁਣ ਦਾਸ ਨੇ ਦੀਵਾਨ ਦੇ ਨਾ ਤਾਰੇ ਗਏ ਬਿਲਾਂ ਵਾਲਿਆਂ ਦੇ ਨੋਟਸ ਤੇ ਹਸਾਬਾਂ ਦੀ ਖੋਜ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਦੋ ਮਹੀਨੇ ਦੇ ਉਪਰ ਤੋਂ ਗੁਰਦੁਆਰੇ ਦੇ ਬਹੁਤ ਸਾਰੇ ਬਿਲ ਕਿਸੇ ਨੇ ਨਹੀਂ ਤਾਰੇ ਤੇ ਇਕ ਦੋ ਜਗਾ ਤੋਂ ਬਿਲਾਂ ਵਾਲੇ ਦਾਹਵੇ ਦੀ ਧਮਕੀ ਦੇ ਰਹੇ ਸਨ। ਜੇ ਬਿਲ ਇਕਦਮ ਨਾ ਤਾਰੇ। ਬੱਤੀਆਂ ਦੇ ਬਿਲਾਂ ਦਾ ਇਹੋ ਹਾਲ ਸੀ ਤੇ ਗੁਰਦੁਆਰੇ ਦੇ ਘਰਾਂ ਦਾ ਸਿਟੀ ਟੈਕਸ ਬੀ ਇਕਦਮ ਤਾਰਨਾ ਜ਼ਰੂਰੀ ਸੀ। ਬੈਂਕਾਂ ਦਾ ਚਾਰਜ ਲੈਂਦੇ ਸਾਰ ਸਭ ਪਛੜੇ ਹੋਏ ਤੇ ਲਟਕਦੇ ਬਿਲ ਤਾਰੇ ਤੇ 18 ਜੂਨ ਨੂੰ ਪਾਸ ਹੋਏ ਗੁਰਮਤੇ ਦੇ ਅਨੁਸਾਰ ਦੋ ਸੌ ਡਾਲਰ ਚਲਦੇ ਹਸਾਬ ਵਿਚ ਰੱਖ ਕੇ, ਬਬਰਾਂ ਦਾ ਪੈਸਾ ਦੇਸ ਨੂੰ ਭੇਜਣ ਦਾ ਪ੍ਰਬੰਧ ਕਰਕੇ 4 ਜੁਲਾਈ ਨੂੰ ਉਕਤ ਗੁਰਮਤੇ ਦੀ ਨਕਲ ਬੈਂਕ ਨੂੰ ਦਿਤੀ ਤੇ ਬਾਕੀ ਕੁਲ ਫੰਡ ਨੂੰ ਮਿਆਦੀ ਅਕੌਂਟ ਵਿਚ ਰੱਖ ਦਿੱਤਾ।

ਸੇਵਕਾਂ ਪੁਰ ਮੁਕੱਦਮਾ—11 ਜੁਲਾਈ 1933 ਨੂੰ ਹੇਠ ਲਿਖੇ 14 ਭਾਈਆਂ ਨੇ ਖਾਲਸਾ ਦੀਵਾਨ ਸੂਸਾਇਟੀ ਦਾ ਨਾਮ ਨਾਲ ਲਾ ਕੇ, ਦਾਸ ਪੁਰ, ਤੇ ਪ੍ਰਧਾਨ ਭਾਈ ਸੁਹਾਵਾ ਸਿੰਘ ਨਦੌੜ, ਖਜਾਨਚੀ ਭਾਈ ਲਾਭ ਸਿੰਘ ਰੁੜਕਾ ਤੇ ਮੀਤ ਪ੍ਰਧਾਨ ਭਾਈ ਚਨਣ ਸਿੰਘ ਜੰਡਿਆਲਾ ਪੁਰ ਨਵਾਂ ਮੁਕਦਮਾਂ ਜਾਰੀ ਕਰ ਦਿੱਤਾ। ਏਹਨਾ ਭਾਈਆਂ ਦੇ ਨਾਮ ਆਹ ਹਨ.....ਨੱਥਾ ਸਿੰਘ ਹਰੀਪੁਰ, ਘਨਈਆ ਸਿੰਘ ਕੰਗਣੀਵਾਲਾ, ਬੋਘ ਸਿੰਘ ਜਲਾਲਦੀਵਾਲ, ਬਸੰਤ ਸਿੰਘ ਨਗਰ, ਸੁਰੈਣ ਸਿੰਘ ਮੁਹੇਮ, ਬਸੰਤ ਸਿੰਘ ਕੰਗਣੀਵਾਲਾ, ਜੁਵਾਲਾ ਸਿੰਘ ਲਿਤ੍ਰ, ਦਲੀਪ ਸਿੰਘ ਪਿਪਲਾਂਵਾਲਾ, ਵਰਿਆਮ ਸਿੰਘ ਸੰਘਾ, ਬਤਨ ਸਿੰਘ ਬੋਪਾਰਾਏ, ਭਾਨ ਸਿੰਘ ਕੋਟਲੀ, ਦਲੀਪ ਸਿੰਘ ਉਪਲ, ਮੱਲਾ ਸਿੰਘ ਬੀਰ ਪਿੰਡ, ਤੇ ਈਸ਼ਰ ਸਿੰਘ ਘੋਲੀਆ।

ਏਹਨਾਂ ਚੌਹਦਾਂ ਨੇ ਹੇਠ ਲਿਖੇ ਅਪਣੇ ਹੱਕ ਕੋਰਟ ਦੇ ਪੇਸ਼ ਕੀਤੇ ਤੇ ਕੋਰਟ ਤੋਂ ਮੰਗ ਕੀਤੀ ਕਿ ਕੋਰਟ ਹੇਠ ਲਿਖੀਆਂ 7 ਸਤ ਗੱਲਾਂ ਦਾ ਫੈਸਲਾ ਪ੍ਰਗਟ ਕਰ ਦੇਵੇ :

1. ਕੋਰਟ ਇਹ ਪ੍ਰਗਟ ਕਰ ਦੇਵੇ ਕਿ ਅਸਾਂ ਚੌਦਾਂ ਦੇ ਵਿਚੋਂ ਹਰ ਇਕ ਜਣਾ 19 ਮਾਰਚ 1933 ਨੂੰ ਖਾਲਸਾ ਦੀਵਾਨ ਸੂਸਾਇਟੀ ਦੀ ਪ੍ਰਬੰਧਕ ਕੁਮੇਟੀ ਦਾ ਮੈਂਬਰ ਚੁਣਿਆ ਗਿਆ ਸੀ।
2. ਕੋਰਟ ਇਹ ਪ੍ਰਗਟ ਕਰ ਦੇਵੇ ਕਿ 18 ਜੂਨ 1933 ਨੂੰ ਸੰਗਤ ਨੇ ਸਾਨੂੰ ਚੌਦਾਂ ਜਾਣਿਆਂ ਨੂੰ ਪਕਿਆਈ ਤੇ ਪੁਸ਼ਟੀ ਕਰ ਕੇ ਦੀਵਾਨ ਦੀ ਪ੍ਰਬੰਧਕ ਕੁਮੇਟੀ ਬਣਾ ਦਿੱਤਾ ਸੀ।
3. ਕੋਰਟ ਮਿਤ ਸਿੰਘ, ਸੁਹਾਵਾ ਸਿੰਘ, ਲਾਭ ਸਿੰਘ ਤੇ ਚਨਣ ਸਿੰਘ ਨੂੰ ਰੋਕੇ ਕਿ

ਸਾਨੂੰ ਚੌਦਾਂ ਨੂੰ ਜਣਿਆਂ ਨੂੰ 1933 ਦੀ ਪ੍ਰਬੰਧਕ ਕੁਮੇਟੀ ਬਣ ਕੇ, ਸੁਸਾਇਟੀ ਦਾ ਕੰਮ ਸਾਂਭਣ ਤੋਂ ਨਾ ਰੋਕਣ।

4. ਕੋਰਟ (ਉਪਰਲੇ ਚੌਹਾਂ ਸੇਵਕਾਂ ਨੂੰ) ਰੋਕੇ ਕਿ ਉਹ ਸੁਸਾਇਟੀ ਦਾ ਆਇਆ ਪੈਸਾ ਨਾ ਹੀ ਸਾਂਭਣ ਤੇ ਨਾ ਹੀ ਸੁਸਾਇਟੀ ਦੇ ਬੈਂਕਾਂ ਪੁਰ ਚਿਕਾਂ ਦੇਣ।

"ਜੇ ਕੋਰਟ ਉਪਰਲੀਆਂ ਗੱਲਾਂ ਮਨਜ਼ੂਰ ਨਾ ਕਰੇ" ਤਾਂ.....

5. ਏਹ ਹੁਕਮ ਕਰ ਦੇਵੇ ਕਿ ਸੁਸਾਇਟੀ ਦੇ ਪ੍ਰਬੰਧਕ ਤੇ ਅਫਸਰ ਚੁਣੇ ਜਾਣ ਦੇ ਲਈ ਜਨਰਲ ਮੀਟਿੰਗ ਬਲਾਈ ਜਾਏ।
6. ਤੇ ਸੁਸਾਇਟੀ ਦੀ ਜੋ ਬੀ ਮਾਇਆ ਉਨ੍ਹਾਂ ਚੌਹਾਂ ਦੇ ਕੋਲ ਆਈ ਹੋਵੇ, ਜਿਨ੍ਹਾਂ ਪੁਰ ਦਾਹਵਾ ਹੈ, ਉਸ ਦਾ ਹਸਾਬ ਲਿਆ ਜਾਏ।
7. ਕੋਰਟ ਇਸ ਮੁਕਦਮੇ ਦਾ ਖਰਚਾ ਦਾਹਵਾ ਕਰਨ ਵਾਲਿਆਂ ਨੂੰ ਦੁਆਵੇ।

ਇਹ ਉਪਰਲੀਆਂ ਸਤ ਮੰਗਾਂ ਹਨ, ਜੋ ਏਨਾਂ ਦਾਹਵਾ ਕਰਨ ਵਾਲੇ ਭਾਈਆਂ ਨੂੰ ਕੋਰਟ ਤੋਂ ਮੰਗੀਆਂ। ਦਾਸ ਇਥੇ ਦਾਹਵਾ ਕਰਨ ਵਾਲੇ ਭਾਈਆਂ ਉੱਪਰ ਅਪਣੀ ਤਰਫ ਤੋਂ ਕੋਈ ਹਾਸ਼ੀਆ ਚੜੌਣ ਜਾਂ ਨੁਕਤਾਚੀਨੀ ਕਰਨ ਦਾ ਕੋਈ ਯਤਨ ਨਹੀਂ ਕਰੇਗਾ, ਕਿਉਂਕੇ ਪੀਠੇ ਹੋਏ ਨੂੰ ਮੁੜ ਕੇ ਪੀਹਣੇ ਦੀ ਲੋੜ ਨਹੀਂ ਹੁੰਦੀ। ਪਾਠਕ ਖੁੱਦ ਹੀ ਦੇਖ ਸਕਦੇ ਹਨ ਤੇ ਉਪ੍ਰਲੀਆਂ ਮੰਗਾਂ ਸਪੁਸ਼ਟ ਕਰਦੀਆਂ ਹਨ ਕਿ ਦਾਹਵਾ ਕਰਨ ਵਾਲਿਆਂ ਦਾ ਨੀਅਤ, ਦਨਾਈ, ਸੇਵਾ ਭਾਵ ਅਤੇ ਦਿਆਨਤਦਾਰੀ ਕਿਥੋਂ ਤਾਂਈ ਸਚਿਆਈ ਪਰ ਨਿਰਭਰ ਹੈ।

ਕੋਰਟ ਨੇ ਏਨਾਂ ਮੰਗਾਂ ਦੇ ਵਿਚੋਂ ਸਿਰਫ ਇਕ ਗੱਲ ਦੀ ਮਨਜ਼ੂਰੀ ਦੇ ਦਿੱਤੀ ਕਿ ਜਦ ਤੱਕ ਮੁਕਦਮਾ ਭੁਗਤ ਕੇ ਫੈਸਲਾ ਨਾ ਹੋ ਜਾਵੇ, ਉਦੋਂ ਤੱਕ (ਚਾਰ ਸੇਵਕ) ਨਾ ਸੁਸਾਇਟੀ ਦੇ ਪੈਸੇ ਨੂੰ ਵਸੂਲ ਕਰਨ ਤੇ ਨਾ ਹੀ ਚਿਕਾਂ ਦੇਣ।

ਸੁਸਾਇਟੀ ਦਾ ਬਾਕੀ ਸਾਰਾ ਕਾਰ ਵਿਹਾਰ ਚਲੌਣ ਲਈ ਸੇਵਕਾਂ ਨੂੰ ਕੋਈ ਰੋਕ ਨਹੀਂ ਸੀ। ਦਾਸ ਨੂੰ ਤੇ ਪ੍ਰਬੰਧਕ ਕੁਮੇਟੀ ਦੇ ਬਾਕੀ ਮੈਂਬਰਾਂ ਨੂੰ ਸੁਸਾਇਟੀ ਦੇ ਵਕੀਲ ਨੇ ਸਲਾਹ ਦਿਤੀ ਕਿ ਅਗਸਤ ਮਹੀਨੇ ਦੇ ਅਖੀਰ ਤੱਕ ਛੁੱਟੀਆਂ ਕਰਕੇ ਕੋਰਟਾਂ ਬੰਦ ਹਨ, ਉਸ ਤੋਂ ਬ੍ਰਾਦ ਤੁਸੀਂ ਪੈਸੇ ਦੀ ਏਸ ਰੋਕ ਨੂੰ ਮੁਕਦਮਾ ਭੁਗਤਨ ਤੋਂ ਪਹਿਲਾਂ ਹੀ ਤੁੜਾ ਸਕਦੇ ਹੋ, ਪਰ ਪ੍ਰਬੰਧਕਾਂ ਵਲੋਂ ਏਹ ਹੀ ਫੈਸਲਾ ਹੋਇਆ ਕਿ ਗੁਰੂ ਕਾ ਖ਼ਜ਼ਾਨਾ ਤਾਂ ਅੱਗੇ ਹੀ ਅਸੀਂ ਦੋ ਸਾਲ ਦੇ ਅਰਸੇ ਦੇ ਲਈ ਮਿਆਦੀ ਅਕੌਂਟ ਦੇ ਵਿਚ ਪਾ ਦਿੱਤਾ ਹੋਇਆ ਹੈ, ਉਸ ਨੂੰ ਤਾਂ ਕੋਈ ਦੋ ਸਾਲ ਲਈ ਛੇੜ ਨਹੀਂ ਸਕਦਾ, ਹੁਣ ਤਾਂ ਗੁਰੂ ਕੀ ਸੇਵਾ ਦਾ ਮੌਕਾ ਹੈ। ਜੋ ਭਾਈ ਵਧੀਕੀਆਂ ਕਰਦੇ ਹਨ, ਕਰੀ ਚਲਣ ਦਿਓ, ਆਪੇ ਹੀ ਥੱਕ ਤੁਟ ਕੇ ਹਟ ਜਾਣਗੇ। ਗੁਰੂ ਘਰ ਦਾ ਕੰਮ ਅਟਲ ਹੈ। ਏਸ ਨੂੰ ਕੋਈ ਨਹੀਂ ਰੋਕ ਸਕਦਾ ਤੇ ਨਾ ਹੀ ਇਸ ਦੇ ਚਲਣ ਦੇ ਵਿਚ ਰੋੜਾ ਅਟਕਾ ਸਕਦਾ ਹੈ। ਜੋ ਜਾਣ ਬੁਝ ਕੇ ਐਸਾ ਕਰਦਾ ਹੈ, ਉਹ ਮੂੰਹ ਦੀ ਖਾਂਦਾ ਹੈ। ਗੁਰੂ ਅਪਣੇ ਬਿਰਦ ਦੀ ਆਪ ਲਜਿਆ ਰਖੇਗਾ। ਸੱਚੇ ਪਾਤਸ਼ਾਹ ਨੇ ਉਹ ਲੱਜਿਆ ਆਪ ਰੱਖੀ ਤੇ ਸਮੇਂ 2 ਸਿਰ ਪ੍ਰਤੱਖ ਹੋਇਆ। ਵਿਸ਼ਵਾਸ ਤੇ ਭਰੋਸੇ ਵਾਲੇ ਰੂਹਾਨੀ ਨੇਤਰਾਂ ਵਾਲਿਆਂ ਨੇ ਬਾਰ 2 ਇਹ ਕੌਤਕ ਦੇਖੇ ਹਨ ਤੇ ਉਨ੍ਹਾਂ ਦਾ ਭਰੋਸਾ ਗੁਰੂ ਦੀ ਕਿਰਪਾ ਦੇ ਨਾਲ ਅਗੇ ਨਾਲੋਂ ਬੀ ਦਰਿੜ ਹੋਇਆ ਹੈ।

ਅਰਜਨ ਸਿੰਘ ਟਰੱਸਟ ਅਕੌਂਟ—ਮੁਕਦਮਾ ਹੋਣ ਪੁਰ ਉਸ ਤਾਰੀਖ ਤੋਂ ਲਾ ਕੇ ਦੀਵਾਨ ਨੂੰ ਆਈ ਮਾਇਆ, ਭਾਈ ਅਰਜਨ ਸਿੰਘ 'ਚੰਦ' ਮੀਤ ਸਕੱਤ੍ਰ ਨੇ ਸਾਂਭਣੀ ਸ਼ੁਰੂ ਕੀਤੀ ਤੇ ਪਾਈ 2 ਆਈ ਦੀ ਦੀਵਾਨ ਵਲੋਂ ਨੰਬਰ ਵਾਰ ਬਾਕਾਇਦਾ ਰਸੀਦਾਂ ਦੇ ਕੇ ਟਰੱਸਟ ਅਕੌਂਟ ਵਿਚ ਰਾਇਲ ਬੈਂਕ ਐਫ ਕੈਨੇਡਾ ਵਿਚ ਜਮਾ ਕਰਨੀ ਸ਼ੁਰੂ ਕੀਤੀ ਗਈ ਤੇ ਇਸ ਹੀ ਅਕੌਂਟ ਵਿਚੋਂ ਜਿਤਨਾ ਚਿਰ ਮੁਕੱਦਮਾ ਖ਼ਾਰਜ ਨਾ ਕਰਾਇਆ ਗਿਆ ਗੁਰੂ ਘਰ ਦੇ ਸਾਰੇ ਬਿਲ ਤਾਰੇ ਗਏ ਤੇ ਏਸ ਪ੍ਰਕਾਰ ਦੀਵਾਨ ਦਾ ਕੰਮ ਚਲਦਾ ਰਿਹਾ। ਏਸ ਸਾਰੇ ਹਸਾਬ ਦੀ ਪੜਤਾਲ ਚਾਰਟਰਡ ਅਕੌਂਟੈਂਟ ਨੇ ਕੀਤੀ ਹੈ ਤੇ ਸਾਰੇ ਹਸਾਬ ਦਾ ਵੇਰਵਾ ਅਗੇ ਚਲ ਕੇ ਹਸਾਬ ਦੀ ਰਪੋਟ ਦੇ ਵਿਚ ਦਰਜ ਹੈ।

ਸਾਧ ਸੰਗਤ ਦਾ ਅਤੀ ਹੀ ਧਨਵਾਦ ਹੈ, ਜਿਸ ਨੇ ਏਨ੍ਹਾਂ ਔਕੜਾਂ ਦੇ ਵਿਚ ਭੀ ਗੁਰੂ ਦੇ ਖ਼ਜ਼ਾਨੇ ਨੂੰ ਭਰਪੂਰ ਰੱਖਿਆ ਤੇ ਕਿਸੇ ਚੀਜ਼ ਦੀ ਤੋਟ ਨਹੀਂ ਔਣ ਦਿੱਤੀ।

ਓਸਨਫਾਲਜ ਦੀ ਮਾਇਆ—ਓਸਨਫਾਲਜ ਤੋਂ ਖਾਲਸਾ ਜੀ ਦੇ ਕੰਮ ਕਾਰ ਹੱਟ ਜਾਣ ਪੁਰ, ਉਥੇ ਦਾ ਗੁਰ ਅਸਥਾਨ ਬੀ ਬੰਦ ਕਰਨਾ ਪਿਆ। ਸਭ ਤੋਂ ਅਖੀਰ ਔਣ ਵਾਲੇ ਭਾਈ ਫੰਗਣ ਸਿੰਘ ਨਥੂਵਾਲਾ ਤੇ ਭਾਈ ਧਰਮ ਸਿੰਘ ਢੁਡੀਕੇ ਦਾ ਅਤੀ ਹੀ ਧਨਵਾਦ ਹੈ, ਜਿਨ੍ਹਾਂ ਨੇ ਬੜੇ ਹੀ ਪ੍ਰੇਮ ਦੇ ਨਾਲ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤੇ ਉਥੋਂ ਦੇ ਗੁਰ ਅਸਥਾਨ ਦੇ ਸਾਰੇ ਅਸਬਾਬ ਨੂੰ ਲਿਆ ਕੇ ਪ੍ਰਬੰਧਕ ਕੁਮੇਟੀ ਖਾਲਸਾ ਦੀਵਾਨ ਦੇ ਸਪੁਰਦ ਕੀਤਾ ਤੇ ਜੋ $582-28 ਖਾਲਸਾ ਦੀਵਾਨ ਓਸਨਫਾਲਜ ਦੇ ਖ਼ਜ਼ਾਨੇ ਦੇ ਵਿਚ ਉਥੇ ਜਮਾਂ ਸਨ, ਉਹ ਭੀ ਖਾਲਸਾ ਦੀਵਾਨ ਵੈਨਕੋਵਰ ਦੇ ਸਪੁਰਦ ਕੀਤੇ। ਇਹ ਮਾਇਆ ਦਾਸ ਦੇ ਹਸਾਬ ਦੇ ਵਿਚ ਆਈ ਦਰਜ ਹੈ।

ਮੁਕੱਦਮਾ ਅੰਤ ਤੋੜਨਾ ਪਿਆ—ਦਾਸ ਨੇ 18 ਜੂਨ 1933 ਨੂੰ ਸੇਵਾ ਸਾਂਭੀ ਸੀ। 23 ਦਸੰਬਰ 1933 ਨੂੰ ਸੂਸਾਇਟੀ ਦਾ ਸਲਾਨਾ ਦੀਵਾਨ ਸੱਦਿਆ ਗਿਆ ਤੇ 9 ਸਜਣਾਂ ਦੀ ਨਵੀਂ ਪ੍ਰਬੰਧਕ ਕੁਮੇਟੀ ਚੁਣੀ ਗਈ। 24 ਦਸੰਬਰ ਨੂੰ ਏਸ ਨਵੀਂ ਕੁਮੇਟੀ ਦੇ 9 ਮੈਂਬਰਾਂ ਨੇ ਫੈਸਲਾ ਕੀਤਾ ਤੇ ਸੰਗਤ ਨੇ ਉਹ ਫੈਸਲਾ ਪ੍ਰਵਾਨ ਕੀਤਾ ਕਿ ਜਦ ਤੱਕ ਚੌਦਾਂ 14 ਭਾਈਆਂ ਵਲੋਂ ਹੁਣ ਗੀਟਾਇਰ ਹੋਣ ਵਾਲੀ ਪ੍ਰਬੰਧਕ ਕੁਮੇਟੀ ਦੇ ਚਾਰ ਸੇਵਕਾਂ ਪੁਰ ਕੋਰਟ ਦੇ ਵਿਚ ਦਾਇਰ ਮੁਕਦਮਾ ਮੁੱਕ ਨਹੀਂ ਜਾਂਦਾ, ਉਦੋਂ ਤੱਕ ਅਸੀਂ 9 ਦੀਵਾਨ ਦੇ ਪ੍ਰਬੰਧ ਦਾ ਚਾਰਜ ਨਹੀਂ ਲਵਾਂਗੇ। ਬਥੇਰੇ ਯਤਨ ਤੇ ਬੇਨਤੀਆਂ ਕੀਤੀਆਂ ਗਈਆਂ ਕਿ ਭਰਾਵੋ ਏਹ ਬੇਸੁਰੇ ਤੇ ਬੇਮੁਹਾਰੇ ਤੇ ਨਾ ਹੱਕੇ ਕੀਤੇ ਮੁਕਦਮੇ ਨੂੰ ਚੁੱਕ ਲਵੋ ਤੇ ਗੁਰੂ ਘਰ ਦੀਆਂ ਚੀਜ਼ਾਂ ਤੇ ਕਾਗਜ਼ ਪੱਤ੍ਰ ਜੋ ਚੁੱਕ ਕੇ ਬਾਹਰ ਲਜਾਏ ਗਏ ਹਨ, ਲਿਆ ਕੇ ਦੀਵਾਨ ਦੇ ਸੇਫ ਵਿਚ ਰੱਖ ਦੇਵੋ ਤੇ ਗੁਰੂ ਸੱਚੇ ਪਾਤਸ਼ਾਹ ਦੇ ਅਗੇ ਸਿਰ ਨਵਾਓ ਤੇ ਭੁਲਾਂ ਬਖਸ਼ਾਓ। ਪਰ ਇਤਨੀਆਂ ਬੇਨਤੀਆਂ ਕਰਦਿਆਂ ਤਿਨ ਮਹੀਨੇ ਦੇ ਕਰੀਬ ਬੀਤ ਗਏ ਤੇ ਸੇਵਕਾਂ ਦੇ ਬਾਰ 2 ਲਫਣ ਪੁਰ ਮੁਕਦਮਾ ਕਰਨ ਵਾਲੇ ਜ਼ਿਆਦਾ ਤੋਂ ਜ਼ਿਆਦਾ ਖੱਖ ਵਧੌਂਦੇ ਗਏ। ਅੰਤ ਦਾਸ ਨੇ ਤੇ ਪ੍ਰਬੰਧਕ ਕੁਮੇਟੀ ਦੇ ਬਾਕੀ ਮੈਂਬਰਾਂ ਨੇ 12 ਮਾਰਚ 1934 ਨੂੰ ਸੂਸਾਇਟੀ ਦੇ ਵਕੀਲ ਨੂੰ ਕਿਹਾ ਕਿ ਉਹ ਕੋਰਟ ਦੇ ਅਗੇ ਅਰਜੀ ਕਰੇ ਕਿ ਏਹ ਲਟਕ ਰਿਹਾ ਮੁਕਦਮਾ ਖਾਰਜ ਕੀਤਾ ਜਾਏ। 29 ਮਾਰਚ ਨੂੰ ਸੁਪ੍ਰੀਮ ਕੋਰਟ ਦੇ ਜੱਜ ਮਿਸਟਰ ਜਸਟਸ ਡੀ.ਏ. ਮੈਕਡਾਨਲਡ ਨੇ ਪ੍ਰਬੰਧਕ ਕੁਮੇਟੀ ਦੇ ਚਾਰ ਸੇਵਕਾਂ ਪੁਰ ਲਟਕ ਰਿਹਾ ਮੁਕਦਮਾ ਖਾਰਜ ਕਰ ਦਿੱਤਾ

ਤੇ 16 ਅਪ੍ਰੈਲ 1934 ਨੂੰ ਇਹ ਫੈਸਲਾ ਜੱਜ ਦੇ ਦਸਖਤ ਹੋ ਕੇ ਕੋਰਟ ਦੇ ਵਿਚ ਫਾਇਲ ਹੋ ਗਿਆ। ਇਮੀਗਰੇਸ਼ਨ ਦੇ ਮਹਿਕਮੇ ਨੂੰ ਦੀਵਾਨ ਵਲੋਂ ਦੋ ਭਾਈਆਂ ਦੀਆਂ ਦਿਤੀਆਂ ਜਮਾਨਤਾਂ ਦੀਆਂ ਜੋ ਰਸੀਦਾਂ ਗੁਮ ਤੇ ਚੁੱਕੇ ਗਏ ਕਾਗਜ਼ਾਂ ਦੇ ਵਿਚ ਦਰਜ ਨੇ ਤੇ ਜਿਨ੍ਹਾਂ ਦਾ ਪੈਸਾ ਰਸੀਦਾਂ ਦੇ ਨਾ ਹੋਣ ਕਰਕੇ ਵਾਪਸ ਨਹੀ ਮਿਲਦਾ ਸੀ, ਉਹ ਪੰਦਰਾਂ ਸੌ ਡਾਲਾ ਭੀ ਹੁਣ ਵਕੀਲ ਨੇ ਪ੍ਰਧਾਨ ਸੁਹਾਵਾ ਸਿੰਘ ਤੋਂ ਇਮੀਗਰੇਸ਼ਨ ਨੂੰ ਇਕ ਨਵੀ ਰਸੀਦ ਤੇ ਐਫੀਡੇਵਿਟ ਦੁਆ ਕੇ ਲਾਡਰ ਲੈ ਲਿਆ ਤੇ ਉਹੋ ਸਿੱਧਾ ਹੀ ਦੀਵਾਨ ਦੇ ਬੈਂਕ ਵਿਚ ਜਮਾ ਕੀਤਾ ਗਿਆ। ਬੱਬਰਾਂ ਦੇ ਫੰਡ ਦਾ ਪੈਸਾ ਜੋ ਏਸ ਕਰਕੇ ਪੈਸੇ ਦੀ ਰੋਕ ਹੋ ਜਾਣ ਕਰਕੇ ਮੁਕਦਮਾ ਕਰਨ ਵਾਲਿਆਂ ਨੇ ਬਬਰਾਂ ਦੇ ਪ੍ਰਵਾਰਾਂ ਨੂੰ ਪੈਣੋਂ 9 ਮਹੀਨੇ ਅਟਕਾ ਛਡਿਆ ਸੀ, ਉਹ ਭੀ ਭੇਜਿਆ ਗਿਆ ਤੇ ਏਸ ਤਰਾਂ ਸੰਗਤ ਦੇ ਸਾਰੇ ਹੁਕਮ ਮਨਾ ਕੇ ਤੇ ਨੁਭਾ ਕੇ ਦਾਸ ਨੇ 1 ਮਈ 1934 ਦੀ ਤ੍ਰਕਾਲਾਂ ਨੂੰ ਅਪਣਾ ਚਾਰਜ ਅਗਲੇ ਸਕੱਤ੍ਰ ਨੂੰ ਸੰਭਾਲਿਆ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ
ਜਿਸ ਕਾ ਕਾਰਜ ਤਿਨ ਹੀ ਕੀਆ ਮਾਨਸ ਕਿਆ ਵੀਚਾਰਾ ਰਾਮ॥

ਦੂਸਰਾ ਮੁਕੱਦਮਾ—ਪਹਿਲੇ ਮੁਕਦਮੇ ਦੇ ਵਿਚ ਜਿਸ ਦੀ ਵਿਥਿਆ ਦਾਸ ਪਿਛਲੇ ਸਫਿਆਂ ਦੇ ਵਿਚ ਦੱਸ ਆਇਆ ਹੈ, ਉਸ ਵਿਚ ਗੁਰੂ ਸਾਹਿਬ ਦੇ ਤੇ ਜੁੜੀ ਸੰਗਤ ਦੇ ਹਜ਼ੂਰ ਸਭ ਕਾਰਰੁਵਾਈ ਕਰਕੇ ਤੇ ਭੁਗਤਾ ਕੇ, ਮਗਰੋਂ ਉਸ ਪੁਰ ਮਿਟੀ ਪਾਉਣ ਦਾ ਯਤਨ ਕਰਨ ਦਾ ਸਿਹਰਾ ਭਾਈ ਰਘਬੀਰ ਸਿੰਘ ਕੰਦੋਲਾ ਦੇ ਸਿਰ ਪੁਰ ਸੀ ਤੇ ਐਸ ਮੁਕਦਮੇਂ ਦੇ ਵਿਚ ਭਾਈ ਸ਼ਾਮ ਸਿੰਘ ਜੀ ਜੰਡਿਆਲੀ ਸਕੱਤ੍ਰ 1931 ਦੇ ਸਿਰ ਹੈ। ਪਰ ਭਾਈ ਰਘਬੀਰ ਸਿੰਘ ਜੀ ਸ਼ਾਇਦ ਏਹ ਦਲੀਲ ਦੇ ਕੇ ਅਪਣੇ ਮਨ ਨੂੰ ਠੰਡਾ ਕਰ ਸਕਦੇ ਹਨ ਕਿ ਮੇਰਾ ਕਢਿਆ ਕਾਗਜ਼ ਤਾਂ ਸਿਰਫ ਸਾਧ ਸੰਗਤ ਦੇ ਚੁਣੇ ਸੇਵਕਾਂ ਪੁਰ ਮੁਕੱਦਮਾ ਬਨੌਣ ਦੇ ਵਿਚ ਹੀ ਵਰਤਿਆ ਗਿਆ ਤੇ ਮੈਨੂੰ ਕੋਰਟ ਵਿਚ ਜਾ ਕੇ ਸੌਂਹ ਖਾ ਕੇ ਬਿਆਨ ਦੇਣ ਦਾ ਤਾਂ ਐਸਾ ਅਵਸਰ ਪ੍ਰਾਪਤ ਨਹੀ ਹੋਇਆ, ਜੈਸਾ ਕਿ ਭਾਈ ਸ਼ਾਮ ਸਿੰਘ ਜੀ ਜੰਡਿਆਲੀ ਸਕੱਤ੍ਰ ਦੀਵਾਨ 1931 ਨੂੰ ਮਿਲਿਆ, ਪਰ ਭਾਈ ਸ਼ਾਮ ਸਿੰਘ ਜੀ ਪੰਜਾਂ ਪਿਆਰਿਆਂ ਵਿਚ ਖੜੇ ਹੋਣ ਵਾਲੇ ਸੇਵਕ ਹਨ।

ਖਾਲਸਾ ਦੀਵਾਨ ਵੈਨਕੋਵਰ ਦੇ ਸੇਵਕਾਂ ਨੇ ਬੜੇ 2 ਔਖੇ ਵੇਲਿਆਂ ਦੇ ਵਿਚ ਉੱਘੇ ਕੰਮ ਕੀਤੇ ਹਨ, ਜਿਨ੍ਹਾਂ ਪੁਰ ਏਸ ਦੀਵਾਨ ਨੂੰ ਮਾਣ ਤੇ ਫੱਖਰ ਹੈ। ਪਰ ਆਹ ਅਗੇ ਦਰਜ ਵਿਥਿਆ ਏਸ ਦੀਵਾਨ ਦੀ ਹਿਸਟਰੀ ਦੇ ਵਿਚ ਕਿਸ ਤਰਾਂ ਫਬੇਗੀ, ਸਾਧ ਸੰਗਤ ਏਸ ਪੁਰ ਗੂਹੜੀ ਵਚਾਰ ਕਰੇ। ਦੀਵਾਨ ਦਾ ਸਕੱਤ੍ਰ ਭਾਈ ਸ਼ਾਮ ਸਿੰਘ ਆਪ ਇਸ਼ਤਿਹਾਰ ਕੱਢ ਕੇ ਜਨਰਲ ਇਕੱਤ੍ਰਤਾ ਸੱਦਦਾ ਹੈ। ਸਾਧ ਸੰਗਤ ਹੁਮ ਹੁਮਾ ਕੇ 20 ਸਤੰਬਰ 1931 ਨੂੰ ਜੁੜਦੀ ਹੈ। ਗੁਰਮਤੇ ਪਾਸ ਕਰਦੀ ਹੈ। 9 ਆਦਮੀਆਂ ਦੀ ਪੜਤਾਲੀਆ ਕੁਮੇਟੀ ਮੁਕਰਰ ਕਰਦੀ ਹੈ। ਇਸ ਦੀ ਸਕੱਤ੍ਰੀ ਵਿਚ ਪੂਰਨ ਸਿੰਘ ਅਪਣੇ ਆਪ ਨੂੰ ਸਕੱਤ੍ਰ ਲਿਖ ਕੇ ਚਿਠੀਆਂ ਪਾਉਂਦਾ ਹੈ (ਦੇਖੋ ਉਸ ਦੇ 5 ਅਪ੍ਰੈਲ 1931 ਨੂੰ ਲਿਖੇ ਤੇ ਏਸੇ ਸਫੇ ਪੁਰ ਹੂ ਬਹੂ ਛਾਪੇ ਖਤ ਪੁਰ ਉਸ ਦੇ ਦਸਖਤ)। ਭਾਈ ਸ਼ਾਮ ਸਿੰਘ ਕੋਰਟ ਵਿਚ ਕਹਿੰਦਾ ਹੈ ਕਿ ਮੈਨੂੰ ਪਤਾ ਨਹੀ ਸੀ ਕਿ ਪੂਰਨ ਸਿੰਘ ਮੇਰੇ ਸਮੇਂ ਵਿਚ ਅਪਣੇ ਆਪ ਨੂੰ ਸੁਸਾਇਟੀ ਦਾ ਸਕੱਤ੍ਰ ਬਣ ਕੇ ਚਿਠੀਆਂ ਲਿਖ ਰਿਹਾ ਸੀ।

ਭਾਈ ਸ਼ਾਮ ਸਿੰਘ ਦੇ ਵਕਤ ਦੇ ਸਾਰੇ ਸਾਲ ਦੀ ਕਾਰਰੁਵਾਈ ਤੇ ਗੁਰਮਤੇ ਮਿਨਟ ਬੁੱਕ ਪੁਰ ਇਸੇ ਪੂਰਨ ਸਿੰਘ ਦਿਆਲ ਦੀ ਲਿਖਤ ਹਨ, ਜੋ ਅਪਣੇ ਆਪ ਨੂੰ ਸਕੱਤ੍ਰ ਲਿਖਦਾ ਰਿਹਾ ਹੈ। ਪਰ 20 ਸਤੰਬਰ 1931 ਨੂੰ ਸੁਸਾਇਟੀ ਦੀ ਭਾਈ ਸ਼ਾਮ ਸਿੰਘ ਦੀ ਸੱਦੀ ਜਨਰਲ ਅਕੱਤ੍ਰਤਾ ਵਿਚ 9 ਆਦਮੀਆਂ ਦੀ ਮੁਕਰਰ ਹੋਈ ਪੜਤਾਲੀਆ ਕੁਮੇਟੀ ਦਾ ਗੁਰਮਤਾ ਦਰਜ ਨਹੀਂ ਹੁੰਦਾ, ਪਰ 23 ਅਗਸਤ 1931 ਦੀ ਕਾਰਰੁਵਾਈ ਦੇ ਅਖੀਰ, ਬਰੀਕ ਅੱਖਰਾਂ ਦੇ ਵਿਚ ਦੋ ਸਤਰਾਂ ਵਧਾ ਕੇ (ਦੇਖੋ ਫੋਟੋ ਮਿਨਟ ਬੁੱਕ 23 ਅਗਸਤ 1931) ਪੰਜਾਂ ਦੀ ਪੜਤਾਲੀਆ ਕੁਮੇਟੀ ਦੇ ਮੁਕਰਰ ਕੀਤੇ ਜਾਣ ਦੇ ਲਫਜ਼ ਘਸੋੜੇ ਜਾਂਦੇ ਹਨ, ਹੁਣ ਪੂਰਨ ਸਿੰਘ ਦੀਵਾਨ ਪੁਰ, ਦੀਵਾਨ ਦੇ ਪ੍ਰਧਾਨ ਤੇ ਪੜਤਾਲੀਆ ਕੁਮੇਟੀ ਦੇ ਮੈਂਬਰਾਂ ਪੁਰ ਦਾਹਵਾ ਕਰਦਾ ਹੈ ਤੇ ਭਾਈ ਸ਼ਾਮ ਸਿੰਘ ਸੌਂਹ ਖਾ ਕੇ ਗਵਾਹੀ ਦਿੰਦਾ ਹੈ ਕਿ 20 ਸਤੰਬਰ 1931 ਨੂੰ 9 ਆਦਮੀਆਂ ਦੀ ਪੜਤਾਲੀਆ ਕੁਮੇਟੀ ਮੁਕੱਰਰ ਨਹੀਂ ਹੋਈ, ਸਗੋਂ 23 ਅਗਸਤ 1931 ਨੂੰ ਪੰਜ ਆਦਮੀ ਪ੍ਰਬੰਧਕ ਕੁਮੇਟੀ ਨੇ ਮੁਕੱਰਰ ਕੀਤੇ ਸੀ, ਜਿਸ ਦੇ ਅਰਥ ਏਹ ਹਨ ਕਿ ਜੋ ਕੁੱਛ ਪੂਰਨ ਸਿੰਘ ਕਹਿੰਦਾ ਹੈ, ਠੀਕ ਹੈ ਤੇ ਜੋ ਕੁੱਛ ਸਾਧ ਸੰਗਤ ਨੇ ਕੀਤਾ ਹੈ, ਗ਼ਲਤ ਹੈ।

ਏਸ ਹਾਲਤ ਵਿਚ ਜੇ ਦਾਸ ਦੀਵਾਨ ਦੇ ਬਚਾਓ ਦੇ ਲਈ ਅਸਲੀਅਤ ਪ੍ਰਗਟ ਨਾ ਕਰਦਾ ਤਾਂ 1931 ਦੇ ਸਕੱਤ੍ਰ ਸਾਹਿਬ ਨੇ ਤਾਂ ਚੰਦ ਚਾਹੜ ਦਿੱਤੇ ਸਨ। ਅੱਗੇ ਚਲ ਕੇ ਜੱਜ ਦਾ ਫੈਸਲਾ ਗੌਹ ਦੇ ਨਾਲ ਪੜੋ, ਜਿਸ ਵਿਚ ਉਸ ਨੇ ਫੈਸਲਾ ਦਿੱਤਾ ਕਿ 9 ਆਦਮੀਆਂ ਦੀ ਪੜਤਾਲੀਆ ਕੁਮੇਟੀ ਜ਼ਰੂਰ ਮੁਕੱਰਰ ਹੋਈ।

ਸਾਧ ਸੰਗਤ ਜੀ, ਆਪ ਏਹ ਹਾਲ ਪੜ੍ਹ ਕੇ ਕਹਿ ਉਠੋਗੇ ਕਿ ਹੈਂ ਹਨੇਰ ਆ ਗਿਆ, ਜੇ ਕਰ ਦੀਵਾਨ ਦਾ ਸਕੱਤ੍ਰ ਹੀ ਏਸ ਪ੍ਰਕਾਰ ਉੱਠ ਕੇ ਸੌਂਹ ਖਾ ਕੇ ਦੀਵਾਨ ਦੇ ਵਿਰੁਧ ਐਸਾ ਗਵਾਹ ਹੈ ਤਾਂ ਜੇ ਵਾੜ ਹੀ ਖੇਤ ਨੂੰ ਖਾਉਗੀ ਤਾਂ ਇਸ ਦਾ ਰਾਖਾ ਕੌਣ ?

ਲਓ ਹੁਣ ਸੁਣੋਂ ਏਸ ਮੁਕਦਮੇਂ ਦੀ ਹੋਰ ਬਾਕੀ ਵਿਥਿਆ।

ਏਹ ਦੂਸਰਾ ਮੁਕਦਮਾ ਪੂਰਨ ਸਿੰਘ ਦਿਆਲ ਦੇ ਵਲੋਂ, ਸੁਸਾਇਟੀ ਪੁਰ, ਏਸ ਦੇ ਪ੍ਰਧਾਨ ਭਾਈ ਦਸੌਂਧਾ ਸਿੰਘ ਤੇ ਪੜਤਾਲੀਆ ਕੁਮੇਟੀ ਦੇ ਮੈਂਬਰਾਂ, ਕਰਤਾਰ ਸਿੰਘ, ਅਰਜਨ ਸਿੰਘ ਚੰਦ, ਨਰੰਜਣ ਸਿੰਘ, ਕੇਹਰ ਸਿੰਘ ਗਿਲ ਤੇ ਸੋਹਣ ਸਿੰਘ ਬੁਡਾਲਾ ਪੁਰ ਸੀ। 1931 ਵਿਚ ਭਾਈ ਸ਼ਾਮ ਸਿੰਘ ਸਕੱਤ੍ਰ ਤੇ ਦਾਸ ਮਿਤ ਸਿੰਘ ਭੀ ਉਸ ਹੀ ਪ੍ਰਬੰਧਕ ਕੁਮੇਟੀ ਦੇ ਮੈਂਬਰ ਸੀ। ਏਸ ਸਮੇਂ ਭਾਈ ਸ਼ਾਮ ਸਿੰਘ ਨੇ ਆਪ 20 ਸਤੰਬਰ 1931 ਨੂੰ ਗੁਰਦੁਆਰਾ ਵੈਨਕੋਵਰ ਵਿਚ ਦੀਵਾਨ ਦੀ ਇਕ ਖਾਸ ਜਨਰਲ ਇਕੱਤ੍ਰਤਾ ਸੱਦੀ ਤੇ ਉਸ ਦੇ ਵਿਚ ਭਾਈ ਸ਼ਾਮ ਸਿੰਘ ਨੇ ਸੰਗਤ ਦੇ ਪੇਸ਼ ਕੀਤਾ ਕਿ ਪ੍ਰਬੰਧਕ ਕੁਮੇਟੀ ਨੇ ਜੋ ਕਿ ਉਸ ਦਿਨ ਉਪਰਲੇ ਦੀਵਾਨ ਤੋਂ ਪਹਿਲਾਂ ਹੇਠਾਂ ਦਫਤਰ ਦੇ ਵਿਚ ਜੁੜੀ ਸੀ, ਪੰਜ ਭਾਈਆਂ : ਹਰਬੰਤ ਸਿੰਘ, ਬਾਲ ਮੁਕੰਦ, ਅਰਜਨ ਸਿੰਘ ਚੰਦ, ਸੋਹਣ ਸਿੰਘ ਬੁਡਾਲਾ ਤੇ ਸੁੰਦਰ ਸਿੰਘ ਲੰਗੇਰੀ ਨੂੰ 1928-1929-1930 ਦਾ ਹਸਾਬ ਪੜਤਾਲ ਕਰਨ ਲਈ ਕੁਮੇਟੀ ਮੁਕਰਰ ਕੀਤਾ ਹੈ, ਪਰ ਉਪਰ ਦੀਵਾਨ ਵਿਚ ਜੁੜੀ ਸੰਗਤ ਨੇ ਬੁਹਤ ਵਿਚਾਰ ਤੋਂ ਬ੍ਰਾਦ ਚਾਰ ਹੋਰ ਭਾਈ ਕਰਤਾਰ ਸਿੰਘ, ਬਤਨਾ ਕਾਲੇਵਾਲ, ਨਰੰਜਣ ਸਿੰਘ ਤੇ ਕੇਹਰ ਸਿੰਘ ਗਿਲ ਉਨ੍ਹਾਂ ਪੰਜਾਂ ਦੇ ਨਾਲ ਰਲਾ ਕੇ ਏਹ ਕੁਮੇਟੀ 9 ਭਾਈਆਂ ਦੀ ਸਰਬ ਸਮਤੀ ਨਾਲ ਪ੍ਰਵਾਨ ਤੇ ਪਾਸ ਕਰ ਦਿਤੀ।

ਏਨ੍ਹਾਂ ਵਿਚੋਂ ਕਰਤਾਰ ਸਿੰਘ ਏਸ ਜਨਰਲ ਇਕੱਤ੍ਰਤਾ ਦੇ ਵਿਚ ਹਾਜ਼ਰ ਨਹੀਂ ਸੀ ਤੇ ਸੰਗਤ ਨੇ ਉਸ ਨੂੰ ਉਸ ਦੀ ਗ਼ੈਰ ਹਾਜ਼ਰੀ ਦੇ ਵਿਚ ਹੀ ਚੁਣ ਲਿਆ ਸੀ।

ਭਾਈ ਸ਼ਾਮ ਸਿੰਘ ਨੇ ਜੋ ਪੂਰਨ ਸਿੰਘ ਗਵਾਹ ਸੀ, ਸੌਂਹ ਖਾ ਕੇ ਗਵਾਹੀ ਦਿਤੀ ਕਿ 23 ਅਗਸਤ ਨੂੰ ਸੂਸਾਇਟੀ ਦੀ ਪ੍ਰਬੰਧਕ ਕੁਮੇਟੀ ਨੇ ਜਿਸ ਦਾ ਮੈਂ ਸਕੱਤ੍ਰ ਸੀ, ਗੁਰਦੁਆਰੇ ਦੇ ਹੇਠ ਅਪਣੀ ਇਕਤ੍ਰਤਾ ਦੇ ਵਿਚ ਪੰਜ ਭਾਈਆਂ ਹਰਬੰਤ ਸਿੰਘ, ਬਾਲ ਮੁਕੰਦ, ਸੋਹਣ ਸਿੰਘ, ਅਰਜਨ ਸਿੰਘ ਤੇ ਸੁੰਦਰ ਸਿੰਘ ਨੂੰ ਪੜਤਾਲੀਆ ਕੁਮੇਟੀ ਮੁਕਰਰ ਕੀਤਾ ਤੇ ਉਸੇ ਹੀ ਦਿਨ ਗੁਰਦੁਆਰੇ ਦੇ ਵਿਚ ਭਾਰੀ ਦੀਵਾਨ ਸਜਿਆ ਤੇ ਮੈਂ (ਸ਼ਾਮ ਸਿੰਘ) ਨੇ ਸੰਗਤ ਨੂੰ ਦਸਿਆ ਕਿ ਉਪਰ ਲਿਖੇ ਪੰਜ ਭਾਈਆਂ ਦੀ ਪੜਤਾਲੀਆ ਕੁਮੇਟੀ ਮੁਕਰਰ ਕੀਤੀ ਗਈ ਹੈ। ਸੰਗਤ ਵਿਚ ਕਈ ਭਾਈ ਹੋਰ ਮੈਂਬਰ ਵਧੌਣੇ ਚਾਹੁੰਦੇ ਸਨ, ਪਰ ਮੈਂ 'ਸ਼ਾਮ ਸਿੰਘ' ਨੇ ਸੰਗਤ ਨੂੰ ਕਿਹਾ ਕਿ ਮੈਂ ਪੰਜ ਪਾਏ ਹਨ ਤੇ ਮੈਂ ਹੋਰ ਨਹੀਂ ਮੰਗਦਾ। ਸੰਗਤ ਨੇ ਇਸ਼ ਦੇ ਉੱਤਰ ਵਿਚ ਕਿਹਾ ਸਤਿ ਬਚਨ।

ਗੁਰਦੁਆਰੇ ਦੇ ਵਕੀਲ ਦੀ ਜਿਰ੍ਹ ਵਿਚ ਭਾਈ ਸ਼ਾਮ ਸਿੰਘ ਨੇ ਕਿਹਾ ਕਿ ਮੈਂ ਮਿਨਟ ਬੁੱਕ ਕਦੀ ਕਿਸੇ ਤੋਂ ਕਦੀ ਕਿਸੇ ਤੋਂ ਲਖਵੌਂਦਾ ਹੁੰਦਾ ਸਾਂ ਤੇ ਚਾਰ ਪੰਜ ਬਾਰ ਪੂਰਨ ਸਿੰਘ ਤੋਂ ਲਖਵਾਏ ਸੇ।

ਸੱਚ ਇਹ ਹੈ ਕਿ 1931 ਸਾਰੇ ਸਾਲ ਦੀ ਕਾਰਰੁਵਾਈ ਤੇ ਸਾਰੇ ਹੀ 16 ਗੁਰਮਤੇ ਪੂਰਨ ਸਿੰਘ ਦੀ ਲਿਖਤ ਹਨ। ਹੇਠਾਂ ਏਸ ਸਫੇ ਪੁਰ ਹੂ ਬਹੂ 23 ਅਗਸਤ ਦੀ ਕਾਰਰੁਵਾਈ ਦੇ ਅੰਤ ਵਿਚ ਜਿਥੇ ਅਫਸਰਾਂ ਦੇ ਦਸਖਤਾਂ ਲਈ ਥਾਂ ਛਡਿਆ ਮਲੂਮ ਹੁੰਦਾ ਹੈ, ਉਥੇ ਅੰਤ ਵਿਚ ਬਰੀਕ ਅਖਰਾਂ ਦੇ ਵਿਚ ਪੜਤਾਲੀਆ ਕੁਮੇਟੀ ਦੇ 5 ਭਾਈਆਂ ਦੇ ਨਾਮ ਕਾਹਦੇ ਲਈ ਘਸੋੜੇ ਹੋਏ ਹਨ ਤੇ ਪ੍ਰਧਾਨ ਤੇ ਸਕੱਤ੍ਰ ਨੂੰ ਅਗਲੇ 27 ਅਗਸਤ ਦੀ ਕਾਰਰੁਵਾਈ ਦੇ ਅੱਧ ਮੇਂ ਕਿਉਂ ਸੈਨ ਕਰਨੇ ਪਏ। 23 ਅਗਸਤ ਦੀ ਕਾਰਰੁਵਾਈ ਦੇ ਦਸਖਤ ਕਿਥੇ ਹਨ। 20 ਸਤੰਬਰ ਦੀ ਜਨਰਲ ਇਕਤ੍ਰਤਾ ਦੀ ਕਾਰਰੁਵਾਈ ਕਿਉਂ ਨਹੀਂ ਚੜ੍ਹੀ। ਜੇ ਭਾਈ ਸ਼ਾਮ ਸਿੰਘ ਜੀ ਦਾ ਚੇਤਾ ਭੀ ਉੱਕਦਾ ਹੋਵੇ ਤਾਂ ਸ਼ਾਇਦ ਭਾਈ ਜੀਵਾ ਸਿੰਘ ਜੀ ਸੰਗਤ ਨੂੰ ਸਮਝਾ ਸਕਣਗੇ। ਉਨ੍ਹਾਂ ਦੇ ਨਾਲ ਦਸਖਤ ਹਨ।

[*ਨੋਟ:* ਇਸ ਗੁਰਮਤੇ ਦੇ ਬਾਰੇ ਦਾਸ ਨੇ ਤਰਤੀਬ ਵਾਰ ਅਤੇ ਸਹੀ ਨਿਰਨੇ ਸਹਿਤ ਏਸੇ ਬੁੱਕ ਦੇ ਸਫਾ 29 (ਮੌਜੂਦਾ 127 ਸਫ਼ਾ) ਪੁਰ ਅਪਣੇ ਵਲੋਂ ਨੋਟ ਲਿਖਿਆ ਹੈ। ਉਸ ਨੂੰ ਦੇਖ ਕੇ ਅਸਲੀਅਤ ਦਾ ਪਤਾ ਲੱਗ ਸਕਦਾ ਹੈ। ਮਤੇ ਦੀ ਫੋਟੋ ਮੇਰੇ ਪਾਸ ਫਾਲਤੂ ਨਹੀਂ ਹੈ, ਜੋ ਕੇ ਐਥੇ ਚਸਪਾਂ ਕੀਤੀ ਜਾਵੇ। —*ਅਰਜਨ ਸਿੰਘ ਚੰਦ*]

ਦੀਵਾਨ ਦੇ ਬਚਾਉ ਦੇ ਲਈ ਦਾਸ ਨੂੰ ਏਹ ਗੱਲਾਂ ਕੋਰਟ ਦੇ ਅਗੇ ਖੋਲ ਕੇ ਬਿਆਨ ਕਰਨੀਆਂ ਪਈਆਂ। ਪੂਰਨ ਸਿੰਘ ਦਾ ਬਿਆਨ ਸੀ ਕਿ ਸੂਸਾਇਟੀ ਨੇ ਕਰਤਾਰ ਸਿੰਘ, ਨਰੰਜਣ ਸਿੰਘ, ਬਤਨਾ ਸਿੰਘ ਤੇ ਕੇਹਰ ਸਿੰਘ ਏਨਾਂ ਚੌਹਾਂ ਨੂੰ ਕਦਾਚਿਤ ਪੜਤਾਲੀਆ ਕੁਮੇਟੀ ਦੇ ਮੈਂਬਰ ਨਹੀਂ ਚੁਣਿਆ ਤੇ ਉਸ ਦੇ ਗਵਾਹ ਭਾਈ ਸ਼ਾਮ ਸਿੰਘ ਨੇ ਪੂਰਨ ਸਿੰਘ ਦੇ ਏਸ ਬਿਆਨ ਦੀ ਪੁਸ਼ਟੀ ਕੀਤੀ ਕਿ ਸੂਸਾਇਟੀ ਨੇ ਏਨਾਂ ਚੌਹਾਂ ਨੂੰ ਨਹੀਂ ਚੁਣਿਆ। ਭਾਈ ਸ਼ਾਮ ਸਿੰਘ ਦੀ ਏਹ ਗਵਾਹੀ ਸੁਣ ਕੇ ਕਈ ਕੋਰਟ ਵਿਚ ਬੈਠੇ ਭਾਈ ਹੱਕੇ ਬੱਕੇ ਰਹਿ ਗਏ।

ਕਰਤਾਰ ਸਿੰਘ ਪੇਸ਼ ਹੋਇਆ ਤੇ ਉਸ ਨੇ ਕਿਹਾ ਕਿ 20 ਸਤੰਬਰ ਨੂੰ ਜੁੜੀ ਜਨਰਲ

ਮੀਟਿੰਗ ਨੇ ਮੈਨੂੰ ਮੇਰੀ ਗੈਰ ਹਾਜ਼ਰੀ ਦੇ ਵਿਚ ਪੜਤਾਲੀਆ ਕੁਮੇਟੀ ਦਾ ਮੈਂਬਰ ਚੁਣਿਆ ਗਿਆ ਸੀ। ਮੈਨੂੰ 24 ਸਤੰਬਰ ਨੂੰ ਸ਼ਾਮ ਸਿੰਘ ਦੀ ਚਿਠੀ ਆਈ, ਜਿਸ ਵਿਚ ਉਸ ਨੇ ਮੈਨੂੰ ਲਿਖਿਆ ਕਿ ਤੈਨੂੰ ਤੇਰੀ ਗੈਰ ਹਾਜ਼ਰੀ ਦੇ ਵਿਚ 20 ਸਤੰਬਰ ਨੂੰ ਪੜਤਾਲੀਆ ਕੁਮੇਟੀ ਦਾ ਮੈਂਬਰ ਚੁਣਿਆ ਗਿਆ ਹੈ ਤੇ ਤੂੰ ਹੋਰ ਮੈਂਬਰਾਂ ਦੇ ਨਾਲ ਰਲ ਕੇ ਸੇਵਾ ਕਰ। ਏਹ ਚਿਠੀ ਕਰਤਾਰ ਸਿੰਘ ਨੇ ਕੋਰਟ ਦੇ ਪੇਸ਼ ਕੀਤੀ ਤੇ ਉਸ ਨੇ ਇਹ ਭੀ ਦਸਿਆ ਕਿ ਜਦ ਤਕ ਭਾਈ ਸ਼ਾਮ ਸਿੰਘ ਨੇ ਮੈਨੂੰ 20 ਸਤੰਬਰ ਨੂੰ ਪਾਸ ਹੋਏ ਗੁਰਮਤੇ ਦੀ ਨਕਲ ਨਾ ਦਿਤੀ ਤੇ ਏਸ ਤੋਂ ਮੈਨੂੰ ਪਤਾ ਨਾ ਲੱਗ ਗਿਆ ਕਿ ਸੁਸਾਇਟੀ ਕੀ ਹੁਕਮ ਕਰਦੀ ਹੈ, ਉਦੋਂ ਤੱਕ ਮੈਂ ਕੁਮੇਟੀ ਦੇ ਕੰਮ ਵਿਚ ਕੋਈ ਹਿਸਾ ਨਹੀਂ ਲਿਆ। (ਏਹ ਉਪਰ ਦੱਸੀ ਚਿਠੀ ਭਾਈ ਸ਼ਾਮ ਸਿੰਘ ਦੇ ਦਸਖਤਾਂ ਸਣੇ ਗੁਰਮਤੇ ਦੀ ਨਕਲ ਵਾਲਾ ਕਾਗਜ਼ ਤੇ ਬਾਕੀ ਸਾਰੇ ਭੁਗਤੇ ਕਾਗਜ਼ ਦੀਵਾਨ ਦੇ ਦਫਤਰ ਵਿਚ ਫਾਇਲ ਹਨ। ਉਪਰ ਦੱਸੀ ਚਿਠੀ ਦਾ ਫੋਟੋ ਐਸ ਸਫੇ ਪੁਰ ਤੇ ਗੁਰਮਤੇ ਦੀ ਨਕਲ ਦਾ ਫੋਟੋ ਅਗਲੇ ਸਫੇ ਪੁਰ ਪ੍ਰਕਾਸ਼ਤ ਹੈ)

[*ਨੋਟ :* ਜੋ ਚਿਠੀ 24 ਸਤੰਬਰ 1931 ਨੂੰ ਸ਼ਾਮ ਸਿੰਘ ਜੰਡਿਆਲੀ ਨੇ ਭਾਈ ਕਰਤਾਰ ਸਿੰਘ ਨੂੰ ਪੜਤਾਲੀਆ ਕੁਮੇਟੀ ਵਿਚ ਸ਼ਾਮਲ ਹੋਣ ਲਈ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਲੈਟਰ ਪੈਡ ਤੇ ਲਿਖੀ ਉਸ ਦਾ ਲਫਜ਼ 2 ਨੀਚੇ ਦਰਜ ਕੀਤਾ ਜਾਂਦਾ ਹੈ।

—ਲੇਖਕ ਅਰਜਨ ਸਿੰਘ 'ਚੰਦ']

24 sep, 1931

ਸ਼੍ਰੀ ਮਾਨ ਭਾਈ ਕਰਤਾਰ ਸਿੰਘ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਬੇਨਤੀ ਹੈ ਕਿ ਆਪ ਜੀ ਦਾ ਨਾਮ ਪੜਤਾਲੀਆ ਕੁਮੇਟੀ ਵਿਚ ਆਪ ਦੀ ਗੈਰ ਹਾਜ਼ਰੀ ਵਿਚ ਗੁਰਦੁਆਰੇ 20 ਸਤੰਬਰ ਨੂੰ ਚੁਣਿਆ ਗਿਆ ਸੀ। ਅਸੀਂ ਏਹ ਤੁਹਾਨੂੰ ਸੁਨੇਹਾ ਪੜਤਾਲੀਆ ਕੁਮੇਟੀ ਦੇ ਮੈਂਬਰਾਂ ਦੇ ਕਹਿਣੇ ਕਰਕੇ ਦਿਤਾ ਹੈ। ਇਸ ਕਰਕੇ ਆਪ ਛੇਤੀ ਤੋਂ ਛੇਤੀ ਅਪਣਾ ਕੰਮ ਹੋਰਨਾਂ ਮੈਂਬਰਾਂ ਨਾਲ ਮਿਲ ਕੇ ਸ਼ੁਰੂ ਕਰ ਦੇਵੋ। ਆਪ ਦਾ ਦਾਸ ਸ਼ਾਮ ਸਿੰਘ ਸਕੱਤ੍

[ਭਾਈ ਕਰਤਾਰ ਸਿੰਘ ਨੂੰ ਸ਼ਾਮ ਸਿੰਘ ਵਲੋਂ ਭੇਜੀ ਚਿਠੀ ਦਾ ਲਫਾਫਾ ਵੀ ਖਾਲਸਾ ਦੀ ਾਨ ਦਾ ਛਪਿਆ ਹੋਇਆ ਹੈ ਅਤੇ ਲਫਾਫੇ ਪੁਰ ਵੀ 24 ਸਤੰਬਰ 1931 ਦੀ ਪੋਸਟ ਆਫਸ ਦੀ ਮੋਹਰ ਲੱਗੀ ਹੈ।

Bhai Kartar Singh Ji, 2019-Vine Stred Vancouver.

—ਅਰਜਨ ਸਿੰਘ ਚੰਦ]

ਭਾਈ ਸ਼ਾਮ ਸਿੰਘ ਨੂੰ ਇਹ ਖਤ ਤੇ ਲਫਾਫਾ ਦਖਾਲੇ ਗਏ ਤੇ ਪੁਛਿਆ ਕਿ ਤੂੰ ਏਹ ਚਿਠੀ ਲਿਖੀ ਜਾਂ ਨਹੀਂ। ਉਸ ਨੇ ਕਿਹਾ, ਮੈਂ ਨਹੀਂ ਲਿਖੀ। ਏਹ ਮੇਰੇ ਦਸਖਤ ਨਹੀਂ ਹਨ। ਫੇਰ ਪੁੱਛਿਆ ਗਿਆ ਕਿ ਏਹ ਦਸ ਭਈ ਜੇ ਤੂੰ ਕਿਸੇ ਹੋਰ ਜਣੇ ਨੂੰ ਕਿਹਾ ਤੇ ਅਧਿਕਾਰ ਦਿਤਾ ਕਿ ਏਹ ਚਿਠੀ ਤੇਰੇ ਥਾਂਹ ਲਿਖ ਦੇਵੇ। ਭਾਈ ਸ਼ਾਮ ਸਿੰਘ ਨੇ ਉੱਤਰ ਦਿੱਤਾ ਕਿ ਮੈਂ ਕਿਸੇ ਨੂੰ ਨਾ ਹੀ ਆਖਿਆ ਤੇ ਨਾ ਹੀ ਅਧਕਾਰ ਦਿਤਾ। ਫੇਰ ਪੁੱਛਿਆ ਗਿਆ ਕਿ ਦਸ ਏਹ ਲਿਖਤ ਕਿਸ ਦੀ ਹੈ। ਸ਼ਾਮ ਸਿੰਘ ਨੇ ਕਿਹਾ,

ਇਕ ਆਦਮੀ ਪੂਰਨ ਸਿੰਘ ਨਾਮ ਦੀ ਹੈ। ਮੇਰਾ ਖਿਆਲ ਹੈ। ਮੈਂ ਨਹੀਂ ਕਹਿ ਸਕਦਾ। ਫੇਰ ਪੁੱਛਿਆ ਗਿਆ ਕਿ ਇਹ ਲਿਖਤ ਬੰਤਾ ਸਿੰਘ ਦੀ ਤਾਂ ਨਹੀਂ। ਤਾਂ ਭਾਈ ਸ਼ਾਮ ਸਿੰਘ ਨੇ ਉੱਤਰ ਦਿੱਤਾ, ਨਹੀਂ ਮੈਨੂੰ ਪਤਾ ਨਹੀਂ ਮੈਂ ਨਹੀਂ ਕਹਿ ਸਕਦਾ।

ਜੱਜ ਦੇ ਫੈਸਲੇ ਵਿਚੋਂ—ਪਹਿਲਾ ਸੁਵਾਲ ਜੋ ਮੈਂ ਨਜਿਠਣਾ ਹੈ, ਉਹ ਏਹ ਹੈ ਕਿ ਕੁਮੇਟੀ ਬਣੀ ਕਿਸ ਤਰਾਂ ? ਸੁਸਾਇਟੀ ਦੀ ਮਿਨਟ ਬੁਕ ਪੁਰ ਕਾਰਰੁਵਾਈ ਦਰਜ ਹੈ ਕਿ 23 ਅਗਸਤ 1931 ਨੂੰ ਸੁਸਾਇਟੀ ਦੇ ਮੈਂਬਰ ਹਰਬੰਤ ਸਿੰਘ, ਬਾਲ ਮੁਕੰਦ, ਸੁੰਦਰ ਸਿੰਘ, ਅਰਜਨ ਸਿੰਘ ਚੰਦ ਤੇ ਸੋਹਣ ਸਿੰਘ ਸੁਸਾਇਟੀ ਦੀ ਪ੍ਰਬੰਧਕ ਕੁਮੇਟੀ ਦੇ ਵਿਚ ਪੜਤਾਲੀਆ ਕੁਮੇਟੀ ਮੁਕਰਰ ਕੀਤੇ ਗਏ। ਉਪਰ ਦੱਸੀ ਰਪੋਟ ਤੋਂ ਪ੍ਰਗਟ ਹੁੰਦਾ ਹੈ ਕਿ 20 ਸਤੰਬਰ 1931 ਨੂੰ 9 ਆਦਮੀਆਂ ਦੀ ਇਕ ਪੜਤਾਲੀਆ ਕੁਮੇਟੀ ਮੁਕਰਰ ਹੋਈ, ਜਿਨ੍ਹਾਂ ਵਿਚ ਉਹ ਪੰਜ ਮੈਂਬਰ ਸ਼ਾਮਲ ਹਨ, ਜੋ 23 ਅਗਸਤ 1931 ਨੂੰ ਮੁਕਰਰ ਕੀਤੇ ਗਏ ਸਨ ਤੇ ਨਾਲ ਹੀ ਮੁਦਾਲਾ ਕਰਤਾਰ ਸਿੰਘ ਤੇ ਕੇਹਰ ਸਿੰਘ ਗਿਲ ਬੀ ਸ਼ਾਮਲ ਹਨ। ਸੁਸਾਇਟੀ ਦੀ ਮਿਨਟ ਬੁੱਕ ਪੁਰ ਏਸ ਦਿਨ ਦੀ ਕਾਰਰੁਵਾਈ ਨਹੀਂ ਚੜੀ ਹੋਈ ਹੈ ਜੋ ਏਹ ਗੱਲ ਸਾਬਤ ਕਰ ਦੇਵੇ। ਪਰ ਕਰਤਾਰ ਸਿੰਘ ਨੇ 20 ਸਤੰਬਰ 1931 ਦੀ ਤਰੀਕ ਦਾ ਇਕ ਕਾਗਜ਼ ਪੇਸ਼ ਕੀਤਾ ਹੈ ਤੇ ਉਸ ਪੁਰ ਸ਼ਾਮ ਸਿੰਘ ਦੇ ਦਸਖਤ ਹੈ ਜੋ ਕਿ ਉਦੋਂ ਸੁਸਾਇਟੀ ਦਾ ਸਕੱਤ੍ਰ ਸੀ। ਏਸ ਕਾਗਜ਼ ਦਾ ਫੋਟੋ ਅਗਲੇ ਸਫੇ ਪੁਰ ਪੜ੍ਹੋ।

ਸ਼ਾਮ ਸਿੰਘ ਕਹਿੰਦਾ ਹੈ ਕਿ ਏਹ ਕਾਗਜ਼ ਕਰਤਾਰ ਸਿੰਘ ਨੇ ਲਿਖਿਆ ਤੇ ਮੈਂ ਇਸ ਪੁਰ ਦਸਖਤ ਕਰ ਦਿਤੇ, ਕਿਉਂਕੇ ਕਰਤਾਰ ਸਿੰਘ ਨੇ ਏਹ ਮੈਨੂੰ ਪੜ੍ਹ ਕੇ ਸੁਣਾਇਆ ਤੇ ਕਿਹਾ ਕਿ ਇਸ ਵਿਚ ਅਗਸਤ ਦੇ ਗੁਰਮਤੇ ਨਾਲ ਮੁਕਰਰ ਹੋਏ 5 ਆਦਮੀਆਂ ਦੇ ਨਾਮ ਹਨ ਤੇ ਉਸ ਨੂੰ ਇਸ ਦੀ ਅਖਬਾਰ ਵਿਚ ਛਾਪਣ ਲਈ ਲੋੜ ਹੈ। ਮਿਤ ਸਿੰਘ ਜੋ ਕਿ 1933 ਵਿਚ ਸੁਸਾਇਟੀ ਦਾ ਸਕੱਤ੍ਰ ਸੀ ਤੇ 1931 ਵਿਚ ਪ੍ਰਬੰਧਕ ਕੁਮੇਟੀ ਦਾ ਮੈਂਬਰ ਸੀ, ਉਹ ਸੌਂਹ ਖਾ ਕੇ ਕਹਿੰਦਾ ਹੈ ਕਿ ਮੈਂ 20 ਸਤੰਬਰ 1931 ਦੀ ਮੀਟਿੰਗ ਵਿਚ ਹਾਜ਼ਰ ਸਾਂ। ਹਰਬੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਿਉਂ ਨਹੀਂ ਮੁਕੱਰਰ ਕਰਦੇ, ਜੋ ਸਾਥੋਂ ਹਸਾਬ ਦੇ ਚੰਗੇ ਜਾਣੂੰ ਹਨ ਤੇ ਏਸ ਕਰਕੇ ਉਪਰ ਦੱਸੇ ਚਾਰ ਮੈਂਬਰ ਕੁਮੇਟੀ ਦੇ ਨਾਲ ਵਧਾਏ ਗਏ। ਮਿਤ ਸਿੰਘ ਏਹ ਕਹਿੰਦਾ ਹੈ ਕਿ ਭਾਵੇਂ ਇਕ ਗੁਰਮਤਾ ਏਸ ਭਾਵ ਦਾ ਮਿਨਟ ਬੁੱਕ ਪਰ ਚੜ੍ਹਿਆ ਹੈ, ਪਰ 23 ਅਗਸਤ 1931 ਨੂੰ ਕੋਈ ਕੁਮੇਟੀ ਮੁਕਰਰ ਨਹੀਂ ਹੋਈ, ਜੋ ਕੁਮੇਟੀ ਵੀ ਮੁਕਰਰ ਹੋਈ, ਉਹ 20 ਸਤੰਬਰ 1931 ਨੂੰ ਹੋਈ।

ਪੜਤਾਲੀਆ ਕੁਮੇਟੀ ਦੀ ਰਪੋਟ ਦੇ ਵਿਚ ਉਹ ਗੁਰਮਤਾ ਦਰਜ ਹੈ, ਜੋ 20 ਸਤੰਬਰ 1931 ਦੀ ਇਕਤ੍ਰਤਾ ਦੇ ਵਿਚ ਪਾਸ ਹੋਇਆ ਦਸਿਆ ਗਿਆ ਹੈ ਤੇ ਪੜਤਾਲੀਆ ਕੁਮੇਟੀ ਦੇ 9 ਆਦਮੀਆਂ ਦੇ ਨਾਮ ਭੀ ਦਰਜ ਹਨ ਤੇ ਨਾਲੇ ਸੁਸਾਇਟੀ ਦੀ ਪ੍ਰਬੰਧਕ ਕੁਮੇਟੀ ਦੇ ਅਫਸਰਾਂ ਦੇ ਭੀ ਦਸਖਤ ਹਨ।

ਉਪਰਲੀਆਂ ਗੱਲਾਂ ਮੁਖ ਰਖਦੇ ਹੋਏ ਮੈਂ ਫੈਸਲਾ ਦਿੰਦਾ ਹਾਂ ਕਿ ਸੱਚ ਇਹ ਹੈ ਕਿ ਕੁਮੇਟੀ ਦੇ ਮੈਂਬਰ 9 ਸਨ ਤੇ ਕਰਤਾਰ ਸਿੰਘ, ਕੇਹਰ ਸਿੰਘ ਗਿਲ ਤੇ ਅਰਜਨ ਸਿੰਘ ਚੰਦ ਕੁਮੇਟੀ ਦੇ ਮੈਂਬਰ ਸੇ।

ਏਹ ਕੁੱਛ ਮਿਸਟਰ ਜਸਟਸ ਰਾਬਰਟਸਨ ਦੇ ਲੰਮੇ ਫੈਸਲੇ ਦਾ ਕਰੀਬਨ ਮੁੱਢ ਹੈ।

[*ਨੋਟ:* ਜੋ 20 ਸਤੰਬਰ 1931 ਨੂੰ ਪੜਤਾਲੀਆ ਕੁਮੇਟੀ ਦੀ ਕਾਇਮੀ ਲਈ ਗੁਰਦੁਆਰਾ ਵੈਨਕੋਵਰ ਵਿਚ ਮਤਾ ਪਾਸ ਹੋਇਆ ਹੈ, ਉਕਤ ਗੁਰਮਤੇ ਦੀ ਫੋਟੋ ਜੋ ਕਿ ਇਸੇ ਰਪੋਟ ਦੇ ਇਸੇ ਸਫੇ ਪੁਰ ਦਰਜ ਹੈ, ਉਸ ਗੁਰਮਤੇ ਦੀ ਸਹੀ ਲਫਜ਼ਾਂ ਵਿਚ ਨਕਲ ਦਰਜ ਕੀਤੀ ਜਾਂਦੀ ਹੈ। *—ਲੇਖਕ ਅਰਜਨ ਸਿੰਘ ਚੰਦ*]

20 ਸਤੰਬਰ 1931

ੴ ਸਤਿਗੁਰ ਪ੍ਰਸਾਦਿ

(ਗੁਰਮਤੇ ਦੀ ਨਕਲ) ਸਰਬ ਸੰਮਤੀ ਨਾਲ ਅੱਜ ਦੇ ਦੀਵਾਨ ਨੇ ਗੁਰਦੁਆਰਾ ਵੈਨਕੋਵਰ ਵਿਚ ਫੈਸਲਾ ਕੀਤਾ ਕਿ ਇਕ ਪੜਤਾਲੀਆ ਕੁਮੇਟੀ ਸਨ 1928-1929 ਤੇ 1930 ਏਨਾਂ ਤਿਨਾਂ ਸਾਲਾਂ ਦਾ ਖਾਲਸਾ ਦੀਵਾਨ ਵੈਨਕੋਵਰ ਦਾ ਹਸਾਬ ਕਤਾਬ ਪਰਤਾਲ ਕਰਨ ਲਈ ਨੀਅਤ ਕੀਤੀ ਜਾਏ ਤੇ ਇਸ ਪਰਤਾਲ ਦੀ ਰਪੋਟ ਦੀਵਾਨ ਦੇ ਪੇਸ਼ ਕਰੇ। ਹੇਠ ਲਿਖੇ ਮੈਂਬਰ ਇਸ ਕੁਮੇਟੀ ਵਿਚ ਸੇਵਾ ਕਰਨ ਲਈ ਚੁਣੇ ਗਏ : (1) ਭਾਈ ਸੁੰਦਰ ਸਿੰਘ ਲੰਗੇਰੀ, (2) ਭਾਈ ਕੇਹਰ ਸਿੰਘ ਗਿਲ, (3) ਭਾਈ ਨਰੰਜਨ ਸਿੰਘ, (4) ਭਾਈ ਹਰਬੰਤ ਸਿੰਘ, (5) ਭਾਈ ਕਰਤਾਰ ਸਿੰਘ, (6) ਪੰਡਤ ਬਾਲ ਮੁਕੰਦ, (7) ਭਾਈ ਬਤਨਾ, (8) ਭਾਈ ਅਰਜਨ ਸਿੰਘ ਚੰਦ, (9) ਭਾਈ ਸੋਹਣ ਸਿੰਘ ਬੁਡਾਲਾ।

—ਸ਼ਾਮ ਸਿੰਘ ਸਕੱਤ੍ਰ, ਖਾਲਸਾ ਦੀਵਾਨ ਵੈਨਕੋਵਰ ਬੀ.ਸੀ.

ਕਾਨੂੰਨੀ ਖਰਚ ਅਤੇ ਦੋ ਡਿਗਰੀਆਂ—ਖਾਲਸਾ ਦੀਵਾਨ ਸੁਸਾਇਟੀ ਨੂੰ ਕਈ ਅਪਣੇ ਪੁਰ ਕੀਤੇ ਗਏ ਮੁਕੱਦਮਿਆਂ ਦੇ ਵਿਚ ਜੋ ਕਾਨੂੰਨੀ ਖਰਚ ਅਪਣੇ ਡੀਫੈਨਸ ਲਈ ਕਰਨਾ ਪਿਆ ਹੈ, ਉਸ ਦਾ ਨਤੀਜਾ ਮੁਕਦਮੇ ਹਾਰਨ ਵਾਲਿਆਂ ਪੁਰ ਦੀਵਾਨ ਦੇ ਪਾਸ ਹੇਠਾਂ ਦਰਜ ਦੋ ਜੱਜਮੰਟ ਹਨ :

	ਡਾਲ੍ਰੇ-ਸੰਟ
ਭਾਈ ਲਾਭ ਸਿੰਘ ਪੁਰ ਹੀਰਾਂ ਦੇ ਵਰੁਧ	$543-35
ਭਾਈ ਪੂਰਨ ਸਿੰਘ ਦਿਆਲ ਦੇ ਵਰੁਧ	$655-00
ਟੋਟਲ	$1198-35

ਭਾਈ ਲਾਭ ਸਿੰਘ ਪੁਰ ਹੀਰਾਂ ਤੋਂ ਉਸ ਦੇ ਵਰੁਧ ਰਕਮ ਉਗਰੌਹਣ ਦੇ ਲਈ ਸ਼ੈਰਫ ਭਾਈ ਸਾਹਿਬ ਦੇ ਪਾਸ ਨਾਰਥ ਵੈਨਕੋਵਰ ਜਾ ਚੁਕਾ ਹੈ ਤੇ ਉਸ ਦੀ ਰਪੋਟ ਹੈ ਕਿ ਉਸ ਦੀ ਕੋਈ ਜਾਇਦਾਦ ਨਹੀਂ ਮਿਲੀ।

ਹੋਰ ਮਤੇ—ਜੋ ਬਹੁਤ ਸਾਰਾ ਗਲਤ ਪਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਪੜਤਾਲੀਆ ਰਪੋਟ ਵਿਚ ਦੁਆਬੇ ਦਾ ਨਾਮ ਹੱਤਕ ਨਾਲ ਲਿਖਿਆ ਗਿਆ ਹੈ। ਏਹ ਸਭ ਪਾਟਕ ਪੌਣ ਵਾਲੇ ਤੇ ਇਲਾਕੇਬਾਜ਼ੀ ਦੀ ਸਪਿਰਟ ਨੂੰ ਭੜਕਾ ਕੇ ਅਪਣਾ ਉਲੂ ਸਿਧ ਕਰਨ ਵਾਲਿਆਂ ਦਾ ਕੰਮ ਹੈ। ਦੁਆਬੇ ਦੀ ਪਵਿਤ੍ਰ ਭੂਮੀ ਖਾਲਸਾ ਜੀ ਦੀ ਜਨਮ ਭੂਮੀ ਹੈ। ਹਰ ਇਕ ਸਿੰਘ ਦੀ ਭਾਵੇਂ ਉਹ ਕਿਸੇ ਇਲਾਕੇ, ਸੂਬੇ, ਮੁਲਕ, ਵਲੈਤ ਜਾਂ ਰੰਗ ਦਾ ਹੋਵੇ, ਸ੍ਰੀ ਆਨੰਦਪੁਰ ਸਾਹਿਬ ਵਾਸੀ ਹੈ। ਅਪਣੀ ਜਨਮ ਦਾਤੇ ਮਹਾਂਬਲੀਆਂ ਦੀ ਭੂਮੀ ਦੇ ਬਾਰੇ ਕੌਣ ਅਯੋਗ ਗੱਲ ਕਹਿ ਸਕਦਾ ਹੈ। ਕਸਰਾਂ ਇਨਸਾਨਾਂ ਵਿਚ

ਹੋਇਆ ਕਰਦੀਆਂ ਹਨ, ਨਾ ਕੇ ਇਲਾਕਿਆਂ ਵਿਚ। ਹਰ ਗਲਤ ਫਹਿਮੀ ਨੂੰ ਦੂਰ ਕਰਨ ਲਈ 18 ਜੂਨ 1933 ਨੂੰ ਸੰਗਤ ਨੇ ਪਾਸ ਕੀਤਾ ਕਿ ਸੁਸਾਇਟੀ ਵਲੋਂ 1931 ਵਿਚ ਮੁਕਰਰ ਹੋਈ ਪੜਤਾਲੀਆ ਕੁਮੇਟੀ ਦੀ 1932 ਵਿਚ ਪ੍ਰਕਾਸ਼ਤ ਹੋਈ ਰਪੋਟ ਵਿਚੋਂ ਸਫਾ ਚਾਰ ਕਾਲਮ 1 ਪੁਰੋ ਸਤਰ 14 ਤੋਂ 20 ਤਕ ਸੱਤ 7 ਸਤਰਾਂ ਕਢੀਆਂ ਜਾਣ। ਏਹ ਸੱਤਰਾਂ ਹੁਣ ਕੱਢੀਆਂ ਜਾਂਦੀਆਂ ਹਨ।

ਜਦ ਏਸੇ 18 ਜੂਨ ਨੂੰ ਭਾਈ ਸੁਰੈਣ ਸਿੰਘ ਮੁਹੇਮ ਨੇ ਜਨਰਲ ਮੀਟੰਗ ਵਿਚ ਉੱਠ ਕੇ ਕਿਹਾ ਕਿ ਜੋ ਭਾਈ ਅੱਜ ਵੋਟਾਂ ਵਿਚ ਹਾਰ ਜਾਣ, ਉਹ ਦੂਜਿਆਂ ਅਗੇ ਸਿਰ ਨਿਵੌਣ ਤੇ ਚੋਣ ਤੋਂ ਮਗਰੋਂ ਜਦ ਸਭ ਸੰਗਤਾਂ ਨੂੰ ਨਿਸਚਾ ਹੋ ਗਿਆ ਕਿ ਸਭ ਮੁਕਦਮੇ ਮੁਕ ਗਏ ਹਨ ਤਾਂ ਸੰਗਤ ਨੇ ਅਪਣੀ ਉਦਾਰ ਦਿਲੀ ਨਾਲ ਹੇਠਾਂ ਲਿਖਿਆ ਮੱਤਾ ਬੀ ਪਾਸ ਕੀਤਾ ਕਿ ਉਕਤ ਰਪੋਟ ਚੋਂ ਜੋ ਜ਼ਿਕਰ ਭਾਈ ਸੁਰੈਣ ਸਿੰਘ ਤੇ ਮਹਾਂ ਸਿੰਘ ਦੇ ਨਿਜ ਦੇ ਵਿਹਾਰਾਂ ਜਾਂ ਕੰਮਾਂ ਦੇ ਬਾਰੇ ਹੈ, ਉਹ ਭੀ ਕੱਢਿਆ ਜਾਏ। ਭਾਈ ਸੁਰੈਣ ਸਿੰਘ ਨੇ ਉਸ ਦਿਨ ਦੀ ਕਾਰਰੁਵਾਈ ਦੇ ਉਲਟ ਅਨੇਕ ਯਤਨ ਕੀਤੇ ਤੇ ਮੁਕਦਮਾ ਕਰਨ ਵਿਚ ਹਿੱਸਾ ਲਿਆ।

ਦਾਸ ਇਹ ਮਤਾ ਛਾਪ ਕੇ ਅਪਣਾ ਫਰਜ਼ ਪੂਰਾ ਕਰਦਾ ਹੈ। ਸਾਧ ਸੰਗਤ ਦਾ ਦਾਸ

—ਮਿਤ ਸਿੰਘ ਪੰਡੋਰੀ, ਸਕੱਤ੍

[*ਨੋਟ:* ਖਾਲਸਾ ਦੀਵਾਨ ਅਤੇ ਦੀਵਾਨ ਦੇ ਪ੍ਰਬੰਧਕਾਂ ਪੁਰ ਵਰੋਧੀਆਂ ਵਲੋਂ ਕੀਤੇ ਮੁਕਦਮਿਆਂ ਬਾਰੇ ਡੀਫੈਂਸ ਪੁਰ ਹੋਏ ਖਰਚਾਂ ਦਾ ਵੇਰਵਾ ਨੀਚੇ ਦਰਜ ਕੀਤਾ ਜਾਂਦਾ ਹੈ। *—ਅਰਜਨ ਸਿੰਘ ਚੰਦ*]

ਡਾਲੇ-ਸੰਟ

ਲਾਭ ਸਿੰਘ 'ਪੁਰ ਹੀਰਾਂ' ਦੇ ਦੀਵਾਨ ਪੁਰ ਕੀਤੇ ਮੁਕਦਮੇਂ	
ਦੀ ਡੀਫੈਨਸ ਦਾ ਬਾਕੀ ਰਹਿੰਦਾ ਕਾਨੂੰਨੀ ਬਿਲ—	
ਆਖਰੀ ਕਿਸ਼ਤ	$200-00
ਕਰਮ ਸਿੰਘ ਚੁਮਿਆਰੀਏ ਦੇ ਦੀਵਾਨ ਪੁਰ ਕੀਤੇ ਮੁਕਦਮੇਂ	
ਦੇ ਡੀਫੈਨਸ ਦਾ ਬਿਲ	$25-90
ਦੀਵਾਨ ਦੇ ਸੇਵਕਾਂ ਭਾਈ ਕੇਹਰ ਸਿੰਘ ਗਿਲ ਸਕੱਤ੍	
ਤੇ ਭਾਈ ਦਸੌਂਧਾ ਸਿੰਘ ਜੰਡੂ ਸੰਘਾ ਪ੍ਰਧਾਨ ਪੁਰ	
ਸੁਰੈਣ ਸਿੰਘ ਮੁਹਿਮ, ਨਥਾ ਸਿੰਘ ਹਰੀਪੁਰ,	
ਘਨਈਆ ਸਿੰਘ ਕੰਗਣੀਵਾਲ ਆਦ ਵਲੋਂ ਕੀਤੇ	
ਦੋ ਮੁਕਦਮਿਆਂ ਦੇ ਡੀਫੈਨਸ ਦਾ ਕਾਨੂੰਨੀ ਖਰਚ	$124-05
ਪੂਰਨ ਸਿੰਘ ਦਿਆਲ ਦੇ ਦੀਵਾਨ ਪੁਰ ਤੇ ਪੜਤਾਲੀਆ	
ਕੁਮੇਟੀ ਪੁਰ ਕੀਤੇ ਮੁਕਦਮੇਂ ਦੇ ਡੀਫੈਨਸ ਦਾ	
ਕਾਨੂੰਨੀ ਖਰਚ	$681-70
[ਪੂਰਨ ਸਿੰਘ ਦਾ ਮੁਕਦਮਾ ਖਾਰਜ ਤੇ ਉਸ ਪੁਰ	
$655-00 ਖਰਚੇ ਦੀ ਡਿਗਰੀ ਹੋਈ]	
ਏਸੇ ਮੁਕਦਮੇ ਦੇ ਬਾਰੇ ਚਾਟਰਡ ਅਕੌਂਟੈਂਟ ਦੀ ਫੀਸ	$35-00

ਭਾਈ ਸੁਰੈਣ ਸਿੰਘ ਮੁਹੇਮ, ਨੱਥਾ ਸਿੰਘ ਹਰੀਪੁਰ ਤੇ
ਘਨਈਆ ਸਿੰਘ ਕੰਗਣੀਵਾਲ ਆਦ ਵਲੋਂ ਦੀਵਾਨ
ਦੇ ਪੈਸੇ ਦੀ ਕੀਤੀ ਰੋਕ ਤੇ ਉਨ੍ਹਾਂ ਵਲੋਂ ਆਖਰੀ
ਮੁਕਦਮੇਂ ਨੂੰ ਖਾਰਜ ਕਰੌਣ ਤੇ ਕਾਨੂੰਨੀ ਡੀਫੈਨਸ ਕਰਕੇ
ਸੂਸਾਇਟੀ ਨੂੰ ਬਚੌਣ ਦਾ ਖਰਚ $265-60

ਟੋਟਲ $1332-25

ਧਨਵਾਦ—ਸਤਿਗੁਰੂ ਸੱਚਾ ਪਾਤਸ਼ਾਹ ਅਪਣੇ ਬਿਰਦ ਦੀ ਲਜਿਆ ਆਪ ਰੱਖਦਾ ਹੈ ਤੇ ਰੱਖਦਾ ਆਇਆ ਹੈ। ਸਚਿਆਈ ਤੇ ਧਰਮ ਦੀ ਰਖਸ਼ਾ ਦੇ ਲਈ ਅਨੇਕਾਂ ਰੂਪਾਂ ਦੇ ਵਿਚ ਉਹ ਆਪ ਪ੍ਰਗਟ ਹੁੰਦਾ ਹੈ ਤੇ ਅਪਣੇ ਬਿਰਦ ਦੀ ਪੈਜ ਰੱਖਦਾ ਹੈ। ਏਸ ਰਪੋਟ ਦੇ ਅੰਤ ਵਿਚ ਦਾਸ ਗੁਰੂ ਦੇ ਉਨ੍ਹਾਂ ਪਿਆਰਿਆਂ ਦਾ ਅਤੀ ਹੀ ਧਨਵਾਦੀ ਹੈ, ਜਿਨ੍ਹਾਂ ਗੁਰੂ ਧਾਮ ਤੇ ਗੁਰੂ ਦੇ ਕੰਮ ਦੇ ਵਿਚ ਹਿਸਾ ਲਿਆ ਹੈ ਤੇ ਔਕੜਾਂ ਵਿਚ ਮੁਖ ਨਹੀਂ ਮੋੜਿਆ। ਧਨ ਹੈ ਗੁਰੂ ਕੀ ਸੰਗਤ ਤੇ ਧਨ ਹੈ ਸਤਿਗੁਰੂ ਸੱਚਾ ਪਾਤਸ਼ਾਹ।

ਦਾਸ ਮਿਤ ਸਿੰਘ ਪੰਡੋਰੀ, ਸਕੱਤ੍ਰ

1935

1. ਭਾਈ ਮਿਤ ਸਿੰਘ ਸਕੱਤ੍ਰ ਤੋਂ ਮਗਰੋਂ ਭਾਈ ਗੋਪਾਲ ਸਿੰਘ 'ਦਿਆਲ' ਸਕੱਤ੍ਰ ਅਤੇ ਭਾਈ ਗੰਗਾ ਸਿੰਘ 'ਬੜਾ ਪਿੰਡ' ਪ੍ਰਧਾਨ ਹੋਏ, ਪਰ ਉਨ੍ਹਾਂ ਦੇ ਟਾਇਮ ਦੀ ਨਾ ਹੀ ਰਪੋਟ ਅਤੇ ਨਾ ਹੀ ਹੋਰ ਕਾਰਰੁਵਾਈ ਦੇ ਕਾਗਜ਼ ਹੀ ਮਿਲੇ ਹਨ। ਇਸ ਲਈ ਕੁੱਛ ਨਹੀਂ ਲਿਖਿਆ ਜਾ ਸਕਦਾ।
2. ਗੁਰਦੁਆਰਾ ਹਿਲਕਰਿਸਟ ਵਿਖੇ 7 ਸਤੰਬਰ 1935 ਦਿਨ ਸੈਟਰਡੇ ਨੂੰ ਬੜੀ ਸੱਜ ਧੱਜ ਨਾਲ ਖੁਲਾ। ਇਸ ਗੁਰਦੁਆਰੇ ਨੂੰ ਤਿਆਰ ਕਰੌਣ ਦੇ ਮੋਢੇ ਭਾਈ ਤਾਰਾ ਸਿੰਘ 'ਕੌਣੀ' ਸਨ, ਜੋ ਕਿ ਉਸ ਵਕਤ ਹਿਲਕਰਿਸਟ ਲੰਬਰ ਕੌਂਪਨੀ ਵਿਚ 'ਬਾਸ' ਸਨ। ਉਸ ਵਕਤ ਦਾ ਨਜ਼ਾਰਾ ਦੇਖਣ ਯੋਗ ਸੀ। ਦਾਸ ਵੀ ਉਸ ਸਮੇਂ ਹਾਜ਼ਰ ਸੀ। ਅੱਜ ਕਲ ਇਸ ਗੁਰਦੁਆਰੇ ਵਿਚ ਸੁਭਾਗੇ ਭਰਿਆ 15 ਅਗਸਤ ਹਿੰਦੁਸਤਾਨ ਦੀ ਅਜ਼ਾਦੀ ਦਾ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ।

—ਅਰਜਨ ਸਿੰਘ 'ਚੰਦ'

1936 1. ਵਿਚ ਭਾਈ ਭਗਵਾਨ ਸਿੰਘ ਮੇਹਟ ਪ੍ਰਧਾਨ ਅਤੇ ਦਾਸ ਨੂੰ ਸਕੱਤ੍ਰ ਦੀ ਸੇਵਾ ਮਿਲੀ। ਉਸ ਸਮੇਂ ਸੰਗਤਾਂ ਨੇ ਅਨੁਭਵ ਕੀਤਾ ਕਿ ਗੁਰਦੁਆਰਾ ਵੈਨਕੌਵਰ ਦੀ ਬਿਲਡੰਗ ਨੂੰ ਨਵੇਂ ਢੰਗ ਨਾਲ ਸਜਾਇਆ ਜਾਵੇ ਕਿਉਂਕੇ ਪਹਿਲਾਂ ਤੋਂ ਬਿਲਡੰਗ ਲਕੜੀ ਸੀ। ਬਾਰ ਬਾਰ ਰੰਗ ਕਰਨ ਨਾਲ ਸਜਦੀ ਨਹੀਂ ਸੀ। ਇਸ ਲਈ ਸਾਰੀ ਬਿਲਡੰਗ ਸਟੱਕੋ ਕਰਾਈ ਗਈ ਅਤੇ ਮੂਹਰਲੇ ਪਾਸੇ ਦਰਵਾਜ਼ੇ ਦੇ ਉਪਰ ਜੋ ਸੰਗਮਰਮਰ ਦੁਆਰਾ ਗੁਰੂ ਨਾਨਕ ਸਾਹਿਬ ਜੀ ਦੀ ਫੋਟੋ ਬਣਾਈ ਗਈ ਹੈ ਉਸ ਦੇ ਸਾਰੇ ਖਰਚ ਦੀ ਸੇਵਾ ਬਾਬੂ ਕਪੂਰ ਸਿੰਘ ਖੜੌਦੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੇਬੇ ਬਸੰਤ ਕੌਰ ਜੀ ਨੇ ਕੀਤੀ। ਸੰਗਮਰਮਰ ਦੁਆਰਾ 'Sikh Temple' ਲਿਖਣ ਦੀ ਸੇਵਾ ਦਾਸ ਦੇ ਹਿਸੇ ਆਈ।

2. ਸ਼੍ਰੀਮਾਨ ਸੰਤ ਮਨੀ ਸਿੰਘ ਜੀ 'ਭਾਈ ਕਾ ਦਿਆਲ ਪੁਰਾ' 12 ਅਗਸਤ 1936

ਵਿਚ ਕੈਨੇਡਾ ਵਿਖੇ ਆਏ। ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਵਲੋਂ ਸੰਤ ਜੀ ਵਾਸਤੇ ਉਗਰਾਹੀ ਕਰਨ ਲਈ ਭਾਈ ਦਸੌਂਧਾ ਸਿੰਘ ਜੰਡੂ ਸੰਘਾ ਅਤੇ ਭਾਈ ਤਰਲੋਚਨ ਸਿੰਘ ਜੰਡਿਆਲਾ ਮੁਕੱਰਰ ਕੀਤੇ। ਸੰਗਤਾਂ ਨੇ ਮੰਦੇ ਸਮੇਂ ਵਿਚ ਵੀ ਬੜੇ ਉਤਸ਼ਾਹ ਨਾਲ ਉਗਰਾਹੀ ਦਿੱਤੀ। ਸੰਤ ਜੀ ਇਕ ਮਹੀਨੇ ਰਹਿ ਕੇ ਵਾਪਸ ਹਾਂਗਕਾਂਗ ਚਲੇ ਗਏ। *—ਦਾਸ ਅਰਜਨ ਸਿੰਘ 'ਚੰਦ'*

[*ਨੋਟ :* ਨਵੰਬਰ 27, 1937 ਨੂੰ ਮੈਂ ਇੰਡੀਆ ਚਲਾ ਗਿਆ ਸੀ ਅਤੇ ਵਾਪਸ ਕੈਨੇਡਾ ਵਿਚ ਦਸੰਬਰ 22, 1950 ਨੂੰ ਆਇਆ। ਇਸ ਸਮੇਂ ਦੇ ਮਨਯੂਟ ਬੁੱਕ ਆਦਿਕ ਨਹੀਂ ਮਿਲੇ। ਨਰਿੰਦਰ ਸਿੰਘ 'ਗਿਲ'* ਚੂਹੜਚੱਕ ਜੋ ਕਿ ਜਨਵਰੀ 1941 ਤੋਂ ਲੈ ਕੇ ਲਗਾਤਾਰ ਅਪ੍ਰੈਲ 1945 ਤਕ ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦਾ ਸਕੱਤ੍ਰ ਰਿਹਾ। ਨਰਿੰਦਰ ਸਿੰਘ ਗਿਲ ਦੇ ਨਾਲ ਭਾਈ ਨਰੰਜਨ ਸਿੰਘ ਖੜੌਦੀ ਪ੍ਰਧਾਨ ਅਤੇ ਦਿਦਾਰ ਸਿੰਘ ਹਰਦਾਸਪੁਰ ਖਜਾਨਚੀ ਰਿਹਾ। ਉਸ ਮੌਕੇ ਦੀਆਂ ਸਿਰਫ ਨਰਿੰਦਰ ਸਿੰਘ 'ਗਿਲ' ਦੀਆਂ ਆਪਣੇ ਹਥੀ ਲਿਖੀਆਂ ਹਸਾਬ ਕਤਾਬ ਦੀਆਂ ਰਪੋਟਾਂ ਅਤੇ ਉਸ ਦੇ ਹਸਾਬ ਦੀ 'ਡਾਕਟਰ ਪਾਂਡੀਏ' ਵਲੋਂ ਕੀਤੀ ਪੜਤਾਲ ਦੀ ਰਪੋਟ ਹੀ ਮਿਲੀ ਹੈ। ਨਰਿੰਦਰ ਸਿੰਘ ਗਿਲ ਦੇ ਹਿਸਾਬ ਦਾ ਜੋ ਵਾਧਾ ਘਾਟਾ ਪੜਤਾਲੀਆ ਰਪੋਟ ਵਿਚ ਦਰਜ਼ ਹੈ। ਨਿਰਨੇ ਸਹਿਤ ਹੇਠਾਂ ਦਰਜ਼ ਕਰ ਦਿੱਤਾ ਹੈ।

—ਅਰਜਨ ਸਿੰਘ ਚੰਦ]

1. 'ਡਾਕਟਰ ਪਾਂਡੀਏ' ਦਾ ਕੈਨੇਡਾ ਵਿਚ ਕਿਵੇਂ ਔਣਾ ਹੋਇਆ, ਇਸ ਦੇ ਮੁਤੱਅਲਕ ਭਿੰਨ 2 ਖਿਆਲ ਹਨ। ਨਿਸਚੇ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਸ਼ਾਇਦ ਮੇਰਾ ਖਿਆਲ ਠੀਕ ਹੋਵੇ। ਮੈਂ ਅਤੇ ਮੇਰਾ ਭਾਈ ਅਤੇ ਤਿਨ ਹੋਰ ਸਜਣ ਕਲਕਤੇ ਤੋਂ ਮੋਟਰਕਾਰ ਰਾਹੀਂ ਪੰਜਾਬ ਨੂੰ ਜਾਂਦੇ ਮਾਰਚ 6, 1938 ਨੂੰ ਅਲਾਹਾਬਾਦ ਅਸੀ ਹਿੰਦ ਦੇ ਨੇਤਾ ਪੰਡਤ ਜਵਾਹਰ ਲਾਲ ਨੈਹਰੂ ਜੀ ਦੇ ਦਰਸ਼ਨਾਂ ਹਿਤ ਉਨ੍ਹਾਂ ਦੀ ਕੋਠੀ ਗਏ ਸੀ। ਉਸ ਵਕਤ ਪੰਡਤ ਜੀ ਨੇ ਕੈਨੇਡਾ ਵਿਚ ਰਹਿ ਰਹੇ ਬੇਕਾਨੂੰਨੇ (Illegal) ਹਿੰਦੀਆਂ ਬਾਰੇ ਮੇਰੇ ਨਾਲ ਗੱਲ ਕੀਤੀ ਸੀ। ਦਾਸ ਨੇ ਪੰਡਤ ਜੀ ਪ੍ਰਤੀ ਅਰਜ਼ ਕੀਤੀ ਸੀ ਕਿ ਅਗਰ ਕਾਂਗਰਸ ਨੇਤਾ ਕੈਨੇਡਾ ਨੁਵਾਸੀ ਹਿੰਦੀਆਂ ਦੀ ਇਸ ਮੌਕੇ ਇਮਦਾਦ ਕਰਨ ਤਾਂ ਹੋ ਸਕਦਾ ਹੈ ਕਿ ਸਫਲਤਾ ਹੋ ਜਾਵੇ। ਸੋ ਹੋ ਸਕਦਾ ਹੈ ਕਿ ਕਾਂਗਰਸ ਵਲੋਂ ਡਾਕਟਰ ਪਾਂਡੀਏ ਨੂੰ ਏਥੇ ਭੇਜਿਆ ਗਿਆ ਹੋਵੇ।
2. ਏਹ ਵੀ ਪਤਾ ਲੱਗਾ ਹੈ ਕਿ ਡਾਕਟਰ ਪਾਂਡੀਏ ਨੂੰ ਟਰੰਟੋ ਦੀ ਥਿਊਸਾਫੀਕਲ

---

* ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਭਾਈ ਨਰਿੰਦਰ ਸਿੰਘ ਗਿੱਲ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਹਿਸਾਬ-ਕਿਤਾਬ ਰੱਖਣ ਵਿਚ ਅਣਗਹਿਲੀ ਦਿਖਾਈ ਅਤੇ ਪੜਤਾਲੀਆ ਕਮੇਟੀ ਅੱਗੇ ਪੇਸ਼ ਹੋ ਕੇ ਦੋਸ਼-ਮੁਕਤ ਨਾ ਹੋ ਸਕੇ। ਦੂਜੇ ਪਾਸੇ ਨਰਿੰਦਰ ਸਿੰਘ ਗਿੱਲ ਦੀ ਸ਼ਖ਼ਸੀਅਤ ਦਾ ਚੰਗਾ ਪੱਖ ਵੀ ਸੀ। ਇਹ ਵਿਅਕਤੀ ਪੜ੍ਹਿਆ ਲਿਖਿਆ ਸੀ ਅਤੇ ਅੰਗਰੇਜ਼ੀ ਜ਼ੁਬਾਨ ਬੋਲਣ ਤੇ ਲਿਖਣ ਵਿਚ ਮਾਹਿਰ ਸੀ। ਇਸ ਨੇ ਕੁਝ ਕੌਮੀ ਮਸਲਿਆਂ ਲਈ ਬਹੁਤ ਯੋਗ ਅਗਵਾਈ ਕੀਤੀ ਅਤੇ ਇਸ ਨੂੰ ਰਾਜਨੀਤੀ ਵਿਚ ਨਿਪੁੰਨ ਵਿਅਕਤੀ ਮੰਨਿਆ ਜਾਂਦਾ ਸੀ। ਭਾਰਤੀ ਲੋਕਾਂ ਲਈ ਵੋਟ ਦਾ ਹੱਕ ਲੈਣ ਲਈ ਸਿੱਖ ਨੇਤਾਵਾਂ ਵਿੱਚੋਂ ਇਕ ਧੜੱਲੇਦਾਰ ਨੇਤਾ ਸਮਝੇ ਜਾਂਦੇ ਸਨ। *—ਸੰਪਾਦਕ*

ਸੂਸਾਇਟੀ ਨੇ ਲੈਕਚਰ ਦੇਣ ਲਈ ਸੱਦਿਆ ਸੀ। ਟਰੰਟੋ ਤੋਂ ਵੈਨਕੋਵਰ ਆ ਕੇ ਕਰਤਾਰ ਸਿੰਘ ਅਕਾਲੀ ਨਾਲ ਮੁਲਾਕਾਤ ਹੋ ਗਈ।

3. ਉਸ ਮੌਕੇ ਦੇ ਸਿਆਣੇ 2 ਸਜਣਾਂ ਤੋਂ ਪਤਾ ਲੱਗਾ ਹੈ ਕਿ ਡਾਕਟਰ ਪਾਂਡੀਏ ਨੇ ਬੇਹੱਦ ਕੋਸ਼ਸ਼ਾਂ ਕਰਕੇ ਅਤੇ ਰਾਤ ਦਿਨ ਭੱਜ ਨੱਠ ਕੇ ਕੈਨੇਡਾ ਦੇ ਉਸ ਮੌਕੇ ਦੇ ਅਫਸਰਾਂ ਨਾਲ ਮੇਲ ਮਿਲਾਪ ਦੁਆਰਾ ਸਾਰੇ 'Illegal' ਬੇਕਾਨੂੰਨੇ ਹਿੰਦੀ ਅਜ਼ਾਦ ਕਰਵਾ ਦਿਤੇ ਜਿਨ੍ਹਾਂ ਦੀ ਗਿਣਤੀ 217 ਸੀ, ਪਰ ਇਸ ਜਦੋ ਜਹਿਦ ਲਈ ਮਾਇਕ ਸਹਾਇਤਾ ਬੇਸ਼ਕ ਵਿਤ ਅਨੁਸਾਰ ਸਾਰਿਆਂ ਨੇ ਦਿਤੀ, ਪਰ ਖਾਸ ਕਰ ਬਾਬੂ ਕਪੂਰ ਸਿੰਘ ਖੜੌਦੀ, ਮਈਆ ਸਿੰਘ ਪਾਲਦੀ ਹਰ ਮਹੀਨੇ ਇਕ ਇਕ ਸੌ ਡਾਲਰ ਅਤੇ ਲਾਲਾ ਮੁਨਸ਼ੀ ਰਾਮ ਬਿਲਗਾ, ਨਰੰਜਨ ਸਿੰਘ ਜੋਧ, ਭਾਈ ਹਰਦਿਤ ਸਿੰਘ ਜੰਡਿਆਲਾ ਹਰ ਮਹੀਨੇ ਪੰਜਾਹ 2 ਡਾਲਰ ਫੈਸਲੇ ਦੇ ਅਖੀਰ ਤੱਕ ਦਿੰਦੇ ਰਹੇ।

4. ਡਾਕਟਰ ਪਾਂਡੀਏ ਨੂੰ ਬੇਕਾਨੂੰਨੇ (Illegal) ਸਜਣਾਂ ਨੂੰ ਅਜ਼ਾਦ ਕਰੌਣ ਦੀ ਕਾਮਯਾਬੀ ਹਾਸਲ ਕਰਨ ਦੇ ਧਨਵਾਦ ਸਹਿਤ ਵਜੋਂ ਅਕਤੂਬਰ 15, 1939 ਨੂੰ ਖਾਲਸਾ ਦੀਵਾਨ ਸੂਸਾਇਟੀ ਵਿਕਟੋਰੀਆ ਵਲੋਂ ਇਕ ਸੋਨੇ ਦਾ ਤਗਮਾ ਅਤੇ ਮਾਨ ਪੱਤ੍ਰ ਦਿਤਾ ਗਿਆ, ਜੋ ਕਿ ਖਾ: ਦੀ: ਸੂਸਾਇਟੀ ਵਿਕਟੋਰੀਆ ਦੇ ਮਿਨਟ ਬੁੱਕ ਪਰ ਭਾਈ ਹਰਦਿਤ ਸਿੰਘ ਜੰਡਿਆਲਾ ਪ੍ਰਧਾਨ ਅਤੇ ਮੀਹਾਂ ਸਿੰਘ ਭੂਤ ਦੇ ਦਸਖਤਾਂ ਹੇਠ ਦਰਜ਼ ਹੈ। *—ਲੇਖਕ ਅਰਜਨ ਸਿੰਘ ਚੰਦ*

ਡਾਕਟਰ ਪਾਂਡੀਏ ਵਲੋਂ ਜੋ ਆਰਜ਼ੀ ਰਪੋਟ 21 ਦਸੰਬਰ 1946 ਨੂੰ ਪ੍ਰਕਾਸ਼ਤ ਕੀਤੀ ਗਈ, ਉਸ ਦਾ ਉਲਥਾ ਜੋ ਗੁਰਮੁਖੀ ਵਿਚ ਛਪਿਆ ਹੈ, ਉਸ ਦਾ ਲਫਜ਼ 2 ਹੇਠਾਂ ਦਰਜ਼ ਕੀਤਾ ਜਾਂਦਾ ਹੈ।

ਆਰਜ਼ੀ ਰਪੋਟ

ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ ਉਨਾਂ ਮਾਮਲਿਆਂ ਦੇ ਬਾਰੇ ਜਿਨਾਂ ਕਰਕੇ ਬੀ.ਸੀ. ਦੇ ਸਿੱਖਾਂ ਦੇ ਵਿਚਕਾਰ ਝਗੜੇ ਵਧੇ—ਡਾਕਟਰ ਪਾਂਡੀਆ।

ਬ੍ਰਿਟਿਸ਼ ਕੋਲੰਬੀਆ ਦੀਆਂ ਸਿੱਖ ਸੰਗਤਾਂ ਪ੍ਰਤੀ।

ਇਕ ਗੁਰਮੁਖੀ ਦੇ ਵਿਚ ਛਾਪੇ ਇਸ਼ਤਿਹਾਰ ਦੁਆਰਾ ਮੈਂ 25 ਸਤੰਬਰ 1946 ਨੂੰ ਉਹ ਹਾਲਤ ਆਪ ਨੂੰ ਦਸ ਚੁੱਕਾ ਹਾਂ, ਜਿਸ ਪ੍ਰਕਾਰ ਕਿ ਦੋਹਾਂ ਧੜਿਆਂ ਦੇ ਆਗੂਆਂ ਨੇ, ਜਿਨਾਂ ਦੇ ਵਿਚਕਾਰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ ਬਾਰੇ ਲੰਮਾ ਝਗੜਾ ਛਿੜਿਆ ਹੋਇਆ ਸੀ, ਸਾਰੇ ਝਗੜੇ ਦੇ ਮਾਮਲੇ, ਆਖਰੀ ਫੈਸਲਾ ਕਰੌਣ ਦੇ ਲਈ ਮੇਰੇ ਸਪੁਰਦ ਕੀਤੇ, ਜਿਸ ਕਾਗਜ਼ ਦੁਆਰਾ ਮੈਨੂੰ ਇਹ ਅਧਕਾਰ ਮਿਲਿਆ, ਉਸ ਦੀ ਨਕਲ ਹੇਠਾਂ ਹੈ:

> "ਅਸੀਂ ਹੇਠ ਦਸਖਤ ਕਰਨ ਵਾਲੇ ਸੁਰੈਨ ਸਿੰਘ ਤੇ ਗੁਰਦਿਤ ਸਿੰਘ, ਸੱਚੇ ਦਿਲੋਂ ਮਨਜ਼ੂਰ ਕਰਦੇ ਹਾਂ ਕਿ ਖਾਲਸਾ ਦੀਵਾਨ ਸੂਸਾਇਟੀ ਦੇ ਜੋ ਭੀ ਝਗੜੇ ਵਾਲੇ ਮਾਮਲੇ ਹਨ, ਉਨ੍ਹਾਂ ਦਾ ਜੋ ਭੀ ਫੈਸਲਾ ਡਾਕਟਰ ਡੀ.ਪੀ. ਪਾਂਡੀਆ ਕਰ ਦੇਵੇ, ਉਸ ਨੂੰ ਅਸੀਂ ਪੱਕੀ ਤਰਾਂ ਮਨਾਂਗੇ।"
>
> (ਦਸਖਤ) ਸੁਰੈਨ ਸਿੰਘ (ਦਸਖਤ) ਗੁਰਦਿਤ ਸਿੰਘ

ਅਸੀਂ ਹੇਠ ਦਸਖਤ ਕਰਨ ਵਾਲੇ ਜੋ ਕਿ ਇਕਤ੍ਰਤਾ ਦੇ ਵਿਚ ਹਾਜ਼ਰ ਹਾਂ, ਇਹ ਪ੍ਰਣ ਕਰਦੇ ਹਾਂ ਕਿ ਉਪਰ ਦੱਸੇ ਝਗੜਿਆਂ ਦੇ ਮਕੌਣ ਦੇ ਵਿਚ, ਜਿਸ ਭੀ ਮਦਤ ਤੇ ਹਥ ਵੰਡਾਈ ਦੀ ਲੋੜ ਹੋਵੇ, ਉਹ ਅਸੀਂ ਕਰਾਂਗੇ।

(ਦਸਖਤ) ਕਪੂਰ ਸਿੰਘ, ਬਾਲ ਮੁਕੰਦ, ਮਯਾ ਸਿੰਘ, ਮਿਤ ਸਿੰਘ,
ਮੀਹਾਂ ਸਿੰਘ, ਕਰਤਾਰ ਸਿੰਘ, ਈਸ਼ਰ ਸਿੰਘ, ਜਰਨੈਲ ਸਿੰਘ,
ਮੁਨਸ਼ੀ ਰਾਮ ਤੇ ਨਰੰਜਨ ਸਿੰਘ।

ਇਸ ਸਮੇਂ ਸਾਡੇ ਚੰਗੇ ਭਾਗਾਂ ਨੂੰ ਮਿਸਟਰ ਮਰਕਨ ਦਾਨੀ ਜੀ ਜੋ ਗਵਰਨਮੈਂਟ ਬੰਬਈ ਦੇ ਬੜੇ ਅਫਸਰ ਹਨ ਤੇ ਸਿੰਧੀ ਸਿੱਖ ਹਨ, ਉਨਾਂ ਭੀ (ਇਥੇ ਹੋਨ ਕਰਕੇ) ਇਸ ਮਾਮਲੇ ਦੇ ਵਿਚ ਹੱਥ ਵੰਡਾਈ ਕੀਤੀ।

ਉਨਾਂ ਸਾਰੇ ਭਾਈਆਂ ਦੇ ਨਾਲ ਜਿਨਾਂ ਮੈਨੂੰ ਅੱਧਕਾਰ ਦੇਨ ਦੇ ਉਪਰ ਦੱਸੇ ਕਾਗਜ਼ ਪੁਰ ਦਸਖਤ ਕੀਤੇ, ਮੈਂ ਸਾਰੇ ਅਕੱਠਿਆਂ ਦੇ ਨਾਲ ਤੇ ਫੇਰ ਅਕੱਲੇ 2 ਦੇ ਨਾਲ ਬਾਤਚੀਤ ਕੀਤੀ ਤੇ ਅੰਤ ਵਿਚ ਮੈਂ ਮੇਰੇ ਹੱਥ ਦਿੱਤੇ ਤਿਨ ਮਾਮਲਿਆਂ ਦੇ ਬਾਰੇ ਆਹ ਫੈਸਲੇ ਦਿੱਤੇ :

1. ਮੈਂ ਦੋਹਾਂ ਧਿਰਾਂ ਨੂੰ ਕਿਹਾ ਕਿ ਕੀ ਸਿਵਲ ਤੇ ਕੀ ਫੌਜਦਾਰੀ ਸਾਰੇ ਮੁਕੱਦਮੇ ਕਚੈਹਰੀਆਂ ਵਿਚੋਂ ਚੁਕ ਲੈਣ। ਇਹ ਫੈਸਲਾ ਬਿਨਾ ਇਕ ਮੁਕੱਦਮੇ ਤੋਂ ਸਾਰਾ ਹੀ ਪੂਰਨ ਕੀਤਾ ਜਾ ਚੁੱਕਾ ਹੈ। ਉਹ ਇਕ ਲਾਇਬਲ ਦਾ ਮੁਕੱਦਮਾ ਹਜ਼ਾਰਾ ਸਿੰਘ ਗਰਚਾ ਤੇ ਗੁਰਦਿਤ ਸਿੰਘ ਦੇ ਵਿਚਕਾਰ ਹੈ। ਜਿਤਨੀ ਜਲਦੀ ਭੀ ਹਜ਼ਾਰਾ ਸਿੰਘ ਗਰਚਾ ਅਪਨੇ ਵਕੀਲ ਨੂੰ ਕਹਿ ਦੇਵੇ ਕਿ ਉਹ ਮੁਕੱਦਮਾ ਚੁਕਨ ਦੇ ਵਿਚ ਰਜ਼ਾਮੰਦ ਹੈ, ਉਦੋਂ ਹੀ ਇਹ ਮੁਕੱਦਮਾ ਭੀ ਮੁਕ ਜਾਵੇਗਾ। ਇਸ ਕਰਕੇ ਮੈਂ ਹਜ਼ਾਰਾ ਸਿੰਘ ਗਰਚੇ ਨੂੰ ਸਲਾਹ ਦਿੰਦਾ ਹਾਂ ਕਿ ਉਹ ਅਪਨੇ ਵਕੀਲ ਨੂੰ ਇਕਦਮ ਮਿਲੇ ਤੇ ਏਸ ਤਰਾਂ ਇਹ ਮੁਕੱਦਮਾ ਭੀ ਮੁਕ ਜਾਵੇ।
2. ਖਾਲਸਾ ਦੀਵਾਨ ਸੂਸਾਇਟੀ ਦੀ ਗੁਰਦੁਆਰਾ ਵੈਨਕੋਵਰ ਦੇ ਵਿਚ ਹੋਈ 1946 ਦੀ ਚੋਣ ਦੇ ਝਗੜੇ ਦੇ ਬਾਰੇ ਮੈਂ ਸੱਤਾਂ ਦੀ ਕੁਮੇਟੀ ਨੂੰ ਜਿਸ ਦਾ ਪ੍ਰਧਾਨ ਗੁਰਦਿਤ ਸਿੰਘ ਹੈ, ਕਿਹਾ ਕਿ ਉਹ ਸੂਸਾਇਟੀ ਤੇ ਗੁਰਦੁਆਰੇ ਦਾ ਚਾਰਜ ਲੈ ਲੈਣ। ਮੈਨੂੰ ਪਤਾ ਲੱਗਾ ਹੈ ਕਿ ਇਸ ਕੁਮੇਟੀ ਨੂੰ ਅਜੇ ਤੱਕ ਅਗਲੇ ਸਕੱਤ੍ਰ ਦਯਾ ਸਿੰਘ ਪਾਸੋਂ ਕੁਛ ਕਤਾਬਾਂ, ਕਾਗਜ਼, ਪੱਤ੍ਰ ਤੇ ਮਾਇਆ ਨਹੀਂ ਮਿਲੀ। ਮੈਂ ਦਯਾ ਸਿੰਘ ਤੇ 1945 ਦੀ ਗੁਰਦੁਆਰਾ ਕੁਮੇਟੀ ਦੇ ਪਾਸ ਬੇਨਤੀ ਕਰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੇ ਗੁਰਪੁਰਬ ਤੋਂ ਪਹਿਲਾਂ ਉਪਰ ਦੱਸੀਆਂ ਚੀਜਾਂ ਦੇ ਦੇਣ।
3. ਤੀਜਾ ਫੈਸਲਾ ਸੀ ਕਿ ਮੈਂ 1941 ਤੋਂ 1945 ਤੱਕ ਦੇ ਸੂਸਾਇਟੀ ਦੇ ਹਸਾਬ ਕਤਾਬ ਦੀ ਦਰਿਆਫਤ ਕਰਾਂ ਜਿਸ ਸਮੇਂ ਵਿਚ ਕਿ ਸਕੱਤ੍ਰ ਨਰਿੰਦਰ ਸਿੰਘ ਗਿਲ ਜ਼ਮੇਵਾਰ ਸੀ, ਇਸ ਮਾਮਲੇ ਨੇ ਸੰਗਤਾਂ ਦੇ ਵਿਚ ਤਪਤ, ਗਲਤ ਫਹਿਮੀ ਤੇ ਅੰਦਰੂਨੀ ਝਗੜੇ ਬਖੋਧ ਪੈਦਾ ਕੀਤੇ ਹਨ। ਇਸ ਕਰਕੇ ਮੈਂ ਅਨੁਭਵ ਕੀਤਾ ਕਿ ਚੰਗੀ ਗੱਲ ਇਹ ਹੈ ਕਿ ਜੇ ਮੈਂ ਇਸ ਮਾਮਲੇ ਦੇ ਵਿਚ ਨਿਰਪੱਖ ਤੇ ਮੰਨੇ ਪਰਮੰਨੇ ਭਾਈਆਂ ਦੀ ਸਲਾਹ ਲਵਾਂ। ਮੈਂ ਕਪੂਰ ਸਿੰਘ, ਮਯਾ ਸਿੰਘ, ਮੁਨਸ਼ੀ ਰਾਮ ਤੇ ਬਾਲ ਮੁਕੰਦ ਦੇ ਸਾਮਣੇ (ਜਿਸ ਨੂੰ ਮੈਂ ਆਖਿਆ ਸੀ ਕਿ ਉਹ ਭੀ ਇਸ ਮਾਮਲੇ ਦੇ ਵਿਚ ਹੱਥ ਵੰਡਾਈ

ਕਰੇ) ਨਰਿੰਦਰ ਸਿੰਘ ਗਿੱਲ ਨੂੰ ਸੱਦਿਆ ਤੇ ਆਖਿਆ ਕਿ ਉਹ 1941 ਤੋਂ 1945 ਤੱਕ ਦੇ ਸਮੇਂ 2 ਸੁਸਾਇਟੀ ਦੀ ਮਾਇਆ ਦਾ ਹਸਾਬ ਦੇਵੇ। ਨਰਿੰਦਰ ਸਿੰਘ ਗਿਲ ਨੇ ਕਿਹਾ ਕਿ ਮੇਰੇ ਕੋਲ ਨਾ ਹੀ ਰਸੀਦਾਂ, ਬੈਂਕ ਚੋਂ ਮੁੜੀਆਂ ਚਿੱਕਾਂ, ਸਟੋਰਾਂ .ਦੇ ਬਿਲ, ਚਿਠੀ ਪੱਤ੍ਰ ਤੇ ਨਾ ਹੀ ਹਸਾਬ ਕਤਾਬ ਦੀਆਂ ਕਤਾਬਾਂ ਹਨ। ਉਸ ਨੇ ਕਿਹਾ ਕਿ ਇਹ ਗੁਰਦੁਆਰੇ ਦੇ ਵਿਚੋਂ ਚੁਰਾਈਆਂ ਗਈਆਂ ਹਨ। ਇਸ ਕਰਕੇ ਸਾਨੂੰ ਜੋ ਉਸ ਦੀਆਂ ਸੁਸਾਇਟੀ ਨੂੰ ਦਿਤੀਆਂ ਛਪੀਆਂ ਰਪੋਟਾਂ ਸਨ, ਉਨ੍ਹਾਂ ਦੇ ਮਾਫਕ ਪੁੱਛਗਿੱਛ ਕਰਨੀ ਪਈ। ਅਸੀ ਇਨ੍ਹਾਂ ਰਪੋਟਾਂ ਦੇ ਵਿਚੋਂ ਬੜੀਆਂ 2 ਰਕਮਾਂ ਬਾਰੇ ਨਰਿੰਦਰ ਸਿੰਘ ਗਿਲ ਤੋਂ ਪੁੱਛਿਆ। ਉਸ ਦੇ ਦਿੱਤੇ ਜੁਵਾਬ ਮੈਨੂੰ ਤੇ ਮੇਰੇ ਨਾਲ ਦੇ ਹਾਜ਼ਰ ਮੈਂਬਰਾਂ ਨੂੰ ਤਸੱਲੀ ਬਖਸ਼ ਨਹੀ ਭਾਸਦੇ। ਰਸੀਦਾਂ ਤੇ ਕਾਗਜ਼ ਪੱਤ੍ਰ ਦੀ ਗੈਰ ਹਾਜ਼ਰੀ ਦੇ ਵਿਚ, ਮੇਰੀ ਰਾਏ ਦੇ ਵਿਚ ਇਹ ਜ਼ਰੂਰੀ ਹੈ ਕਿ ਇਨ੍ਹਾਂ ਮਾਮਲਿਆਂ ਦੀ ਸੰਗਤਾਂ ਨੂੰ ਅਸਲੀ ਹਾਲਤ ਦੱਸਨ ਤੋਂ ਪਹਿਲਾਂ ਮੈਂ ਗਵਾਹੀ ਸ਼ਾਹਦੀ ਦੀ ਹੋਰ ਭਾਲ ਕਰਾਂ। ਮੈਂ, ਮਿਤ ਸਿੰਘ, ਸੁਰੈਣ ਸਿੰਘ, ਨਰੰਜਨ ਸਿੰਘ, ਘਨਯਾ ਸਿੰਘ, ਦੀਦਾਰ ਸਿੰਘ ਤੇ ਪਾਖਰ ਸਿੰਘ ਦੇ ਨਾਲ ਬਚਨ ਬਲਾਸ ਕੀਤੇ ਹਨ ਤੇ ਹੋਰਨਾਂ ਦੇ ਨਾਲ ਭੀ ਸਲਾਹ ਮਸ਼ਵਰਾ ਕਰਾਂਗਾ, ਕਿਉਂਕੇ ਐਸੀ ਗਵਾਹੀ ਭਾਲਨ ਦੇ ਵਿਚ ਕੁੱਛ ਸਮਾਂ ਲਗੇਗਾ। ਇਸ ਕਰਕੇ ਮੈਂ ਇਸ ਵਕਤ ਇਸ ਯੋਗ ਨਹੀ ਹਾਂ ਕਿ ਸਾਫ ਤੇ ਇਨਸਾਫ ਵਾਲਾ ਫੈਸਲਾ ਦੇ ਸਕਾਂ। ਫੇਰ ਭੀ ਹਾਲ ਦੀ ਘੜੀ ਮੈਂ ਚਾਹੁੰਦਾ ਹਾਂ ਕਿ ਹੁਣ ਦੀ ਕੁਮੇਟੀ ਹੇਠਲੀਆਂ ਗਲਾਂ ਕਰੇ।

(1) ਗੁਰਦੁਆਰੇ ਦੇ ਹਸਾਬ ਦੀ ਬਾਕਾਇਦਾ ਮਾਹਵਾਰੀ ਰਪੋਟ ਕੱਢੇ।

(2) ਜੋ ਮਾਇਆ ਭੀ ਗੁਰਦੁਆਰੇ ਨੂੰ ਆਵੇ, ਉਹ ਬੈਂਕ ਦੇ ਵਿਚ ਜਮਾਂ ਕਰੇ। ਜੋ ਖਰਚ ਖਰੇ, ਚਿਕਾਂ ਦੇ ਰਾਹੀਂ ਕਰੇ।

(3) ਅਪਨਾ ਸਾਲ ਮੁਕਨ ਪੁਰ ਅਪਨੀ ਆਮਦਨ, ਖਰਚ ਦੀ ਰਪੋਟ ਇਕ ਚਾਰਟਰਡ ਅਕੌਂਟੈਂਟ ਤੋਂ ਪੜਤਾਲ ਕਰਾ ਕੇ ਕੱਢੇ।

ਕਚੈਹਿਰੀਆਂ ਦੇ ਵਿਚੋਂ ਮੁਕੱਦਮੇਂ ਚੁਕਨ ਦੇ ਵੇਲੇ ਮੁਜਸਟਰੇਟ ਤੇ ਸ੍ਰਕਾਰੀ ਵਕੀਲ ਨੇ ਮੇਰੀ ਹਰ ਪ੍ਰਕਾਰ ਹਥ ਵੰਡਾਈ ਕੀਤੀ। ਪਰ ਉਨ੍ਹਾਂ ਨੇ ਉਦ ਕਿਹਾ ਕਿ ਉਹ ਮੁਕੱਦਮੇ ਇਸ ਸ਼ਰਤ ਪੁਰ ਚੁੱਕਨ ਦੀ ਆਗਿਆ ਦਿੰਦੇ ਹਾਂ ਕਿ ਜੇ ਇਹ ਮੁਕੱਦਮੇ ਕੋਰਟ ਤੋਂ ਬਾਹਰ ਸ਼ਾਨਤੀ ਦੇ ਨਾਲ ਨਜਿਠੇ ਜਾਣ। ਇਨ੍ਹਾਂ ਮਾਮਿਲਿਆਂ ਦੇ ਨਜਿਠਨ ਦੇ ਵਿਚ ਮੈਂ ਦੋਹਾਂ ਧਿਰਾਂ ਦੇ ਭਾਈਆਂ ਤੇ ਕੌਮੀ ਭਲਾਈ ਚੌਹਣ ਵਾਲੇ ਹਰ ਇਕ ਹਿੰਦੁਸਤਾਨੀ ਦੀ ਮਦਤ ਦਾ ਚਾਹਵਾਨ ਹਾਂ। ਜੇ ਇਹ ਮਾਮਲੇ ਸ਼ਾਨਤੀ ਦੇ ਨਾਲ ਨਾ ਮੱਕੇ ਤਾਂ ਇਹ ਹੁਣ ਚੁਕੇ ਗਏ ਮੁਕੱਦਮੇ ਵਾਪਸ ਕੋਰਟ ਨੂੰ ਮੁੜ ਜਾਣਗੇ। ਇਸ ਕਰਕੇ ਸਾਰੀਆਂ ਧਿਰਾਂ ਦੀ ਭਲਾਈ ਨੂੰ ਮੁੱਖ ਰੱਖ ਕੇ ਮੈਂ ਤਕੀਦ ਕਰਦਾ ਹਾਂ ਕਿ ਦੋਨੋਂ ਧਿਰਾਂ ਮੇਰੀ ਦਿੱਤੀ ਸਲਾਹ ਦੀ ਪੈਰਵੀ ਕਰੋ ਤੇ ਅਪਨਾ 2 ਲਾਭ ਤੇ ਅਪਨੇ ਧੜਿਆਂ ਦੇ ਫਾਇਦੇ ਨੂੰ ਮੁੱਖ ਨਾ ਰਖੋ। ਸਗੋਂ ਤੇ ਮੇਰੀ ਪੂਰੀ 2 ਹੱਥ ਵੰਡਾਈ ਕਰੋ ਤਾਂ ਕਿ ਮੈਂ ਸੰਗਤਾਂ ਦੇ ਵਿਚਕਾਰ ਸ਼ਾਨਤੀ ਤੇ ਸੰਤੋਖ ਪੈਦਾ ਕਰ ਸਕਾਂ।

21 ਦਸੰਬਰ 1946 ਦ੍ਰ (ਦਸਖਤ) **ਡੀ.ਪੀ. ਪਾਂਡੀਆ**

[*ਨੋਟ :* ਇਸ ਰਿਪੋਰਟ ਦਾ ਅਸਲ ਅੰਗਰੇਜ਼ੀ ਵਿਚ ਸੀ, ਇਹ ਉਸ ਦਾ ਪੰਜਾਬੀ ਉਲਥਾ ਹੈ। ਅੰਗਰੇਜ਼ੀ ਵਾਲੀ ਰਿਪੋਰਟ ਵੀ ਅੰਤਿਕਾ-2 ਵਜੋਂ ਛਾਪੀ ਜਾ ਰਹੀ ਹੈ। *—ਸੰਪਾਦਕ*]

ਦੂਜਾ ਹਿੱਸਾ—ਆਖਰੀ ਰਪੋਟ

ਉਨਾਂ ਮਾਮਿਲਿਆਂ ਦੇ ਬਾਰੇ ਜੋ ਮਕੌਣ ਦੇ ਲਈ ਮੇਰੇ ਸਪੁਰਦ ਕੀਤੇ ਗਏ ਸਨ, ਮੈਂ 21 ਦਸੰਬਰ 1946 ਨੂੰ ਇਕ ਆਰਜ਼ੀ ਰਪੋਟ ਆਪ ਦੇ ਪੇਸ਼ ਕੀਤੀ ਸੀ। ਹੁਣ ਮੈਂ ਅਪਨਾ ਆਖਰੀ ਫੈਸਲਾ ਦੇਣ ਦੇ ਯੋਗ ਹੋਨ ਦੇ ਲਈ ਸਭ ਰਕਮਾਂ ਤੇ ਗਵਾਹੀ ਇਕੱਤ੍ਰ ਕੀਤੀ ਹੈ। ਸਭ ਤੋਂ ਪਹਿਲਾਂ ਆਹ ਉਨਾਂ ਆਮਦਨ ਤੇ ਖਰਚ ਦਿਆਂ ਜੋੜਾਂ ਦਾ ਤੱਤ ਹੈ, ਜੋ ਕਿ ਨਰਿੰਦਰ ਸਿੰਘ ਗਿਲ ਨੇ ਅਪਣੀਆਂ ਰਪੋਟਾਂ ਦੇ ਵਿਚ ਸੁਸਾਇਟੀ ਦੇ ਮੋਹਰੇ ਪੇਸ਼ ਕੀਤੇ ਹਨ :

	ਡਾਲੇ-ਸੈਂਟ	
ਆਮਦਨ		
1940 ਦੀ ਕੁਮੇਟੀ ਤੋਂ ਲਏ	5189-22	
1941 ਦੀ ਆਮਦਨ ਦਾ ਜੋੜ	4908-37	
1942 ਦੀ ਆਮਦਨ ਦਾ ਜੋੜ	7974-55	
1943 ਦੀ ਤੇ ਅਪ੍ਰੈਲ 1945 ਤੱਕ ਦੀ ਆਮਦਨ	16110-59	
ਨਰਿੰਦਰ ਸਿੰਘ ਗਿੱਲ ਕਹਿੰਦਾ ਹੈ ਮੈਂ ਸੁਸਾਇਟੀ ਨੂੰ ਉਧਾਰੇ ਦਿਤੇ	3200-00	
ਜੋੜ	37382-73	37382-73
ਖਰਚ		
1941 ਦੇ ਖਰਚ ਦਾ ਜੋੜ	4473-34	
1942 ਦੇ ਖਰਚ ਦਾ ਜੋੜ	6460-07	
1943 ਤੇ ਅਪ੍ਰੈਲ 1945 ਤੱਕ ਦੇ ਖਰਚ ਦਾ ਜੋੜ	23006-32	
ਅਗਲੀ ਕੁਮੇਟੀ ਨੂੰ ਦਿੱਤੇ	3443-00	
ਜੋੜ	37382-73	37382-73

ਸਾਰੀਆਂ ਉਖਿਆਈਆਂ ਦਾ ਬੜਾ ਕਾਰਨ ਇਹ ਸੀ ਕਿ ਇਕ ਪਾਸੇ ਤਾਂ ਮਾਇਆ ਦੇਣ ਵਾਲੇ ਬਹੁਤ ਸਾਰੇ ਦਾਨੀਆਂ ਵਲੋਂ ਇਹ ਮੰਗ ਸੀ ਕਿ ਇਸ ਹਸਾਬ ਕਤਾਬ ਦੀ ਪੜਤਾਲ ਹੋਵੇ ਤੇ ਨਾਲ ਹੀ ਇਹ ਸ਼ਕੈਤ ਸੀ ਕਿ ਉਪਰ ਦੱਸੀ ਆਮਦਨੀ ਦੇ ਵਿਚ ਸਾਰੀ ਆਈ ਮਾਇਆ ਦਰਜ ਨਹੀਂ ਹੈ, ਜੋ ਕਿ ਸੰਗਤਾਂ ਨੇ ਦਿੱਤੀ ਹੈ ਤੇ ਨਰਿੰਦਰ ਸਿੰਘ ਗਿੱਲ ਨੇ ਵਸੂਲ ਕੀਤੀ ਹੈ ਤੇ ਦੂਜੇ ਪਾਸੇ ਇਕ ਛੋਟੇ ਜਿਹੇ ਢਾਣੇ ਵਲੋਂ ਜਿਨ੍ਹਾਂ ਦੇ ਵਿਚ ਉਹ ਆਦਮੀ ਭੀ ਸ਼ਾਮਲ ਸਨ, ਜੋ ਕਿ ਇਨਾਂ ਮਾਮਿਲਿਆਂ ਦੇ ਵਿਚ ਫਸੇ ਹੋਏ ਹਨ। ਇਹ ਲਗਾਤਾਰ ਯਤਨ ਜਾਰੀ ਸੀ ਕਿ ਕਿਸੇ ਤਰਾਂ ਪੜਤਾਲ ਨਾ ਹੋਣ ਦਿੱਤੀ ਜਾਵੇ। ਇਸ ਵੇਲੇ 1945 ਦੀ ਕੁਮੇਟੀ ਨੇ 1946 ਦੇ ਲਈ ਚੁਣੀ ਗਈ ਨਵੀਂ ਕੁਮੇਟੀ ਨੂੰ ਜੋ ਕਿ ਇਸ ਗੁੰਧਲੀ ਹਾਲਤ ਨੂੰ ਸਾਫ ਕਰਨਾ ਮੰਗਦੀ ਸੀ, ਚਾਰਜ ਦੇਣ ਤੋਂ ਇਨਕਾਰ ਕੀਤਾ। ਇਸ ਹਾਲ ਚਾਲ ਦਾ ਨਤੀਜਾ ਇਹ ਹੋਇਆ ਕਿ ਨਰਿੰਦਰ ਸਿੰਘ ਗਿੱਲ ਗ੍ਰਿਫਤਾਰ ਕੀਤਾ ਗਿਆ ਤੇ ਹੋਰ ਸਾਰੇ ਮਾਮਲੇ ਫੈਸਲਾ ਕਰੌਣ ਦੇ ਲਈ ਕਚੈਹਿਰੀ ਦੇ ਵਿਚ ਚਲੇ ਗਏ।

ਇਸੇ ਵਕਤ ਅਗਲੀ ਬਹਿਨ ਵਾਲੀ ਸੂਬੇ ਦੀ ਪਾਰਲੀਮੈਂਟ ਦੇ ਵਿਚ ਹਿੰਦੁਸਤਾਨੀਆਂ ਨੂੰ ਵੋਟ ਮਿਲਨ ਦਾ ਹੱਕ ਮਿਲਨ ਦਾ ਕਾਨੂੰਨ ਪੇਸ਼ ਹੋਣ ਦਾ ਚਰਚਾ ਜਾਰੀ ਸੀ। ਕਈ ਪਾਰਲੀਮੈਂਟ ਦੇ ਮੈਂਬਰਾਂ ਤੇ ਕਈ ਦੋਸਤਾਂ ਨੇ ਅਪਣੀ ਰਾਏ ਦਿੱਤੀ ਕਿ ਐਸ ਵਕਤ ਹਿੰਦੁਸਤਾਨੀ ਵਸੋਂ ਦੇ ਬਾਰੇ ਕੋਈ ਉਲਟ ਖਬਰਸਾਰ ਪ੍ਰਗਟ ਹੋਈ ਤਾਂ ਉਸਦਾ ਅਸਰ ਵੋਟਾਂ ਦੇ ਸੁਵਾਲ ਪੁਰ ਮਾੜਾ ਹੋਵੇਗਾ। ਏਸ ਲਈ ਕੌਮ ਦੀ ਬਹੁਤੀ ਭਲਾਈ ਨੂੰ ਮੁੱਖ ਰਖਦੇ ਹੋਏ, ਮੇਰੀ ਸਲਾਹ ਪੁਰ, ਪਿਛਲੇ ਸਾਲ ਦੇ ਅਖੀਰ ਪੁਰ ਇਹ ਮੁਕੱਦਮੇ ਕੋਰਟਾਂ ਦੇ ਵਿਚੋਂ ਵਾਪਸ ਲਏ ਗਏ ਤੇ ਇਹ ਫੈਸਲਾ ਹੋਇਆ ਕਿ ਹਿੰਦੁਸਤਾਨੀ ਕੌਮ ਇਨਾਂ ਮਾਮਿਲਿਆਂ ਦੀ ਆਪ ਤਫਤੀਸ਼ ਕਰੇ ਤੇ ਕਚੈਹਿਰੀਆਂ ਤੋਂ ਬਾਹਰ ਫੈਸਲਾ ਕਰੇ ਤੇ ਮੁਕਾ ਲਵੇ। ਆਖਰ ਕਾਰ ਇਹ ਮਾਮਲੇ ਵਚਾਰਨ ਦੇ ਲਈ ਮੈਨੂੰ ਦਿਤੇ ਗਏ। ਤਦ ਮੈਂ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਦੇ ਉਸ ਸਮੇਂ ਦੇ ਹਸਾਬ ਕਤਾਬ ਦੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਜਦ ਕਿ ਨਰਿੰਦਰ ਸਿੰਘ ਗਿੱਲ ਸਕੱਤ੍ਰ ਰਿਹਾ ਸੀ। ਮੈਂ ਹਿੰਦੁਸਤਾਨੀ ਕੌਮ ਦੇ ਜ਼ੁਮੇਵਾਰ ਮੈਂਬਰਾਂ ਭਾਈ ਮਹਾ ਸਿੰਘ, ਕਪੂਰ ਸਿੰਘ, ਮੁਨਸ਼ੀ ਰਾਮ ਤੇ ਬਾਲ ਮੁਕੰਦ, ਜੋ ਮੇਰੀ ਰਾਏ ਦੇ ਵਿਚ ਨਿਰਪਖ ਕੁਮੇਟੀ ਬਣ ਸਕਦੇ ਹਨ, ਏਨਾਂ ਦੇ ਪਾਸ ਬੇਨਤੀ ਕੀਤੀ ਕਿ ਮੇਰੇ ਨਾਲ ਹੋ ਕੇ ਮਦੱਤ ਕਰਨ।

1941 ਤੋਂ 1945 ਤਕ ਦੇ ਸਕੱਤ੍ਰ ਨਰਿੰਦਰ ਸਿੰਘ ਗਿੱਲ, ਜਿਸ ਨੇ ਏਸ ਸਮੇਂ ਦੀਆਂ ਰਪੋਟਾਂ ਛਾਪ ਕੇ ਸੰਗਤਾਂ ਨੂੰ ਭੇਜੀਆਂ ਸਨ, ਨੂੰ ਕਿਹਾ ਗਿਆ ਕਿ ਉਹ ਹਸਾਬ ਦਾ ਪੂਰਾ ਹਾਲ ਪੇਸ਼ ਕਰੇ। ਨਰਿੰਦਰ ਸਿੰਘ ਗਿਲ ਨੇ ਕਿਹਾ ਕਿ ਮੇਰੇ ਪਾਸ ਨਾ ਹੀ ਰਸੀਦਾਂ, ਬੈਂਕ ਚੋਂ ਮੁੜੀਆਂ ਚਿਕਾਂ, ਹਸਾਬ ਦੇ ਬਿਲ, ਚਿਠੀ ਪੱਤ੍ਰ ਤੇ ਨਾ ਹੀ ਹਸਾਬ ਦੀਆਂ ਕਤਾਬਾਂ ਹਨ। ਇਹ ਉਸ ਨੇ ਕਿਹਾ ਕਿ ਮੇਰੀ ਰਪੋਟ ਨਿਕਲਨ ਤੋਂ ਬ੍ਰਾਦ ਗੁਰਦੁਆਰੇ ਦੇ ਵਿਚੋਂ ਚੁਰਾਏ ਗਏ ਹਨ। ਇਹੋ ਜਿਹੀ ਹਾਲਤ ਦੇ ਵਿਚ, ਇਸ ਕਾਗਜ਼ ਪੱਤ੍ਰ ਦੇ ਗੁਮ ਹੋ ਜਾਣ ਨੇ ਹੀ ਗੂਹੜਾ ਭਰਮ ਪੈਦਾ ਕੀਤਾ ਕਿ ਨਾ ਹੀ ਹਸਾਬ ਕਤਾਬ ਦਰੁਸਤ ਲਗਦਾ ਹੈ ਤੇ ਨਾ ਹੀ ਜੋ ਮਾਇਆ ਨਰਿੰਦਰ ਸਿੰਘ ਗਿੱਲ ਨੇ ਅਮਾਨਤ ਕਰਕੇ ਉਗਰਾਹੀ ਤੇ ਸਾਂਭੀ ਹੈ, ਯੋਗ ਤਰੀਕੇ ਦੇ ਨਾਲ ਵਰਤੀ ਗਈ ਹੈ।

ਇਸ ਹਾਲਤ ਵਿਚ ਇਹ ਜ਼ਰੂਰੀ ਹੋਇਆ ਕਿ ਉਸ ਦੀਆਂ ਛਾਪੀਆਂ ਤੇ ਸਿਖ ਸੰਗਤਾਂ ਦੇ ਵਿਚ ਵੰਡੀਆਂ ਰਪੋਟਾਂ ਨੂੰ ਖੋਜਿਆ ਜਾਵੇ। ਅਸੀਂ ਉਸ ਨੂੰ ਉਨ੍ਹਾਂ ਰਪੋਟਾਂ ਦੇ ਵਿਚ ਦਰਜ ਕੀਤੇ ਖਰਚਾਂ ਦੀਆਂ ਬੜੀਆਂ 2 ਰਕਮਾਂ ਦੇ ਬਾਰੇ ਸੁਵਾਲ ਕੀਤੇ। ਮਹਾ ਸਿੰਘ, ਕਪੂਰ ਸਿੰਘ, ਮੁਨਸ਼ੀ ਰਾਮ, ਬਾਲ ਮੁਕੰਦ ਤੇ ਮੈਨੂੰ, ਨਰਿੰਦਰ ਸਿੰਘ ਗਿਲ ਦੇ ਜੁਵਾਬ ਤਸੱਲੀ ਬਖਸ਼ ਪ੍ਰਤੀਤ ਨਾ ਹੋਏ। ਮੈਂ ਫੇਰ ਨਰਿੰਦਰ ਸਿੰਘ ਗਿੱਲ ਦੀਆਂ ਰਪੋਟਾਂ ਦੇ ਵਿਚ ਦਰਜ ਬੜੇ ਬੜੇ ਖਰਚਾਂ ਦੀਆਂ ਰਕਮਾਂ ਦੇ ਬਾਰੇ ਹੋਰ ਗਵਾਹੀ ਪ੍ਰਾਪਤ ਕਰਨ ਦੀ ਤੇ ਉਸ ਗਵਾਹੀ ਦਾ ਉਸ ਦੇ ਜ਼ੁਬਾਨੀ ਦਿੱਤੇ ਬਿਆਨਾਂ ਦੇ ਨਾਲ ਟਾਕਰਾ ਕਰਨ ਦੀ ਕੋਸ਼ਸ਼ ਕੀਤੀ।

ਸਭ ਤੋਂ ਪਹਿਲਾਂ ਮੈਂ ਨਰਿੰਦਰ ਸਿੰਘ ਗਿਲ ਦੇ ਛਾਪੇ ਬਿਆਨਾਂ ਨੂੰ ਤੇ ਹੇਠ ਦੱਸੀ ਪੱਕੀ ਤੇ ਅਸਲੀ ਗਵਾਹੀ ਨੂੰ ਪੇਸ਼ ਕਰਦਾ ਤੇ ਟਕਰੌਂਦਾ ਹਾਂ :

1. ਨਰਿੰਦਰ ਸਿੰਘ ਗਿੱਲ ਨੇ ਅਪਨੀਆਂ ਰਪੋਟਾਂ ਦੇ ਵਿਚ ਖਾਲਸਾ ਦੀਵਾਨ ਸੂਸਾਇਟੀ ਨੂੰ $4348-06 (ਚਾਰ ਹਜ਼ਾਰ ਤਿਨ ਸੌ ਅਠਤਾਲੀ ਡਾਲਰ ਤੇ ਛੇ ਸੈਂਟ) ਚਾਰਜ ਕੀਤੇ ਤੇ ਦਸਿਆ ਕਿ ਇਹ ਰਕਮ ਡੇਵਿਡ ਸਪੈਂਸਰ ਨੂੰ ਤਾਰੀ ਹੈ।

20 ਮਾਰਚ 1947 ਦੀ ਡੇਵਿਡ ਸਪੈਂਸਰ ਲਿਮਟਿਡ ਦੀ ਚਿੱਠੀ ਦਸਦੀ ਹੈ ਕਿ ਉਸ ਸਮੇਂ ਦੇ ਵਿਚ ਉਨ੍ਹਾਂ ਨੂੰ ਖਾਲਸਾ ਦੀਵਾਨ ਸੂਸਾਇਟੀ ਵੈਨਕੋਵਰ ਬੀ.ਸੀ. ਵਲੋਂ ਕੁਲ $2540-05 (ਪੱਚੀ ਸੌ ਚਾਲੀ ਡਾਲਰ ਤੇ ਪੰਜ ਸੈਂਟ) ਮਿਲੇ ਹਨ। ਇਸ ਤੋਂ ਪ੍ਰਤੀਤ ਹੈ ਕਿ $1808-01 (ਅਠਾਰਾਂ ਸੌ ਅੱਠ ਡਾਲਰ ਤੇ ਇਕ ਸੈਂਟ) ਗੁਮ ਹੋਇਆ ਹੈ। ਹੇਠਾਂ ਇਹ ਚਿਠੀ ਹੂ ਬਹੂ ਦਿਤੀ ਜਾਂਦੀ ਹੈ :

ਵਲੋਂ ਡੇਵਿਡ ਸਪੈਂਸਰ ਲਿਮਿਟਿਡ ਵੈਨਕੋਵਰ ਬੀ.ਸੀ. 20 ਮਾਰਚ 1947
ਯੋਗ ਮਿਸਟਰ ਗੁਰਦਿਤ ਸਿੰਘ ਪ੍ਰਧਾਨ ਖਾਲਸਾ ਦੀਵਾਨ ਸੂਸਾਇਟੀ
1866, ਵੈਸਟ ਸੈਕੰਡ ਐਵਨੀਊ
ਸ਼੍ਰੀਮਾਨ ਜੀ ! ਸਾਡੀ ਅੱਜ ਦੀ ਬਾਤਚੀਤ ਦੇ ਬਾਰੇ, ਅਸੀਂ ਆਪ ਜੀ ਨੂੰ ਵਿਦੱਤ ਕਰਦੇ ਹਾਂ ਕਿ 1 ਮਾਰਚ 1941 ਤੋਂ 30 ਅਪ੍ਰੈਲ 1945 ਸਣੇ ਜੋ ਰਕਮਾਂ ਸਾਨੂੰ ਅਪਨੀਆਂ ਕਤਾਬਾਂ ਅਨੁਸਾਰ ਸਿੱਖ ਟੈਂਪਲ ਦੇ ਅਕੌਂਟ ਦੇ ਬਾਰੇ ਆਈਆਂ ਹਨ, ਉਨ੍ਹਾਂ ਦਾ ਜੋੜ $2540-06 (ਪੱਚੀ ਸੌ ਚਾਲੀ ਡਾਲਰ ਤੇ ਛੇ ਸੈਂਟ) ਹੈ।
ਆਪ ਦੇ ਸ਼ੁਭ ਚਿੰਤਕ
ਡੇਵਿਡ ਸਪੈਂਸਰ ਲਿਮਿਟਿਡ
ਏ.ਸੀ. ਸੈਵੇਜ ਕੌਲੈਕਸ਼ਨ ਮੈਨੇਜਰ

[*ਨੋਟ* : ਇਸ ਰਿਪੋਰਟ ਦਾ ਅਸਲ ਅੰਗਰੇਜ਼ੀ ਵਿਚ ਸੀ, ਇਹ ਉਸ ਦਾ ਪੰਜਾਬੀ ਉਲਥਾ ਹੈ। ਅੰਗਰੇਜ਼ੀ ਵਾਲੀ ਰਿਪੋਰਟ ਵੀ ਅੰਤਿਕਾ-3 ਵਜੋਂ ਛਾਪੀ ਜਾ ਰਹੀ ਹੈ। —*ਸੰਪਾਦਕ*]

2. ਨਰਿੰਦਰ ਸਿੰਘ ਗਿੱਲ ਨੇ ਰਪੋਟਾਂ ਦੇ ਵਿਚ ਦੱਸਿਆ ਕਿ ਹਾਲੇ ਪਾਣੀ ਦੇ ਬਿੱਲਾਂ ਤੇ ਕੂੜਾ ਚੁਕਾਈ ਆਦ ਬਾਰੇ ਮੈਂ ਵੈਨਕੋਵਰ ਸ਼ਹਿਰ ਨੂੰ $1335-58 (ਤੇਰਾਂ ਸੌ ਪੈਂਤੀ ਡਾਲਰ ਤੇ ਅਠਵੰਜਾ ਸੈਂਟ) ਤਾਰੇ ਹਨ। ਵੈਨਕੋਵਰ ਸ਼ਹਿਰ ਦਾ ਖਜਾਨਚੀ ਦਸਦਾ ਹੈ ਕਿ ਉਨ੍ਹਾਂ ਨੂੰ ਕੁਲ $826-76 (ਅੱਠ ਸੌ ਛੱਬੀ ਡਾਲਰ ਤੇ ਛਿਅਤਰ ਸੈਂਟ) ਆਏ ਹਨ। ਇਸ ਤੋਂ ਪ੍ਰਤੀਤ ਹੈ ਕਿ $508-82 (ਪੰਜ ਸੌ ਅੱਠ ਡਾਲਰ ਤੇ ਬਿਆਸੀ ਸੈਂਟ) ਗੁਮ ਹਨ। ਆਹ ਅਗੇ ਸਿਟੀ ਵੈਨਕੋਵਰ ਦੀ ਹੂ ਬਹੂ ਚਿੱਠੀ ਹੈ :

ਖਜਾਨਚੀ ਦਾ ਦਫਤਰ ਸਿਟੀ ਵੈਨਕੋਵਰ
ਜੇਮਜ ਐਲ. ਆਰਮ ਸਟਰਾਂਗ ਸਿਟੀ ਦਾ ਖਜਾਨਚੀ ਤੇ
ਟੈਕਸ ਉਗਰਾਹੂ—ਰੈਫਰੈਂਸ #118
ਟੈਲੀਫਨ ਫੇਅਰ ਮੌਂਟ 2711
ਮਾਰਚ 14, 1947
ਯੋਗ ਖਾਲਸਾ ਦੀਵਾਨ ਸੂਸਾਇਟੀ, 1866, ਵੈਸਟ ਸੈਕੰਡ ਐਵਨੀਊ,
ਵੈਨਕੋਵਰ, ਬੀ.ਸੀ.
ਧਿਆਨ ਗੋਚਰੇ ਮਿਸਟਰ ਗੁਰਦਿਤ ਸਿੰਘ ਪ੍ਰਧਾਨ
ਬਾਰੇ ਲਾਟਾਂ 6, 7, 8 ਤੇ 9 ਬਲਾਕ 227 ਡਿਸਟਰਿਕਟ ਲਾਟ 526
ਸ਼੍ਰੀਮਾਨ ਜੀ, ਆਪ ਦੀ 12 ਮਾਰਚ ਦੀ ਚਿਠੀ ਦੇ ਉੱਤਰ ਦੇ ਵਿਚ ਮੈਂ ਉਪਰਲੀਆਂ ਲਾਟਾਂ ਦੇ ਬਾਰੇ ਹਾਲੇ ਪਾਣੀ ਦੇ ਬਿੱਲਾਂ ਤੇ ਕੂੜਾ ਚੁਕਾਈ ਦੇ

1 ਜਨਵਰੀ 1941 ਤੋਂ 30 ਅਪ੍ਰੈਲ 1945 ਤੱਕ ਦੇ ਵਸੂਲ ਕੀਤੇ ਹਸਾਬ ਦਾ ਜੋੜ ਦਿੰਦਾ ਹਾਂ :

ਹਾਲਾ	$599-46	(ਪੰਜ ਸੌ ਨਿੜਿਨਮੇ ਡਾਲਰ ਤੇ ਛਤਾਲੀ ਸੈਂਟ)
ਪਾਣੀ ਦੇ ਬਿਲ	$201-10	(ਦੋ ਸੌ ਇਕ ਡਾਲਰ ਤੇ ਦਸ ਸੈਂਟ)
ਕੂੜਾ ਚੁਕਾਈ	$26-20	(ਛੱਬੀ ਡਾਲਰ ਤੇ ਵੀਹ ਸੈਂਟ)

ਆਪ ਦਾ ਵਫਾਦਾਰ
ਜੇਮਜ ਐਲ. ਆਰਮ ਸਟਰਾਂਗ
ਸ਼ੈਹਿਰ ਦਾ ਖਜਾਨਚੀ

3. ਨਰਿੰਦਰ ਸਿੰਘ ਦੀ ਛਪੀ ਰਪੋਟ ਦਸਦੀ ਹੈ ਕਿ ਉਸ ਨੇ ਜ਼ਬਾਨੀ ਭੀ ਇਹ ਬਿਆਨ ਦਿੱਤਾ ਕਿ ਡਾਕਟਰ ਕੁੰਜਰੂ ਦੇ ਬਾਰੇ $1105-00 (ਗਿਆਰਾਂ ਸੌ ਪੰਜ ਡਾਲਰ) ਖਰਚ ਹੋਇਆ। ਡਾਕਟਰ ਕੁੰਜਰੂ ਦੀ ਨੀਊ ਦਿਲੀ, ਇੰਡੀਆ ਤੋਂ 28 ਅਪ੍ਰੈਲ 1947 ਦੀ ਚਿਠੀ ਦਸਦੀ ਹੈ ਕਿ ਡਾਕਟਰ ਜੀ ਨੂੰ ਨਰਿੰਦਰ ਸਿੰਘ ਗਿਲ ਨੇ $105-00 (ਇਕ ਸੌ ਪੰਜ ਡਾਲਰ) ਦਿੱਤੇ। ਹੇਠਾਂ ਡਾਕਟਰ ਕੁੰਜਰੂ ਦੀ ਹੂ ਬਹੂ ਚਿਠੀ ਹੈ :

ੜ੍ਰੀਕ 28 ਅਪ੍ਰੈਲ 1947 — ਸਰਵੈਂਟਸ ਔਫ ਇੰਡੀਆ ਸੁਸਾਇਟੀ
ਪਿਆਰੇ ਸ੍ਦਾਰ ਹਰਨਾਮ ਸਿੰਘ ਜੀ — 18, ਫੀਰੋਜ਼ਸ਼ਾਹ ਰੋਡ, ਨੀਊ ਦਿਲੀ

ਮੈਂ ਆਪ ਦਾ ਆਪ ਵਲੋਂ 10 ਮਾਰਚ 1947 ਦੀ ਆਈ ਪੱਤ੍ਰਕਾ ਦੇ ਲਈ ਧਨਵਾਦੀ ਹਾਂ। ਇਸ ਪੱਤ੍ਰਕਾ ਪੁਰ ਆਪ ਦੇ ਪ੍ਧਾਨ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਵਿਕਟੋਰੀਆ ਦੀ ਹੈਸੀਅਤ ਵਿਚ ਤੇ ਸ੍ਦਾਰ ਸੁੰਦਰ ਸਿੰਘ ਦੇ ਸਕੱਤ੍ ਦੀ ਹੈਸੀਅਤ ਵਿਚ ਦਸਖਤ ਹਨ। ਮੈਨੂੰ ਆਪ ਜੀ ਵਲੋਂ ਤੇ ਸ੍ਦਾਰ ਸੁੰਦਰ ਸਿੰਘ ਜੀ ਵਲੋਂ ਇਹ ਪੱਤ੍ ਔਣ ਪੁਰ ਪ੍ਸਨਤਾ ਹੋਈ।

ਨਰਿੰਦਰ ਸਿੰਘ ਗਿਲ ਨੇ ਵੈਨਕੋਵਰ ਵਿਖੇ ਮੇਰੇ ਹੋਟਲ ਦਾ ਬਿਲ ਤਾਰਿਆ ਤੇ ਵੈਨਕੋਵਰੋਂ, ਵਿਨੀਪਿਗ ਨੂੰ ਤੁਰਨ ਵੇਲੇ, ਵੈਨਕੋਵਰ ਦੇ ਹਿੰਦੁਸਤਾਨੀ ਅਸਥਾਨ ਵਲੋਂ ਮੈਨੂੰ $105-00 (ਇਕ ਸੌ ਪੰਜ ਡਾਲਰ) ਨਕਦ ਦਿੱਤੇ। ਮੈਨੂੰ ਇਹ ਪਤਾ ਨਹੀਂ ਕਿ ਹੋਟਲ ਦਾ ਬਿੱਲ ਕੀ ਸੀ। ਹੋਰ ਵਿਕਟੋਰੀਏ ਵਿਖੇ ਜਿਸ ਤਰਾਂ ਆਪ ਨੂੰ ਪਤਾ ਹੈ, ਮੈਨੂੰ ਉਥੇ ਗੁਰਦੁਆਰੇ ਵਿਖੇ $101-00 (ਇਕ ਸੌ ਇਕ ਡਾਲਰ) ਦਿਤੇ ਗਏ, ਪਰ ਇਸ ਰਕਮ ਦਾ ਉਸ ਰਕਮ ਦੇ ਨਾਲ ਕੋਈ ਤਅੱਲਕ ਨਹੀਂ ਹੈ, ਜੋ ਕਿ ਹਿੰਦੋਸਤਾਨੀ ਸੰਗਤ ਨੇ ਨਰਿੰਦਰ ਸਿੰਘ ਗਿੱਲ ਨੂੰ ਦਿੱਤੀ।

ਆਪ ਜੀ ਦਾ ਸ਼ੁਭ ਚਿੰਤਕ
ਏਚ.ਐਨ. ਕੁੰਜਰੂ

ਮੈਂ ਦੇਖਿਆ ਹੈ ਕਿ ਨਰਿੰਦਰ ਸਿੰਘ ਗਿਲ ਨੇ ਅਪਨੀ ਰਪੋਟ ਦੇ ਵਿਚ ਡਾਕਟਰ ਕੁੰਜਰੂ ਦੇ ਜ਼ਿਕਰ ਕੀਤੇ ਹੋਟਲ ਵੈਨਕੋਵਰ ਦੇ ਛੋਟੇ ਜਿਹੇ ਬਿੱਲ ਨੂੰ ਵਖਰਾ ਕਰਕੇ ਸੁਸਾਇਟੀ ਨੂੰ ਚਾਰਜ ਕੀਤਾ ਹੋਇਆ ਹੈ। ਇਸ ਕਰਕੇ $105-00 ਜੋ ਅਸਲ਼ੀ ਉਸ ਨੇ ਡਾਕਟਰ ਕੁੰਜਰੂ ਨੂੰ ਦਿੱਤੇ ਤੇ $1105-00, ਜੋ ਉਸ ਨੇ ਕੁੰਜਰੂ ਖਰਚ ਕਰਕੇ ਸੁਸਾਇਟੀ ਨੂੰ

ਚਾਰਜ ਕੀਤੇ, ਇਨ੍ਹਾਂ ਦੋਹਾਂ ਰਕਮਾਂ ਦੇ ਵਿਚ ਠੀਕ $1000-00 (ਇਕ ਹਜ਼ਾਰ ਡਾਲਰ) ਦਾ ਫਰਕ ਹੈ, ਜੋ ਕਿ ਸਿਰਫ ਇਕ ਏਕਾ 105 ਨੂੰ ਲਾ ਕੇ ਤੇ 1105 ਬਣਾ ਕੇ ਥਾਪਿਆ ਹੋਇਆ ਦਿਸਦਾ ਹੈ।

ਹੁਣ ਮੈਂ ਕੁਝ ਉਨ੍ਹਾਂ ਬੜੀਆਂ ਖਰਚ ਦੀਆਂ ਰਕਮਾਂ ਬਾਬਤ ਦਸਣਾ ਚਾਹੁੰਦਾ ਹਾਂ ਜੋ ਕਿ ਨਰਿੰਦਰ ਸਿੰਘ ਗਿੱਲ ਨੇ ਸੂਸਾਇਟੀ ਨੂੰ ਚਾਰਜ ਕੀਤੀਆਂ ਹਨ। ਨਰਿੰਦਰ ਸਿੰਘ ਗਿੱਲ ਅਪਨੀ ਰਪੋਟ ਦੇ ਵਿਚ ਦਸਦਾ ਹੈ ਕਿ ਕਈ ਉਨਾਂ ਪੋਲੀਟੀਕਲ ਜੱਥਿਆਂ ਨੂੰ ਜੋ ਖਾਲਸਾ ਦੀਵਾਨ ਸੂਸਾਇਟੀ ਦੇ ਨਾਲ ਹਮਦਰਦੀ ਰਖਦੇ ਹਨ। ਮੈਂ $2087-00 (ਦੋ ਹਜ਼ਾਰ ਤੇ ਸਤਾਸੀ ਡਾਲਰ) ਦਿੱਤੇ। ਉਸ ਨੇ ਅਪਨੇ ਜ਼ਬਾਨੀ ਬਿਆਨਾਂ ਦੇ ਵਿਚ ਪੁੱਛਗਿੱਛ ਕਰਨ ਵਾਲੀ ਕੁਮੇਟੀ ਨੂੰ ਦੱਸਿਆ ਕਿ ਮੈਂ ਸੀ.ਸੀ.ਐਫ. ਨੂੰ $900.00 (ਨੌ ਸੌ ਡਾਲਰ) ਦਿੱਤਾ। ਪਰ ਸੀ.ਸੀ.ਐਫ. ਕਹਿੰਦੀ ਹੈ ਕਿ ਖਾਲਸਾ ਦੀਵਾਨ ਸੂਸਾਇਟੀ ਨੇ ਸਾਨੂੰ ਕੋਈ ਪੈਸੇ ਨਹੀਂ ਦਿੱਤੇ, ਪਰ ਨਿਕੀਆਂ ਨਿਕੀਆਂ ਰਕਮਾਂ ਕਰਕੇ ਸੰਗਤਾਂ ਤੋਂ ਸਾਡੇ ਫੰਡ ਦੇ ਲਈ $500-00 (ਪੰਜ ਸੌ ਡਾਲਰ) ਸਾਨੂੰ ਆਏ ਸਨ। ਹੇਠ ਲਿਖੀ ਚਿਠੀ ਇਸ ਗੱਲ ਨੂੰ ਬਹੁਤ ਸਾਫ ਕਰਦੀ ਹੈ।

(ਦੇਖੋ ਅਗਲਾ ਸਫਾ ਅਰਜਨ ਸਿੰਘ 'ਚੰਦ')

ਲੈਜਿਸਲੇਟਿਵ ਅਸੈਂਬਲੀ ਸੂਬਾ ਬੀ.ਸੀ. 8 ਅਪ੍ਰੈਲ 1947
ਯੋਗ ਗੁਰਦਿਤ ਸਿੰਘ, ਖਾਲਸਾ ਦੀਵਾਨ ਸੂਸਾਇਟੀ
1866, ਵੈਸਟ ਸੈਕੰਡ ਐਵਨੀਊ ਵੈਨਕੋਵਰ ਬੀ.ਸੀ.

ਸ਼੍ਰੀਮਾਨ ਜੀ! ਬ੍ਰਿਟਿਸ਼ ਕੋਲੰਬੀਆ ਦੇ ਹਿੰਦੁਸਤਾਨੀਆਂ ਵਲੋਂ ਸੀ.ਸੀ.ਐਫ. ਨੂੰ ਆਈ ਉਗਰਾਹੀ ਦੀ ਬਾਬਤ ਆਪ ਦੀ 31 ਮਾਰਚ ਦੀ ਪੱਤ੍ਰਕਾ ਸਾਨੂੰ ਮਿਲੀ ਹੈ। ਜਿਥੇ ਤਕ ਸਾਡੇ ਸੂਬੇ ਦੇ ਦਫਤ੍ਰ ਦਾ ਤੁਅੱਲਕ ਹੈ, ਸਾਨੂੰ ਖਾਲਸਾ ਦੀਵਾਨ ਸੂਸਾਇਟੀ ਵਲੋਂ ਸਿੱਧੀ ਮਾਇਆ ਨਹੀਂ ਆਈ। ਕੋਈ ਮਾਇਆ ਜੋ ਸਾਨੂੰ ਦਿੱਤੀ ਗਈ, ਉਹ ਸਾਡੀਆਂ ਉਗਰਾਹੀ ਦੀਆਂ ਰਸੀਦ ਬੁੱਕਾਂ ਦੇ ਰਾਂਹੀ ਜੋ ਰਸੀਦ ਬੁੱਕਾਂ ਅਸੀਂ ਮਿਸਟਰ ਗਿੱਲ ਨੂੰ ਦਿੱਤੀਆਂ ਸਨ, ਉਗਰਾਹੀ ਦੀਆਂ ਰਸੀਦ ਬੁੱਕਾਂ ਸਾਨੂੰ ਮੋੜ ਕੇ ਨਹੀਂ ਦਿੱਤੀਆਂ ਗਈਆਂ। ਇਸ ਕਰਕੇ ਸਾਨੂੰ ਇਹ ਪਤਾ ਨਹੀਂ ਕਿ ਸੰਗਤਾਂ ਦੇ ਪਾਸੋਂ ਕੀ ਉਗਰਾਹਿਆ ਗਿਆ, ਪਰ ਸਾਨੂੰ ਪੰਜ ਸੌ ਡਾਲਰ ਇਹ ਦੱਸ ਕੇ ਦਿੱਤਾ ਗਿਆ ਕਿ ਏਹ ਰਕਮ (ਰਸੀਦ) ਬੁੱਕਾਂ ਦੇ ਰਸਤੇ ਉਗਰਾਹੀ ਗਈ ਹੈ। ਸਾਨੂੰ ਇਹ ਭੀ ਦੱਸਿਆ ਗਿਆ ਸੀ ਕਿ ਇਹ ਰਕਮ ਮਿਸਟ੍ਰ ਗਿੱਲ ਨੇ ਸੂਬੇ ਦਾ ਦੌਰਾ ਕਰਦੇ ਨੇ ਉਗਰਾਹੀ ਹੈ। ਤੁਹਾਡੇ ਲੋਕਾਂ ਵਲੋਂ ਉਸ ਸਮੇਂ ਦੇ ਵਿਚਕਾਰ ਜਿਸ ਦਾ ਆਪ ਨੇ ਜ਼ਿਕਰ ਕੀਤਾ ਹੈ ਜਾਂ ਕਿਸੇ ਹੋਰ ਸਮੇਂ ਸਾਨੂੰ ਕੋਈ ਮਾਇਆ ਨਹੀਂ ਮਿਲੀ।

ਆਪ ਦਾ ਸ਼ੁਭ ਚਿੰਤਕ
ਹੈਰਾਲਡ ਈ. ਵਿੰਚ
ਸੀ.ਸੀ.ਐਫ. ਦਾ ਸੂਬੇ ਦਾ ਲੀਡਰ

ਫੇਰ ਨਰਿੰਦਰ ਸਿੰਘ ਗਿੱਲ ਨੇ ਕੁਮੇਟੀ ਨੂੰ ਦਿੱਤੇ ਜ਼ੁਬਾਨੀ ਬਿਆਨਾਂ ਵਿਚ ਦੱਸਿਆ ਕਿ ਮੈਂ ਖਾਲਸਾ ਦੀਵਾਨ ਸੂਸਾਇਟੀ ਵਲੋਂ ਲੇਬਰ ਪ੍ਰੋਗਰੈਸਿਵ ਪਾਰਟੀ ਨੂੰ ਕੁੱਛ ਮਾਇਆ ਦਿੱਤੀ। ਲੇਬਰ ਪ੍ਰੋਗਰੈਸਿਵ ਪਾਰਟੀ ਹੇਠਾਂ ਦਰਜ ਚਿੱਠੀ ਦੁਆਰਾ ਜੋ ਉਨਾਂ ਵਲੋਂ ਆਈ ਹੈ, ਇਨਕਾਰ ਕਰਦੀ ਹੈ ਕਿ ਸਾਨੂੰ ਮਾਇਆ ਨਹੀਂ ਮਿਲੀ।

ਵਲੋਂ ਲੇਬਰ ਪ੍ਰੋਗਰੈਸਿਵ ਪਾਰਟੀ ਦੀ ਸੂਬੇ ਦੀ ਕੁਮੇਟੀ ਸ਼ੈਲੇ ਬਿਲਡਿੰਗ
119 ਪੈਂਡਰ ਸਟ੍ਰੀਟ ਵੈਨਕੋਵਰ
ਤਰੀਕ 6 ਅਪ੍ਰੈਲ 1947
ਯੋਗ ਗੁਰਦਿਤ ਸਿੰਘ ਪ੍ਰਧਾਨ, ਖਾਲਸਾ ਦੀਵਾਨ ਸੂਸਾਇਟੀ
1866, ਵੈਸਟ ਸੈਕੰਡ ਐਵਨੀਊ ਵੈਨਕੋਵਰ, ਬੀ.ਸੀ.

ਪਿਆਰੇ ਗੁਰਦਿਤ ਸਿੰਘ ਜੀ! ਮੈਨੂੰ ਆਪ ਦੀ 31 ਮਾਰਚ ਦੀ ਚਿੱਠੀ ਮਿਲੀ, ਜੋ ਕਿ ਮੇਰੇ ਵਿਕਟੋਰੀਏ ਗਿਆਂ ਪੁਰ ਇਥੇ ਆਈ ਹੋਈ ਸੀ। ਮੈਨੂੰ ਇਹ ਸੁਣ ਕੇ ਬਹੁਤ ਅਫਸੋਸ ਹੈ ਕਿ ਗੁਰਦੁਆਰੇ ਦੇ ਫੰਡ ਦੀ ਪੜਤਾਲ ਬਾਰੇ ਆਪ ਦੀ ਸੂਸਾਇਟੀ ਨੂੰ ਓਖਿਆਈਆਂ ਪੇਸ਼ ਆਈਆਂ ਹਨ। ਆਪ ਨੂੰ ਇਹ ਪਤਾ ਹੀ ਹੋਣਾ ਹੈ ਕਿ ਲੇਬਰ ਪ੍ਰੋਗਰੈਸਿਵ ਪਾਰਟੀ ਅਗਸਤ 1943 ਦੇ ਵਿਚ ਕਾਇਮ ਹੋਈ ਸੀ। ਉਸ ਤ੍ਰੀਕ ਤੋਂ ਪਹਿਲਾਂ ਲੇਬਰ ਪ੍ਰੋਗਰੈਸਿਵ ਪਾਰਟੀ ਤੇ ਬਹੁਤ ਸਾਰੇ ਮੈਂਬਰ ਕਾਮੀਨਿਸਟ ਲੇਬਰ ਟੋਟਲ ਵਾਰ ਕੁਮੇਟੀ ਦੇ ਮੈਂਬਰ ਸਨ। ਮੈਂ ਲੇਬਰ ਪ੍ਰੋਗਰੈਸਿਵ ਪਾਰਟੀ ਦੀਆਂ ਹਸਾਬ ਕਤਾਬ ਦੀਆਂ ਕਤਾਬਾਂ ਦੀ ਪੂਰੀ ਪਰਤਾਲ ਕੀਤੀ ਹੈ ਜਿਨ੍ਹਾਂ ਦੇ ਵਿਚ ਸਭ ਆਈ ਮਾਇਆ ਰਸੀਦਾਂ ਦੁਆਰਾ ਵਸੂਲ ਕਰਕੇ ਦਰਜ ਕੀਤੀ ਜਾਂਦੀ ਹੈ। ਕਿਉਂਕੇ ਰਸੀਦਾਂ ਦੇਣੀਆਂ ਪੜਤਾਲ ਕਰੌਨ ਦੇ ਲਈ ਜ਼ਰੂਰੀ ਹਨ (ਇਸ ਦਾ ਨਤੀਜਾ) ਮੈਂ ਆਪ ਜੀ ਨੂੰ ਰਪੋਟ ਦਿੰਦਾ ਹਾਂ ਕਿ ਕੋਈ ਸਹਾਇਤਾ ਜਾਂ ਹੋਰ ਕਿਸੇ ਪ੍ਰਕਾਰ ਦੀ ਮਾਇਆ ਨਾ ਹੀ ਥੁਹਾਡੀ ਸੂਸਾਇਟੀ ਵਲੋਂ ਤੇ ਨਾ ਹੀ ਇਸ ਦੇ ਅਫਸਰਾਂ ਦੇ ਵਲੋਂ ਸਾਨੂੰ ਆਈ ਹੈ। ਮੈਂ ਕਾਮੀਨਿਸਟ ਲੇਬਰ ਟੋਟਲ ਵਾਰ ਫਰੰਟ ਦੇ ਅਫਸਰਾਂ ਮਿਸਟਰ ਹਾਲ ਗ੍ਰਿਫਨ ਤੇ ਮਿਸਟਰ ਮੌਰਿਸ ਰਸ ਤੋਂ ਭੀ ਤਫਤੀਸ਼ ਕੀਤੀ ਹੈ। ਉਹ ਭੀ ਦੱਸਦੇ ਹਨ ਕਿ ਉਨ੍ਹਾਂ ਦੇ ਜਥੇ ਨੂੰ ਭੀ ਕੋਈ ਮਾਇਆ ਨਹੀਂ ਮਿਲੀ। ਜੇ ਤੁਹਾਡੀ ਸੂਸਾਇਟੀ ਚਾਹੇ ਤਾਂ ਇਸ ਬਾਰੇ ਉਹ ਵਖਰਾ ਬਿਆਨ ਦੇਣ ਨੂੰ ਤਿਆਰ ਹਨ।

ਸਾਡੀਆਂ ਬੜੀਆਂ ਪਬਲਕ ਇਕੱਤ੍ਰਤਾ ਦੇ ਵਿਚ ਜੇ ਕਿਨੇ ਪੰਜ ਦਸ ਡਾਲਰ ਮੀਟੰਗ ਦੇ ਵਿਚ ਹੋਏ ਕੋਲੈਕਸ਼ਨ ਦੇ ਵਿਚ ਪਾਏ ਹੋਣ ਤਾਂ ਉਸ ਗੋਲਕ ਦੀ ਅਸੀ ਰਸੀਦ ਨਹੀਂ ਕੱਟਦੇ, ਕਿਉਂਕੇ ਉਹ ਮੀਟੰਗ ਦੀ ਮਾਇਆ ਹੈ। ਇਸ ਤੋਂ ਬਿਨਾਂ ਜੇ ਕੋਈ ਸੁਗਾਤ ਸਾਨੂੰ ਆਈ ਹੈ ਤਾਂ ਇਕ ਸੋਹਣਾ ਸ਼ੀਸ਼ਾ ਹੈ ਜਿਸ ਦਾ ਖਰਚ $15-00 (ਪੰਦਰਾਂ ਡਾਲਰ) ਤੋਂ ਉਪਰ ਨਹੀਂ ਹੋ ਸਕਦਾ।

ਮੈਂ ਆਸ ਕਰਦਾ ਹਾਂ ਕਿ ਇਹ ਹਾਲ ਚਾਲ ਤੁਹਾਡੀ ਬਦਕਿਸਮਤ ਮੁਸ਼ਕਲ ਨੂੰ ਸਾਫ ਕਰਨ ਦੇ ਵਿਚ ਸਹਾਇਤਾ ਕਰੇਗਾ। ਜੇ ਕਿਸੇ ਹੋਰ ਮੱਦਦ ਦੀ ਲੋੜ ਹੋਵੇ ਤਾਂ ਮੈਂ ਬੜੀ ਖੁਸ਼ੀ ਦੇ ਨਾਲ ਕਰਨ ਨੂੰ ਤਿਆਰ ਹਾਂ। ਜੋ ਭੀ ਮਾਇਆ ਸਾਨੂੰ ਸਾਡੇ ਕੰਮ ਦੇ ਲਈ ਮਿਲਦੀ ਹੈ, ਉਸ ਲਈ ਅਸੀ ਧਨਵਾਦੀ ਹਾਂ, ਪਰ ਮਾਇਆ ਦੀ ਸਹਾਇਤਾ ਭਾਵੇਂ ਮਿਲੇ ਜਾਂ ਨਾ ਮਿਲੇ, ਤੁਸੀ ਯਕੀਨ ਰਖੋ ਕਿ ਅਸੀ ਕੁਲ ਸਰਿਸ਼ਟੀ ਦੀ ਏਕਤਾ, ਇਕੋ ਜਿਹੇ ਹੱਕ ਤੇ ਭਲਾਈ ਦੀਆਂ ਪਾਲਸੀਆਂ ਦੀ ਪਿੱਠ ਪੁਰ ਲਗਾਤਾਰ ਖੜੇ ਰਹਾਂਗੇ।

ਆਪ ਦਾ ਸ਼ੁਭ ਚਿੰਤਕ
ਨੀਗਲ ਮੌਰਗਨ
ਸੂਬੇ ਦਾ ਲੀਡਰ

ਅਪਨੀ ਛੱਪੀ ਰਪੋਟ ਦੇ ਵਿਚ ਨਰਿੰਦਰ ਸਿੰਘ ਗਿੱਲ ਨੇ ਖਾਲਸਾ ਦੀਵਾਨ ਸੂਸਾਇਟੀ ਨੂੰ $2335-00 (ਤੇਈ ਸੌ ਪੈਂਤੀ ਡਾਲਰ) ਯੰਗ ਮੈਨਾਂ ਦੀ ਭਰਤੀ ਦੇ ਬਾਰੇ ਚਾਰਜ ਕੀਤੇ ਹਨ ਤੇ ਛਾਪੇ ਅੱਖਰਾਂ ਦੇ ਵਿਚ ਇਸ ਪਰਕਾਰ ਦੱਸਿਆ ਹੈ :

"ਯੰਗ ਮੈਨਾਂ ਦੀ ਭਰਤੀ ਦੀ ਡੀਫੈਂਸ ਕੀਤੀ। ਕਿਸੇ ਯੰਗ ਮੈਨ ਦਾ ਕੋਈ ਟਾਇਮ ਅਤੇ ਨਾ ਹੀ ਕੋਈ ਸੈਂਟ ਖਰਚ ਹੋਣ ਦਿੱਤਾ ਹੈ।"

ਜਦ ਪੁੱਛਨ ਵਾਲੀ ਕੁਮੇਟੀ ਨੇ ਇਸ ਸਾਫ ਪਰਤੱਖ ਖਿਆਲੀ ਰਕਮ ਦੀ ਬਾਬਤ ਆਖਿਆ ਕਿ ਸਾਨੂੰ ਸਮਝਾ, ਤਾਂ ਨਰਿੰਦਰ ਸਿੰਘ ਗਿੱਲ ਕੋਈ ਜੁਵਾਬ ਨਾ ਦੇ ਸਕਿਆ। ਪੁੱਛਨ ਵਾਲੀ ਕੁਮੇਟੀ ਤੇ ਨਰਿੰਦਰ ਸਿੰਘ ਗਿੱਲ ਦੋਵੇਂ ਜਾਣਦੇ ਸਨ ਕਿ ਐਸਾ ਖਰਚ ਕਾਨੂੰਨ ਵਰੁਧ ਤੇ ਅਸਲੀਅਤ ਤੋਂ ਉਲਟ ਹੈ।

ਪਬਲਿਸਟੀ (ਇਸ਼ਤਿਹਾਰ ਬਾਜ਼ੀ) ਆਦ ਦਾ ਖਰਚ $1042-83 ਚਾਰਜ ਕੀਤਾ ਹੋਇਆ ਹੈ। ਨਰਿੰਦਰ ਸਿੰਘ ਗਿੱਲ ਕੋਈ ਜੁਵਾਬ ਨਾ ਦੇ ਸਕਿਆ ਕਿ ਇਹ ਪੈਸਾ ਕਿੱਦਾਂ, ਕਿਥੇ ਤੇ ਕਦੋਂ ਖਰਚ ਕੀਤਾ।

ਨਰਿੰਦਰ ਸਿੰਘ ਗਿੱਲ ਨੇ ਵੋਟਾਂ ਬਾਰੇ $1850-00 (ਅਠਾਰਾਂ ਸੌ ਪੰਜਾਹ ਡਾਲਰ) ਖਰਚ ਦੱਸਿਆ ਹੈ। ਇਸ ਬਾਰੇ ਭੀ ਜਦ ਪੁੱਛਿਆ ਗਿਆ ਤਾਂ ਉਹ ਦੱਸ ਨਹੀਂ ਸਕਿਆ ਕਿ ਇਹ ਪੈਸਾ ਕਿੱਦਾਂ ਖਰਚਿਆ ਗਿਆ। ਜੇ ਇਹ ਪੈਸਾ ਖਰਚਿਆ ਗਿਆ ਹੁੰਦਾ ਤਾਂ ਸਿੱਧੇ ਜੁਵਾਬ ਮਿਲਨੇ ਚਾਹੀਦੇ ਸਨ ਕਿ ਐਸ ਤਰਾਂ ਖਰਚਿਆ।

ਤਫਤੀਸ਼ ਤੋਂ ਇਹ ਭੀ ਪਤਾ ਲੱਗਾ ਕਿ ਭਾਵੇਂ ਬਾਈ ਲਾ ਸਾਫ ਤੌਰ ਪੁਰ ਮੰਗ ਕਰਦੇ ਹਨ, ਪਰ ਸੂਸਾਇਟੀ ਦੀ ਸਾਰੀ ਮਾਇਆ ਜੋ ਉਗਰਾਹੀ ਜਾਂਦੀ ਸੀ, ਬੈਂਕ ਦੇ ਵਿਚ ਜਮਾਂ ਨਹੀਂ ਕੀਤੀ ਗਈ। ਬੈਂਕ ਤੋਂ ਹੋਰ ਪੁੱਛਗਿਛ ਕਰਨ ਤੋਂ ਪਤਾ ਲੱਗਾ ਕਿ ਕਰੀਬਨ ਦਸ ਹਜ਼ਾਰ ਡਾਲਰ, ਉਸ ਦੀ ਵਸੂਲੀ ਕੀਤੀ ਤੇ ਮੈਂਬਰਾਂ ਨੂੰ ਰਪੋਟਾਂ ਦੇ ਵਿਚ ਦੱਸੀ ਹੋਈ ਮਾਇਆ ਵਿਚੋਂ ਕਦਾਚਿਤ ਸੂਸਾਇਟੀ ਦੇ ਅਕੌਂਟ (ਹਸਾਬ) ਦੇ ਵਿਚ ਜਮਾਂ ਨਹੀਂ ਕੀਤਾ ਗਿਆ।

ਉਹ (ਨਰਿੰਦਰ ਸਿੰਘ ਗਿੱਲ) ਸੂਸਾਇਟੀ ਦੇ ਪਤੇ ਛਾਪਨ ਵਾਲੀ ਮਸ਼ੀਨ ਗੁਰਦੁਆਰੇ ਚੋਂ ਚੁੱਕ ਕੇ ਲੈ ਗਿਆ। ਇਸ ਦਾ ਮੁਲ ਸੂਸਾਇਟੀ ਨੇ ਤਾਰਿਆ ਸੀ ਤੇ ਸੂਸਾਇਟੀ ਦੀ ਮਲਕੀਅਤ ਸੀ। ਉਸ ਨੇ ਪਤੇ ਕਰਨ ਵਾਲੀ (ਐਡਰੈਸੋਗਰਾਫ) ਦੇ $200-08 (ਦੋ ਸੌ ਡਾਲਰ ਤੇ ਅੱਠ ਸੰਟ) ਸੂਸਾਇਟੀ ਨੂੰ ਚਾਰਜ ਕੀਤੇ, ਪਰ ਮਸ਼ੀਨ ਚੁੱਕ ਕੇ ਲੈ ਗਿਆ। ਪੁੱਛਗਿਛ ਕਰਨ ਵਾਲੀ ਕੁਮੇਟੀ ਨੇ ਉਸ ਨੂੰ ਕਿਹਾ ਕਿ ਮਸ਼ੀਨ ਸੂਸਾਇਟੀ ਨੂੰ ਮੋੜ ਕੇ ਦੇ ਦੇਹ ਪਰ ਉਸ ਨੇ ਮੋੜੀ ਨਹੀਂ।

ਅੰਤ ਵਿਚ ਮੈਨੂੰ ਇਹ ਦੱਸਨ ਦੇ ਵਿਚ ਅਤੀ ਹੀ ਅਫਸੋਸ ਹੈ ਕਿ ਮੇਰੀ ਸਹਾਇਤਾ ਕਰਨ ਵਾਲੀ ਕੁਮੇਟੀ ਦੇ ਇਕ ਮੈਂਬਰ ਬਾਲ ਮੁਕੰਦ ਪੁਰ ਜਿਸ ਨੇ ਨਰਿੰਦਰ ਸਿੰਘ ਗਿੱਲ ਨੂੰ ਉਸ ਦੇ ਹਸਾਬ ਦੇ ਬਾਰੇ ਕੁੱਛ ਸਵਾਲ ਕੀਤੇ, ਕੁਮੇਟੀ ਦੇ ਕੱਠ ਤੋਂ ਦੋ ਤਿਨ ਦਿਨ ਬ੍ਰਾਦ ਨਰਿੰਦਰ ਸਿੰਘ ਗਿੱਲ ਨੇ ਉਸ ਪੁਰ ਫੌਜਦਾਰੀ ਹੱਲਾ ਕੀਤਾ।

ਉਪਰਲੇ ਹਾਲਾਤ ਨੂੰ ਮੁਖ ਰਖਦੇ ਹੋਏ ਮੈਂ ਹੇਠ ਲਿਖੇ ਨਤੀਜਿਆਂ ਪੁਰ ਪੁੱਜਾ ਹਾਂ :

(ੳ) ਨਰਿੰਦਰ ਸਿੰਘ ਗਿੱਲ ਦੇ ਖਰਚਾਂ ਦੇ ਵਿਚ ਦਰਜ ਕੀਤੀਆਂ ਬੜੀਆਂ ਬੜੀਆਂ ਰਕਮਾਂ ਜਿਨਾਂ ਨੂੰ ਮੈਂ ਗੌਹ ਦੇ ਨਾਲ ਚੈਕ ਕੀਤਾ ਹੈ, ਝੂਠੀਆਂ ਹਨ ਤੇ ਜਿਸ ਪ੍ਰਕਾਰ ਉਪਰ ਦੱਸੀ ਗਵਾਹੀ ਦਸਦੀ ਹੈ, ਉਨਾਂ ਦੀ ਪੁਸ਼ਟੀ ਨਹੀਂ ਹੋ ਸਕਦੀ।

(ਅ) ਰਸੀਦਾਂ ਤੇ ਬਿੱਲਾਂ ਆਦ ਦੀ ਗੈਰ ਹਾਜ਼ਰੀ ਦੇ ਵਿਚ ਨਰਿੰਦਰ ਸਿੰਘ ਦੇ ਖਰਚ ਦੀਆਂ ਛੋਟੀਆਂ ਰਕਮਾਂ ਦੀ ਮੈਂ ਛਾਨਬੀਨ ਨਹੀਂ ਕਰ ਸਕਿਆ, ਪਰ ਬੜੀਆਂ ਰਕਮਾਂ ਨੂੰ ਤੋੜ ਮਰੋੜ ਕੇ ਝੂਠਾ ਕੀਤੇ ਨੂੰ ਮੁਖ ਰਖਦੇ ਹੋਏ ਮੈਂ ਉਸ ਦੇ ਛੋਟੀਆਂ ਰਕਮਾਂ ਦੇ ਬਾਰੇ ਦਿਤੇ ਬਿਆਨਾਂ ਪੁਰ ਅਤਬਾਰ ਨਹੀਂ ਕਰਦਾ।

(ਏ) ਇਸ ਨਤੀਜੇ ਪੁਰ ਪੁੱਜਨ ਦੇ ਲਈ ਹਰ ਇਕ ਦਲੀਲ ਹੈ ਤੇ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਨਰਿੰਦਰ ਸਿੰਘ ਗਿੱਲ ਨੇ 1941 ਤੋਂ 1945 ਤਕ ਵਿਚ ਜਦ ਉਹ ਖਾਲਸਾ ਦੀਵਾਨ ਸੂਸਾਇਟੀ ਦਾ ਸਕੱਤ੍ਰ ਸੀ, ਦੱਸ ਹਜ਼ਾਰ ਤੋਂ ਉਪਰ ਡਾਲਾ ਗਬਨ ਕੀਤਾ ਹੈ।

(ਸ) ਉਪਰਲੀਆਂ ਗੱਲਾਂ ਨੂੰ ਮੁਖ ਰਖਦੇ ਹੋਏ ਨਰਿੰਦਰ ਸਿੰਘ ਗਿੱਲ ਦਾ ਕਲੇਮ ਕਰਨਾ ਕਿ ਖਾਲਸਾ ਦੀਵਾਨ ਸੂਸਾਇਟੀ ਤੇ ਗੁਰਦੁਆਰੇ ਨੇ ਉਸ ਦਾ $3200-00 (ਬੱਤੀ ਸੌ ਡਾਲਰ) ਦੇਣਾ ਹੈ, ਹਾਸੇ ਯੋਗ ਹੈ ਤੇ ਇਸ ਬਿਆਨ ਦੇ ਪੈਰ ਨਹੀਂ ਹਨ।

(ਹ) ਵਚਾਰ ਤੋਂ ਬ੍ਰਾਦ ਮੈਂ ਏਸ ਰਾਏ ਪੁਰ ਪੁੱਜਾ ਹਾਂ ਕਿ ਐਸੀ ਜ਼ੋਰਦਾਰ, ਅਸਲੀ ਤੇ ਸਬੂਤਾਂ ਭਰੀ ਗਵਾਹੀ ਦੇ ਹੁੰਦੇ ਹੋਏ ਜਿਨ੍ਹਾਂ ਆਦਮੀਆਂ ਨੇ ਨਰਿੰਦਰ ਸਿੰਘ ਗਿੱਲ ਦੇ ਮਾਇਆ ਦੇ ਹਸਾਬ ਕਤਾਬ ਦੇ ਡੀਫੈਂਸ ਦਾ ਯਤਨ ਜਾਰੀ ਰੱਖਿਆ ਹੈ, ਉਨ੍ਹਾਂ ਆਦਮੀਆਂ ਨੇ ਕੌਮ ਦਾ ਬਹੁਤ ਹੀ ਨੁਕਸਾਨ ਕੀਤਾ ਹੈ।

ਜੋ ਅਸਲੀਅਤ ਮੈਂ ਅਕੱਠੀ ਕੀਤੀ ਹੈ ਤੇ ਗੌਹ ਨਾਲ ਪਰਤਾਲ ਕਰਕੇ ਜੋ ਕੁੱਛ ਮੈਂ ਲੱਭਿਆ ਹੈ, ਉਸ ਦੀ ਰਪੋਟ ਪੇਸ਼ ਕਰਦਾ ਹਾਂ।

ਹੁਣ ਆਮ ਸੰਗਤਾਂ ਦਾ ਫਰਜ਼ ਹੈ ਕਿ ਉਹ ਜੋਸ਼ ਪੁਰ ਤੇ ਪਾਰਟੀ ਦੀ ਪਿੱਠ ਕਰਨ ਪੁਰ ਨਹੀਂ, ਪਰ ਉਪਰ ਦਿੱਤੀ ਅਸਲੀਅਤ ਪੁਰ ਅਪਨੀ ਰਾਏ ਕਾਇਮ ਕਰਨ, ਕਿਉਂਕੇ ਇਹ ਅਸੂਲ ਦਾ ਤੇ ਸੱਚ ਦਾ ਮਾਮਲਾ ਹੈ। ਮੈਂ ਸਿੱਖ ਕੌਮ ਦੇ ਮੈਂਬਰਾਂ ਨੂੰ ਸਲਾਹ ਦਿੰਦਾ ਹਾਂ ਕਿ ਸਾਰੀ ਕੌਮ ਦੇ ਫਾਇਦੇ ਨੂੰ ਮੁੱਖ ਰਖਦੇ ਹੋਏ ਤੇ ਸਿੱਖ ਰੀਤੀ ਦੇ ਮੁਤਾਬਕ ਜੋ ਭੀ ਕਾਰਰੁਵਾਈ ਕਰਨੀ ਜ਼ਰੂਰੀ ਸਮਝਦੇ ਹਨ ਕਰਨ। ਜੋ ਕਈ ਹਸਾਬ ਕਤਾਬ ਨੂੰ ਭੰਨ ਤੋੜ ਕੇ ਝੂਠਾ ਕਰਨ ਦਾ ਮੁਜਰਮ ਹੋਵੇ ਤੇ ਪੈਸਾ ਗਬਨ ਕਰਨ ਦਾ ਮੁਜਰਮ ਹੋਵੇ, ਉਹ ਕੌਮ ਦੇ ਵਿਚੋਂ ਛੇਕੇ ਜਾਣ ਦੀ ਸਜ਼ਾ ਦਾ ਭਾਗੀ ਹੋਣਾ ਚਾਹੀਦਾ ਹੈ।

ਅੱਗੇ ਨੂੰ ਗੁਰਦੁਆਰੇ ਦੇ ਬੰਦੋਬਸਤ ਦੇ ਬਾਰੇ ਮੈਂ ਇਹ ਸਲਾਹ ਦਿੰਦਾ ਹਾਂ :

1. ਸਕੱਤ੍ਰ ਸੂਸਾਇਟੀ ਦੇ ਮੈਂਬਰਾਂ ਨੂੰ ਮਾਹਵਾਰੀ ਰਪੋਟ ਦੇਵੇ।
2. ਹਰ ਇਕ ਗੁਰਦੁਆਰੇ ਦੀ ਪ੍ਰਬੰਧਕ ਕੁਮੇਟੀ ਤੋਂ ਬਿਨਾਂ ਇਕ ਪੜਤਾਲੀਆ ਕੁਮੇਟੀ ਹੋਵੇ।
3. ਹਸਾਬ ਦੀ ਸਾਲਾਨਾ ਰਪੋਟ ਇਕ ਚਾਰਟਰਡ ਅਕੌਂਟੈਂਟ ਸਰਟੀਫਾਈ ਕਰੇ।
4. ਚਾਹੇ ਪੂਰੇ ਟਾਇਮ ਲਈ ਤੇ ਚਾਹੇ ਥੋੜੇ ਟਾਇਮ ਲਈ ਕੰਮ ਕਰਨ ਵਾਲੇ ਸਕੱਤ੍ਰ ਨੂੰ ਤਨਖਾਹ ਦਿੱਤੀ ਜਾਵੇ।
5. ਖਾਲਸਾ ਦੀਵਾਨ ਸੂਸਾਇਟੀ ਅਪਨੇ ਬਾਈ ਲਾ ਦੀ ਪੈਰਵੀ ਕਰੇ ਤੇ ਸਾਰੇ ਮਾਮਿਲਿਆਂ ਦੇ ਵਿਚ ਡੈਮੋਕਰੈਟਿਕ ਦਸਤੂਰ ਵਰਤਿਆ ਜਾਵੇ।

ਮੇਰੇ ਬੀ.ਸੀ. ਦੇ ਦੇਸ ਵਾਸਿਓ! 1941 ਤੋਂ 1945 ਦੇ ਵਿਚਕਾਰ ਜਿਸ ਪ੍ਰਕਾਰ ਨਰਿੰਦਰ ਸਿੰਘ ਗਿੱਲ ਨੇ ਸਕੱਤ੍ਰ ਦੀ ਹੈਸੀਅਤ ਵਿਚ ਗੁਰਦੁਆਰੇ ਦੀ ਮਾਇਆ ਨੂੰ ਵਰਤਿਆ, ਇਹ ਰਪੋਟ ਉਸ ਦੇ ਬਾਰੇ ਸਾਬਤ ਕੀਤੀ ਅਸਲੀਅਤ ਤੇ ਪਰਖੀ ਸਚਾਈ ਪੁਰ ਨਿਰਭਰ ਹੈ। ਇਸ ਰਪੋਟ ਦਾ ਮਤਲਬ ਨਾ ਸਿਰਫ ਗੁਰਦੁਆਰੇ ਦੇ ਪ੍ਰਬੰਧ ਦੇ

ਬਾਰੇ ਅਸਲੀ ਹਾਲ ਦਸਣਾ ਹੈ। ਪਰ ਇਹ ਭੀ ਹੈ ਕਿ ਆਪ ਐਸੇ ਤਰੀਕੇ ਕੱਢੋ ਤੇ ਪ੍ਰਚਲਤ ਕਰੋ ਜਿਨ੍ਹਾਂ ਕਰਕੇ ਇਹੋ ਜਿਹੀਆਂ ਬੇਦਸਤੂਰੀਆਂ ਫੇਰ ਨਾ ਹੋ ਸਕਨ।

ਐਸੇ ਵਕਤ ਦੇ ਵਿਚ ਜਦ ਕੇ ਸਾਡੀ ਕੌਮ ਦੇ ਲਈ, ਇਕਮੁੱਠ ਨਿਗਰ ਕੰਮ ਕਰਕੇ, ਅਪਨੇ ਨਫੇ ਨੂੰ ਬਚੌਨਾ ਤੇ ਇਸ ਮੁਲਕ ਦੇ ਸਿਟੀਜਨਾਂ ਦੀ ਹੈਸੀਅਤ ਦੇ ਵਿਚ ਇਸ ਦੇਸ ਦੇ ਵਾਧੇ ਤੇ ਤਰੱਕੀ ਦੇ ਵਿਚ ਹਿੱਸਾ ਲੈਣਾ ਜ਼ਰੂਰੀ ਹੈ। ਇਹ ਬੇਦਸਤੂਰੀਆਂ ਨਾ ਸਿਰਫ ਸਾਡੇ ਵਿਚ ਫਾਟਕ ਪੌਣ ਦਾ ਕਾਰਨ ਹੁੰਦੀਆਂ ਹਨ, ਪਰ ਸਾਡੀ ਤਰੱਕੀ ਨੂੰ ਰੋਕਦੀਆਂ ਤੇ ਸਾਡੀ ਇੱਜ਼ਤ ਨੂੰ ਗੁਆਂਦੀਆਂ ਹਨ। ਸਾਨੂੰ ਚਾਹੀਦਾ ਹੈ ਕਿ ਪਿਛਲੀਆਂ ਗਲਤੀਆਂ ਤੋਂ ਸਬਕ ਸਿਖੀਏ ਤੇ ਇਕਮੁੱਠ ਹੋ ਕੇ ਅਗਾਹਾਂ ਦੀ ਤਰੱਕੀ ਤੇ ਪ੍ਰਾਪਤੀ ਦੇ ਲਈ ਅੱਗੇ ਕਦਮ ਚੁਕੀਏ ਤੇ ਇਕ ਅਕੱਠੀ ਤੇ ਤਰੱਕੀ ਵਾਲੀ ਕੌਮ ਬਨਾਈਏ।

(ਦਸਖਤ) **ਡੀ.ਪੀ. ਪਾਂਡੀਆ**

ਨਰਿੰਦਰ ਸਿੰਘ ਗਿੱਲ ਦੀ ਉਪਰਲੀ ਪੜਤਾਲੀਆ ਰਪੋਟ ਛਾਇਆ ਹੋਣ ਤੋਂ ਪਹਿਲਾਂ ਭਾਈ ਮਿਤ ਸਿੰਘ ਪੰਡੋਰੀ ਅਤੇ ਗਿਆਨੀ ਨਰੰਜਨ ਸਿੰਘ ਜੋਧ* ਨੇ ਨਰਿੰਦਰ ਸਿੰਘ ਨੂੰ ਸਮਝੌਣ ਦੀ ਬੜੀ ਕੋਸ਼ਸ਼ ਕੀਤੀ। ਉਪ੍ਰੰਤ ਮਾਲਵੇ ਦੇ ਸਿਆਣੇ 2 ਸਜਣਾਂ ਦੀ ਮੀਟੰਗ ਬੁਲਾਈ। ਨਰਿੰਦਰ ਸਿੰਘ ਉਸ ਮੀਟੰਗ ਵਿਚ ਵੀ ਨਹੀ ਆਇਆ। ਅਖੀਰ ਵਿਚ ਭਾਈ ਮਿਤ ਸਿੰਘ ਅਤੇ ਨਰੰਜਨ ਸਿੰਘ ਜੋਧ ਨੇ ਵੈਨਕੋਵਰ, ਵਿਕਟੋਰੀਆ, ਆਈਲੈਂਡ ਤੋਂ ਸੱਠ, ਸੱਤਰ ਸਿਆਣੇ 2 ਸਜਣ ਸੱਦ ਕੇ ਗੁਰਦੁਆਰਾ ਵੈਨਕੋਵਰ ਦੇ ਹਾਲ ਵਿਚ ਮੀਟੰਗ ਬੁਲਾਈ। ਉਸ ਵੇਲੇ ਸਮੂੰਹ ਸਜਣਾਂ ਨੇ ਫੈਸਲਾ ਕੀਤਾ ਕਿ ਨਰਿੰਦਰ ਸਿੰਘ ਗੁਰਦੁਆਰੇ ਆ ਕੇ ਜੇ ਕਰ ਮਾਫੀ ਮੰਗ ਲਵੇ ਤਾਂ ਪੜਤਾਲੀਆ ਰਪੋਟ ਛਾਇਆ ਨਾ ਕੀਤੀ ਜਾਵੇ।

ਪਰ ਇਤਨੀਆਂ ਕੋਸ਼ਸ਼ਾਂ ਕਰਨ ਪਰ ਭੀ ਨਰਿੰਦਰ ਸਿੰਘ ਗੁਰਦੁਆਰੇ ਨਹੀ ਆਇਆ ਅਤੇ ਨਾ ਹੀ ਮਾਫੀ ਮੰਗੀ। ਭਾਈ ਮਿਤ ਸਿੰਘ ਜੀ ਨੇ ਉਪਰਲੀ ਸਾਰੀ ਕਹਾਣੀ ਮੈਨੂੰ ਮੋਗੇ ਮੇਰੇ ਘਰ ਦੱਸੀ ਸੀ ਅਤੇ ਨਰੰਜਨ ਸਿੰਘ ਜੋਧ ਨੇ 1953 ਵਿਚ ਵੈਨਕੋਵਰ ਸਾਰੇ ਹਾਲਾਤ ਦੱਸੇ ਸਨ ਕਿ ਨਰਿੰਦਰ ਸਿੰਘ ਅਸਾਡੇ ਪਾਸ ਮਾਫੀ ਮੰਗਣ ਲਈ ਮੰਨ ਜਾਂਦਾ ਸੀ, ਜਦ ਆਪਣੇ ਸਲਾਹੂਆਂ ਸੁਰੈਣ ਸਿੰਘ ਮੁਹਿੰਮ, ਪਾਖਰ ਸਿੰਘ ਮਾਨ, ਅਤਰ ਸਿੰਘ ਰੋੜ ਮਾਜਰਾ, ਸ੍ਦਾਰਾ ਸਿੰਘ ਚੂਹੜ ਚੱਕ ਆਦ ਪਾਸ ਜਾਂਦਾ ਤਾਂ ਝੱਟ ਹੀ ਉਲਟ ਜਾਂਦਾ। ਇਨ੍ਹਾਂ ਕਾਰਨਾਂ ਕਰਕੇ ਗਿਲ ਦੇ ਸਿਆਣੇ ਦੋਸਤ ਵੀ ਖਿਲਾਫ ਹੋ ਗਏ। ਫੁਟ ਦਾ ਬਜ਼ਾਰ ਹੋਰ ਵੀ ਗਰਮ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਵੈਨਕੋਵਰ ਦੇ ਪ੍ਰਬੰਧਕਾਂ ਨੇ ਨਰਿੰਦਰ ਸਿੰਘ ਗਿਲ ਨੂੰ ਗਬਨ ਦੇ ਕੇਸ ਵਿਚ ਬੰਦ ਕਰਵਾ ਦਿੱਤਾ। ਨਰਿੰਦਰ ਸਿੰਘ ਦੀ $2500-00 ਡਾਲਰ ਦੀ ਜ਼ਮਾਨਤ ਹੋਈ ਅਤੇ ਨਰਿੰਦਰ ਸਿੰਘ ਦੀ ਡੀਫੈਂਸ ਲਈ ਕੁਮੇਟੀ ਬਣਾਈ ਗਈ, ਜਿਸ ਦਾ ਪ੍ਰਧਾਨ ਸੁਰੈਣ ਸਿੰਘ ਮੁਹਿੰਮ, ਸਕੱਤ੍ ਗੁਰਦਿਆਲ ਸਿੰਘ ਝਿੰਗੜ,

---

* ਨਿਰੰਜਨ ਸਿੰਘ ਗਰੇਵਾਲ, ਪਿੰਡ ਜੋਧ, ਜ਼ਿਲ੍ਹਾ ਲੁਧਿਆਣਾ, ਜੋ ਸੂਬੇ ਦੀ ਰਾਜਨੀਤੀ ਵਿਚ ਵੀ ਸਰਗਰਮ ਸਨ। ਆਪ ਪਹਿਲੇ ਪੰਜਾਬੀ ਸਨ, ਜੋ 1950 ਵਿਚ ਮਿਸ਼ਨ ਸਿਟੀ, ਬੀ.ਸੀ. ਦੇ ਮੇਅਰ ਚੁਣੇ ਗਏ। ਅਸੈਂਬਲੀ 'ਚ ਐਮ.ਐਲ.ਏ. ਦੇ ਪਦ ਲਈ ਚੋਣ ਲੜੀ, ਪਰ ਸਫਲ ਨਾ ਹੋਏ। ਸਿੱਖੀ ਸਰੂਪ ਨੂੰ ਬਾਅਦ 'ਚ ਪਿੱਠ ਦਿਖਾਈ ਅਤੇ ਸਿਆਟਲ ਦੇ ਇਕ ਹੋਟਲ 'ਚ ਇਨ੍ਹਾਂ ਦਾ ਭੇਤ ਭਰੀ ਹਾਲਤ ਵਿਚ ਕਤਲ ਹੋਇਆ। —*ਸੰਪਾਦਕ*]

ਵਾਇਸ ਸਕੱਤ੍ਰ ਬਚਿੰਤ ਸਿੰਘ ਕਰਨਾਣਾ, ਖਜਾਨਚੀ ਅਤਰ ਸਿੰਘ ਰੋੜ ਮਾਜਰਾ, ਮੈਂਬਰ ਧਨਾ ਸਿੰਘ ਝਹੇੜੂ, ਜਰਨੈਲ ਸਿੰਘ ਪਲਾਹੀ, ਮੇਹਰ ਸਿੰਘ ਸੰਧਮ।

ਗਿਲ ਦੀ ਡੀਫੈਂਸ ਲਈ ਉਗਰਾਹੀ ਸੁਰੈਣ ਸਿੰਘ ਮੁਹਿੰਮ ਅਤੇ ਸ੍ਦਾਰਾ ਸਿੰਘ ਚੂਹੜ ਚੱਕ ਨੇ ਕੀਤੀ। ਉਗਰਾਹੀ ਦੇਣ ਵਾਲੇ ਸਜਣਾਂ ਦੀ ਜ਼ਬਾਨੀ ਪਤਾ ਲੱਗਾ ਕਿ ਉਕਤ ਉਗਰਾਹੀ ਦੀ ਮਾਇਆ ਸਰੈਣ ਸਿੰਘ, ਸ੍ਦਾਰਾ ਸਿੰਘ ਦੀ ਜੇਬ ਵਿਚ ਹੀ ਰਹੀ, ਕਿਉਂਕੇ 1946 ਵਿਚ ਵੋਟਾਂ ਲੈਣ ਦੇ ਹੱਕ ਵਿਚ ਜਦੋ ਜਹਿਦ ਅਤੇ ਪੈਰਵੀ ਕਰਨ ਕਰਕੇ ਕੋਰਟ ਵਿਚੋਂ ਸਾਰੇ ਮੁਕਦਮੇ ਚੁੱਕ ਲਏ ਗਏ।

ਲੇਖਕ ਅਰਜਨ ਸਿੰਘ 'ਚੰਦ'

7 ਅਪ੍ਰੈਲ 1945 ਤੋਂ 25 ਸਤੰਬਰ 1946 ਤਕ ਸੁਰੈਣ ਸਿੰਘ ਮੁਹਿੰਮ ਪ੍ਧਾਨ ਅਤੇ ਦੈਆ ਸਿੰਘ ਦੱਪੜ ਗੁਰਦੁਆਰਾ ਵੈਨਕੋਵਰ ਦਾ ਸਕੱਤ੍ ਰਿਹਾ। ਇਸ ਮੌਕੇ ਦੀਆਂ ਸਿਰਫ ਦੈਆ ਸਿੰਘ ਦੇ ਹਸਾਬ ਦੀਆਂ ਰਪੋਟਾਂ ਤੋਂ ਹੋਰ ਕੋਈ ਵੀ ਕਾਗਜ਼ ਨਹੀਂ ਮਿਲ ਸਕਿਆ। ਦੈਆ ਸਿੰਘ ਨੇ ਆਪਣੀ ਰਪੋਟ ਦੇ ਖਰਚ ਵਿਚ ਲਿਖਿਆ ਹੈ ਕਿ ਦੋ ਹਜ਼ਾਰ ($2000-00) ਡਾਲਰ ਕੌਮੀ ਕੰਮਾਂ ਤੇ ਖਰਚ ਕੀਤੇ। ਮਲ੍ਹੂਮ ਹੁੰਦਾ ਹੈ ਕਿ ਇਸ ਡੇਢ ਸਾਲ ਵਿਚ ਵੀ ਖਿਚੋਤਾਣ ਹੀ ਰਹੀ ਹੈ। ਮੇਰੀ ਫਾਇਲ ਵਿਚ ਉਸ ਮੌਕੇ ਦੀਆਂ ਦੋ ਚਿਠੀਆਂ ਮੌਜ੍ਦ ਹਨ, ਜਿਨਾਂ ਤੋਂ ਸਾਬਤ ਹੁੰਦਾ ਹੈ ਕਿ ਸਿਆਣੇ ਅਤੇ ਦਰਦੀ ਦਿਲ ਰਖਣ ਵਾਲੇ ਸਜਣਾਂ ਨੇ ਸਮਝੌਤੇ ਦੀਆਂ ਕੋਸ਼ਸ਼ਾਂ ਕੀਤੀਆਂ, ਜੋ ਕਿ ਸਭ ਬੇਅਰਥ ਗਈਆਂ।

ਪਹਿਲੀ ਚਿਠੀ 5 ਮਾਰਚ 1946 ਨੂੰ ਬਾਬੂ ਕਪੂਰ ਸਿੰਘ, ਮਿਤ ਸਿੰਘ ਪੰਡੋਰੀ, ਮੁਨਸ਼ੀ ਰਾਮ ਬਿਲਗਾ, ਕੇਹਰ ਸਿੰਘ ਟੂਸੇ, ਬਿਸ਼ਨ ਸਿੰਘ ਟੂਸੇ, ਸੁਹਾਵਾ ਸਿੰਘ ਨਦੌੜ, ਨਰੰਜਨ ਸਿੰਘ ਜੋਧ, ਰਣਜੀਤ ਸਿੰਘ ਹਰੀਪੁਰ। ਇਨ੍ਹਾਂ ਨੇ ਆਮ ਸਭ ਸੰਗਤਾਂ ਨੂੰ ਸੱਦਾ ਪੱਤ੍ ਦਿੱਤਾ, ਪਰ ਮੀਟੰਗ ਨਹੀਂ ਹੋ ਸਕੀ।

ਦੂਸਰੀ ਚਿਠੀ

25 ਅਪ੍ਰੈਲ 1946 ੧ੴ ਸਤਿਗੁਰ ਪ੍ਸ਼ਾਦਿ

ਸਾਡੇ ਮਾਨਜੋਗ ਗੁਰੂ ਪਿਆਰੀ ਕੈਨੇਡਾ ਨਿਵਾਸੀ ਸਾਧ ਸੰਗਤ ਜੀਉ,

ਬੇਨਤੀ ਹੈ ਕਿ ਆਪ ਭਰਾਵਾਂ ਦੇ Victoria ਚੁਣੇ ਗਏ ਜੱਥੇ ਨੇ ਅਕੱਤ੍ ਹੋ ਕਰ ਸਮਝੌਤੇ ਵਾਸਤੇ ਗੁਰਦੁਆਰਾ ਵੈਨਕੋਵਰ ਦੇ ਸੈਕਟਰੀ ਨਾਲ 20/4/46 ਨੂੰ ਗੱਲ ਬਾਤ ਕੀਤੀ। ਇਸ ਤੋਂ ਮਗਰੋਂ 22/4/46 ਨੂੰ ਗੁਰਦੁਆਰਾ ਵੈਨਕੂਵਰ ਦੀ ਕੁਮੇਟੀ ਨਾਲ ਸਮਝੌਤੇ ਵਾਸਤੇ ਗੱਲਬਾਤ ਕੀਤੀ ਜਿਸ ਦਾ ਫੈਸਲਾ ਹੇਠ ਲਿਖਿਆ ਜਾਂਦਾ ਹੈ :

1. ਗੁਰਦੁਆਰਾ ਵੈਨਕੋਵਰ ਦੀ ਕੁਮੇਟੀ ਸਮਝੌਤੇ ਦਾ ਮੁਆਮਲਾ ਸਾਡੀ ਕੁਮੇਟੀ ਦੇ ਹੱਥ ਦੇਣੋਂ ਅਸਮਰਥ ਹੈ।

ਇਸ ਵਾਸਤੇ ਇਸ ਮੁਆਮਲੇ ਨੂੰ ਅਸੀ ਭੀ ਨਿਬੇੜਨ ਤੋਂ ਅਸਮਰਥ ਹਾਂ। ਆਪ ਭਰਾਵਾਂ ਪਾਸੋਂ ਖਿਮਾਂ ਲੋੜਦੇ ਹਾਂ। ਸੇਵਕ : (1) ਗੁਰਬਚਨ ਸਿੰਘ ਟੂਟੋ ਮਜ਼ਾਰਾ, (2) ਗੁਰਬਚਨ ਸਿੰਘ ਜੌਹਲ, (3) ਸ਼ਮੀਰ ਸਿੰਘ ਅਲੀਪੁਰ, (4) ਬੀਰ ਸਿੰਘ ਖਜ਼ੂਰਲਾ, (5) ਨੈਣਾ ਸਿੰਘ ਕੰਦੋਲਾ, (6) ਦਿਲਬਾਗ ਸਿੰਘ ਖੜੌਦੀ, (7) ਅਰਜਨ ਸਿੰਘ ਕੰਗਣੀਵਾਲ, (8) ਮੋਹਣ ਸਿੰਘ ਮਾਹਲਪੁਰੀ, (9) ਬਚਿੰਤ ਸਿੰਘ ਜੰਡਿਆਲਾ, ਪ੍ਧਾਨ ਮੁਨਸ਼ੀ ਰਾਮ।

•

ਅੰਤਿਕਾ-1

IMPERIAL BANK OF CANADA

Fairview Branch

VANCOUVER, B.C.

July 29th, 1931.

The Khalsa Diwan Society,
Sikh Temple, West Second Avenue,
Vancouver, B.C.

Dear Sir:—

We have been asked to supply certain information regarding the accounts of the Society with this Bank during the past two or three years, and in particular with the transferring of the account of the Society to the Canadian Bank of Commerce during the month of January and February, 1930; also our dealings with Soren Singh who was President of the Society during the year 1930.

Under date of January 11th, 1930, without notice of any kind to the Bank, the officers then authorized to sign cheques on the funds of the Society, transferred Saving Account No. 2 to the Canadian Bank of Commerce, Fairview Branch. We got in touch with Puriam Singh Dial the Secretary of the Society and asked him why the account was being transferred, and he stated that the Society was merely splitting the account, as they did not feel that all the money should be in one Bank. We could not take any serious objection to this if the members of the Society had that feeling, and we thought that that ended the matter. However under date of February 1st, 1930, the Canadian Bank of Commerce presented to us another transfer form for the No. 1 Savings Account in which was over $7400. We refused to honor this transfer until we have received a letter from the Society stating that it was the wish of the members that the accounts of the Society be taken away from the Imperial Bank of Canada and deposited with the Canadian Bank of Commerce. A couple of days later we received a letter on the letter paper of the Society advising us that it was the wish of the Society as a whole to transfer the accounts to the Canadian Bank of Commerce, and which letter was signed by Puriam Singh Dial as Secretary and given under the seal of the Society. It is doubtful in view of what has taken place since then, if the members of the Society knew of the transfers or even gave their consent to the same, and it is our opinion that the members were not consulted at all but that the transfer was made at the instigation

of certain officers in charge. On receipt of the above letter, we could not hold the funds any longer and the account was transferred under date of February 4th, 1930.

For some time after that we endeavoured to get the accounts transferred back to this office, but the only result was that the checking account was re-opened some months later.

For the year 1930, Soren Singh was elected President, and in due course we met this party and in conversation with him we mentioned that we would like to get the account back with us if he was agreeable. Under date of May 12th, 1930, Soren Singh called on us and approached us for a loan of $230 for the stated purpose of assisting him to purchase a boom of log ends for his wood mill on Main Street and known as Sunrise Wood & Coal Co., of which concern he told us he was the sole owner, and that it was free of debt. Knowing that there was a certain amount of risk in making the loan, we told Soren Singh that he was not entitled to ask for credit from us, but that if he would use his influence as President to bring the accounts of the Society back to this office that we would put through the loan on the distinct understanding that it would be paid back within thirty days. If Soren Singh had not held the position as President of the Society the loan would never have been made, but we thought that if the Society had enough confidence in him to place him in that high position, that he must be a man of honor and that he would pay the loan as stated and as promised. As matters have turned out he did not pay the loan within thirty days but came in and asked for a renewal, which in turn was not paid, and consequently several renewals were taken after small payments had been made on account. On or about the 1st of February of this year Soren Singh sold his business to Gurditt Singh, and it turned out that the business was not in his name at all but in the name of Puriam Singh Dial, so that Soren Singh actually obtained the loan from us by making false statement. At that time he still owed us $108.50 and that amount is still owing and we are not able to collect nor will he come near the Bank.

As Soren Singh did use his influence as President of the Khalsa Diwan Society to borrow money from the Bank on the representation that he would use all his influence to have the accounts transferred back to this office, and did make false statements that he was the sole owner of the Sunrise Trading Co., whereas Puriam Singh Dial was the registered owner, the Bank is of the opinion that the Society should bring this matter up before the members, and endeavour to force Soren Singh to pay the balance owing by him to the Bank and which amounts to $108.50 and has been past due since February 16th, 1931.

Yours truly,
J.K. ANDERSON, Manager

ਅੰਤਿਕਾ-2

INTERIM REPORT
REGARDING THE AFFAIRS OF THE KHALSA DIWAN SOCIETY, VANCOUVER, B.C. WHICH LED TO INTERNAL DISSENSION IN THE SIKH COMMUNITY OF BRITISH COLUMBIA

I reported to you on September 25, 1946, through a circular printed in Gurmukhi, the circumstances under which the leaders of the two parties to the prolonged dispute which had been going on concerning the affairs of the Khalsa Diwan Society and the Sikh Temple, Vancouver, agreed to entrust to me all the matters in dispute, for final decision. My authority was the following document:

Vancouver 7th Sept 1946

We, the undersigned, Mr. Sarun Singh and Mr Gurdit Singh Sohanpal agree to abide by the decision of Dr. D P Pandia in all disputed matters pertaining to the Khalsa Diwan Society, Vancouver: Sarun Singh Gurdit Singh

We the undersigned, present at the conference, promise to pledge our support & cooperation in the Settlement of the above mentioned dispute.

Kartar Singh - Balwant Singh
Harnam Singh Jeet Singh Gurbax Singh
Lehar Singh Gurmukh Singh Narain Singh

We were fortunate on this occasion to have the sincere co-operation of Mr. Mirchandani, a high official of the Bombay Government and a Sindhi Sikh.

After prolonged general and private discussion with all those who signed the above document, I came to a decision on the three matters referred to me.

1. I advised both parties to withdraw all cases, both civil and criminal

from the courts. This decision has been fully carried out with the exception of the libel action between Hazara Singh Garcha and Gurdit Singh. This matter will be completed as soon as Hazara Singh Garcha instructs his lawyer to give his consent for the withdrawal of the case. Therefore I advise Hazara Singh Garcha to communicate at once with his lawyer and thus facilitate the completion of this case.

2. In the matter of the disputed election of officers of the Khalsa Diwan Society for 1946 in the Temple, I advised the committee of seven of which Gurdit Singh was elected President, to take charge of the Society and Temple affairs. I understand that this committee of seven has not yet received from the previous Secretary Daya Singh, some books, documents and moneys, the property of the Society, and I appeal to Daya Singh and the 1945 Temple Committee to do so as early as possible and before the birthday anniversary of Guru Gobind Singh.

3. The third decision was that I investigate the accounts of the Society from 1941-1945, for which Naginder Singh Gill was responsible as Secretary. This matter has caused bitterness, misunderstanding and intense internal dissension so much so that I felt it only fair to consult with a number of impartial and prominent members of the Community. Therefore, I invited Naginder Singh Gill in the presence of Kapoor Singh, Mayo Singh, Munshi Ram and Bal Mukand, whom I had asked to co-operate and assist in this matter, to give an account of the disbursements of the Society's funds for 1941-1945.

Naginder Singh Gill stated that he had neither receipts, cancelled cheques, invoices, correspondence or books of account in his possession, these, he claimed had been stolen from the Temple. So, for our guidance, we had to rely solely on his own printed financial reports made to the Society by him. We questioned Naginder Singh Gill on some major items of expenditure from these reports. I myself, and the other members present found his answers unsatisfactory. In the absence of vouchers, receipts, etc., I find it necessary to have further and fuller evidence before informing the community as to the exact state of these affairs. In the meantime I have consulted with Mit Singh, Soran Singh, Naranjan Singh, Ghania Singh, Didar Singh and Pakhar Singh and shall of course interview others. As the procuring of such evidence will take some time I am not yet in a position to give a fair and just decision at this stage.

In the meanwhile I should like the present committee:

1. To issue a regular monthly account of Temple funds.

2. To have all moneys received by the Temple to be deposited in the Bank and cheques issued for all disbursements of funds.
3. To conclude their year with an annual financial report, audited by a chartered accountant.

When I succeeded in having these cases withdrawn from the courts, I received full co-operation from the Magistrate and Public Prosecutor. However they stated that they would allow the withdrawal only on the definite condition that these matters be settled amicably out of court. For a proper settlement of these affairs, I need the full co-operation of both parties and every public-spirited Indian in the community. If no such peaceful arrangement is arrived at, the cases now withdrawn will naturally revert to the law courts and a second withdrawal will be most difficult. Therefore, in the interest of all concerned I urge that both parties follow my advice and putting self or party interest aside, give me your fullest co-operation and support in my effort to create harmony and unity among our people.

L-B Pandia

Hotel Vancouver,
21st December, 1946

ਅੰਤਿਕਾ-3

THE FINAL REPORT

I submitted an Interim Report on the 21st of December, 1946, covering the matters set before me for settlement. I have now collected all the available data and information necessary to enable me to come to a final decision.

To begin with, here is the summary of the totals of receipts and disbursements as reported to the Society by Naginder Singh Gill, in his published reports.

Receipts

Taken over from 1940 Committee	$5,189.22
Total Receipts for 1941	4,908.37
Total Receipts for 1942	7,974.55
Total Receipts for 1943 to April 1945	16,110.59
Alleged Loan to the Society by Naginder Singh Gill	3,200.00
	$37,382.73

Disbursements

For the Year 1941	$4,473.34
For the Year 1942	6,460.07
For the Year 1943 to April 1945	23,006.32
Turned over to the succeeding committee	3,443.00
	$37,382.73

The main cause of most of the difficulties was a demand on the one hand by a large number of the contributors, for an audit of these accounts; and also complaints that the above receipts did not show all the moneys donated by the members and received by the Secretary, Naginder Singh Gill. On the other hand, a persistent effort by a small number, including those involved in these matters, was being made to block such an audit. At the same time in 1945 Committee refused to give charge to the newly elected 1946 Committee who were anxious to have this situation cleared up. These circumstances culminated in the arrest of Naginder Singh Gill. Several other matters were also taken to the law courts for decision.

At this time, the question of the extension of he franchise to the Indian Community at the next sitting of the Provincial Legislature was being discussed, and it was suggested unofficially by some members of the Legislature and other friends, that any adverse publicity concerning the Indian Community would have a detrimental effect on this issue. Therefore, in the larger interest of the Community, upon my advice, these cases were withdrawn from the law courts last fall, to be investigated and settled out of court by the Indian Community. Finally, these matters were referred to me for consideration. I then proceeded to look into the accounts of the period covering the charge of Naginder Singh Gill as secretary of the Khalsa Diwan Society of Vancouver, B.C. I called upon the following responsible members of the Indian Community, whom I considered would form an impartial committee to assist me, namely; Mayo Singh, Kapoor Singh, Munshi Ram and Bal Mukand.

Naginder Singh Gill, secretary from 1941 to 1945, was asked to present his details of the accounts of the above mentioned Society, about which he had published reports to the Sikh Community. Naginder Singh Gill stated that he had neither receipts, cancelled cheques, invoices, correspondence nor books of account in his possession. These he claimed had been stolen from the Sikh Temple, after he had published his reports. Under the circumstances, the disappearance of all these records, in itself, created grave doubts as to the accuracy of the accounts for that period and the proper use of the funds collected and entrusted to him.

Faced with this situation, it became necessary to refer to his published reports, distributed to the Sikh Community. We questioned him on the major items of expense listed in those reports. As Mayo Singh, Kapoor Singh, Munshi Ram, Bal Mukand and myself, found Naginder Singh Gill's answers unsatisfactory, I then endeavoured to obtain further evidence concerning the major items of expense listed in the reports of Naginder Singh Gill, and compare it with his verbal statements.

In the first place, I wish to present and compare Naginder Singh Gill's published statements with the following definite factual evidence.

1. Naginder Singh Gill in his reports, charged the Khalsa Diwan Society with $4,348.06 as having been paid to David Spencer Ltd.

A letter, dated March 20th, 1947 from David Spencer Limited, states

that during the period in question, they received only $2,540.05 from the Khalsa Diwan Society, Vancouver, B.C. This shows a difference of $1,808.01 unaccounted for. The following is the exact reproduction of this letter.

DAVID SPENCER
LIMITED

STORES:
VANCOUVER · VICTORIA
NANAIMO · CHILLIWACK
NEW WESTMINSTER



CABLE ADDRESS:
DESPENCER
A.B.C. CODE:
FIFTH EDITION

EUROPEAN OFFICE
ROXBURGHE HOUSE
287 REGENT STREET
LONDON W1, ENG.

VANCOUVER, B.C.

March 20th, 1947.

Mr. Gurdit Singh,
President,
Khalsa Diwan Society,
1856 West 2nd Avenue,
Vancouver, B. C.

Dear Sir:

With reference to our discussion this afternoon, we would advise that the total of the cash payments made into the account carried on our books under the name of Sikh Temple from March 1st 1941, to , and including April 30th 1941, amounted to $2,540.05.

Yours very truly,

DAVID SPENCER LIMITED

H. O. Savage

Collection Manager.

AEG:MAP